## Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

## ਵਧੀਆ ਅਤੇ ਸਸਤੀ ਇੰਸ਼ੋਰੈਂਸ

Home, Auto, Liquor Store
ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਐਤ ਬਿਜਨਸ ਇੰਸ਼ੋਰੈਂਸ
Gill Financial & Insurance Services
Since 1993 www.gillfinancial.com CA. Lic#0B23990

## Hardeep S.Rai
ਇਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
• ਇਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119



Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 14, Issue 50, December 14, 2013
20451 N Plum Grove Rd., Palatine, IL 60074
Ph:847-359-0746, Fax:847-705-9388


# ਜਨਰਲ ਬਰਾੜ ਕੇਸ ਵਿਚ ਚਾਰ ਬਰਤਾਨਵੀ ਸਿੱਖਾਂ ਨੂੰ ਸਜ਼ਾ

## ਸਾਢੇ 10 ਸਾਲ ਤੋਂ ਲੈ ਕੇ 14 ਸਾਲ ਤਕ ਕੈਦ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਦੀ ਕਾਰਵਾਈ ਵੇਲੇ ਭਾਰਤੀ ਫੌਜ ਦੀ ਅਗਵਾਈ ਕਰਨ ਵਾਲੇ ਲੈਫਟੀਨੈਂਟ ਜਨਰਲ (ਸੇਵਾਮੁਕਤ) ਕੁਲਦੀਪ ਸਿੰਘ ਬਰਾੜ 'ਤੇ ਲੰਡਨ ਵਿਚ ਹਮਲਾ ਕਰਨ ਦੇ ਇਲਜ਼ਾਮ ਵਿਚ ਇਥੋਂ ਦੀ ਅਦਾਲਤ ਨੇ ਇਕ ਔਰਤ ਸਣੇ ਚਾਰ ਸਿੱਖਾਂ ਨੂੰ ਸਾਢੇ 10 ਸਾਲ ਤੋਂ ਲੈ ਕੇ 14 ਸਾਲ ਤਕ ਕੈਦ ਦੀ ਸਜ਼ਾ ਸੁਣਾਈ ਹੈ।

ਇਸ ਕੇਸ ਵਿਚ ਅਦਾਲਤ ਨੇ ਲੰਡਨ ਵਾਸੀ ਹਰਜੀਤ ਕੌਰ (38), ਮਨਦੀਪ ਸਿੰਘ ਸੰਧੂ (34), ਦਿਲਬਾਗ ਸਿੰਘ (36) ਤੇ ਬਰਜਿੰਦਰ ਸਿੰਘ ਸੰਘਾ (33) ਨੂੰ ਦੋਸ਼ੀ ਕਰਾਰ ਦੇ ਦਿੱਤਾ ਸੀ। ਸਾਊਥਵਰਕ ਕਰਾਊਨ ਕੋਰਟ ਲੰਡਨ ਵਿਚ ਦੋ ਘੰਟੇ ਚੱਲੀ ਅਦਾਲਤੀ ਕਾਰਵਾਈ ਦੌਰਾਨ ਜਨਰਲ ਬਰਾੜ 'ਤੇ ਹਮਲਾ ਕਰਨ ਦੇ ਦੋਸ਼ ਵਿਚ ਅਦਾਲਤ ਨੇ ਹਰਜੀਤ ਕੌਰ ਨੂੰ 11 ਸਾਲ, ਬਰਜਿੰਦਰ ਸਿੰਘ ਸੰਘਾ ਨੂੰ 10 ਸਾਲ 6 ਮਹੀਨੇ, ਮਨਦੀਪ ਸਿੰਘ ਸੰਧੂ ਤੇ ਦਿਲਬਾਗ ਸਿੰਘ ਨੂੰ 14-14 ਸਾਲ ਕੈਦ ਦੀ ਸਜ਼ਾ ਸੁਣਾਈ। ਇਹ ਘਟਨਾ 30 ਸਤੰਬਰ 2012 ਨੂੰ ਕੇਂਦਰੀ ਲੰਡਨ ਦੀ ਓਲਡ ਕਿਊਬਕ ਸਟਰੀਟ 'ਤੇ ਉਦੋਂ ਵਾਪਰੀ ਸੀ ਜਦੋਂ ਜਨਰਲ ਬਰਾੜ ਅਤੇ ਉਨ੍ਹਾਂ ਦੀ ਪਤਨੀ ਮੀਨਾ ਬਰਾੜ ਇੰਗਲੈਂਡ ਆਏ ਹੋਏ ਸਨ।


ਕੁਲਦੀਪ ਸਿੰਘ ਬਰਾੜ

ਦੂਜੇ ਪਾਸੇ ਅਦਾਲਤ ਦੇ ਇਸ ਫੈਸਲੇ ਕਰ ਕੇ ਸਿੱਖਾਂ ਵਿਚ ਰੋਸ ਹੈ। ਅਦਾਲਤ ਦੇ ਬਾਹਰ ਮੌਜੂਦ ਸਿੱਖਾਂ ਨੇ ਫ਼ੈਸਲੇ 'ਤੇ ਨਿਰਾਸ਼ਾ ਪ੍ਰਗਟ ਕਰਦਿਆਂ ਰੋਸ ਵਜੋਂ ਨਾਅਰੇਬਾਜ਼ੀ ਕੀਤੀ ਤੇ ਕਿਹਾ ਕਿ ਇਹ ਫ਼ੈਸਲਾ ਭਾਰਤ ਦੇ ਦਬਾਅ ਹੇਠ ਕੀਤਾ ਗਿਆ ਹੈ। ਉਨ੍ਹਾਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ ਤੇ ਕਿਹਾ ਕਿ ਸਿੱਖਾਂ ਨੂੰ ਕਿਧਰੇ ਵੀ ਇਨਸਾਫ਼ ਨਹੀਂ ਮਿਲ ਰਿਹਾ। ਯੂਨਾਈਟਡ ਖਾਲਸਾ ਦਲ ਦੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਅਕਾਲੀ ਦਲ ਮਾਨ ਦੇ ਭਾਈ ਸਰਬਜੀਤ ਸਿੰਘ, ਸਤਿੰਦਰਪਾਲ ਸਿੰਘ ਮੰਗੂਵਾਲ, ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਹਰਦੀਸ਼ ਸਿੰਘ ਸਮੇਤ 200 ਦੇ ਕਰੀਬ ਸਿੱਖ ਬੱਸਾਂ ਰਾਹੀਂ ਬਰਮਿੰਘਮ, ਵਾਲਸਾਲ, ਲੰਡਨ, ਕਵੈਂਟਰੀ ਸਮੇਤ ਸਮੁੱਚੇ ਬਰਤਾਨੀਆ ਤੋਂ ਇਥੇ ਪਹੁੰਚੇ ਹੋਏ ਸਨ।

ਕੇਸ ਦੀ ਸੁਣਵਾਈ ਦੌਰਾਨ ਜਨਰਲ ਬਰਾੜ ਨੇ ਵੀਡੀਓ ਕਾਨਫਰੰਸ ਰਾਹੀਂ ਗਵਾਹੀ ਦਿੰਦਿਆਂ ਕਿਹਾ ਸੀ ਕਿ ਖਾਲਿਸਤਾਨ ਪੱਖੀ ਵੈਬਸਾਈਟ ਨੇ ਉਨ੍ਹਾਂ ਨੂੰ ਸਿੱਖਾਂ ਦਾ ਨੰਬਰ ਵਨ ਦੁਸ਼ਮਣ ਐਲਾਨਿਆ ਹੋਇਆ ਸੀ। ਉਨ੍ਹਾਂ ਮੁਤਾਬਕ ਇਕ ਹੋਰ ਧਮਕੀ ਵਿਚ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਮਾਰ ਮੁਕਾਉਣ ਦੇ ਸੱਤ ਯਤਨ ਸਫ਼ਲ ਨਹੀਂ ਹੋਏ ਪਰ ਅੱਠਵਾਂ ਖਾਲੀ ਨਹੀਂ ਜਾਵੇਗਾ।

ਹਰਜੀਤ ਕੌਰ ਨੂੰ ਜਨਰਲ ਬਰਾੜ ਅਤੇ ਉਨ੍ਹਾਂ ਦੀ ਪਤਨੀ ਦੇ ਥਹੁ-ਪਤੇ ਬਾਰੇ ਹਮਲਾਵਰਾਂ ਨੂੰ ਜਾਣਕਾਰੀ ਦੇਣ ਲਈ ਦੋਸ਼ੀ ਠਹਿਰਾਇਆ ਗਿਆ ਹੈ। ਬਰਜਿੰਦਰ ਸਿੰਘ ਵੱਲੋਂ ਆਪਣਾ ਗੁਨਾਹ ਪਹਿਲਾਂ ਹੀ ਕਬੂਲ ਲੈਣ ਕਰ ਕੇ ਉਸ ਦੀ ਸਜ਼ਾ ਵਿਚ ਕਟੌਤੀ ਕਰਨ ਦੇ ਵੀ ਹੁਕਮ ਸੁਣਾਏ ਗਏ ਜਿਸ ਤਹਿਤ ਉਸ ਦੀ ਸਜ਼ਾ ਅੱਠ ਸਾਲ ਛੇ ਮਹੀਨੇ ਰਹਿ ਜਾਵੇਗੀ। ਸਾਰਿਆਂ ਨੂੰ ਘੱਟੋ-ਘੱਟ ਅੱਧੀ ਸਜ਼ਾ ਜੇਲ੍ਹ ਵਿਚ ਕੱਟਣੀ ਪਵੇਗੀ ਤੇ ਬਾਅਦ ਵਿਚ ਉਨ੍ਹਾਂ ਨੂੰ

(ਬਾਕੀ ਸਫਾ 6 'ਤੇ)


ਦਿਲਬਾਗ ਸਿੰਘ, ਮਨਦੀਪ ਸਿੰਘ ਸੰਧੂ, ਹਰਜੀਤ ਕੌਰ ਅਤੇ ਬਰਜਿੰਦਰ ਸਿੰਘ ਸੰਘਾ।

# ਚੋਣ ਨਤੀਜਿਆਂ ਨਾਲ ਕਾਂਗਰਸ ਦੀ 'ਦਿੱਲੀ' ਹਿੱਲੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਉਂਦੀਆਂ ਲੋਕ ਸਭਾ ਚੋਣਾਂ ਦੇ 'ਸੈਮੀਫਾਈਨਲ' ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਨੇ ਬਾਜ਼ੀ ਮਾਰ ਲਈ ਹੈ। ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਕੌਮੀ ਸਿਆਸਤ ਵਿਚ ਭਾਜਪਾ ਦੀ ਚੜ੍ਹਤ ਅਤੇ ਕਾਂਗਰਸ ਦੇ ਨਿਘਾਰ ਦੀਆਂ ਪੇਸ਼ੀਨਗੋਈਆਂ ਦੀ ਪੁਸ਼ਟੀ ਕਰ ਦਿੱਤੀ ਹੈ। ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਗੜ੍ਹ ਦੇ ਚੋਣ ਨਤੀਜਿਆਂ ਨਾਲ ਜਿਥੇ ਭਾਜਪਾ ਦਾ ਹੌਸਲਾ ਬੁਲੰਦ ਹੋਇਆ ਹੈ, ਉਥੇ ਕਾਂਗਰਸ ਵਿਚ ਆਪਣੀਆਂ ਨਕਾਮੀਆਂ ਬਾਰੇ ਨਵੀਂ ਬਹਿਸ ਵੀ ਛਿੜ ਗਈ ਹੈ। ਕਾਂਗਰਸ ਨੂੰ ਸਿਰਫ ਮਿਜ਼ੋਰਮ ਤੋਂ ਖੁਸ਼ਖ਼ਬਰੀ ਮਿਲੀ ਹੈ ਜਿਥੇ ਪਾਰਟੀ ਨੇ 40 ਮੈਂਬਰੀ ਵਿਧਾਨ ਸਭਾ ਵਿਚ 27 ਸੀਟਾਂ ਜਿੱਤ ਕੇ ਦੋ ਤਿਹਾਈ ਬਹੁਮਤ ਹਾਸਲ ਕੀਤਾ ਹੈ।

ਕਾਂਗਰਸ ਨੂੰ ਸਭ ਤੋਂ ਵੱਡਾ ਧੱਕਾ ਰਾਜਸਥਾਨ ਵਿਚ ਲੱਗਾ ਹੈ ਜਿਥੇ 200 ਮੈਂਬਰਾਂ ਵਾਲੀ ਵਿਧਾਨ ਸਭਾ ਵਿਚ ਭਾਜਪਾ ਨੇ 162 ਸੀਟਾਂ ਜਿੱਤੀਆਂ ਹਨ ਜਦਕਿ ਕਾਂਗਰਸ 21 ਸੀਟਾਂ 'ਤੇ ਸਿਮਟ ਗਈ ਹੈ। ਕਾਂਗਰਸ ਦੇ 19 ਵਿਚੋਂ ਤਿੰਨ ਮੰਤਰੀਆਂ ਨੂੰ ਛੱਡ ਕੇ ਬਾਕੀ ਸਾਰੇ ਚੋਣ ਹਾਰ ਗਏ। ਮੱਧ ਪ੍ਰਦੇਸ਼ ਵਿਚ ਭਾਜਪਾ ਨੇ ਤੀਜੀ ਵਾਰ ਸਰਕਾਰ ਬਣਾਈ ਹੈ ਜਿਥੇ 230 ਵਿਚੋਂ 165 ਸੀਟਾਂ 'ਤੇ ਕਬਜ਼ਾ ਕੀਤਾ। ਉਥੇ ਕਾਂਗਰਸ ਦੇ ਪੱਲੇ ਸਿਰਫ 58 ਸੀਟਾਂ ਪਈਆਂ। ਛੱਤੀਸਗੜ੍ਹ ਵਿਚ ਭਾਜਪਾ ਦੀ ਸਾਖ ਭਾਵੇਂ ਘਟੀ ਹੈ ਪਰ ਇਹ ਸਰਕਾਰ ਬਣਾਉਣ ਵਿਚ ਸਫਲ ਰਹੀ ਹੈ। 90 ਮੈਂਬਰੀ ਵਿਧਾਨ ਸਭਾ ਵਿਚ

(ਬਾਕੀ ਸਫਾ 6 'ਤੇ)


## REAL ESTATE & HOME LOANS

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Shortsale Certified Realtor ... List
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA · SFR · CDPE
Century 21 M&M and Associates
209.918.6464
ahundal@c21mm.com
605 Standiford Ave, Ste D - Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

## Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸਿਖਰਾਂ 'ਤੇ ਪਹੁੰਚਿਆ ਚੌਥੇ ਵਿਸ਼ਵ ਕਬੱਡੀ ਕੱਪ ਦਾ ਜਲਾਲ

**ਚੰਡੀਗੜ੍ਹ:** ਚੌਥੇ ਵਿਸ਼ਵ ਕਬੱਡੀ ਕੱਪ ਦਾ ਜਲਾਲ ਸਿਖਰਾਂ 'ਤੇ ਹੈ। 10 ਦਸੰਬਰ ਨੂੰ ਮਾਨਸਾ ਦੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਮਲਟੀਪਰਪਜ਼ ਸਟੇਡੀਅਮ ਵਿਚ 10ਵੇਂ ਦਿਨ ਜ਼ਬਰਦਸਤ ਤੇ ਫਸਵੇਂ ਮੈਚ ਹੋਏ। ਕਾਂਟੇਦਾਰ ਮੈਚਾਂ ਵਿਚ ਇੰਗਲੈਂਡ ਦੇ ਗੱਭਰੂਆਂ ਨੇ ਕੈਨੇਡਾ ਦੀ ਟੀਮ ਨੂੰ ਤੇ ਪਾਕਿਸਤਾਨ ਦੀਆਂ ਮੁਟਿਆਰਾਂ ਨੇ ਮੈਕਸੀਕੋ



ਡੈਨਮਾਰਕ ਤੇ ਇੰਗਲੈਂਡ

ਨੂੰ ਹਰਾ ਕੇ ਸੈਮੀਫਾਈਨਲ 'ਚ ਪ੍ਰਵੇਸ਼ ਕਰ ਲਿਆ।

ਪੂਲ 'ਬੀ' ਦੇ ਹੋਏ ਪਹਿਲੇ ਮੈਚ ਵਿਚ ਭਾਵੇਂ ਡੈਨਮਾਰਕ ਤੇ ਸਕਾਟਲੈਂਡ ਦੀਆਂ ਦੋਵੇਂ ਟੀਮਾਂ ਸੈਮੀਫਾਈਨਲ ਤੋਂ ਬਾਹਰ ਹੋ ਗਈਆਂ ਸਨ ਪਰ ਇਹ ਮੈਚ ਰੌਚਕ ਰਿਹਾ। ਡੈਨਮਾਰਕ ਨੇ 56-44 ਦੇ ਅੰਕਾਂ ਨਾਲ ਸਕਾਟਲੈਂਡ ਦੀ ਟੀਮ ਨੂੰ ਚਿੱਤ ਕੀਤਾ। ਪੂਲ 'ਏ' ਦੇ ਦੂਜੇ ਮੈਚ ਵਿਚ ਯੂ.ਐਸ.ਏ. ਨੇ ਅਰਜਨਟੀਨਾ ਨੂੰ 59-39 ਦੇ ਵੱਡੇ ਫ਼ਰਕ ਨਾਲ ਹਰਾ ਕੇ ਜਿੱਤ ਦਰਜ ਕੀਤੀ। ਇਸੇ ਤਰ੍ਹਾਂ ਪੂਲ 'ਬੀ' ਦੇ ਤੀਜੇ ਮੈਚ ਵਿਚ ਪਾਕਿਸਤਾਨ ਦੀਆਂ ਖਿਡਾਰਨਾਂ ਨੇ 49-24 ਅੰਕਾਂ ਦੇ ਫ਼ਰਕ ਨਾਲ ਮੈਕਸੀਕੋ ਦੀਆਂ ਖਿਡਾਰਨਾਂ ਨੂੰ ਚਿੱਤ ਕਰਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ। ਚੌਥੇ ਮੈਚ ਵਿਚ ਇੰਗਲੈਂਡ ਦੇ ਗੱਭਰੂਆਂ ਨੇ ਕੈਨੇਡਾ ਦੇ ਚੋਬਰਾਂ ਨੂੰ 44-36 ਅੰਕਾਂ ਦੇ ਫ਼ਰਕ ਨਾਲ ਹਰਾ ਕੇ ਬਾਜ਼ੀ ਮਾਰੀ। ਇਹ ਮੈਚ ਇਸ ਵਿਸ਼ਵ ਕੱਪ ਵਿਚ ਹੁਣ ਤੱਕ ਦੇ ਹੋਏ ਮੈਚਾਂ ਵਿਚੋਂ ਸਭ ਤੋਂ ਫਸਵਾਂ ਤੇ ਰੌਮਾਂਚਕਾਰੀ ਸੀ।

ਇਸ ਤੋਂ ਪਹਿਲਾਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੇ 9ਵੇਂ ਦਿਨ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਚ ਚਾਰ ਮੈਚ ਖੇਡੇ ਗਏ ਜਿਨ੍ਹਾਂ ਵਿਚੋਂ ਪਾਕਿਸਤਾਨ ਤੇ ਕੈਨੇਡਾ ਦੀਆਂ ਮੁੰਡਿਆਂ ਤੇ ਡੈਨਮਾਰਕ ਤੇ ਨਿਊਜ਼ੀਲੈਂਡ ਦੀਆਂ ਕੁੜੀਆਂ ਜੇਤੂ ਰਹੀਆਂ। ਪੁਰਸ਼ ਵਰਗ ਦੇ ਪਹਿਲੇ ਮੈਚ ਵਿਚ ਕੈਨੇਡਾ ਦੀ ਟੀਮ ਨੇ ਸਿਅਰਾ ਲਿਓਨ ਨੂੰ 58-34 ਨਾਲ ਹਰਾਇਆ। ਦੂਸਰਾ ਮੈਚ ਡੈਨਮਾਰਕ ਤੇ ਇੰਗਲੈਂਡ ਦੀਆਂ ਕੁੜੀਆਂ ਵਿਚਾਲੇ ਖੇਡਿਆ ਗਿਆ ਤੇ ਡੈਨਮਾਰਕ ਦੀਆਂ ਕੁੜੀਆਂ ਨੇ ਇਹ ਮੁਕਾਬਲਾ 33-30 ਨਾਲ ਜਿੱਤਿਆ। ਤੀਸਰਾ ਮੈਚ ਨਿਊਜ਼ੀਲੈਂਡ ਤੇ ਅਮਰੀਕਾ ਦੀਆਂ ਕੁੜੀਆਂ ਵਿਚਾਲੇ ਹੋਇਆ ਜਿਸ ਵਿਚ ਕੀਵੀ ਟੀਮ ਨੇ ਅਮਰੀਕਾ ਨੂੰ 53-23 ਨਾਲ ਹਰਾਇਆ। ਦਿਨ ਦੇ ਆਖਰੀ ਮੈਚ ਵਿਚ ਪਾਕਿਸਤਾਨੀ ਮੁੰਡਿਆਂ ਦੀ ਇੰਗਲੈਂਡ ਨਾਲ ਟੱਕਰ ਹੋਈ ਜਿਸ ਦੇ ਪਹਿਲੇ ਅੱਧ ਵਿਚ ਪਾਕਿਸਤਾਨ ਨੇ ਲਗਾਤਾਰ 11 ਅੰਕ ਹਾਸਲ ਕੀਤੇ। ਪਾਕਿਸਤਾਨ ਦੀ ਟੀਮ ਨੇ ਇਹ ਮੁਕਾਬਲਾ 69-28 ਨਾਲ ਜਿੱਤਿਆ।

ਟੂਰਨਾਮੈਂਟ ਦੇ 8ਵੇਂ ਦਿਨ ਨਹਿਰੂ ਸਟੇਡੀਅਮ, ਰੂਪਨਗਰ ਵਿਚ ਕਰਵਾਏ ਗਏ 4 ਮੈਚਾਂ ਵਿਚ ਪੁਰਸ਼ ਵਰਗ ਵਿਚ ਪਾਕਿਸਤਾਨ, ਸਿਅਰਾ ਲਿਓਨ ਤੇ ਇੰਗਲੈਂਡ ਨੇ ਜਿੱਤਾਂ ਦਰਜ ਕੀਤੀਆਂ ਜਦਕਿ ਕੁੜੀਆਂ ਦੇ ਮੁਕਾਬਲੇ ਵਿਚ ਅਮਰੀਕੀ ਟੀਮ ਨੇ ਬਾਜ਼ੀ ਮਾਰੀ। ਦਿਨ ਦੇ ਪਹਿਲੇ ਮੈਚ ਵਿਚ ਸਿਅਰਾ ਲਿਓਨ ਨੇ ਡੈਨਮਾਰਕ ਨੂੰ 67-28 ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਦੂਸਰਾ ਮੈਚ ਇੰਗਲੈਂਡ ਤੇ ਸਕਾਟਲੈਂਡ ਦੀਆਂ ਟੀਮਾਂ ਵਿਚ ਹੋਇਆ। ਇਸ ਇਕ ਪਾਸੜ ਮੁਕਾਬਲੇ ਵਿਚ ਇੰਗਲੈਂਡ ਦੀ ਟੀਮ ਨੇ ਸਕਾਟਲੈਂਡ ਦੀ ਟੀਮ ਨੂੰ 66-30 ਨਾਲ ਹਰਾਇਆ।

ਤੀਸਰੇ ਮੈਚ ਵਿਚ ਲੜਕੀਆਂ ਦੇ ਵਰਗ ਵਿਚ ਕੀਨੀਆ ਤੇ ਅਮਰੀਕਾ ਦੀਆਂ ਟੀਮਾਂ ਵਿਚ ਹੋਏ ਰੋਮਾਂਚਕ ਮੁਕਾਬਲੇ ਵਿਚ ਅਮਰੀਕਾ ਦੀ ਲੜਕੀਆਂ ਨੇ ਕੀਨੀਆ ਨੂੰ 52-34 ਨਾਲ ਹਰਾਇਆ। ਦਿਨ ਦੇ ਆਖਰੀ ਮੈਚ ਵਿਚ ਦਰਸ਼ਕਾਂ ਵਲੋਂ ਬੇਸਬਰੀ ਨਾਲ ਉਡੀਕੇ ਜਾ ਰਹੇ ਪਾਕਿਸਤਾਨ ਤੇ ਕੈਨੇਡਾ ਦੀ ਟੀਮ ਵਿਚਾਲੇ ਮੁਕਾਬਲਾ ਹੋਇਆ ਪਰ ਪਾਕਿਸਤਾਨ ਦੇ ਗੱਭਰੂ ਕੈਨਡਾ ਦੀ ਟੀਮ 'ਤੇ ਭਾਰੀ ਪਏ ਤੇ ਇਹ ਮੁਕਾਬਲਾ 61-29 ਨਾਲ ਜਿੱਤਿਆ।

ਸੱਤਵੇਂ ਦਿਨ ਦੇ ਮੈਚ ਸਥਾਨਕ ਨਵੇਂ ਬਣੇ ਖੇਡ ਸਟੇਡੀਅਮ ਵਿਚ ਖੇਡੇ ਗਏ ਜਿਸ ਵਿਚ ਪੂਲ ਏ ਤੇ ਪੂਲ ਬੀ ਦੇ ਦੋ-ਦੋ ਮੁਕਾਬਲੇ ਲੜਕੇ ਤੇ ਲੜਕੀਆਂ ਦੀਆਂ ਟੀਮਾਂ ਵਿਚਕਾਰ ਹੋਏ। ਪਹਿਲਾ ਮੈਚ ਸਪੇਨ ਤੇ ਅਮਰੀਕਾ ਦੀਆਂ ਮਰਦ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿਚ ਅਮਰੀਕਾ ਨੇ ਸਪੇਨ ਨੂੰ 51-26 ਨਾਲ ਹਰਾਇਆ। ਦੂਜਾ ਮੈਚ ਭਾਰਤ ਦੇ ਅਮਰੀਕਾ ਦੀਆਂ ਮੁਟਿਆਰਾਂ ਵਿਚਾਲੇ ਹੋਇਆ ਜਿਸ ਵਿਚ ਭਾਰਤ ਨੇ ਇਕਪਾਸੜ ਮੁਕਾਬਲੇ 'ਚ ਅਮਰੀਕਾ ਨੂੰ 59-15 ਨਾਲ ਹਰਾਇਆ। ਦਿਨ ਦਾ ਤੀਜਾ ਮੈਚ ਪਾਕਿਸਤਾਨ ਤੇ ਇੰਗਲੈਂਡ ਦੀਆਂ ਕੁੜੀਆਂ ਵਿਚਾਲੇ ਹੋਇਆ ਜਿਸ 'ਚ ਪਾਕਿਸਤਾਨੀ ਟੀਮ ਨੇ ਇੰਗਲੈਂਡ ਨੂੰ 41-30 ਨਾਲ ਹਰਾਇਆ। ਆਖਰੀ ਮੁਕਾਬਲੇ ਵਿਚ ਭਾਰਤੀ ਮੁੰਡਿਆਂ ਨੇ ਅਰਜਨਟੀਨਾ ਨੂੰ 50-32 ਨਾਲ ਹਰਾ ਕੇ ਆਪਣੀ ਜੇਤੂ ਮੁਹਿੰਮ ਜਾਰੀ ਰੱਖੀ।



ਸਰਕਾਰੀ ਕਾਲਜ, ਮਾਨਸਾ ਵਿਚ ਇੰਗਲੈਂਡ ਦੀ ਟੀਮ ਨਾਲ ਜਾਣ-ਪਛਾਣ ਕਰਦੇ ਹੋਏ ਸੁਖਬੀਰ ਸਿੰਘ ਬਾਦਲ ਤੇ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ




ਸੁਖਦੇਵ ਸਿੰਘ ਢੀਂਡਸਾ ਅਮਰੀਕਾ ਦੀ ਕੁੜੀਆਂ ਦੀ ਟੀਮ ਨਾਲ


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases





Contact:
Dr. Baljit Jammu
Doctor of Chiropractic
Ph: 510-940-8236
1090 La Palya Dr.,
Hayward CA 94545



Soft Touch Dental Practice
A reason to smile . . .
Call us Today!
(510) 952-9395





State of the art Dental Facility in your neighborhood.

General Dentistry Including
Periodontal Care, Cosmetic Dentistry
Root-Canals, Invisalign, Crowns
Most Insurances Accepted
0% Finance Options
Promotional Rate For New Patients

$69.99
Cleaning Exam X-Rays

www.soft touch dental practice.com

ਅਸੀਂ ਮੁਸਕਰਾਹਟਾਂ ਵੰਡਦੇ ਹਾਂ

Special Rates For New Patients.

ਡਾ. ਅੰਮ੍ਰਿਤਪਾਲ ਕੌਰ

Call us Today (510) 952-9395

email: amrit@drakaur.com

People Like Us On Yelp!
facebook.com/
softtouchdentalpractice

Parking in the back.

2701 Decoto Road, 1A, Union City, CA 94587
Conveniently Located Near Union City BART
From San Jose, Northbound 880, Exit Decoto, Make A Right, Left On Royal Ann.
From Oakland, Southbound 880, Exit Decoto, Make A Left, Left On Royal Ann.

# ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ‘ਤੇ ਸਮਾਗਮ 29 ਨੂੰ

**ਸੈਨ ਹੋਜ਼ੇ (ਬਿਊਰੋ)**: ਦਸਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ-ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ‘ਤੇ ਬੇਏਰੀਏ ਵਿਚ ਵਸਦੀਆਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਸ਼ਹੀਦੀ ਸਮਾਗਮ ਇਸ ਵਾਰ 27, 28 ਅਤੇ 29 ਦਸੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਕਥਾਵਾਚਕ ਅਤੇ ਪੰਥਕ ਬੁਲਾਰੇ ਗੁਰ ਸ਼ਬਦ ਕੀਰਤਨ ਅਤੇ ਵਿਆਖਿਆ ਦੇ ਨਾਲ ਸਿੱਖ ਇਤਿਹਾਸ ਸ਼ਹੀਦੀ ਵਾਰਾਂ ਰਾਹੀਂ ਸਰਵਣ ਕਰਵਾਉਣਗੇ।

28 ਦਸੰਬਰ ਸਨਿਚਰਵਾਰ ਸ਼ਾਮ ਨੂੰ 6 ਵਜੇ ਵਿਸ਼ੇਸ਼ ਲਾਈਟ ਐਂਡ ਸਾਊਂਡ ਪ੍ਰੋਗਰਾਮ ‘ਨਿੱਕੀਆਂ ਜਿੰਦਾਂ, ਵੱਡਾ ਸਾਕਾ’ ਦਿਖਾਇਆ ਜਾਵੇਗਾ। ਹੋਰ ਜਾਣਕਾਰੀ ਲਈ ਸੁਖਵਿੰਦਰ ਸਿੰਘ ਗੋਗੀ ਫੋਨ 408-648-6774 ਜਾਂ ਬਲਵਿੰਦਰ ਸਿੰਘ ਫੋਨ 408-628-9001 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ‘ਛਣਕਾਟਾ ਵੰਗਾਂ ਦਾ’ 29 ਦਸੰਬਰ ਨੂੰ

**ਸੰਨੀਵੇਲ, ਕੈਲੀਫੋਰਨੀਆ (ਬਿਊਰੋ):** ਕੈਲੀਫੋਰਨੀਆ ਵਿਚ ਭਾਵੇਂ ਗੀਤ-ਸੰਗੀਤ ਅਤੇ ਸਭਿਆਚਾਰਕ ਰੰਗ ਦੇ ਪ੍ਰੋਗਰਾਮ ਅਕਸਰ ਹੁੰਦੇ ਰਹਿੰਦੇ ਹਨ ਪਰ ਇਸ ਵਾਰ ਨਵੇਂ ਵਰ੍ਹੇ ‘ਤੇ ਪੇਸ਼ ਕੀਤਾ ਜਾਣ ਵਾਲਾ ਪ੍ਰੋਗਰਾਮ ਛਣਕਾਟਾ ਵੰਗਾਂ ਦਾ 2014 ਪੰਜਾਬੀ ਸਭਿਆਚਾਰ ਅਤੇ ਗੀਤ ਸੰਗੀਤ ਵਿਚ ਇਕ ਨਵੀਂ ਦਿੱਖ ਤੇ ਨਵੀਂ ਪੈੜ ਵਾਲਾ ਹੋਵੇਗਾ। ਇਹ ਪ੍ਰੋਗਰਾਮ 21 ਇੰਟਰਨੈਸ਼ਨਲ ਐਂਟਰਟੇਨਰਜ਼ ਵਲੋਂ ਗਲੋਬਲ ਪੰਜਾਬ ਟੀ.ਵੀ. ਦੇ ਸਹਿਯੋਗ ਨਾਲ ਇਥੇ ਸੰਨੀਵੇਲ ਕਮਿਊਨਿਟੀ ਸੈਂਟਰ (450 ਪਰਸ਼ੀਅਨ ਡਰਾਈਵ) ਵਿਚ ਸ਼ਾਮੀਂ 6 ਵਜੇ ਕਰਵਾਇਆ ਜਾ ਰਿਹਾ ਹੈ।




ਪ੍ਰੋਗਰਾਮ ਦੇ ਮੁੱਖ ਸੰਚਾਲਕ ਐਸ. ਅਸ਼ੋਕ ਭੌਰਾ ਅਤੇ ਪ੍ਰਬੰਧਕ ਰਾਜ ਭਨੋਟ ਤੇ ਹਰਜੀਤ ਸੁਮਨ ਅਨੁਸਾਰ ਇਸ ਪ੍ਰੋਗਰਾਮ ਵਿਚ ਗਾਇਕ ਤਰਲੋਕ ਸਿੰਘ, ਅਮਰਜੀਤ ਦੁਲਾਈ, ਸੱਤੀ ਪਾਬਲਾ, ਅਨੂਪ ਚੀਮਾ, ਮੰਗਜੀਤ ਮੰਗਾ, ਮਨਰਾਜ ਭੌਰਾ, ਮੰਡੇਰ ਜਤਿੰਦਰ, ਰਜਿੰਦਰ ਰਾਜ ਅਤੇ ਨਿੰਮਾ ਡੱਲੇਵਾਲ ਤੋਂ ਇਲਾਵਾ ਗਿੱਲ ਹਰਦੀਪ, ਗੋਰਾ ਚੱਕ ਵਾਲਾ, ਮਨਿੰਦਰ ਦਿਉਲ, ਨਿਮਰਤ ਖਹਿਰਾ, ਨਜ਼ੀਰ ਮੁਹੰਮਦ ਤੇ ਅਨੀਤਾ ਸਮਾਣਾ ਵਰਗੀਆਂ ਆਵਾਜ਼ਾਂ ਸੁਣਨ ਨੂੰ ਮਿਲਣਗੀਆਂ। ਪੰਜਾਬੀ ਰੰਗ ਮੰਚ ਦੇ ਜਾਣੇ-ਪਛਾਣੇ ਕਲਾਕਾਰ ਬਲਜੀਵਨ, ਦਰਸ਼ਨ ਕਹਿਲ, ਮਾਸਟਰ ਰਿੰਕੂ ਆਏ ਦਰਸ਼ਕਾਂ ਨੂੰ ਹਾਸ-ਰਾਸ ਵੰਨਗੀਆਂ ਨਾਲ ਨਵਾਂ ਮਨੋਰੰਜਨ ਦੇਣਗੇ। ਇਸ ਪ੍ਰੋਗਰਾਮ ਦਾ ਪ੍ਰਸਾਰਨ ਗਲੋਬਲ ਪੰਜਾਬ ਟੀ.ਵੀ. ਦੇ ਡਿਸ਼ ਨੈਟਵਰਕ 739 ‘ਤੇ ਕੀਤਾ ਜਾਵੇਗਾ।

ਸ਼੍ਰੀ ਭੌਰਾ ਅਨੁਸਾਰ ਇਸ ਪ੍ਰੋਗਰਾਮ ਦੀ ਡੀ.ਵੀ.ਡੀ. ਜਾਰੀ ਕੀਤੀ ਜਾਵੇਗੀ। ਸਮੁੱਚੇ ਪ੍ਰੋਗਰਾਮ ਦਾ ਸੰਗੀਤ ਅਮਦਾਦ ਅਲੀ ਤੇ ਕੁਲਜੀਤ ਨੇ ਤਿਆਰ ਕੀਤਾ ਹੈ ਜਦੋਂ ਕਿ ਗੀਤ ਤਾਰਾ ਸਾਗਰ, ਮੱਖਣ ਲੋਹਾਰ, ਤਰਲੋਕ ਸਿੰਘ, ਦਿਲ ਨਿੱਜਰ ਨੇ ਲਿਖੇ ਹਨ। ਇਸ ਪ੍ਰੋਗਰਾਮ ਦਾ ਸੰਚਾਲਨ ਆਸ਼ਾ ਸ਼ਰਮਾ ਅਤੇ ਸਵਰਗੀ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਕਰਨਗੇ। ਹੋਰ ਜਾਣਕਾਰੀ ਲਈ ਫ਼ੋਨ 510-415-3315, 408-628-2337 ਜਾਂ 510-453-5779 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।


Quick DOT
& Registration Services

Ph: 510-789-8686

Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536

DMV ਦੇ ਐਨ ਸਾਹਮਣੇ

ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ

- IRP License Plate
- MC ICC Authority
- CA Number
- BIT Enrollment
- Hwy Use Tax IRS 2290
- Vin Verification
- US DOT Number
- UCR and Boc3
- Motor Carrier Permit
- EPN Enrollment
- Fuel Tax Returns IFTA Quarterly
- SCAC Code
- Permits For: New Mexico, Kentucky, New York & Oregon



ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ
ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ

We also file Corporations for Individual and Small Businesses





ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

2301 Simpson Street, Kingsburg, CA 93631



ਨਵੇਂ ਪੁਰਾਣੇ ਟਾਇਰ
ਆਇਲ ਚੇਂਜ
ਬਰੇਕ, ਕਲੱਚ
ਰੀਅਰਐਂਡ
ਸਸਪੈਂਸ਼ਨ
ਇੰਸ਼ਪੈਕਸ਼ਨ
ਵੈਲਡਿੰਗ
All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ





ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਤੇਜ਼

**ਮੁਹਾਲੀ:** ਪੰਜਾਬ ਸਮੇਤ ਦੇਸ਼ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਤੁਰੰਤ ਰਿਹਾਈ ਦੀ ਮੰਗ ਨੂੰ ਲੈ ਕੇ ਸਿੱਖ ਸੰਗਤ ਵੱਲੋਂ ਸੰਘਰਸ਼ ਜਾਰੀ ਹੈ। ਮੁਹਾਲੀ ਸਥਿਤ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿਚ ਕੀਤੇ ਜਾ ਰਹੇ ਸੰਘਰਸ਼ ਨੂੰ ਦੇਖਦਿਆਂ ਪ੍ਰਸ਼ਾਸਨ ਦੀ ਨੀਂਦ ਉੱਡੀ ਹੋਈ ਹੈ। ਪੰਜਾਬ ਸਰਕਾਰ ਨੇ ਭਾਵੇਂ ਸਖਤੀ ਵਰਤਣੀ ਚਾਹੀ ਪਰ ਸਿੱਖ ਜਥੇਬੰਦੀਆਂ ਦੇ ਰੋਹ ਅੱਗੇ ਸਰਕਾਰ ਦੀ ਢਿੱਲੀ ਪੈ ਗਈ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਹੱਤਿਆ ਕਾਂਡ ਸਮੇਤ ਹੋਰ ਕੇਸਾਂ ਵਿਚ ਪੰਜਾਬ ਸਮੇਤ ਦੇਸ਼ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਤੁਰੰਤ ਰਿਹਾਈ ਦੀ ਮੰਗ ਨੂੰ ਲੈ ਕੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿਚ 23 ਦਿਨ ਤੱਕ ਮਰਨ ਵਰਤ 'ਤੇ ਬੈਠੇ ਰਹੇ ਹਰਿਆਣਾ ਦੇ ਗਰਮਖਿਆਲੀ ਆਗੂ ਭਾਈ ਗੁਰਬਖਸ਼ ਸਿੰਘ ਖਾਲਸਾ ਨੂੰ ਪੁਲਿਸ ਜਬਰੀ ਚੁੱਕ ਕੇ ਹਸਪਤਾਲ ਲੈ ਗਈ ਸੀ। ਇਸ ਮਗਰੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਜਮਾਲਪੁਰ ਦੇ ਗੁਰਸਿੱਖ ਨੌਜਵਾਨ ਦਮਨਦੀਪ ਸਿੰਘ ਖਾਲਸਾ ਨੂੰ ਮਰਨ ਵਰਤ 'ਤੇ ਬਿਠਾਇਆ ਗਿਆ। ਪੁਲਿਸ ਨੇ ਬਾਅਦ ਵਿਚ ਉਨ੍ਹਾਂ ਖ਼ਿਲਾਫ



ਧਾਰਾ 107/151 ਅਧੀਨ ਕੇਸ ਦਰਜ ਕਰਕੇ ਉਸ ਨੂੰ ਨਿਆਂਇਕ ਹਿਰਾਸਤ ਅਧੀਨ ਰੂਪਨਗਰ ਜੇਲ੍ਹ ਭੇਜ ਦਿੱਤਾ ਗਿਆ। ਭਾਈ ਗੁਰਬਖਸ਼ ਸਿੰਘ ਨੇ ਰੂਪਨਗਰ ਜੇਲ੍ਹ ਦੇ ਹਸਪਤਾਲ ਵਿਚ ਮੁੜ ਮਰਨ ਵਰਤ ਸ਼ੁਰੂ ਕਰ ਦਿੱਤਾ ਜਿਸ ਕਾਰਨ ਜੇਲ੍ਹ ਪ੍ਰਸ਼ਾਸਨ ਦੀ ਨੀਂਦ ਉੱਡ ਗਈ ਹੈ। ਇਸ ਨੂੰ ਵੇਖਦਿਆਂ ਉਨ੍ਹਾਂ ਨੂੰ 9 ਨਵੰਬਰ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਪੀ.ਆਈ.ਜੀ. ਦਾਖਲ ਕਰਵਾਇਆ ਗਿਆ।

ਉਧਰ, ਸ਼ਹੀਦ ਭਾਈ ਫੌਜਾ ਸਿੰਘ ਟਰੱਸਟ ਅੰਮ੍ਰਿਤਸਰ ਦੀ ਬੀਬੀ ਮਨਜੀਤ ਕੌਰ, ਜਸਵੰਤ ਸਿੰਘ ਸ੍ਰੀ ਮੁਕਤਸਰ ਸਾਹਿਬ ਤੇ ਚੰਡੀਗੜ੍ਹ ਦੇ ਤਿੰਨ ਨੌਜਵਾਨ ਇੰਦਰਪਾਲ ਸਿੰਘ, ਹਰਦੀਪ ਸਿੰਘ ਤੇ ਹਰਪ੍ਰੀਤ ਸਿੰਘ ਮਰਨ ਵਰਤ 'ਤੇ ਬੈਠ ਗਏ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਹਰਪਾਲ ਸਿੰਘ ਚੀਮਾ, ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਤੇ ਭਾਈ ਕੰਵਰਪਾਲ ਸਿੰਘ ਬਿੱਟੂ ਨੇ ਪੁਲਿਸ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਦੱਸਿਆ ਕਿ ਰਾਤ ਕਰੀਬ 12 ਵਜੇ ਪੰਜਾਬ ਪੁਲਿਸ ਦੇ ਅਧਿਕਾਰੀ ਤੇ ਕਰਮਚਾਰੀ ਸਿਵਲ ਕੱਪੜਿਆਂ ਵਿਚ ਆਏ। ਉਨ੍ਹਾਂ ਦੇ ਹੱਥਾਂ ਵਿਚ ਕੇਸਰੀ ਝੰਡੇ ਫੜੇ ਹੋਏ ਸਨ ਜਿਨ੍ਹਾਂ ਦਾ ਕਹਿਣਾ ਸੀ ਕਿ ਉਹ ਭਾਈ ਗੁਰਬਖਸ਼ ਸਿੰਘ ਨੂੰ ਮਿਲਣ ਆਏ ਹਨ।

ਉਥੇ ਮੌਜੂਦ ਸੰਗਤ ਨੇ ਆਖਿਆ ਕਿ ਖਾਲਸਾ ਜੀ ਆਰਾਮ ਕਰ ਰਹੇ ਹਨ ਤੇ ਉਨ੍ਹਾਂ ਨੂੰ ਸਵੇਰੇ ਆ ਕੇ ਮਿਲ ਲੈਣਾ। ਇਹ ਗੱਲ ਸੁਣ ਕੇ ਪੁਲਿਸ ਨੇ ਜ਼ਬਰਦਸਤੀ ਉਨ੍ਹਾਂ ਨੂੰ ਚੁੱਕ ਲਿਆ। ਇਸ ਦੌਰਾਨ ਹਾਜ਼ਰ ਸਿੱਖ ਆਗੂਆਂ ਤੇ ਸੰਗਤ ਦੀ ਪੁਲਿਸ ਨਾਲ ਮਾਮੂਲੀ ਝੜਪ ਵੀ ਹੋਈ ਪਰ ਪੁਲੀਸ ਵੱਡੀ ਤਾਦਾਦ ਵਿਚ ਹੋਣ ਕਾਰਨ ਉਨ੍ਹਾਂ ਦੀ ਇਕ ਨਹੀਂ ਚੱਲੀ। ਪੁਲੀਸ ਨੇ ਸਰਕਾਰੀ ਹਸਪਤਾਲ ਵਿਚ ਵੀ ਪਹਿਲਾਂ ਹੀ ਬੈਰੀਕੇਡ ਲਾ ਕੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ।

## ਜਥੇਦਾਰ ਤੇ ਸੁਖਬੀਰ ਬਾਦਲ ਵਿਚਕਾਰ ਬੰਦ ਕਮਰਾ ਮੀਟਿੰਗ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਦੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਬੰਦ ਕਮਰਾ ਮੀਟਿੰਗ ਹੋਈ ਹੈ। ਮੀਟਿੰਗ ਵਿਚ ਮੁਹਾਲੀ ਵਿਚ ਭੁੱਖ ਹੜਤਾਲ 'ਤੇ ਬੈਠੇ ਗੁਰਬਖ਼ਸ਼ ਸਿੰਘ ਨੂੰ ਪੁਲਿਸ ਵੱਲੋਂ ਚੁੱਕੇ ਜਾਣ ਤੇ ਉਸ ਖਿਲਾਫ਼ ਪੁਲਿਸ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਵਿਚਾਰਿਆ ਗਿਆ।

ਇਸ ਮੀਟਿੰਗ ਦੇ ਵੇਰਵਿਆਂ ਬਾਰੇ ਭਾਵੇਂ ਕਿਸੇ ਨੇ ਵੀ ਪੁਸ਼ਟੀ ਨਹੀਂ ਕੀਤੀ ਹੈ ਪਰ ਸੂਤਰਾਂ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਗੁਰਬਖ਼ਸ਼ ਸਿੰਘ ਦੇ ਮਾਮਲੇ 'ਤੇ ਉਪ ਮੁੱਖ ਮੰਤਰੀ ਨਾਲ ਮੀਟਿੰਗ ਕੀਤੀ ਹੈ। ਇਸ ਗੱਲਬਾਤ ਦੌਰਾਨ ਉਨ੍ਹਾਂ ਗੁਰਬਖ਼ਸ਼ ਸਿੰਘ ਨੂੰ ਭੁੱਖ ਹੜਤਾਲ ਦੌਰਾਨ ਪੁਲਿਸ ਵੱਲੋਂ ਚੁੱਕ ਕੇ ਲੈ ਜਾਣ ਤੇ ਉਸ ਖ਼ਿਲਾਫ਼ ਕੇਸ ਦਰਜ ਕੀਤੇ ਜਾਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਆਖਿਆ ਕਿ ਮਰਨ ਵਰਤ ਰੱਖਣਾ ਸਿੱਖ ਸਿਧਾਂਤਾਂ ਵਿਚ ਸ਼ਾਮਲ ਨਹੀਂ ਹੈ।

## ਜਥੇਦਾਰ ਗੁਰਬਚਨ ਸਿੰਘ ਦੀ ਟਿੱਪਣੀ ਤੋਂ ਸਿੱਖ ਆਗੂ ਖਫਾ

**ਚੰਡੀਗੜ੍ਹ:** ਸਿੱਖਾਂ ਦੀ ਰਿਹਾਈ ਲਈ ਭਾਈ ਗੁਰਬਖ਼ਸ਼ ਸਿੰਘ ਖਾਲਸਾ ਵੱਲੋਂ ਵਿੱਢੇ ਸੰਘਰਸ਼ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਬਾਰੇ ਮੀਡੀਆ ਵਿਚ ਪ੍ਰਕਾਸ਼ਤ ਹੋਈਆਂ ਖ਼ਬਰਾਂ ਤੇ ਜਥੇਦਾਰ ਦੀ ਟਿੱਪਣੀ ਨੂੰ ਲੈ ਕੇ ਸਿੱਖਾਂ ਵਿਚ ਰੋਸ ਹੈ।

ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਕਾਰਜਕਾਰੀ ਹਰਪਾਲ ਸਿੰਘ ਚੀਮਾ, ਅਖੰਡ ਕੀਰਤਨੀ ਜਥੇ ਦੇ ਮੁਖੀ ਆਰ.ਪੀ. ਸਿੰਘ, ਦਲ ਖਾਲਸਾ ਦੇ ਮੁਖੀ ਭਾਈ ਸਤਨਾਮ ਸਿੰਘ ਪੌਂਟਾ ਸਾਹਿਬ, ਅਕਾਲੀ ਆਗੂ ਗੁਰਨਾਮ ਸਿੰਘ ਸਿੱਧੂ, ਗੁਰੂ ਆਸਰਾ ਟਰੱਸਟ ਦੀ ਉਪ ਪ੍ਰਬੰਧਕ ਬੀਬੀ ਕੁਲਬੀਰ ਕੌਰ ਧਾਮੀ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ 'ਬੰਦੀ ਸਿੱਖ ਰਿਹਾਈ ਮਾਰਚ' ਆਰੰਭ ਹੋਣ ਤੋਂ ਪਹਿਲਾਂ ਖ਼ੁਦ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼ਾਮਲ ਹੋ ਕੇ ਅਰਦਾਸ ਕੀਤੀ ਸੀ ਤੇ ਗੁਰਦੁਆਰਾ ਅੰਬ ਸਾਹਿਬ ਵਿਚ ਸੰਤ ਸਮਾਜ ਦੀ ਮੀਟਿੰਗ ਵਿਚ ਸ਼ਾਮਲ ਹੋਏ ਤੇ ਭਾਈ ਗੁਰਬਖ਼ਸ਼ ਸਿੰਘ ਨੂੰ ਮਿਲ ਕੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ ਗਿਆ ਪਰ ਹੁਣ ਬੰਦੀ ਸਿੱਖਾਂ ਦੀ ਰਿਹਾਈ ਲਈ ਵਿੱਢੇ ਸੰਘਰਸ਼ ਦੇ ਉਲਟ



ਟਿੱਪਣੀਆਂ ਨੇ ਸਿੱਖ ਸੰਗਤ ਵਿਚ ਉਲਝਣ ਪੈਦਾ ਕਰ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਜਥੇਦਾਰ ਵੱਲੋਂ ਮਰਨ ਵਰਤ ਨੂੰ ਰਹਿਤ ਮਰਿਆਦਾ ਖ਼ਿਲਾਫ਼ ਦੱਸਣਾ ਗ਼ੈਰ ਜ਼ਿੰਮੇਵਾਰਨਾ ਤਰਕ ਹੈ।

ਉਨ੍ਹਾਂ ਮੰਗ ਕੀਤੀ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਦੁਆਰਾ ਸਾਹਿਬ ਪਹੁੰਚ ਕੇ ਸਿੱਖ ਸੰਗਤ ਦੇ ਰੋਸ ਨੂੰ ਦੂਰ ਕਰਨ। ਉਨ੍ਹਾਂ ਫਿਰੋਜ਼ਪੁਰ ਤੇ ਜੰਮੂ ਵਿਚ ਕੁਝ ਸਿੱਖ ਨੌਜਵਾਨਾਂ ਵੱਲੋਂ ਵੱਖਰੇ ਤੌਰ 'ਤੇ ਭੁੱਖ ਹੜਤਾਲ ਸ਼ੁਰੂ ਕਰਨ ਬਾਰੇ ਕਿਹਾ ਕਿ ਉਹ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਨ ਪਰ ਸਾਰੀਆਂ ਧਿਰਾਂ ਨੂੰ ਵੱਖਰੇ-ਵੱਖਰੇ ਤੌਰ 'ਤੇ ਸੰਘਰਸ਼ ਵਿੱਢਣ ਦੀ ਥਾਂ ਇਕੱਠੇ ਹੋ ਕੇ ਲੜਾਈ ਲੜਨੀ ਚਾਹੀਦੀ ਹੈ।

## ਜਦੋਂ ਜਥੇਦਾਰ ਨੇ ਆਪਣੀ ਸੁਰ ਬਦਲੀ

**ਚੰਡੀਗੜ੍ਹ:** ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਗੁਰਬਖ਼ਸ਼ ਸਿੰਘ ਵੱਲੋਂ ਜਿਨ੍ਹਾਂ ਮੁੱਦਿਆਂ 'ਤੇ ਸੰਘਰਸ਼ ਸ਼ੁਰੂ ਕੀਤਾ ਗਿਆ ਹੈ, ਉਹ ਜਾਇਜ਼ ਹਨ ਕਿਉਂਕਿ ਜਿਨ੍ਹਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ, ਉਨ੍ਹਾਂ ਨੂੰ ਰਿਹਾ ਕੀਤਾ ਜਾਣਾ ਚਾਹੀਦਾ ਹੈ ਪਰ ਉਨ੍ਹਾਂ ਗੁਰਬਖ਼ਸ਼ ਸਿੰਘ ਵੱਲੋਂ ਸੰਘਰਸ਼ ਦੇ ਤਰੀਕੇ ਨੂੰ ਗਲਤ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਮਰਨ ਵਰਤ ਰੱਖਣਾ ਆਤਮਘਾਤੀ ਕਾਰਵਾਈ ਹੈ ਤੇ ਗੁਰਮਤਿ ਇਸ ਦੀ ਆਗਿਆ ਨਹੀਂ ਦਿੰਦਾ। ਉਨ੍ਹਾਂ ਆਖਿਆ ਕਿ ਇਸ ਪੰਥਕ ਮੋਰਚੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇਸ ਬਾਰੇ ਲੋੜੀਂਦੇ ਤੱਥ ਤੇ ਅੰਕੜੇ ਇਕੱਠੇ ਕੀਤੇ ਜਾਣੇ ਚਾਹੀਦੇ ਸਨ ਪਰ ਗੁਰਬਖ਼ਸ਼ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਅਜਿਹਾ ਨਹੀਂ ਕੀਤਾ।

ਇਸ ਬਾਰੇ ਗੁਰਬਖ਼ਸ਼ ਸਿੰਘ ਕੋਲੋਂ ਸੂਚੀ ਮੰਗੀ ਗਈ ਸੀ ਤੇ ਉਨ੍ਹਾਂ ਸਿਰਫ ਛੇ ਵਿਅਕਤੀਆਂ ਦੀ ਸੂਚੀ ਸੌਂਪੀ ਸੀ ਜੋ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਕੈਦੀਆਂ ਦੀ ਸਜ਼ਾ ਦੀ ਮਿਆਦ, ਕਿੰਨੀ ਸਜ਼ਾ ਤੇ ਹੋਰ ਲੋੜੀਂਦੇ ਵੇਰਵੇ ਦਰਜ ਨਹੀਂ ਸਨ ਜੋ ਕੇਸ ਦੀ ਪੈਰਵੀ ਕਰਨ ਲਈ ਜ਼ਰੂਰੀ ਸੀ। ਫਿਰ ਵੀ ਇਹ ਸੂਚੀ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੂੰ ਭੇਜੀ ਗਈ ਹੈ ਤੇ ਇਹ ਆਖਿਆ ਗਿਆ ਹੈ ਕਿ ਭਾਵੇਂ ਇਹ ਵਿਅਕਤੀ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ ਹਨ ਪਰ ਇਹ ਪੰਜਾਬ ਨਾਲ ਸਬੰਧਤ ਹਨ, ਇਸ ਲਈ ਇਨ੍ਹਾਂ ਦੇ ਕੇਸਾਂ ਦੀ ਪੈਰਵੀ ਲਈ ਕਦਮ ਚੁੱਕਣੇ ਚਾਹੀਦੇ ਹਨ।

## ਸਰਕਾਰ ਨੇ 'ਬੰਦੀ ਸਿੱਖ ਰਿਹਾਈ ਮਾਰਚ' ਰੋਕਣ ਲਈ ਲਾਇਆ ਤਾਣ

**ਅੰਮ੍ਰਿਤਸਰ/ਮੁਹਾਲੀ:** ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਕਰਦਿਆਂ ਮਰਨ ਵਰਤ 'ਤੇ ਬੈਠੇ ਗੁਰਬਖ਼ਸ਼ ਸਿੰਘ ਦੇ ਹੱਕ ਵਿਚ ਸਿੱਖ ਜਥੇਬੰਦੀਆਂ ਵੱਲੋਂ ਕੱਢੇ ਗਏ 'ਬੰਦੀ ਸਿੱਖ ਰਿਹਾਈ ਮਾਰਚ' ਨੂੰ ਰੋਕਣ ਲਈ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਕਾਰਨ ਤਣਾਅ ਵਾਲਾ ਮਾਹੌਲ ਬਣਿਆ ਰਿਹਾ। ਪੁਲਿਸ ਤੇ ਮਾਰਚ ਕਰ ਰਹੇ ਗਰਮਖਿਆਲੀ ਸਿੱਖ ਕਾਰਕੁਨਾਂ ਵਿਚਾਲੇ ਧੱਕਾ ਮੁੱਕੀ ਵੀ ਹੋਈ ਤੇ ਕੁਝ ਸਿੱਖ ਆਗੂਆਂ ਨੂੰ ਪੁਲਿਸ ਨੇ ਹਿਰਾਸਤ ਵਿਚ ਵੀ ਲੈ ਲਿਆ ਸੀ।

ਗਰਮਖਿਆਲੀ ਸਿੱਖ ਜਥੇਬੰਦੀਆਂ ਦਲ ਖਾਲਸਾ, ਪੰਥਕ ਸੇਵਾ ਲਹਿਰ, ਅਕਾਲੀ ਦਲ ਪੰਚ ਪ੍ਰਧਾਨੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਮਦਮੀ ਟਕਸਾਲ ਸੰਗਰਾਵਾਂ, ਫੈਡਰੇਸ਼ਨ ਭਿੰਡਰਾਂਵਾਲਾ, ਫੈਡਰੇਸ਼ਨ ਪੀਰ ਮੁਹੰਮਦ ਦੇ ਆਗੂ ਤੇ ਕਾਰਕੁਨ ਸਵੇਰੇ ਅਕਾਲ ਤਖ਼ਤ ਵਿਖੇ ਇਕੱਠੇ ਹੋਏ। ਇਥੋਂ ਰਿਹਾਈ ਮਾਰਚ ਦੀ ਸ਼ੁਰੂਆਤ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਰਦਾਸ ਕੀਤੀ। ਉਪਰੰਤ ਮਾਰਚ ਨਾਲ ਰਵਾਨਾ ਹੋਣ ਲਈ ਜਦੋਂ ਹੀ ਸਿੱਖ ਆਗੂ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਬਾਹਰ ਨਿਕਲਣੇ ਸ਼ੁਰੂ ਹੋਏ ਤਾਂ ਉਥੇ ਤਾਇਨਾਤ ਪੁਲਿਸ ਫੋਰਸ ਨੇ ਸਿੱਖ ਆਗੂਆਂ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਪੰਥਕ ਸੇਵਾ ਲਹਿਰ ਦੇ ਮੁਖੀ ਬਾਬਾ ਬਲਜੀਤ ਸਿੰਘ ਦਾਦੂਵਾਲ ਨੂੰ ਕੁਝ ਸਮਰਥਕਾਂ ਸਮੇਤ ਪੁਲਿਸ ਨੇ ਹਿਰਾਸਤ ਵਿਚ ਲਿਆ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਬਿੱਟੂ ਨੂੰ ਰਾਤ ਹੀ ਉਨ੍ਹਾਂ ਦੇ ਘਰ ਤੋਂ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਸੀ। ਇਸੇ ਤਰ੍ਹਾਂ ਖ਼ਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਦੇ ਘਰ ਦੇ ਬਾਹਰ ਪੁਲਿਸ ਤਾਇਨਾਤ ਰਹੀ ਤੇ ਉਨ੍ਹਾਂ ਨੂੰ ਘਰੋਂ ਬਾਹਰ ਨਹੀਂ ਆਉਣ ਦਿੱਤਾ ਗਿਆ। ਪੁਲਿਸ ਦੇ ਇਸ ਰਵੱਈਏ ਦੀ ਜਾਣਕਾਰੀ ਮਿਲਦਿਆਂ ਹੀ ਮਾਰਚ 'ਚ ਸ਼ਾਮਲ ਸਿੱਖ ਕਾਰਕੁਨਾਂ ਨੇ ਰਾਹ ਬਦਲ ਲਿਆ ਤੇ ਸ੍ਰੀ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਉਂ ਮਾਰਚ ਸ਼ੁਰੂ ਕੀਤਾ। ਤੁਰੰਤ ਪੁਲਿਸ ਨੇ ਵੀ ਇਨ੍ਹਾਂ ਨੂੰ ਵੀ ਰੋਕਣ ਦਾ ਯਤਨ ਕੀਤਾ। ਇਸ ਯਤਨ ਤਹਿਤ ਪੁਲਿਸ ਤੇ ਸਿੱਖ ਕਾਰਕੁਨਾਂ ਵਿਚਾਲੇ ਧੱਕਾਮੁੱਕੀ ਤੇ ਤਲਖਕਲਾਮੀ ਹੋਈ। ਮਾਰਚ ਦੀ ਅਗਵਾਈ ਕਰ ਰਹੇ ਪੰਜ ਪਿਆਰਿਆਂ ਵਿਚੋਂ ਇਕ ਦੀ ਦਸਤਾਰ ਉਤਰ ਗਈ ਜਿਸ ਕਾਰਨ ਮਾਹੌਲ ਹੋਰ ਵੀ ਗਰਮ ਹੋ ਗਿਆ।

ਪੁਲਿਸ ਵੱਲੋਂ ਰੋਕੇ ਜਾਣ 'ਤੇ ਸਮੂਹ ਕਾਰਕੁਨਾਂ ਨੇ ਉਥੇ ਹੀ ਧਰਨਾ ਦੇ ਦਿੱਤਾ ਤੇ ਸਰਕਾਰ ਦੇ ਇਸ ਰਵੱਈਏ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰਨ ਦਾ ਐਲਾਨ ਕੀਤਾ। ਇਥੇ ਤਕਰੀਬਨ ਇਕ ਘੰਟਾ ਧਰਨਾ ਜਾਰੀ ਰਿਹਾ।

ਹਾਲਤ ਵਿਗੜਦੀ ਦੇਖ ਕੇ ਕੁਝ ਦੇਰ ਬਾਅਦ ਗਿਆਨੀ ਗੁਰਬਚਨ ਸਿੰਘ ਤੇ ਭਾਈ ਜਸਬੀਰ ਸਿੰਘ ਰੋਡੇ ਮੌਕੇ 'ਤੇ ਪੁੱਜ ਗਏ। ਉਨ੍ਹਾਂ ਨੇ ਸਿੱਖ ਕਾਰਕੁਨਾਂ ਤੇ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਕਾਰਕੁਨਾਂ ਨੇ ਇਹ ਮਾਰਚ ਅਮਨ ਸ਼ਾਂਤੀ ਨਾਲ ਕੱਢੇ ਜਾਣ ਦਾ ਭਰੋਸਾ ਦਿੱਤਾ ਜਿਸ 'ਤੇ ਪੁਲਿਸ ਨੇ ਇਸ ਮਾਰਚ ਨੂੰ ਅਗਾਂਹ ਜਾਣ ਦੀ ਆਗਿਆ ਦੇ ਦਿੱਤੀ।

### ਪ੍ਰੋ. ਦਰਸ਼ਨ ਸਿੰਘ ਖਾਲਸਾ ਨੂੰ ਨਾ ਬੁਲਾਉਣ ਕਾਰਨ ਤਲਖੀ

ਸੰਤ ਸਮਾਜ ਤੇ ਸਿੱਖ ਜਥੇਬੰਦੀਆਂ ਦੀ ਲੰਘੇ ਦਿਨ ਹੋਈ ਹੰਗਾਮੀ ਮੀਟਿੰਗ ਵਿਚ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਖਾਲਸਾ ਨੂੰ ਲੈ ਕੇ ਤਲਖ਼ੀ ਹੋ ਗਈ। ਮੀਟਿੰਗ ਸ਼ੁਰੂ ਹੁੰਦੇ ਹੀ ਸ਼੍ਰੋਮਣੀ ਖਾਲਸਾ ਪੰਚਾਇਤ ਦੇ ਕਨਵੀਨਰ ਰਜਿੰਦਰ ਸਿੰਘ ਨੇ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਵੀ ਮੀਟਿੰਗ ਵਿਚ ਸੱਦਿਆ ਜਾਵੇ ਪਰ ਕੁਝ ਆਗੂਆਂ ਨੇ ਇਸ ਗੱਲ 'ਤੇ ਇਤਰਾਜ਼ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਪ੍ਰੋਫੈਸਰ ਸਾਹਿਬ ਬਾਰੇ ਅਜੇ ਅਕਾਲ ਤਖ਼ਤ ਸਾਹਿਬ 'ਤੇ ਫੈਸਲਾ ਪੈਂਡਿੰਗ ਹੈ। ਇਸ ਕਾਰਨ ਰਜਿੰਦਰ ਸਿੰਘ ਮੀਟਿੰਗ ਵਿਚੋਂ ਉੱਠ ਕੇ ਬਾਹਰ ਆ ਗਏ। ਬਾਅਦ ਵਿਚ ਇਕ ਸਿੰਘ ਉਨ੍ਹਾਂ ਨੂੰ ਦੁਬਾਰਾ ਮੀਟਿੰਗ ਹਾਲ ਵਿਚ ਲੈ ਕੇ ਆਏ।

# ਸਜ਼ਾ ਪੂਰੀ ਹੋਣ 'ਤੇ ਜੇਲ੍ਹ ਵਿਚ ਰੱਖਣਾ ਗੈਰਕਾਨੂੰਨੀ

**ਚੰਡੀਗੜ੍ਹ:** ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਮਰਨ ਵਰਤ 'ਤੇ ਬੈਠੇ ਭਾਈ ਗੁਰਬਖ਼ਸ਼ ਸਿੰਘ ਦੇ ਮਸਲੇ ਨੇ ਕਈ ਕਾਨੂੰਨੀ ਨੁਕਤਿਆਂ 'ਤੇ ਚਰਚਾ ਛੇੜੀ ਹੈ। ਕਈ ਦਹਾਕੇ ਪਹਿਲਾਂ ਕੀਤੇ ਅਪਰਾਧਾਂ ਲਈ ਸਜ਼ਾ ਕੱਟ ਚੁੱਕੇ ਇਨ੍ਹਾਂ ਕੈਦੀਆਂ ਦਾ ਸੀਖਾਂ ਪਿੱਛੇ ਰਹਿਣਾ ਗ਼ੈਰਕਾਨੂੰਨੀ ਕਿਹਾ ਜਾ ਰਿਹਾ ਹੈ। ਪੰਜਾਬ ਵਿਚ ਉਮਰ ਕੈਦ ਦੀ ਸਜ਼ਾ ਨੂੰ ਦਿਨ ਤੇ ਰਾਤ ਦੀ ਗਿਣ ਕੇ 14 ਸਾਲਾਂ ਲਈ ਮੰਨਿਆ ਜਾਂਦਾ ਹੈ ਜਦਕਿ ਹਰਿਆਣਾ ਵਿਚ ਇਹ ਸਜ਼ਾ 20 ਸਾਲ ਲਈ ਮੰਨੀ ਜਾਂਦੀ ਹੈ।

ਸਜ਼ਾ ਦਾ ਸਮਾਂ ਪੂਰਾ ਹੋਣ ਮਗਰੋਂ ਕਿਸੇ ਵਿਅਕਤੀ (ਕੈਦੀ) ਦਾ ਸੀਖਾਂ ਪਿੱਛੇ ਰਹਿਣਾ ਉਦੋਂ ਤਕ ਗ਼ੈਰਕਾਨੂੰਨੀ ਹੈ ਜਦੋਂ ਤਕ ਅਦਾਲਤ ਨੇ ਸਪਸ਼ਟ ਨਾ ਕੀਤਾ ਹੋਵੇ ਕਿ ਉਮਰ ਕੈਦ ਦਾ ਅਰਥ 'ਕੁਦਰਤੀ ਮੌਤ ਤਕ ਜੇਲ੍ਹ ਵਿਚ ਰਹਿਣਾ' ਹੈ। ਭਾਈ ਗੁਰਬਖ਼ਸ਼ ਸਿੰਘ ਨੇ ਛੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਸੰਘਰਸ਼ ਵਿੱਢਿਆ ਹੈ। ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਚੁੱਕੇ ਲਖਵਿੰਦਰ ਸਿੰਘ, ਗੁਰਮੀਤ ਸਿੰਘ ਤੇ ਸ਼ਮਸ਼ੇਰ ਸਿੰਘ ਦੀ ਰਿਹਾਈ ਦੀ ਮੰਗ ਰਹੇ ਹਨ।

ਤਿੰਨਾਂ ਨੂੰ 2007 ਵਿਚ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜਿਸ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਅਕਤੂਬਰ 2010 ਵਿਚ ਬਹਾਲ ਰੱਖਿਆ ਸੀ। ਬੈਂਚ ਦੀ ਅਗਵਾਈ ਕਰਨ ਵਾਲੇ ਜਸਟਿਸ ਮਹਿਤਾਬ ਸਿੰਘ ਗਿੱਲ ਨੇ ਸਪਸ਼ਟ ਕਿਹਾ ਹੈ ਕਿ ਸਜ਼ਾ ਪੂਰੀ ਕਰਨ ਤੋਂ ਬਾਅਦ ਤਿੰਨੇ ਵਿਅਕਤੀ ਗੈਰਕਾਨੂੰਨੀ ਹਿਰਾਸਤ ਵਿਚ ਹਨ। ਉਨ੍ਹਾਂ ਕਿਹਾ ਕਿ ਤਿੰਨ ਜਣੇ 18 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ ਜਦਕਿ ਪੰਜਾਬ ਵਿਚ ਉਮਰ ਕੈਦ ਦਾ ਅਰਥ 14 ਸਾਲ ਦੀ ਕੈਦ ਹੈ।



ਸਵਾਮੀ ਸ਼ਰਧਾਨੰਦ ਉਰਫ ਮੁਰਲੀ ਮਨੋਹਰ ਮਿਸ਼ਰਾ ਬਨਾਮ ਕਰਨਾਟਕ ਸਰਕਾਰ ਮਾਮਲੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦਿਆਂ ਜਸਟਿਸ ਗਿੱਲ ਨੇ ਕਿਹਾ ਕਿ ਦੋਸ਼ੀਆਂ ਦੀ ਬਾਕੀ ਦੀ ਉਮਰ ਲਈ ਰਿਹਾਈ ਖਿਲਾਫ ਅਦਾਲਤਾਂ ਆਦੇਸ਼ ਦੇ ਸਕਦੀਆਂ ਹਨ ਪਰ ਤਿੰਨਾਂ ਜਣਿਆਂ ਦੇ ਮਾਮਲੇ ਵਿਚ ਹੇਠਲੀ ਅਦਾਲਤ ਨੇ ਅਜਿਹਾ ਕੋਈ ਆਦੇਸ਼ ਨਹੀਂ ਦਿੱਤਾ ਸੀ। ਜਸਟਿਸ ਗਿੱਲ ਨੇ ਦੱਸਿਆ ਕਿ ਸੀ.ਬੀ.ਆਈ. ਵੱਲੋਂ ਵੀ ਸਜ਼ਾ ਵਿਚ ਵਾਧੇ ਬਾਰੇ ਕੋਈ ਮੰਗ ਨਹੀਂ ਕੀਤੀ ਗਈ ਸੀ ਜਿਸ ਤੋਂ ਸਪਸ਼ਟ ਹੈ ਕਿ ਤਿੰਨਾਂ ਲਈ ਕੁਦਰਤੀ ਮੌਤ ਤਕ ਕੈਦ ਦੀ ਮੰਗ ਨਹੀਂ ਕੀਤੀ ਗਈ ਸੀ।

ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀ ਕਾਂਤ ਨੇ ਕਿਹਾ ਕਿ ਸਜ਼ਾ ਪੂਰੀ ਹੋਣ 'ਤੇ ਕੈਦੀ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਤੇ ਉਸ ਨੂੰ ਗ਼ੈਰਕਾਨੂੰਨੀ ਢੰਗ ਨਾਲ ਸੀਖਾਂ ਪਿੱਛੇ ਨਹੀਂ ਰੱਖਿਆ ਜਾ ਸਕਦਾ। ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਤੇ ਵਕੀਲ ਅਮਰ ਸਿੰਘ ਚਾਹਲ ਨੇ ਵੀ ਸਜ਼ਾ ਦਾ ਸਮਾਂ ਮੁਕੰਮਲ ਹੋਣ ਮਗਰੋਂ ਜੇਲ੍ਹ ਵਿਚ ਰੱਖਣ ਦਾ ਵਿਰੋਧ ਕਰਦਿਆਂ ਕਿਹਾ ਕਿ ਸਜ਼ਾ ਕੱਟ ਚੁੱਕੇ ਸਾਬਕਾ ਖਾੜਕੂਆਂ ਦੀ ਰਿਹਾਈ ਲਈ ਉਹ ਕਈ ਵਾਰ ਮੰਗ ਕਰ ਚੁੱਕੇ ਹਨ ਪਰ ਸਰਕਾਰ ਨੇ ਕਦੇ ਗ਼ੌਰ ਨਹੀਂ ਕੀਤਾ।

## ਨਾਮਧਾਰੀ ਮੁਖੀ 'ਤੇ ਹਮਲਾ ਕਰਨ ਵਾਲੇ ਨੇ ਨਾ ਕਬੂਲਿਆ ਗੁਨਾਹ

**ਲੰਡਨ:** ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਉਪਰ ਕਾਤਲਾਨਾ ਹਮਲਾ ਕਰਨ ਦੇ ਮਾਮਲੇ ਵਿਚ ਬਰਤਾਨੀਆ ਵਿਚ ਵਸੇ ਭਾਰਤੀ ਮੂਲ ਦੇ ਸਿੱਖ ਨੇ ਆਪਣਾ ਗੁਨਾਹ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ। 27 ਸਾਲਾ ਹਰਜੀਤ ਸਿੰਘ ਤੂਰ ਨੇ ਨੋਟਿੰਘਮ ਅਦਾਲਤ ਵਿਚ ਚੱਲ ਰਹੇ ਮੁਕੱਦਮੇ ਦੌਰਾਨ ਆਪਣਾ ਗੁਨਾਹ ਕਬੂਲ ਨਹੀਂ ਕੀਤਾ। ਉਸ ਖ਼ਿਲਾਫ਼ ਇਰਾਦਾ-ਏ-ਕਤਲ ਦਾ ਕੇਸ ਚੱਲ ਰਿਹਾ ਹੈ।

ਜ਼ਿਕਰਯੋਗ ਹੈ ਕਿ 11 ਅਗਸਤ ਨੂੰ ਜਦੋਂ ਨਾਮਧਾਰੀ ਮੁਖੀ ਉਪਰ ਹਮਲਾ ਹੋਇਆ ਸੀ, ਉਸ ਸਮੇਂ ਤੂਰ ਨੂੰ ਸੰਗਤ ਨੇ ਮੌਕੇ 'ਤੇ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ ਸੀ।

# ਪੰਜਾਬ ਵਿਚ ਹਰ ਸਾਲ ਹੁੰਦੇ ਨੇ 1800 ਖੇਤੀ ਹਾਦਸੇ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਦਾ ਧੰਦਾ ਲਾਹੇਵੰਦ ਨਾ ਰਹਿਣ ਦੇ ਨਾਲ-ਨਾਲ ਰਿਸਕੀ ਵੀ ਹੋ ਗਿਆ ਹੈ। ਸੂਬੇ ਵਿਚ ਹਰ ਸਾਲ ਤਕਰੀਬਨ 1800 ਕਿਸਾਨ-ਮਜ਼ਦੂਰ ਖੇਤੀ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ ਜਿਨ੍ਹਾਂ ਵਿਚੋਂ 70 ਫੀਸਦੀ ਕਣਕ ਦੀ ਵਾਢੀ ਸਮੇਂ ਤੇ ਉਨ੍ਹਾਂ ਵਿਚੋਂ ਵੀ ਵਧੇਰੇ ਹਾਦਸਿਆਂ ਦਾ ਕਾਰਨ ਥਰੈਸ਼ਰ ਬਣਦੇ ਹਨ। ਇਹ ਤੱਥ 'ਇੰਸਟੀਚਿਊਟ ਆਫ਼ ਡਿਵੈਲਪਮੈਂਟ ਐਂਡ ਸਟੱਡੀਜ਼' (ਆਈ.ਡੀ.ਸੀ) ਦੇ ਅਰਥਸ਼ਾਸਤਰੀ ਵਰਿੰਦਰ ਕੁਮਾਰ ਵੱਲੋਂ ਹਾਲ ਹੀ ਵਿਚ ਕਰਵਾਏ ਇਕ ਅਧਿਐਨ ਦੌਰਾਨ ਸਾਹਮਣੇ ਆਏ ਹਨ। ਇਸ ਮੁਤਾਬਕ ਸੂਬੇ ਵਿਚ ਪੰਜ ਸਾਲਾਂ ਦੌਰਾਨ 9188 ਹਾਦਸੇ ਖੇਤਾਂ ਵਿਚ ਕੰਮ ਕਰਦੇ ਸਮੇਂ ਹੋਏ ਹਨ।

ਇਨ੍ਹਾਂ ਖੇਤੀ ਹਾਦਸਿਆਂ ਵਿਚ 2566 ਵਿਅਕਤੀਆਂ ਦੀਆਂ ਮੌਤਾਂ ਹੋ ਗਈਆਂ ਤੇ 6622 ਵਿਅਕਤੀ ਜ਼ਖ਼ਮੀ ਹੋਏ। ਹਾਦਸਿਆਂ ਦਾ ਸ਼ਿਕਾਰ ਖੇਤ ਮਜ਼ਦੂਰ ਤੇ ਕਿਸਾਨ ਦੋਵੇਂ ਹੀ ਬਣਦੇ ਹਨ। ਖੇਤੀ ਹਾਦਸਿਆਂ ਵਿਚ ਕਮਾਊ ਜੀਅ ਦੇ ਨਕਾਰਾ ਹੋਣ ਜਾਂ ਮੌਤ ਹੋਣ ਤੋਂ ਬਾਅਦ ਪੀੜਤ ਪਰਿਵਾਰ ਦੇ ਆਰਥਿਕ ਸੰਕਟ ਵਿਚੋਂ ਲੰਘਣ ਦੇ ਤੱਥ ਵੀ ਸਾਹਮਣੇ ਲਿਆਂਦੇ ਗਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰਭਾਵਿਤ ਪਰਿਵਾਰ ਨੂੰ ਸਾਲਾਨਾ 53 ਹਜ਼ਾਰ ਤੋਂ ਵੱਧ ਦਾ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ। ਇਕ ਵਿਅਕਤੀ ਦੇ ਨਕਾਰਾ ਹੋਣ ਜਾਂ ਮੌਤ ਹੋਣ ਨਾਲ ਪਰਿਵਾਰ ਦੀ ਆਮਦਨ ਨੂੰ ਸੱਟ ਵੱਜਦੀ ਹੈ। ਇਸ ਸੰਸਥਾ ਵੱਲੋਂ ਸਾਲ 2007-2008 ਤੋਂ ਲੈ ਕੇ 2011- 20012 ਤੱਕ ਦੇ ਸਮੇਂ ਦਾ ਅਧਿਐਨ ਕਰਵਾਇਆ ਗਿਆ ਹੈ।

ਅਧਿਐਨ ਦੌਰਾਨ ਅੰਮ੍ਰਿਤਸਰ ਦੇ ਪਿੰਡ ਖਿਆਲਾ ਕਲਾਂ ਦੇ 635 ਘਰਾਂ, ਪਿੰਡ ਬਲਸਰਾਏ ਦੇ 467 ਘਰਾਂ, ਸੰਗਰੂਰ ਜ਼ਿਲ੍ਹੇ ਦੇ ਬਲਾਕ ਮੂਣਕ ਦੇ ਪਿੰਡ ਭੁਟਾਲ ਕਲਾਂ ਦੇ 900 ਘਰਾਂ, ਬਲਾਕ ਧੂਰੀ ਦੇ ਪਿੰਡ ਹਸਨਪੁਰ ਦੇ 400 ਘਰਾਂ, ਜਲੰਧਰ ਜ਼ਿਲ੍ਹੇ ਦੇ ਬਲਾਕ ਨਕੋਦਰ ਦੇ ਪਿੰਡ ਉਗੀ ਦੇ 1000 ਤੇ ਨੰਗਲ ਫਿੱਡਾ ਦੇ ਘਰਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

ਇਨ੍ਹਾਂ ਪਿੰਡਾਂ ਵਿਚ ਪੰਜ ਸਾਲਾਂ ਦੌਰਾਨ 13 ਖੇਤੀ ਹਾਦਸੇ ਹੋਏ। ਇਸ ਤਰ੍ਹਾਂ ਅਧਿਐਨ ਸਾਰੇ ਪੰਜਾਬ ਦੀ ਔਸਤ ਉਨ੍ਹਾਂ 9188 ਕੱਢੀ ਗਈ ਹੈ। ਇਹ ਵੀ ਦੱਸਿਆ ਹੈ ਕਿ ਪੰਜਾਬ ਮੰਡੀ ਬੋਰਡ ਨੇ ਉਸ ਸਮੇਂ ਦੌਰਾਨ ਹੋਏ ਹਾਦਸਿਆਂ ਦੀ ਗਿਣਤੀ 8760 ਦੱਸੀ ਹੈ। ਅਧਿਐਨ ਮੁਤਾਬਕ ਮੰਡੀ ਬੋਰਡ ਦੇ ਸਰਵੇ ਨੂੰ ਆਧਾਰ ਬਣਾਇਆ ਜਾਵੇ ਤਾਂ ਪੰਜ ਸਾਲਾਂ ਦੌਰਾਨ ਨੌਂ ਹਜ਼ਾਰ ਹਾਦਸੇ ਹੁੰਦੇ ਹਨ। ਵਾਢੀਆਂ ਦੇ ਦਿਨਾਂ ਵਿਚ ਥਰੈਸ਼ਰ ਤੇ ਕੰਬਾਈਨ ਦੋਵੇਂ ਹਾਦਸਿਆਂ ਦਾ ਕਾਰਨ ਬਣਦੇ ਹਨ। ਸਾਉਣੀ ਦੇ ਦਿਨਾਂ ਵਿਚ ਕਿਸਾਨਾਂ ਨੂੰ ਸੱਪ ਦੇ ਡੱਗਣ, ਕਰੰਟ ਲੱਗਣ ਤੇ ਟਰੈਕਟਰ ਟਰਾਲੀ ਨਾਲ ਹਾਦਸਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਨਗਰ ਕੀਰਤਨ ਲਈ ਬੱਸ ਨਾ ਜਾਣ ਬਾਰੇ ਸਪਸ਼ਟੀਕਰਨ

**ਐਲ ਸਬਰਾਂਟੇ (ਬਿਊਰੋ):** ਗੁਰਦੁਆਰਾ ਸਿੱਖ ਸੈਂਟਰ, ਸੈਨ ਫਰਾਂਸਿਸਕੋ ਬੇਏਰੀਆ, ਐਲ ਸਬਰਾਂਟੇ ਦੀ ਪ੍ਰਬੰਧਕ ਕਮੇਟੀ ਨੇ ਪੰਜਾਬ ਟਾਈਮਜ਼ ਦੇ 6 ਨਵੰਬਰ ਦੇ ਅੰਕ ਵਿਚ ਛਪੀ ਖਬਰ ਦੇ ਹਵਾਲੇ ਨਾਲ ਸਪਸ਼ਟ ਕੀਤਾ ਹੈ ਕਿ ਯੂਬਾ ਸਿਟੀ ਨਗਰ ਕੀਰਤਨ ਲਈ ਬੱਸ ਨਾ ਪਹੁੰਚਣ ਦੇ ਮਾਮਲੇ ਵਿਚ ਸ. ਕੁਲਵਿੰਦਰ ਸਿੰਘ ਪੰਨੂ ਦਾ ਕੋਈ ਦਖਲ ਨਹੀਂ ਸੀ। ਬੱਸ ਕਿਸੇ ਗਲਤਫਹਿਮੀ ਕਾਰਨ ਨਹੀਂ ਜਾ ਸਕੀ।

ਇਥੇ ਜਾਰੀ ਇਕ ਬਿਆਨ ਵਿਚ ਪ੍ਰਬੰਧਕ ਕਮੇਟੀ ਦੀ ਮੁੱਖ ਸੇਵਾਦਾਰ ਬੀਬੀ ਇੰਦਰਜੀਤ ਕੌਰ ਸੰਧੂ ਨੇ ਕਿਹਾ ਹੈ ਕਿ ਪ੍ਰਬੰਧਕ ਕਮੇਟੀ ਨੂੰ ਗਲਤਫਹਿਮੀ ਕਾਰਨ ਇਸ ਖਬਰ ਵਿਚ ਸ. ਪੰਨੂ ਦਾ ਨਾਂ ਆਉਣ 'ਤੇ ਅਫਸੋਸ ਹੈ।

## ਭਾਈ ਗੁਰਬਖਸ਼ ਸਿੰਘ ਖ਼ਾਲਸਾ ਦੇ ਸੰਘਰਸ਼ ਦੀ ਹਮਾਇਤ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਨੇ ਭਾਈ ਗੁਰਬਖਸ਼ ਸਿੰਘ ਖ਼ਾਲਸਾ ਦੁਆਰਾ ਭਾਰਤ ਦੀਆਂ ਜੇਲ੍ਹਾਂ ਵਿਚੋਂ ਉਮਰ ਕੈਦ ਕੱਟ ਚੁੱਕੇ ਸਿੰਘਾਂ ਦੀ ਰਿਹਾਈ ਖਾਤਰ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਦੇ ਰੂਪ ਵਿਚ ਅਰੰਭੀ ਜੱਦੋਜਹਿਦ ਦੀ ਪੁਰਜ਼ੋਰ ਹਮਾਇਤ ਕੀਤੀ ਹੈ। ਸੁਪਰੀਮ ਕੌਂਸਲ ਮੈਂਬਰ ਲਖਬੀਰ ਸਿੰਘ ਨੇ ਹਫਤਾਵਾਰੀ ਦੀਵਾਨ ਵਿਚ ਮਤੇ ਪੜ੍ਹ ਕੇ ਸੁਣਾਏ, ਜਿਨ੍ਹਾਂ ਰਾਹੀਂ ਭਾਈ ਗੁਰਬਖਸ਼ ਸਿੰਘ ਖਾਲਸਾ ਨੂੰ ਪੰਜਾਬ ਦੀ 'ਅਖੌਤੀ ਪੰਥਕ ਸਰਕਾਰ' ਤੇ 'ਜ਼ਾਲਮ' ਪੁਲਿਸ ਵਲੋਂ ਜ਼ਬਰਦਸਤੀ ਧੋਖੇ ਨਾਲ ਚੁੱਕ ਕੇ ਜੇਲ੍ਹ ਪੁਚਾਉਣ, ਝੂਠੇ ਕੇਸ ਦਰਜ ਕਰਨ, ਸੰਘਰਸ਼ ਨੂੰ ਕੁਰਾਹੇ ਪਾਉਣ ਤੇ ਉਨ੍ਹਾਂ ਨਾਲ ਕੀਤੇ ਘਟੀਆ ਵਰਤਾਉ ਦੀ ਸਖਤ ਨਿਖੇਧੀ ਕੀਤੀ ਹੈ। ਇਹ ਵੀ ਮਤਾ ਪਾਸ ਕੀਤਾ ਗਿਆ ਕਿ ਭਵਿਖ ਵਿਚ ਅਖੌਤੀ ਪੰਥਕ ਸਰਕਾਰ ਦੇ ਕਿਸੇ ਵੀ 'ਝੋਲੀ-ਚੁੱਕ' ਨੁਮਾਇੰਦੇ ਜਾਂ ਉਨ੍ਹਾਂ ਦੇ 'ਪਿਛਲੱਗ' ਜਥੇਦਾਰਾਂ ਨੂੰ ਗੁਰਦੁਆਰਾ ਫਰੀਮਾਂਟ ਦੀ ਸਟੇਜ ਤੋਂ ਬੋਲਣ ਨਹੀਂ ਦਿੱਤਾ ਜਾਵੇਗਾ।

ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਅਰੰਭੇ ਸੰਘਰਸ਼ ਦੀ ਹਮਾਇਤ ਕਰਦਿਆਂ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਸੰਗਤਾਂ ਵਲੋਂ ਅਰਦਾਸ ਕੀਤੀ ਗਈ ਅਤੇ ਜੇਲ੍ਹਾਂ ਵਿਚ ਕੈਦ ਨਿਰਦੋਸ਼ ਸਿੰਘਾਂ-ਸਿੰਘਣੀਆਂ ਦੀ ਰਿਹਾਈ ਲਈ ਯਤਨਸ਼ੀਲ ਰਹਿਣ ਦਾ ਪ੍ਰਣ ਲਿਆ ਗਿਆ। ਹਾਜ਼ਰ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਮਤਿਆਂ ਨੂੰ ਪ੍ਰਵਾਨਗੀ ਦਿਤੀ।

## 2014 ਦਾ ਕੈਲੰਡਰ ਕਾਮਾਗਾਟਾਮਾਰੂ ਸਾਕੇ ਨੂੰ ਸਮਰਪਿਤ ਕਰਨ ਦਾ ਫੈਸਲਾ

**ਫਰਿਜ਼ਨੋ (ਬਿਊਰੋ):** ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਵਲੋਂ ਆਪਣਾ ਸਾਲ 2014 ਦਾ ਕੈਲੰਡਰ ਨਿਊ ਇੰਡੀਆ ਸਵੀਟਸ ਐਂਡ ਸਪਾਈਸਜ, ਫਰਿਜ਼ਨੋ ਦੇ ਸਹਿਯੋਗ ਨਾਲ ਕਾਮਾਗਾਟਾਮਾਰੂ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਕਰਕੇ ਛਾਪਿਆ ਜਾਵੇਗਾ। ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਕੈਲੰਡਰ ਦਸੰਬਰ ਦੇ ਅਖੀਰਲੇ ਹਫਤੇ ਇਕ ਸਾਦਾ ਸਮਾਗਮ ਵਿਚ ਜਾਰੀ ਕੀਤਾ ਜਾਵੇਗਾ।

ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਅਨੁਸਾਰ ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਇਸ ਕੈਲੰਡਰ ਦੀ ਛਪਾਈ ਵਿਚ ਨਿਊ ਇੰਡੀਆ ਐਂਡ ਸਪਾਈਸਜ ਦੇ ਜਸਵਿੰਦਰ ਸਿੰਘ ਦਾ ਮੁਖ ਯੋਗਦਾਨ ਹੋਵੇਗਾ। ਪਿਛਲੇ ਵਰ੍ਹੇ ਦਾ ਕਲੰਡਰ ਗਦਰ ਲਹਿਰ ਦੇ ਸ਼ਤਾਬਦੀ ਨੂੰ ਸਮਰਪਿਤ ਸੀ।

ਕੈਲੰਡਰ ਦਾ ਜ਼ਿਕਰ ਕਰਦਿਆਂ ਐਸੋਸੀਏਸ਼ਨ ਦੇ ਆਗੂ ਸਾਧੂ ਸਿੰਘ ਸੰਘਾ ਨੇ ਕਿਹਾ ਕਿ ਕਾਮਾਗਾਟਾਮਾਰੂ ਦੇ ਸਾਕੇ ਨੂੰ ਬੀਤਿਆਂ ਵੀ ਇਕ ਸ਼ਤਾਬਦੀ ਹੋ ਗਈ ਹੈ। ਇਸ ਸਾਕੇ ਨਾਲ ਸਬੰਧਤ ਬਹੁਤੇ ਬੰਦੇ, ਗਦਰ ਲਹਿਰ ਤੋਂ ਪ੍ਰਭਾਵਿਤ ਸਨ, ਜਿਨ੍ਹਾਂ ਨੇ ਬਾਅਦ ਵਿਚ ਭਾਰਤ ਦੀ ਕੌਮੀ ਆਜਾਦੀ ਦੀ ਜਦੋਜਹਿਦ ਵਿਚ ਵੀ ਭਰਵਾਂ ਹਿੱਸਾ ਲਿਆ। ਇਸ ਕਲੰਡਰ ਦੇ ਹਰ ਮਹੀਨੇ ਨਾਲ ਕਾਮਾਗਾਟਮਾਰੂ ਦੀਆਂ ਤਸਵੀਰਾਂ ਅਤੇ ਘਟਨਾਵਾਂ ਦੇ ਵੇਰਵੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਹੋਣਗੇ।

## ਏਜੰਟਾਂ ਦੇ ਧੱਕੇ ਚੜ੍ਹੇ ਨੌਜਵਾਨ ਵੱਲੋਂ ਖੁਦਕੁਸ਼ੀ

**ਨਡਾਲਾ:** ਏਜੰਟਾਂ ਦੇ ਧੱਕੇ ਚੜੇ ਨੇੜਲੇ ਪਿੰਡ ਭੁਲੱਥ ਦੇ ਇਕ ਨੌਜਵਾਨ ਨੇ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਅਰਵਿੰਦਰ ਢੱਲ (30) ਪੁੱਤਰ ਬਲਦੇਵ ਰਾਜ ਢੱਲ ਵੱਲੋਂ ਲਿਖਿਆ ਇਕ ਖੁਦਕੁਸ਼ੀ ਨੋਟ ਵੀ ਮਿਲਿਆ ਹੈ।

ਅਰਵਿੰਦਰ ਢੱਲ ਦੀ ਪਤਨੀ ਰਚਨਾ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦਾ ਪਤੀ ਬੀ.ਏ.ਐਮ.ਐਸ ਪਾਸ ਸੀ, ਜੋ ਇਸ ਵੇਲੇ ਨਡਾਲਾ ਰੋਡ 'ਤੇ ਮੈਡੀਕਲ ਸਟੋਰ ਚਲਾ ਰਿਹਾ ਸੀ। ਇਸੇ ਦੌਰਾਨ ਅਰਵਿੰਦਰ ਦਾ ਸੰਪਰਕ 'ਮਰਵਾਹਾ ਕੰਸਲਟੈਂਸੀ ਲਾਰੈਂਸ ਰੋਡ ਅੰਮ੍ਰਿਤਸਰ' ਦੇ ਮਾਲਕ ਅਰੁਣ ਮਰਵਾਹਾ ਤੇ ਵਿਕਾਸ ਮਰਵਾਹਾ ਨਾਲ ਹੋਇਆ, ਜਿਨ੍ਹਾਂ ਨੇ ਅਰਵਿੰਦਰ ਢੱਲ ਨੂੰ ਕਈ ਸਬਜ਼ਬਾਗ ਦਿਖਾਏ ਕਿ ਉਹ ਬੰਦੇ ਵਿਦੇਸ਼ ਭੇਜਦੇ ਹਨ। ਇਸ ਤੋਂ ਇਲਾਵਾ ਬੀ.ਐਸ.ਐਫ ਤੇ ਪੰਜਾਬ ਪੁਲਿਸ ਵਿਚ ਨੌਕਰੀ ਵੀ ਦਿਵਾ ਦਿੰਦੇ ਹਨ ਜਿਸ 'ਤੇ ਗਾਹਕ ਦੇਣ ਵਾਲੇ ਨੂੰ ਮੋਟਾ ਕਮਿਸ਼ਨ ਦਿੰਦੇ ਹਨ। ਅਰਵਿੰਦਰ ਢੱਲ ਉਨ੍ਹਾਂ ਦੇ ਝਾਂਸੇ ਵਿਚ ਆ ਗਿਆ ਤੇ ਉਸ ਨੇ ਦੋ ਲੜਕਿਆਂ ਕੋਲੋਂ 41.25 ਲੱਖ ਰੁਪਏ ਉਨ੍ਹਾਂ ਨੂੰ ਦੇ ਕੇ ਅਮਰੀਕਾ ਭੇਜਣ ਦੀ ਗੱਲ ਮੁਕਾ ਲਈ ਪਰ ਕਾਫ਼ੀ ਸਮਾਂ ਬੀਤਣ 'ਤੇ ਏਜੰਟਾਂ ਨੇ ਉਕਤ ਲੜਕਿਆਂ ਨੂੰ ਨਾ ਤਾਂ ਅਮਰੀਕਾ ਭੇਜਿਆ ਤੇ ਨਾ ਹੀ ਪੈਸੇ ਵਾਪਸ ਕੀਤੇ। ਲੜਕਿਆਂ ਵੱਲੋਂ ਪੈਸੇ ਵਾਪਸ ਮੰਗਣ 'ਤੇ ਦੋਹਾਂ ਏਜੰਟਾਂ ਨੇ ਅਰਵਿੰਦਰ ਢੱਲ ਨੂੰ ਪੈਸੇ ਵਾਪਸ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ। ਇਸ ਗੱਲ ਤੋਂ ਪਰੇਸ਼ਾਨ ਹੋਏ ਅਰਵਿੰਦਰ ਢੱਲ ਨੇ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ।

## ਪੰਜਾਬ ਵਿਚ 75 ਹਜ਼ਾਰ ਲੋਕ ਏਡਜ਼ ਦੇ ਸ਼ਿਕਾਰ

**ਚੰਡੀਗੜ੍ਹ:** ਪੰਜਾਬ ਵਿਚ ਏਡਜ਼ ਵਰਗੀ ਲਾਇਲਾਜ ਬਿਮਾਰੀ ਲਗਾਤਾਰ ਪੈਰ ਪਸਾਰ ਰਹੀ ਹੈ। ਇਸ ਬਿਮਾਰੀ ਤੋਂ ਸੂਬੇ ਵਿਚ 75 ਹਜ਼ਾਰ ਲੋਕ ਪੀੜਤ ਹਨ। ਸਰਕਾਰੀ ਅੰਕੜਿਆਂ ਮੁਤਾਬਕ ਇਹ ਗਿਣਤੀ ਕਾਫ਼ੀ ਘੱਟ ਹੈ।

ਏਡਜ਼ ਬਾਰੇ ਖੋਜ ਕਾਰਜ ਕਰ ਰਹੇ ਕੈਨੇਡਾ ਵਾਸੀ ਡਾ. ਰਘਬੀਰ ਸਿੰਘ ਬੈਂਸ ਮੁਤਾਬਕ ਏਡਜ਼ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਨਾਲ ਜਕੜਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਡਾ. ਬੈਂਸ ਦੱਖਣੀ ਅਫਰੀਕੀ ਦੇਸ਼ਾਂ ਵਿਚ ਏਡਜ਼ 'ਤੇ ਖੋਜ ਪੱਤਰ ਤਿਆਰ ਕਰ ਚੁੱਕੇ ਹਨ ਜਿਥੇ ਦੁਨੀਆਂ ਦੇ ਸਭ ਤੋਂ ਵੱਧ ਏਡਜ਼ ਪੀੜਤ ਲੋਕ ਹਨ। ਉਨ੍ਹਾਂ ਕਿਹਾ ਜੋ ਅੰਕੜੇ ਪੰਜਾਬ ਸਰਕਾਰ ਨੇ ਦੱਸੇ ਹਨ, ਉਸ ਤੋਂ ਮਰੀਜ਼ਾਂ ਦੀ ਗਿਣਤੀ ਦੁੱਗਣੀ ਹੈ। ਕਈ ਲੋਕ ਤਾਂ ਡਰਦੇ ਜਾਂਚ ਹੀ ਨਹੀਂ ਕਰਵਾਉਂਦੇ। ਇਸ ਤਰ੍ਹਾਂ ਅੰਕੜਿਆਂ 'ਚ ਫਰਕ ਪੈ ਜਾਂਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਮੁੱਚੇ ਭਾਰਤ ਵਿਚ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਤਕਰੀਬਨ 25 ਲੱਖ ਹੈ; ਜਦ ਕਿ ਅਸਲੀਅਤ ਵਿਚ ਇਹ ਗਿਣਤੀ ਕਿਤੇ ਵੱਧ ਹੈ। ਇਸੇ ਤਰ੍ਹਾਂ ਹੀ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਨੇ ਏਡਜ਼ ਪੀੜਤ ਮਰੀਜ਼ਾਂ ਦੀ ਗਿਣਤੀ ਤਕਰੀਬਨ 36,778 ਦੱਸੀ ਹੈ ਜਦ ਕਿ ਇਹ ਗਿਣਤੀ ਦੁੱਗਣੀ ਹੈ।

## ਬੱਬੂ ਮਾਨ ਨੂੰ ਮਨੀਲਾ 'ਚ ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬੀ ਗਾਇਕ ਬੱਬੂ ਮਾਨ ਤੇ ਉਸ ਦੇ ਗਰੁੱਪ ਨੂੰ ਫਿਲਪੀਨਜ਼ ਦੀ ਰਾਜਧਾਨੀ ਮਨੀਲਾ ਵਿਚ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸੂਤਰਾਂ ਅਨੁਸਾਰ ਬੱਬੂ ਨੇ ਉਥੇ ਸ਼ੋਅ ਕਰਨ ਲਈ ਪਰਮਿਟ ਨਹੀਂ ਸੀ ਲਿਆ ਜਿਸ ਕਾਰਨ ਪੁਲਿਸ ਨੇ ਪੂਰੇ ਗਰੁੱਪ ਨੂੰ ਹਿਰਾਸਤ ਵਿਚ ਲੈ ਲਿਆ। ਬਾਅਦ ਵਿਚ ਜੁਰਮਾਨਾ ਵਸੂਲ ਕੇ ਸਭ ਨੂੰ ਰਿਹਾ ਕਰ ਦਿੱਤਾ ਗਿਆ।

## ਦੁੱਧ 'ਚ ਮਿਲਾਵਟ ਲਈ ਹੋਵੇ ਉਮਰ ਕੈਦ

**ਨਵੀਂ ਦਿੱਲੀ:** ਭਾਰਤ ਦੀ ਸੁਪਰੀਮ ਕੋਰਟ ਨੇ ਮਿਲਾਵਟ ਵਾਲਾ ਦੁੱਧ ਬਣਾਉਣ ਤੇ ਵੇਚਣ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਗੱਲ ਕਹੀ ਹੈ। ਅਦਾਲਤ ਨੇ ਰਾਜ ਸਰਕਾਰਾਂ ਨੂੰ ਇਸ ਬਾਰੇ ਕਾਨੂੰਨਾਂ ਵਿਚ ਸੋਧ ਕਰਨ ਲਈ ਕਿਹਾ ਹੈ। ਜਸਟਿਸ ਕੇ.ਐਸ. ਰਾਧਾਕ੍ਰਿਸ਼ਨਨ ਤੇ ਏ.ਕੇ. ਸੀਕਰੀ ਦੇ ਬੈਂਚ ਨੇ ਕਿਹਾ ਕਿ ਭੋਜਨ ਸੁਰੱਖਿਆ ਐਕਟ ਵਿਚ ਛੇ ਮਹੀਨੇ ਕੈਦ ਦੀ ਸਜ਼ਾ ਰੱਖੀ ਗਈ ਹੈ ਜੋ ਬਹੁਤ ਘੱਟ ਹੈ। ਉਨ੍ਹਾਂ ਨੇ ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਤੇ ਉੜੀਸਾ ਵਾਂਗ ਬਾਕੀ ਸੂਬਿਆਂ ਨੂੰ ਵੀ ਇਸ ਕਾਨੂੰਨ ਵਿਚ ਸੋਧ ਕਰਨ ਲਈ ਕਿਹਾ। ਬੈਂਚ ਨੇ ਜਨਹਿਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਸੂਬਾ ਸਰਕਾਰਾਂ ਨੂੰ ਦੁੱਧ ਦੀ ਚੱਲ ਰਹੀ ਮਿਲਾਵਟ ਨੂੰ ਰੋਕਣ ਬਾਰੇ ਹਦਾਇਤਾਂ ਦਿੱਤੀਆਂ ਹਨ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Homeopathic natural medicines supply

Gurdip Singh Sandhu
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਈ ਗੁਰਬਖਸ਼ ਸਿੰਘ ਮੁੜ ਡਟਿਆ

**ਮੁਹਾਲੀ:** ਪੰਜਾਬ ਸਮੇਤ ਦੇਸ਼ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਭਾਈ ਗੁਰਬਖ਼ਸ਼ ਸਿੰਘ ਖਾਲਸਾ ਫਿਰ ਮਰਨ ਵਰਤ 'ਤੇ ਬੈਠ ਗਏ ਹਨ। ਕੁਝ ਦਿਨ ਪਹਿਲਾਂ ਪੰਜਾਬ ਪੁਲੀਸ ਉਸ ਨੂੰ ਚੁੱਕ ਕੇ ਹਸਪਤਾਲ ਲੈ ਗਈ ਸੀ ਪਰ ਪੀ.ਜੀ.ਆਈ. ਤੋਂ ਛੁੱਟੀ ਮਿਲਣ ਤੋਂ ਬਾਅਦ ਉਹ ਫਿਰ ਮੋਰਚੇ ਉਤੇ ਡਟ ਗਏ।

ਗੁਰੂ ਆਸਰਾ ਟਰੱਸਟ ਦੀ ਉਪ ਪ੍ਰਬੰਧਕ

**ਹੋਰ ਖਬਰਾਂ ਪੜ੍ਹੋ**
**ਸਫਾ 4 ਉਤੇ**

ਕੁਲਦੀਪ ਕੌਰ ਧਾਮੀ ਭਾਈ ਗੁਰਬਖ਼ਸ਼ ਸਿੰਘ ਨੂੰ ਲੈ ਕੇ ਗੁਰਦੁਆਰੇ ਪਹੁੰਚ ਗਈ। ਭਾਈ ਗੁਰਬਖ਼ਸ਼ ਸਿੰਘ ਦੀ ਥਾਂ ਮਰਨ ਵਰਤ 'ਤੇ ਬੈਠੇ ਦਮਨਦੀਪ ਸਿੰਘ ਖਾਲਸਾ ਨੂੰ ਜੂਸ ਪਿਲਾ ਕੇ ਉਨ੍ਹਾਂ ਦੀ ਭੁਖ ਹੜਤਾਲ ਖ਼ਤਮ ਕਰਵਾਈ ਗਈ। ਇਸੇ ਦੌਰਾਨ ਸਿੱਖ ਜਥੇਬੰਦੀਆਂ ਦੇ ਆਗੂਆਂ ਅਤੇ ਸੰਤ ਸਮਾਜ ਦੇ ਨੁਮਾਇੰਦਿਆਂ ਦੀ ਹੰਗਾਮੀ ਮੀਟਿੰਗ ਹੋਈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਕਾਰਜਕਾਰੀ ਹਰਪਾਲ ਸਿੰਘ ਚੀਮਾ, ਜਨਰਲ ਸਕੱਤਰ ਮਹਿੰਦਰਪਾਲ ਸਿੰਘ, ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਭਾਗੋਵਾਲ, ਦਲ ਖਾਲਸਾ ਦੇ ਮੁਖੀ ਹਰਚਰਨਜੀਤ ਸਿੰਘ ਧਾਮੀ, ਪੈਟਰਨ ਸਤਨਾਮ ਸਿੰਘ ਪੌਂਟਾ ਸਾਹਿਬ, ਅਖੰਡ ਕੀਰਤਨੀ ਜਥੇ ਦੇ ਮੁਖੀ ਆਰ.ਪੀ. ਸਿੰਘ, ਭਾਈ ਜੰਗ ਸਿੰਘ, ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਨੁਮਾਇੰਦੇ ਪਰਦੀਪ ਸਿੰਘ ਕਾਨਪੁਰੀ, ਲੈਫਟੀਨੈਂਟ ਜਨਰਲ (ਸੇਵਾਮੁਕਤ) ਕਰਤਾਰ ਸਿੰਘ, ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ, ਗੁਰੂ ਆਸਰਾ ਟਰੱਸਟ ਦੀ ਉਪ ਪ੍ਰਬੰਧਕ ਕੁਲਦੀਪ ਕੌਰ ਧਾਮੀ, ਗੁਰਨਾਮ ਸਿੰਘ ਸਿੱਧੂ ਅਤੇ ਸੰਤ ਸਮਾਜ ਦੇ ਕਈ ਨੁਮਾਇੰਦੇ ਸ਼ਾਮਲ ਹੋਏ ਪਰ ਇਹ ਮੀਟਿੰਗ ਬੇਸਿੱਟਾ ਰਹੀ। ਉਧਰ ਸਰਕਾਰ ਨੇ ਭਾਈ ਗੁਰਬਖ਼ਸ਼ ਸਿੰਘ ਖਿਲਾਫ਼ ਦਰਜ ਕੀਤਾ ਧਾਰਾ 107/151 ਦਾ ਕੇਸ ਵਾਪਸ ਲੈ ਲਿਆ ਹੈ।

ਇਸੇ ਦੌਰਾਨਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਜਿਹੜੇ 6 ਸਿੱਖਾਂ ਦੀ ਰਿਹਾਈ ਲਈ ਗੁਰਬਖ਼ਸ਼ ਸਿੰਘ ਨੇ ਸੰਘਰਸ਼ ਸ਼ੁਰੂ ਕੀਤਾ ਸੀ, ਸ਼੍ਰੋਮਣੀ ਕਮੇਟੀ ਪਹਿਲਾਂ ਹੀ ਉਨ੍ਹਾਂ ਦੀ ਰਿਹਾਈ ਲਈ ਪੈਰਵੀ ਕਰ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਨੌਜਵਾਨਾਂ ਦੀ ਰਿਹਾਈ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਖ਼ਲ ਦੇਣ। ਉਨ੍ਹਾਂ ਮੁੜ ਭੁੱਖ ਹੜਤਾਲ 'ਤੇ ਬੈਠੇ ਗੁਰਬਖ਼ਸ਼ ਸਿੰਘ ਨੂੰ ਹੜਤਾਲ ਛੱਡਣ ਅਤੇ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੇ ਵਿਸਥਾਰ ਸਹਿਤ ਵੇਰਵੇ ਭੇਜਣ ਲਈ ਕਿਹਾ।



ਮਰਨ ਵਰਤ 'ਤੇ ਬੈਠਾ ਭਾਈ ਗੁਰਬਖ਼ਸ਼ ਸਿੰਘ। ਨਾਲ ਬੈਠਾ ਹੈ ਦਮਨਦੀਪ ਸਿੰਘ।

# ਡੇਰਾ ਵਿਵਾਦ ਵਿਚ ਚਾਰ ਨੌਜਵਾਨ ਗ੍ਰਿਫਤਾਰ

**ਮੋਗਾ:** ਪਿੰਡ ਢੁੱਡੀਕੇ ਵਿਖੇ ਬੀਤੀ 25 ਤੇ 26 ਨਵੰਬਰ ਨੂੰ ਡੇਰਾ ਸਿਰਸਾ ਪ੍ਰੇਮੀਆਂ ਤੇ ਸਿੱਖ ਸੰਗਤ ਵਿਚ ਹੋਏ ਝਗੜੇ ਦੇ ਮਾਮਲੇ ਵਿਚ ਪੁਲਿਸ ਨੇ ਪਿੰਡ ਢੁੱਡੀਕੇ ਵਿਖੇ ਛਾਪੇ ਮਾਰ ਕੇ ਗਰਮ ਖਿਆਲੀ ਸਿੱਖ ਸੰਗਤ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜ਼ਿਲ੍ਹਾ ਪੁਲਿਸ ਮੁਖੀ ਕਮਲਜੀਤ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਨਾਮਜ਼ਦ ਕਿਸੇ ਵੀ ਮੁਲਜ਼ਮ ਨੂੰ ਬੇਕਸੂਰ ਕਰਾਰ ਨਹੀਂ ਦਿੱਤਾ ਗਿਆ।

ਗ੍ਰਿਫ਼ਤਾਰ ਕੀਤੇ ਗਰਮ ਖਿਆਲੀ ਸਿੱਖ ਸੰਗਤ ਦੇ ਚਾਰ ਮੈਂਬਰਾਂ ਹਰਭਜਨ ਸਿੰਘ ਉਰਫ਼ ਭਜੀ, ਗੁਰਪ੍ਰੀਤ ਸਿੰਘ ਪਟਨੇਵਾਲਾ, ਗੁਰਵਿੰਦਰ ਸਿੰਘ ਤੇ ਰਣਜੀਤ ਸਿੰਘ ਉਰਫ਼ ਰਾਣਾ ਸਾਰੇ ਵਾਸੀ ਪਿੰਡ ਢੁੱਡੀਕੇ ਕੋਲੋਂ ਪੁਲਿਸ ਰਿਮਾਂਡ ਦੌਰਾਨ ਪੁੱਛਗਿੱਛ ਕਰਕੇ ਸਚਾਈ ਜਾਣੀ ਜਾਵੇਗੀ। ਥਾਣਾ ਅਜੀਤਵਾਲ ਪੁਲਿਸ ਨੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਬਾਰੇ ਧਾਰਾ 188 ਆਈ.ਪੀ.ਸੀ ਤਹਿਤ ਕੇਸ ਦਰਜ ਕਰਕੇ ਗ੍ਰਿਫ਼ਤਾਰ ਕੀਤੇ ਡੇਰਾ ਪ੍ਰੇਮੀ ਰਣਜੀਤ ਸਿੰਘ ਚੂਹੜਚੱਕ, ਮਨਦੀਪ ਸਿੰਘ ਪਿੰਡ ਕੋਕਰੀ ਕਲਾਂ ਤੇ ਗੁਰਸ਼ਰਨ ਸਿੰਘ ਪਿੰਡ ਮਲੇਆਣਾ ਨੂੰ ਮੌਕੇ 'ਤੇ ਹੀ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ। ਕਈ ਦਿਨਾਂ ਦੀ ਚੁੱਪ ਬਾਅਦ ਪੁਲਿਸ ਦੀਆਂ ਟੀਮਾਂ ਨੇ ਪਿੰਡ ਢੁੱਡੀਕੇ ਵਿਖੇ ਛਾਪੇ ਮਾਰ ਕੇ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਤਾਂ ਪਿੰਡ ਵਿਚ ਸਹਿਮ ਦਾ ਮਾਹੌਲ ਬਣ ਗਿਆ। ਸਿੱਖ ਸੰਗਤ ਨਾਲ ਸਬੰਧਤ ਪਰਿਵਾਰਾਂ ਦੇ ਨੌਜਵਾਨ ਲੜਕੇ ਗ੍ਰਿਫ਼ਤਾਰੀ ਡਰੋਂ ਰੂਪੋਸ਼ ਹੋ ਗਏ ਹਨ। ਕਈ ਪਰਿਵਾਰ ਤਾਂ ਘਰਾਂ ਨੂੰ ਤਾਲੇ ਲਾ ਕੇ ਇਧਰ ਉਧਰ ਹੋ ਗਏ ਹਨ।

# ਚੋਣ ਨਤੀਜਿਆਂ ਨਾਲ ਕਾਂਗਰਸ ਦੀ 'ਦਿੱਲੀ' ਹਿੱਲੀ

*(ਸਫਾ ਇਕ ਦੀ ਬਾਕੀ)*

ਭਾਜਪਾ ਨੂੰ 49 ਤੇ ਕਾਂਗਰਸ ਨੂੰ 39 ਸੀਟਾਂ ਮਿਲੀਆਂ ਹਨ। ਇਸ ਵਾਰ ਸਭ ਤੋਂ ਦਿਲਚਸਪ ਨਤੀਜੇ ਦਿੱਲੀ ਵਿਚ ਰਹੇ ਜਿਥੇ ਤਿੰਨ ਵਾਰ ਸੱਤਾ 'ਤੇ ਕਾਬਜ਼ ਰਹੀ ਕਾਂਗਰਸ ਨੂੰ ਹੂੰਝਾ ਫਿਰ ਗਿਆ। ਉਂਜ, ਕਿਸੇ ਵੀ ਧਿਰ ਨੂੰ ਬਹੁਮਤ ਨਾ ਮਿਲ ਸਕਿਆ। ਦਿੱਲੀ ਵਿਚ ਆਮ ਆਦਮੀ ਪਾਰਟੀ ਨੇ ਨਵਾਂ ਇਤਿਹਾਸ ਸਿਰਜਿਆ ਹੈ। ਸਾਲ ਕੁ ਪਹਿਲਾਂ ਬਣੀ ਇਸ ਪਾਰਟੀ ਨੇ ਕਾਂਗਰਸ ਨੂੰ ਅੱਠ ਸੀਟਾਂ 'ਤੇ ਸੀਮਤ ਕਰਦਿਆਂ 28 ਸੀਟਾਂ ਜਿੱਤ ਲਈਆਂ ਹਨ। ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਨਵੀਂ ਦਿੱਲੀ ਸੀਟ ਤੋਂ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੂੰ 25000 ਵੋਟਾਂ ਦੇ ਫ਼ਰਕ ਨਾਲ ਹਰਾਇਆ। 70 ਮੈਂਬਰੀ ਵਿਧਾਨ ਸਭਾ ਵਿਚ ਭਾਜਪਾ ਤੇ ਭਾਈਵਾਲਾਂ ਕੋਲ 32 ਸੀਟਾਂ ਹਨ ਤੇ ਸਰਕਾਰ ਬਣਾਉਣ ਲਈ ਉਸ ਨੂੰ ਚਾਰ ਹੋਰ ਸੀਟਾਂ ਦੀ ਲੋੜ ਹੈ। ਦਿੱਲੀ ਵਿਚ ਸਿਰਫ ਦੋ ਆਜ਼ਾਦ ਉਮੀਦਵਾਰ ਜਿੱਤੇ ਹਨ ਜਿਸ ਕਰਕੇ ਹਾਲਤ ਬੇਹੱਦ ਦਿਲਚਸਪ ਬਣ ਗਈ ਹੈ। ਇਨ੍ਹਾਂ ਚੋਣਾਂ ਦਾ ਅਹਿਮ ਪੱਖ ਆਮ ਆਦਮੀ ਪਾਰਟੀ (ਆਪ) ਦਾ ਸਿਆਸੀ ਦ੍ਰਿਸ਼ਾਵਲੀ 'ਤੇ ਉਭਾਰ ਹੈ। ਚੋਣ ਨਤੀਜਿਆਂ ਤੋਂ ਜਿਥੇ ਭਾਜਪਾ ਦੇ ਖੇਮੇ ਵਿਚ ਖੁਸ਼ੀ ਹੋਣੀ ਸੁਭਾਵਕ ਹੈ, ਉਥੇ ਪਾਰਟੀ ਵੱਲੋਂ ਜਿੱਤ ਦਾ ਸਿਹਰਾ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਨਰਿੰਦਰ ਮੋਦੀ ਸਿਰ ਬੰਨ੍ਹਿਆ ਜਾ ਰਿਹਾ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਨਤੀਜਿਆਂ ਨੂੰ ਮਾਯੂਸਕੁਨ ਦੱਸਦਿਆਂ ਵਾਅਦਾ ਕੀਤਾ ਹੈ ਕਿ ਪਾਰਟੀ ਆਪਣਾ ਕੰਮ-ਢੰਗ ਸੁਧਾਰ ਕੇ ਲੋਕਾਂ ਦਾ ਵਿਸ਼ਵਾਸ ਜਿੱਤਣ ਦਾ ਮੁੜ ਯਤਨ ਕਰੇਗੀ।

# ਅਕਾਲੀ ਦਲ ਵੱਲੋਂ ਦਿੱਲੀ ਫਤਿਹ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਕੋਟੇ ਦੀਆਂ ਚਾਰ ਸੀਟਾਂ ਵਿਚੋਂ ਤਿੰਨ ਸੀਟਾਂ ਜਿੱਤਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਰਾਜੌਰੀ ਗਾਰਡਨ ਦੀ ਸੀਟ ਤੱਕੜੀ ਉਪਰ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਵਿਚ ਖਾਤਾ ਖੋਲ੍ਹਣ ਵਿਚ ਸਫਲ ਰਿਹਾ ਹੈ। ਅਕਾਲੀ ਦਲ ਦੇ ਉਮੀਦਵਾਰਾਂ ਨੇ ਦੋ ਸੀਟਾਂ ਭਾਜਪਾ ਦੇ ਚੋਣ ਨਿਸ਼ਾਨ ਕਮਲ ਜਦਕਿ ਦੋ ਸੀਟਾਂ ਤੱਕੜੀ ਨਿਸ਼ਾਨ 'ਤੇ ਲੜੀਆਂ ਸਨ। ਰਾਜੌਰੀ ਗਾਰਡਨ ਹਲਕੇ ਤੋਂ ਤੱਕੜੀ ਨਿਸ਼ਾਨ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਮਨਜਿੰਦਰ ਸਿੰਘ ਸਿਰਸਾ (41721) ਨੇ ਕਾਂਗਰਸ ਦੀ ਧਨਵੰਤੀ ਚੰਦੀਲਾ (30713) ਨੂੰ 11008 ਵੋਟਾਂ ਦੇ ਫਰਕ ਨਾਲ ਹਰਾਇਆ ਤੇ ਇਥੇ ਤੀਜੇ ਨੰਬਰ 'ਤੇ ਰਹੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਪ੍ਰਿਤਪਾਲ ਸਿੰਘ ਸਲੂਜਾ ਨੂੰ 17022 ਵੋਟਾਂ ਮਿਲੀਆਂ। ਇਸੇ ਤਰ੍ਹਾਂ ਕਮਲ ਨਿਸ਼ਾਨ 'ਤੇ ਚੋਣ ਲੜਨ ਵਾਲੇ ਵਿਧਾਨ ਸਭਾ ਹਲਕਾ ਕਾਲਕਾਜੀ ਤੋਂ ਅਕਾਲੀ-ਭਾਜਪਾ ਦੇ ਉਮੀਦਵਾਰ ਹਰਮੀਤ ਸਿੰਘ ਕਾਲਕਾ (30683) ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਧਰਮਵੀਰ ਸਿੰਘ (28639) ਨੂੰ 2053 ਵੋਟਾਂ ਦੇ ਫਰਕ ਨਾਲ ਹਰਾਇਆ, ਤੀਜੇ ਨੰਬਰ 'ਤੇ ਰਹੇ ਕਾਂਗਰਸ ਦੇ ਸੁਭਾਸ਼ ਚੋਪੜਾ ਨੂੰ 25787 ਵੋਟਾਂ ਪ੍ਰਾਪਤ ਹੋਈਆਂ।

ਸ਼ਾਹਦਰਾ ਤੋਂ ਅਕਾਲੀ-ਭਾਜਪਾ ਦੇ ਉਮੀਦਵਾਰ ਜਤਿੰਦਰ ਸਿੰਘ ਸ਼ੰਟੀ (45364) ਨੇ ਕਾਂਗਰਸ ਦੇ ਨਰੇਂਦਰ ਨਾਥ (30247) ਨੂੰ 15117 ਵੋਟਾਂ ਦੇ ਫਰਕ ਨਾਲ ਹਰਾਇਆ। ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਬੀਰ ਸਿੰਘ 23512 ਵੋਟਾਂ ਪ੍ਰਾਪਤ ਕਰਕੇ ਤੀਜੇ ਨੰਬਰ 'ਤੇ ਰਹੇ। ਤੱਕੜੀ ਨਿਸ਼ਾਨ 'ਤੇ ਲੜੀ ਗਈ ਹਰੀ ਨਗਰ ਸੀਟ 'ਤੇ ਅਕਾਲੀ ਦਲ ਦੇ ਉਮੀਦਵਾਰ ਸ਼ਿਆਮ ਸ਼ਰਮਾ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ। ਹਰੀ ਨਗਰ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਜਗਦੀਪ ਸਿੰਘ (38912) ਨੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਿਆਮ ਸ਼ਰਮਾ (30036) ਨੂੰ 8876 ਵੋਟਾਂ ਦੇ ਫਰਕ ਨਾਲ ਹਰਾਇਆ ਜਦ ਕਿ ਜਦਕਿ ਕਾਂਗਰਸ ਦੇ ਹਰਸ਼ਰਨ ਸਿੰਘ ਬੱਲੀ 23111 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ।

# ਜਨਰਲ ਬਰਾੜ ਕੇਸ ਵਿਚ ਚਾਰ ਬਰਤਾਨਵੀ ਸਿੱਖਾਂ ਨੂੰ ਸਜ਼ਾ

*(ਸਫਾ ਇਕ ਦੀ ਬਾਕੀ)*

ਲਾਇਸੰਸ 'ਤੇ ਰਿਹਾ ਕੀਤਾ ਜਾ ਸਕਦਾ ਹੈ। ਜੱਜ ਨੇ ਸਜ਼ਾ ਸੁਣਾਉਂਦੇ ਹੋਏ ਕਿਹਾ ਕਿ ਹਮਲਾ ਗੰਭੀਰ ਰੂਪ ਵਿਚ ਜ਼ਖਮੀ ਕਰਨ ਦੀ ਸ਼੍ਰੇਣੀ ਵਿਚ ਆਉਂਦਾ ਹੈ ਤੇ ਬਰਾੜ ਜੋੜੇ ਨੂੰ ਮਾਨਸਿਕ ਤੌਰ 'ਤੇ ਪੁੱਜੇ ਨੁਕਸਾਨ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਇਹ ਹਮਲਾ ਸਪਸ਼ਟ ਰੂਪ ਵਿਚ ਬਰਾੜ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਤੀਆਂ ਕਾਰਵਾਈਆਂ ਦਾ ਬਦਲਾ ਲੈਣ ਲਈ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਇਸ ਹਮਲੇ ਵਿਚ ਜਨਰਲ ਬਰਾੜ ਦੇ ਗਲੇ 'ਤੇ ਤੇਜ਼ਧਾਰ ਚਾਕੂ ਨਾਲ ਵਾਰ ਕੀਤਾ ਗਿਆ ਸੀ ਜਦਕਿ ਬਰਾੜ ਦੀ ਪਤਨੀ ਮੀਨਾ ਬਰਾੜ ਨੂੰ ਵੀ ਧੱਕਾ ਮਾਰਿਆ ਸੀ।

# ਦਿੱਲੀ ਵਿਚ ਨੌਂ ਸਿੱਖ ਵਿਧਾਇਕ ਬਣੇ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਵਿਚ ਇਸ ਵਾਰ ਪਿਛਲੀ ਵਾਰ ਨਾਲੋਂ ਵੱਧ ਸਿੱਖ ਵਿਧਾਇਕ ਨਜ਼ਰ ਆਉਣਗੇ। 2013 ਦੀਆਂ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਦੀਆਂ ਤਿੰਨੋਂ ਮੁੱਖ ਸਿਆਸੀਆਂ ਪਾਰਟੀਆਂ ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ ਵੱਲੋਂ ਉਤਾਰੇ ਕੁੱਲ ਨੌਂ ਸਿੱਖ ਉਮੀਦਵਾਰ ਜੇਤੂ ਰਹੇ। ਪਿਛਲੀ ਵਿਧਾਨ ਸਭਾ ਵਿਚ ਕੁੱਲ ਛੇ ਸਿੱਖ ਵਿਧਾਇਕ ਸਨ ਜਿਨ੍ਹਾਂ ਵਿਚ ਇਕ ਭਾਜਪਾ ਤੇ ਪੰਜ ਕਾਂਗਰਸ ਦੇ ਵਿਧਾਇਕ ਬਣ ਕੇ ਆਏ ਸਨ। ਕਾਂਗਰਸ ਨੇ ਇਸ ਵਾਰ ਛੇ ਸਿੱਖ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਸਨ ਪਰ ਜਿੱਤੇ ਸਿਰਫ਼ ਪ੍ਰਹਿਲਾਦ ਸਿੰਘ ਸਾਹਨੀ (ਚਾਂਦਨੀ ਚੌਕ) ਤੇ ਅਰਵਿੰਦਰ ਸਿੰਘ ਲਵਲੀ (ਗਾਂਧੀਨਗਰ) ਹਨ। ਕਾਂਗਰਸ ਦੇ ਹਾਰਨ ਵਾਲੇ ਉਮੀਦਵਾਰਾਂ ਵਿਚ ਹਰਸ਼ਰਨ ਸਿੰਘ ਬੱਲੀ, ਅਰਵਿੰਦਰ ਸਿੰਘ ਲਵਲੀ (ਬੂਟਾ ਸਿੰਘ ਦਾ ਪੁੱਤਰ) ਸੁਰਿੰਦਰ ਸਿੰਘ ਬਿੱਟੂ ਤੇ ਤਰਵਿੰਦਰ ਸਿੰਘ ਮਾਰਵਾਹ ਸ਼ਾਮਲ ਹਨ। ਅਕਾਲੀ ਦਲ ਤੇ ਭਾਜਪਾ ਦੇ ਮਨਜਿੰਦਰ ਸਿੰਘ ਸਿਰਸਾ (ਰਾਜੌਰੀ ਗਾਰਡਨ), ਹਰਮੀਤ ਸਿੰਘ ਕਾਲਕਾ (ਕਾਲਕਾ ਜੀ) ਜਤਿੰਦਰ ਸਿੰਘ ਸ਼ੰਟੀ (ਸ਼ਾਹਦਰਾ), ਉਹ ਜਿੱਤੇ ਹੋਏ ਸਿੱਖ ਉਮੀਦਵਾਰ ਹਨ ਜੋ ਪਹਿਲੀ ਵਾਰ ਵਿਧਾਨ ਸਭਾ ਵਿਚ ਜਾਣਗੇ। ਭਾਜਪਾ ਦੇ ਆਪਣੇ ਕੋਟੇ ਵਿਚੋਂ ਆਰ.ਪੀ. ਸਿੰਘ ਰਾਜਿੰਦਰ ਨਗਰ ਤੋਂ ਜਿੱਤੇ ਹਨ।

ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਜਰਨੈਲ ਸਿੰਘ (ਤਿਲਕ ਨਗਰ) ਨੇ ਰਾਜੀਵ ਬੱਬਰ (ਭਾਜਪਾ) ਨੂੰ ਤੇ ਹਰੀਨਗਰ ਤੋਂ ਇਸ ਦੇ ਉਮੀਦਵਾਰ ਜਗਦੀਪ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਿਆਮ ਸ਼ਰਮਾ ਨੂੰ ਹਰਾਇਆ। ਆਪ ਦੇ ਉਮੀਦਵਾਰ ਮਨਿੰਦਰ ਸਿੰਘ ਧੀਰ ਨੇ ਚਾਰ ਵਾਰੀ ਜੇਤੂ ਰਹੇ ਤਰਵਿੰਦਰ ਸਿੰਘ ਮਾਰਵਾਹ ਨੂੰ ਹਰਾ ਕੇ ਜੰਗਪੁਰਾ ਹਲਕਾ ਜਿੱਤਿਆ ਹੈ।ਕੇ ਜੰਗਪੁਰਾ ਹਲਕਾ ਜਿੱਤਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਲਾਲ ਬੱਤੀ ਦੀ ਵਰਤੋਂ 'ਤੇ ਸੁਪਰੀਮ ਕੋਰਟ ਹੋਈ ਸਖ਼ਤ

**ਨਵੀਂ ਦਿੱਲੀ:** ਸਿਆਸਤਦਾਨਾਂ ਨੂੰ ਆਪਣੀ ਟੌਹਰ ਜਮਾਉਣ ਲਈ ਲਾਲ ਬੱਤੀ ਦੀ ਦੁਰਵਰਤੋਂ ਰੋਕਣ ਲਈ ਸੁਪਰੀਮ ਕੋਰਟ ਨੇ ਫੈਸਲਾ ਸੁਣਾ ਦਿੱਤਾ ਕਿ ਸੰਵਿਧਾਨਕ ਅਹੁਦਿਆਂ ਉਤੇ ਬਿਰਾਜਮਾਨ ਵਿਅਕਤੀਆਂ ਅਤੇ ਵੱਡੀਆਂ ਹਸਤੀਆਂ ਨੂੰ ਹੀ ਗੱਡੀਆਂ 'ਤੇ ਲਾਲ ਬੱਤੀ ਲਾਉਣ ਦੀ ਆਗਿਆ ਹੋਵੇਗੀ।

ਜਸਟਿਸ ਜੀ.ਐਸ. ਸਿੰਘਵੀ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਉਨ੍ਹਾਂ ਯੋਗ ਵਿਅਕਤੀਆਂ ਦੀ ਨਵੀਂ ਸੂਚੀ ਜਾਰੀ ਕਰੇ ਜਿਨ੍ਹਾਂ ਨੂੰ ਆਪਣੀਆਂ ਗੱਡੀਆਂ 'ਤੇ ਲਾਲ ਬੱਤੀ ਲਾਉਣ ਦੀ ਆਗਿਆ ਹੋਵੇਗੀ। ਬੈਂਚ ਨੇ ਸਰਕਾਰ ਨੂੰ ਤਿੰਨ ਮਹੀਨਿਆਂ ਵਿਚ ਇਸ ਸਬੰਧੀ ਨੇਮਾਂ ਵਿਚ ਤਬਦੀਲੀ ਕਰਨ ਲਈ ਵੀ ਕਿਹਾ ਹੈ। ਬੈਂਚ ਨੇ ਸਪਸ਼ਟ ਕੀਤਾ ਕਿ ਰਾਜ ਸਰਕਾਰ ਲਾਲ ਬੱਤੀ ਲਈ ਯੋਗ ਅਤਿ ਅਹਿਮ ਵਿਅਕਤੀਆਂ ਦੀ ਸੂਚੀ ਵਿਚ ਕੋਈ ਵਾਧਾ ਨਹੀਂ ਕਰ ਸਕੇਗੀ। ਅਦਾਲਤ ਨੇ ਉਤਰ ਪ੍ਰਦੇਸ਼ ਦੇ ਵਸਨੀਕ ਅਭੈ ਸਿੰਘ ਵੱਲੋਂ ਲਾਲ ਬੱਤੀ ਦੀ ਦੁਰਵਰਤੋਂ ਰੋਕਣ ਲਈ ਪਾਈ ਗਈ ਪਟੀਸ਼ਨ 'ਤੇ ਇਹ ਹੁਕਮ ਜਾਰੀ ਕੀਤੇ। ਇਸ ਤੋਂ ਪਹਿਲਾਂ ਬੈਂਚ ਨੇ ਆਖਿਆ ਕਿ ਵੀ.ਆਈ.ਪੀਜ਼ ਨੂੰ ਲਾਲ ਬੱਤੀ ਤੇ ਸਾਇਰਨ ਦੀ ਦੁਰਵਰਤੋਂ ਅਲਾਮਤ ਬਣ ਗਈ ਹੈ ਅਤੇ ਇਸ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ।


## Convenience Store For Sale

**Turn key convenience store with a lot of potential for sale in Bakersfield.**

**3400 Sqf. of space. Good location.**

**Price $149,000 plus inventory**

## ਕਨਵੀਨੀਐਂਸ ਸਟੋਰ ਵਿਕਾਊ ਹੈ

**ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ**

**ਕੀਮਤ: $149,000+ਇਨਵੈਂਟਰੀ**

***ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ***

**ਸੰਪਰਕ ਕਰੋ: ਜਿੰਮੀ ਬਸਰਾ**

**Cell: 661-205-5450**

**Miramar International, Fax: 866-605-4167**


# ਅੰਨਾ ਵੱਲੋਂ ਮੁੜ ਭੁੱਖ ਹੜਤਾਲ ਸ਼ੁਰੂ

**ਰਾਲੇਗਨ ਸਿੱਧੀ (ਮਹਾਰਾਸ਼ਟਰ):** ਉਘੇ ਸਮਾਜ ਸੇਵਕ ਅੰਨਾ ਹਜ਼ਾਰੇ ਨੇ ਜਨ ਲੋਕਪਾਲ ਬਿੱਲ ਲਈ ਇਕ ਵਾਰ ਫਿਰ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ



ਦੱਸਿਆ ਕਿ ਹੁਣ ਸਥਿਤੀ 'ਕਰੋ ਜਾਂ ਮਰੋ' ਵਾਲੀ ਹੈ। ਇਸ ਦੌਰਾਨ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਉਹ ਲੋਕਪਾਲ ਬਿੱਲ ਪਾਸ ਕਰਾਉਣ ਲਈ ਸੰਜੀਦਾ ਹੈ। ਸ੍ਰੀ ਹਜ਼ਾਰੇ ਨੇ ਕਿਹਾ ਕਿ ਸਰਕਾਰ ਉਤੇ ਉਨ੍ਹਾਂ ਨੂੰ ਹੁਣ ਉਕਾ ਹੀ ਭਰੋਸਾ ਨਹੀਂ ਹੈ ਕਿਉਂਕਿ ਪਹਿਲਾਂ ਵੀ ਸਰਕਾਰ ਨੇ ਇਹ ਬਿੱਲ ਪਾਸ ਕਰਨ ਬਾਰੇ ਭਰੋਸਾ ਦਿਵਾਇਆ ਸੀ ਪਰ ਸੰਸਦ 'ਚ ਪਾਸ ਕਰਨ ਲਈ ਕੁਝ ਵੀ ਨਹੀਂ ਕੀਤਾ। ਉਨ੍ਹਾਂ ਸਰਦ ਰੁੱਤ ਸੈਸ਼ਨ ਦੌਰਾਨ ਇਸ ਬਿੱਲ ਨੂੰ ਸੰਸਦ 'ਚ ਲਿਆਉਣ ਦੀ ਮੰਗ ਕੀਤੀ ਹੈ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਚਾਰ ਸੂਬਿਆਂ ਵਿਚ ਕਾਂਗਰਸ ਦੀ ਹਾਰ ਦੇ ਕਈ ਕਾਰਨ ਹਨ ਪਰ ਜਨ ਲੋਕਪਾਲ ਬਿੱਲ ਲੈ ਕੇ ਆਉਣ ਸਬੰਧੀ ਲੋਕਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਨਾ ਕਰਨਾ ਮੁੱਖ ਕਾਰਨ ਹੈ। ਚੇਤੇ ਰਹੇ ਕਿ 18 ਮਹੀਨੇ ਪਹਿਲਾਂ ਦੇਸ਼ ਦੇ ਸਮਾਜ ਸੇਵਕਾਂ ਵੱਲੋਂ ਚਲਾਈ ਗਈ 'ਇੰਡੀਆ ਅਗੇਂਸਟ ਕੁਰੱਪਸ਼ਨ' ਦੋਫਾੜ ਹੋ ਗਈ ਸੀ ਕਿਉਂਕਿ ਕੁਝ ਆਗੂਆਂ ਨੇ ਸਿਆਸਤ ਵਿਚ ਜਾਣ ਦਾ ਫੈਸਲਾ ਕੀਤਾ ਸੀ। ਦਸੰਬਰ 2010 'ਚ ਚਲਾਈ ਇਸ ਮੁਹਿੰਮ ਵਿਚ ਪਹਿਲੀ ਵਾਰ ਆਮ ਲੋਕ ਭ੍ਰਿਸ਼ਟਾਚਾਰ ਵਿਰੁਧ ਵੱਡੀ ਗਿਣਤੀ ਵਿਚ ਇਕੱਠੇ ਹੋਏ ਸਨ।

# ਯੁੱਗ ਨਾਇਕ ਨੈਲਸਨ ਮੰਡੇਲਾ ਦਾ ਦੇਹਾਂਤ

**ਜੋਹਨਸਬਰਗ:** ਰੰਗ ਅਤੇ ਨਸਲੀ ਵਿਤਕਰੇ ਖਿਲਾਫ ਡਟਣ ਵਾਲੇ ਅਤੇ ਦੱਖਣੀ ਅਫ਼ਰੀਕਾ ਨੂੰ ਮੁਲਕ ਦੀ ਨਸਲੀ ਹਕੂਮਤ ਤੋਂ ਆਜ਼ਾਦੀ ਦਿਵਾਉਣ ਵਾਲੇ ਯੁੱਗ ਨਾਇਕ ਨੈਲਸਨ ਮੰਡੇਲਾ ਦਾ ਲੰਬੀ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ। ਉਹ ਦੱਖਣੀ ਅਫ਼ਰੀਕਾ ਦੇ ਪਹਿਲੇ ਸਿਆਹਫ਼ਾਮ ਰਾਸ਼ਟਰਪਤੀ ਸਨ। ਉਨ੍ਹਾਂ ਦਾ ਸਸਕਾਰ 15 ਦਸੰਬਰ ਨੂੰ ਕੀਤਾ ਜਾਵੇਗਾ।



ਨੋਬੇਲ ਅਮਨ ਇਨਾਮ ਜੇਤੂ 95 ਸਾਲਾ ਨੈਲਸਨ ਮੰਡੇਲਾ ਦੇ ਚਲਾਣੇ ਦਾ ਟੈਲੀਵਿਜ਼ਨ ਰਾਹੀਂ ਕੌਮ ਦੇ ਨਾਂ ਸੁਨੇਹੇ 'ਚ ਐਲਾਨ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਜੇਕਬ ਜ਼ੂਮਾ ਨੇ ਕੀਤਾ। ਉਨ੍ਹਾਂ ਦਾ ਜਨਮ ਮੁਲਕ ਦੇ ਪੂਰਬੀ ਕੇਪ ਵਿਖੇ 1918 ਵਿਚ ਹੋਇਆ ਸੀ। ਮੁਲਕ ਦੀ ਨਸਲੀ ਸਰਕਾਰ ਨੇ ਉਨ੍ਹਾਂ ਨੂੰ 27 ਸਾਲ ਜੇਲ੍ਹ ਵਿਚ ਨਜ਼ਰਬੰਦ ਰੱਖਿਆ ਸੀ। ਉਨ੍ਹਾਂ ਨੂੰ 1990 ਵਿਚ ਭਾਰਤ ਦਾ ਸਭ ਤੋਂ ਵੱਡਾ ਸਿਵਲੀਅਨ ਐਵਾਰਡ 'ਭਾਰਤ ਰਤਨ' ਦਿੱਤਾ ਗਿਆ ਸੀ। ਉਨ੍ਹਾਂ ਦੀ ਸਿਹਤ ਪਿਛਲੇ ਕਈ ਮਹੀਨਿਆਂ ਤੋਂ ਬੁਰੀ ਤਰ੍ਹਾਂ ਵਿਗੜੀ ਹੋਈ ਸੀ ਤੇ ਤਿੰਨ ਮਹੀਨੇ ਫੇਫੜਿਆਂ ਦੀ ਬਿਮਾਰੀ ਕਾਰਨ ਹਸਪਤਾਲ ਵਿਚ ਰਹਿਣ ਪਿੱਛੋਂ ਸਤੰਬਰ ਤੋਂ ਉਨ੍ਹਾਂ ਦਾ ਘਰ ਵਿਚ ਹੀ ਇਲਾਜ ਕੀਤਾ ਜਾ ਰਿਹਾ ਸੀ।

ਭਾਰਤੀ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਨੈਲਸਨ ਮੰਡੇਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਪੰਜ ਦਿਨ ਕੌਮੀ ਸੋਗ ਮਨਾਇਆ ਗਿਆ। ਇਸੇ ਦੌਰਾਨ ਰਾਸ਼ਟਰਪਤੀ ਪ੍ਰਣਬ ਮੁਖਰਜੀ, ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਸਣੇ ਸੰਸਾਰ ਦੇ ਕਰੀਬ ਸੌ ਲੀਡਰਾਂ ਨੇ ਜੌਹਨਸਬਰਗ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਨੈਲਸਨ ਮੰਡੇਲਾ ਨੂੰ ਸ਼ਰਧਾਂਜਲੀ ਭੇਟ ਕੀਤੀ। ਦੱਖਣੀ ਅਫਰੀਕਾ ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਨੈਲਸਨ ਮੰਡੇਲਾ ਨੂੰ ਸ਼ਰਧਾਂਜਲੀ ਭੇਟ ਕਰਨ ਗਏ ਭਾਰਤੀ ਵਫਦ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੋਂ ਇਲਾਵਾ ਸੋਨੀਆ ਗਾਂਧੀ ਅਤੇ ਸੁਸ਼ਮਾ ਸਵਰਾਜ ਵੀ ਸ਼ਾਮਲ ਸਨ। ਇਸ ਮੌਕੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ, ਅਫਰੀਕੀ ਆਗੂ ਰਾਬਰਟ ਮੁਗਾਬੇ, ਦੱਖਣੀ ਅਫਰੀਕਾ ਦਾ ਆਖਰੀ ਗੋਰਾ ਰਾਸ਼ਟਰਪਤੀ ਐਫ ਡਬਲਿਊ ਡੀ ਕਲਾਰਕ, ਚੀਨ ਦੇ ਉਪ ਰਾਸ਼ਟਰਪਤੀ ਲੀ ਯੂਆਨਚਾਓ, ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ, ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਤੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਅਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ, ਜਾਰਜ ਬੁਸ਼ ਤੇ ਬਿਲ ਕਲਿੰਟਨ ਪੁੱਜੇ ਹੋਏ ਸਨ।

# ਪਾਕਿਸਤਾਨ ਕਮਿਸ਼ਨ ਨੇ ਲਾਪਤਾ ਲੋਕਾਂ ਦਾ ਕੇਸ ਉਠਾਇਆ

**ਲਾਹੌਰ:** ਮਨੁੱਖੀ ਅਧਿਕਾਰਾਂ ਬਾਰੇ ਪਾਕਿਸਤਾਨੀ ਸੰਸਥਾ ਨੇ ਬਲੋਚਿਸਤਾਨ ਸੂਬੇ ਦੀ ਸਰਕਾਰ ਨੂੰ ਕਿਹਾ ਕਿ ਉਹ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਕਥਿਤ ਤੌਰ 'ਤੇ ਚੁੱਕੇ ਗਏ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਅਤੇ ਹੋਰ ਵਿਅਕਤੀਆਂ ਨੂੰ ਲੱਭਣ ਵਿਚ ਮਦਦ ਦੇਵੇ।

ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਮੁੱਖ ਮੰਤਰੀ ਅਬਦੁਲ ਮਲਿਕ ਨੂੰ ਨਿਰਦੇਸ਼ ਦਿੱਤਾ ਕਿ ਬਲੋਚਿਸਤਾਨ ਵਿੱਚ ਨਿਰਦੋਸ਼ ਸ਼ਹਿਰੀਆਂ ਦੀਆਂ ਹਤਿਆਵਾਂ ਦੀ ਜਾਂਚ ਦੇ ਹੁਕਮ ਦੇਵੇ। ਕਮਿਸ਼ਨ ਨੇ ਬਿਆਨ ਵਿਚ ਕਿਹਾ ਹੈ ਕਿ ਬਲੋਚਿਸਤਾਨ ਵਿਚ ਹਾਲੀਆ ਸਮਿਆਂ ਦੌਰਾਨ ਅਗਵਾ ਅਤੇ ਹੱਤਿਆਵਾਂ ਦੇ ਕੇਸਾਂ ਵਿਚ ਵਾਧਾ ਹੋਇਆ ਹੈ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**

***ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ***

**ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ*
**ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ*
**ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ*
**2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ*



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**

**1816 Main Ave., Secramento CA, 95838**

## Pinnacle Carriers Inc., San Jose, CA

## Now Hiring Company Drivers

**team and solo (With Two Yr Experience )**

## Owner Operators

**Specialized in Reefer & Dry Loads.**
**Run All 48 States**



***Trailer rentals**
***Get paid weekly on time.**
***Fuel advance**
***Also provide fuel cards**

**We have late model trucks and brand new refers.**

## ਕੰਪਨੀ ਡਰਾਈਵਰਾਂ

*ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)*

## ਓਨਰ ਅਪਰੇਟਰਾਂ ਦੀ ਲੋੜ ਹੈ

***ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ**
***ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਂਡਵਾਂਸ ਅਤੇ ਫਿਊਲ ਕਾਰਡ**

**Sharanbeer Atwal: 408-373-4168**
**Manpreet and Preet: 408-835-3007**

**www.pinnaclecarriers.com**

47-5

# ਅਕਾਲੀਆਂ ਨਾਲ ਟੱਕਰ ਲਈ ਕਾਂਗਰਸੀ ਜਰਨੈਲਾਂ ਦਾ ਐਲਾਨ

**ਚੰਡੀਗੜ੍ਹ:** ਕਾਂਗਰਸ ਹਾਈ ਨੇ ਪੰਜਾਬ ਵਿਚ ਅਕਾਲੀਆਂ ਨਾਲ ਟੱਕਰ ਲਈ ਕਾਂਗਰਸੀ ਜਰਨੈਲਾਂ ਦਾ ਐਲਾਨ ਕਰ ਦਿੱਤਾ ਹੈ। ਆਗਾਮੀ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕਾਂਗਰਸ ਹਾਈ ਕਮਾਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਸਭ ਧੜਿਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੂਬੇ ਦੇ ਸਾਰੇ ਸੀਨੀਅਰ ਪਾਰਟੀ ਆਗੂਆਂ ਦੀ ਸਿਫਾਰਸ਼ਾਂ ਤੇ ਖ਼ਾਹਸ਼ਾਂ ਦਾ ਇਸ ਸੂਚੀ ਵਿਚ ਧਿਆਨ ਰੱਖਿਆ ਗਿਆ ਹੈ।


ਅਮਰਿੰਦਰ ਸਿੰਘ


ਪ੍ਰਤਾਪ ਸਿੰਘ ਬਾਜਵਾ


ਰਾਜਿੰਦਰ ਕੌਰ ਭੱਠਲ

ਸੂਤਰਾਂ ਮੁਤਾਬਕ ਪੰਜਾਬ ਕਾਂਗਰਸ ਕਮੇਟੀ ਵਿਚ 260 ਤੋਂ ਵੱਧ ਮੈਂਬਰ ਲਏ ਗਏ ਹਨ ਤੇ 158 ਤਾਂ ਇਕੱਲੀ ਕਾਰਜਕਾਰੀ ਕਮੇਟੀ ਵਿਚ ਹੀ ਸ਼ਾਮਲ ਹਨ। ਇਹ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਹੁਣ ਤੱਕ ਦੀ ਸਭ ਤੋਂ ਵੱਡੀ ਕਮੇਟੀ ਹੋਏਗੀ। ਮਿਲੀ ਜਾਣਕਾਰੀ ਮੁਤਾਬਕ ਨਵੀਂ ਪ੍ਰਦੇਸ਼ ਕਾਂਗਰਸ ਕਮੇਟੀ ਵਿਚ 12 ਉਪ ਪ੍ਰਧਾਨ ਹੋਣਗੇ, ਜਦਕਿ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੀ.ਸੀ.ਸੀ ਵਿਚ ਛੇ ਉਪ ਪ੍ਰਧਾਨ ਸਨ। ਇਨ੍ਹਾਂ ਵਿਚ ਚਾਰ ਵਰਤਮਾਨ ਜ਼ੋਨਲ ਉਪ ਪ੍ਰਧਾਨ ਵੀ ਸ਼ਾਮਲ ਕੀਤੇ ਗਏ ਹਨ।

ਮਾਲੇਰਕੋਟਲਾ ਦੀ ਸਾਬਕਾ ਵਿਧਾਇਕ ਰਜ਼ੀਆ ਸੁਲਤਾਨ ਨੂੰ ਵੀ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਪ੍ਰਵਾਨ ਕੀਤੀ ਗਈ ਸੂਚੀ ਵਿਚ ਉਪ ਪ੍ਰਧਾਨ ਲਿਆ ਗਿਆ ਹੈ। ਵਿਧਾਨ ਸਭਾ ਚੋਣਾਂ ਵਿਚ ਸੁਖਬੀਰ ਬਾਦਲ ਵਿਰੁੱਧ ਲੜਨ ਵਾਲੇ ਸਾਬਕਾ ਰਾਜ ਮੰਤਰੀ ਹੰਸ ਰਾਜ ਜੋਸ਼ਨ ਤੇ ਮਹਿਲਾ ਕਾਂਗਰਸ ਦੀ ਮਮਤਾ ਨੂੰ ਜਨਰਲ ਸਕੱਤਰ ਲਿਆ ਗਿਆ ਹੈ। ਨਵੀਂ ਕਮੇਟੀ ਵਿਚ 25 ਜਨਰਲ ਸਕੱਤਰ (ਪਿਛਲੀ ਕਮੇਟੀ ਵਿਚ 10 ਸਨ) ਤੇ 53 ਸਕੱਤਰ ਵੀ ਸ਼ਾਮਲ ਹਨ।

ਕਾਂਗਰਸ ਦੇ ਸੂਤਰਾਂ ਮੁਤਾਬਕ ਇਹ ਸਾਰੇ ਕਿਸੇ ਨਾ ਕਿਸੇ ਵੱਡੇ ਆਗੂ ਦੇ ਵਫ਼ਾਦਾਰ ਹਨ ਤੇ ਪੰਜਾਬ ਕਾਂਗਰਸ ਵਿਚ ਏਕਤਾ ਬੜੀ ਵੱਡੀ ਚੁਣੌਤੀ ਹੈ। ਸੂਚੀ ਵਿਚ ਤਕਰੀਬਨ 22 ਸਥਾਈ ਇਨਵਾਇਟੀ ਹਨ ਜਿਨ੍ਹਾਂ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਲੈ ਕੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ, ਸਾਬਕਾ ਮੰਤਰੀ ਰਾਜਿੰਦਰ ਕੌਰ ਭੱਠਲ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਰੇ ਸਾਬਕਾ ਪ੍ਰਧਾਨ ਤੇ ਸਾਬਕਾ ਮੰਤਰੀ ਸ਼ਾਮਲ ਹਨ। ਕਾਂਗਰਸੀ ਸੂਤਰਾਂ ਮੁਤਾਬਕ ਪਾਰਟੀ ਨੂੰ ਸਹੀ ਲੀਹਾਂ 'ਤੇ ਤੋਰਨ ਲਈ ਜ਼ਿਲ੍ਹਾ ਪ੍ਰਧਾਨ ਵੀ ਬਦਲੇ ਗਏ ਹਨ ਪਰ ਜ਼ਿਲ੍ਹਾ ਲੁਧਿਆਣਾ ਦੇ ਕਾਂਗਰਸ ਪ੍ਰਧਾਨ ਪਵਨ ਦੀਵਾਨ ਨੂੰ ਜ਼ੋਰ ਪੈਣ ਦੇ ਬਾਵਜੂਦ ਨਹੀਂ ਬਦਲਿਆ ਗਿਆ। ਦੀਵਾਨ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਦਾ ਕੱਟੜ ਹਮਾਇਤੀ ਹੈ। ਇਕ ਸੀਨੀਅਰ ਕਾਂਗਰਸੀ ਆਗੂ ਮੁਤਾਬਕ ਬਿਨਾਂ ਸ਼ੱਕ ਇਹ ਬੜੀ ਵੱਡੀ ਕਮੇਟੀ ਹੋਏਗੀ ਜਿਸ ਵਿਚ ਪੰਜਾਬ ਦੇ ਸਾਰੇ ਸਿਖਰਲੇ ਆਗੂਆਂ ਦੇ ਸੁਝਾਅ ਮੰਨੇ ਗਏ ਹਨ ਤਾਂ ਕਿ ਪਾਰਟੀ ਰਲ ਕੇ ਕੰਮ ਕਰ ਸਕੇ।

# ਪੰਜਾਬ ਸਰਕਾਰ ਨੇ ਆਪਣੇ ਮੰਤਰੀ ਮਲੂਕਾ ਨੂੰ ਬਚਾਇਆ: ਕਾਂਗਰਸ

**ਚੰਡੀਗੜ੍ਹ (ਬਿਊਰੋ):** ਪੁਸਤਕ ਘੁਟਾਲੇ ਬਾਰੇ ਪੰਜਾਬ ਸਰਕਾਰ ਵੱਲੋਂ ਕਾਇਮ ਕੀਤੇ ਸੇਵਾ ਮੁਕਤ ਜੱਜ ਏ.ਐਨ ਜਿੰਦਲ ਦੀ ਅਗਵਾਈ ਵਾਲੇ ਕਮਿਸ਼ਨ 'ਤੇ ਪੰਜਾਬ ਕਾਂਗਰਸ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਪਿਛਲੇ ਦਿਨੀਂ ਜਿੰਦਲ ਕਮਿਸ਼ਨ ਵੱਲੋਂ ਸੌਂਪੀ ਗਈ ਮੁਢਲੀ ਰਿਪੋਰਟ ਪਿੱਛੋਂ ਕਾਂਗਰਸ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਕਮੇਟੀ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਬਚਾਉਣ ਲਈ ਬਣਾਈ ਹੈ।

ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਜਿੰਦਲ ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰਦਿਆਂ ਕਿਹਾ ਕਿ ਕਾਂਗਰਸ ਨੇ ਤਾਂ ਪਹਿਲੇ ਦਿਨ ਹੀ ਕਹਿ ਦਿੱਤਾ ਸੀ ਕਿ ਸ. ਬਾਦਲ ਨੇ ਜਸਟਿਸ ਜਿੰਦਲ ਕਮਿਸ਼ਨ ਸਿੱਖਿਆ ਮੰਤਰੀ ਮਲੂਕਾ ਨੂੰ ਕਲੀਨ ਚਿੱਟ ਦੇਣ ਲਈ ਹੀ ਬਿਠਾਇਆ ਹੈ। ਇਹ ਸਭ ਕੁਝ ਪੁਸਤਕ ਘੁਟਾਲੇ ਉਪਰ ਪੋਚਾ ਫੇਰਨ ਲਈ ਕੀਤਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਡੀ.ਜੀ.ਐਸ.ਈ ਦਫ਼ਤਰ ਵੱਲੋਂ ਜਿੰਦਲ ਕਮਿਸ਼ਨ ਨੂੰ ਮੁਹੱਈਆ ਕੀਤੇ ਰਿਕਾਰਡ ਵਿਚ ਮੌਜੂਦ ਪੰਨੂ ਵੱਲੋਂ ਲਿਖੀ ਨੋਟਿੰਗ ਇਸ ਜਾਂਚ ਦਾ ਕੇਂਦਰ ਬਿੰਦੂ ਬਣਾਈ ਜਾ ਰਹੀ ਹੈ।

ਸੂਤਰਾਂ ਮੁਤਾਬਕ ਡੀ.ਜੀ.ਐਸ.ਈ ਦਫ਼ਤਰ ਨੇ ਕਮਿਸ਼ਨ ਨੂੰ ਭੇਜੇ ਰਿਕਾਰਡ ਵਿਚ ਪੰਨੂ ਵੱਲੋਂ 28 ਮਾਰਚ, 2013 ਨੂੰ ਲਿਖੀ ਨੋਟਿੰਗ ਵਿਚ ਕਿਹਾ ਗਿਆ ਹੈ ਕਿ 31 ਮਾਰਚ, 2013 ਨੂੰ ਵਿੱਤੀ ਸਾਲ ਖ਼ਤਮ ਹੋ ਰਿਹਾ ਹੈ ਪਰ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਕਿਤਾਬਾਂ ਖਰੀਦਣ ਵਾਸਤੇ ਬਣੀਆਂ ਕਮੇਟੀਆਂ ਵੱਲੋਂ ਕੋਈ ਅੰਤਿਮ ਰਿਪੋਰਟ ਨਹੀਂ ਦਿੱਤੀ ਗਈ। ਇਸ ਦੇ ਨਾਲ ਹੀ ਇਸ ਨੋਟਿੰਗ ਵਿਚ ਪੰਨੂ ਵੱਲੋਂ ਅੰਕਿਤ ਕੀਤਾ ਹੈ ਕਿ ਮੰਤਰੀ ਵੱਲੋਂ ਸਰਕਾਰੀ ਸੰਸਥਾਵਾਂ ਭਾਸ਼ਾ ਵਿਭਾਗ ਤੇ ਟੈਕਸਟ ਬੁੱਕ ਬੋਰਡ ਰਾਹੀਂ ਕਿਤਾਬਾਂ ਖ਼ਰੀਦਣ ਦੇ ਦਿੱਤੇ ਸੁਝਾਅ ਉਪਰ ਆਪਣੀ ਸਹਿਮਤੀ ਦੇ ਦਿੱਤੀ ਹੈ। ਇਸ ਤੋਂ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਮੰਤਰੀ ਨੇ ਸਰਕਾਰੀ ਸੰਸਥਾਵਾਂ ਰਾਹੀਂ ਹੀ ਕਿਤਾਬਾਂ ਸਪਲਾਈ ਕਰਨ ਦੀ ਪ੍ਰਵਾਨਗੀ ਦਿੱਤੀ ਸੀ।

ਉਂਜ ਫਿਲਹਾਲ ਇਹ ਗੱਲ ਸਪਸ਼ਟ ਨਹੀਂ ਹੋ ਰਹੀ ਕਿ ਕਿਤਾਬਾਂ ਦੀ ਖ਼ਰੀਦ ਕਿਸੇ ਪ੍ਰਾਈਵੇਟ ਕੰਪਨੀ ਤੋਂ ਕਰਵਾਉਣ ਲਈ ਉਪਰੋਂ ਹੁਕਮ ਕਿਸ ਵੱਲੋਂ ਦਿੱਤੇ ਗਏ ਸਨ ਕਿਉਂਕਿ ਅਸਲ ਵਿਚ ਜਦੋਂ ਇਕ ਕੱਚਘੜ ਪ੍ਰਕਾਸ਼ਕ ਵੱਲੋਂ ਸਕੂਲਾਂ ਵਿਚ ਗੈਰ-ਮਿਆਰੀ ਪੁਸਤਕਾਂ ਸਪਲਾਈ ਕੀਤੀਆਂ ਸਨ ਤਾਂ ਇਹ ਮੁੱਦਾ ਉਸ ਵੇਲੇ ਹੀ ਭਖਿਆ ਸੀ।

# ਗੁਰੂ ਨਗਰੀ ਦੁਆਲੇ ਬਣੇਗੀ ਅੱਠ ਮਾਰਗੀ ਰਿੰਗ ਰੋਡ

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਵਧ ਰਹੀ ਆਵਾਜਾਈ ਦੀ ਸਮੱਸਿਆ ਦੇ ਹੱਲ ਲਈ ਗੁਰੂ ਨਗਰੀ ਦੇ ਆਲੇ-ਦੁਆਲੇ ਅੱਠ ਮਾਰਗੀ ਰਿੰਗ ਰੋਡ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਕੰਮ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਲੋਕ ਨਿਰਮਾਣ ਵਿਭਾਗ ਨੂੰ ਇਸ ਦਾ ਖਾਕਾ ਤਿਆਰ ਕਰਨ ਦੀ ਹਦਾਇਤ ਕੀਤੀ ਗਈ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਹੈ ਕਿ ਵਧ ਰਹੀਆਂ ਆਵਾਜਾਈ ਲੋੜਾਂ ਦੀ ਪੂਰਤੀ ਲਈ ਇਸ ਦੇ ਆਲੇ-ਦੁਆਲੇ ਰਿੰਗ ਰੋਡ ਬਣਾਉਣ ਦੀ ਸਖ਼ਤ ਲੋੜ ਹੈ ਸੋ ਅਜਿਹੀ ਸੜਕ ਦਾ ਖਾਕਾ ਤਿਆਰ ਕੀਤਾ ਜਾਵੇ ਜੋ ਘੱਟ ਤੋਂ ਘੱਟ ਉਜਾੜੇ ਨਾਲ ਸ਼ਹਿਰ ਤੇ ਇਸ ਦੇ ਨੇੜੇ ਪੈਂਦੇ ਪਿੰਡਾਂ-ਕਸਬਿਆਂ ਦੇ ਲੋਕਾਂ ਲਈ ਸ਼ਾਹਰਾਹ ਦਾ ਕੰਮ ਕਰੇ।

ਉਨ੍ਹਾਂ ਇਹ ਰਿੰਗ ਰੋਡ ਅੱਠ ਤੋਂ 10 ਮਾਰਗੀ ਵਿਉਂਤਣ ਦੀ ਸਲਾਹ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਚੱਲ ਰਹੇ ਹੋਰ ਪ੍ਰਾਜੈਕਟਾਂ ਨੂੰ ਛੇਤੀ ਪੂਰਾ ਕਰਨ ਦੀ ਹਦਾਇਤ ਵੀ ਦਿੱਤੀ। ਇਨ੍ਹਾਂ ਪ੍ਰਾਜੈਕਟਾਂ ਦੀ ਉਸਾਰੀ ਵਿਚ ਆਉਣ ਵਾਲੀ ਰੁਕਾਵਟ ਦੂਰ ਕਰਨ ਲਈ ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਵੀ ਹਦਾਇਤ ਕੀਤੀ ਕਿ ਉਹ ਹਰ ਸੋਮਵਾਰ ਇਨ੍ਹਾਂ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ। ਸੁਖਬੀਰ ਨੇ ਦਰਬਾਰ ਸਾਹਿਬ ਸਾਹਮਣੇ ਬਣ ਰਹੇ ਮੁੱਖ ਪ੍ਰਵੇਸ਼ ਦੁਆਰ ਪਲਾਜ਼ਾ ਦੇ ਕੰਮ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ।

ਇਸ ਦੌਰਾਨ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਬਾਹਰ ਘੰਟਾ ਘਰ ਦੇ ਹੇਠਾਂ ਮੌਜੂਦ ਦੁਕਾਨਾਂ ਛੇਤੀ ਖਾਲੀ ਕਰਵਾਉਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਦਰਬਾਰ ਸਾਹਿਬ ਦੀ ਸੁੰਦਰਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।

ਇਸ ਦੌਰਾਨ ਉਨ੍ਹਾਂ ਤੇ ਬੀਬੀ ਹਰਸਿਮਰਤ ਕੌਰ ਬਾਦਲ ਨੇ ਦਰਬਾਰ ਸਾਹਿਬ ਵਿਚ ਹੋਈ ਨਕਾਸ਼ੀ ਤੇ ਬਣੀਆਂ ਇਤਿਹਾਸਕ ਕੰਧ ਤਸਵੀਰਾਂ ਨੂੰ ਬਚਾਉਣ ਲਈ ਕੀਤੇ ਜਾ ਰਹੇ ਕੰਮ ਦਾ ਨਿਰੀਖਣ ਵੀ ਕੀਤਾ।

# ਜਗਦੀਸ਼ ਟਾਈਟਲਰ ਨੂੰ ਮਿਲੀ ਵਿਦੇਸ਼ ਜਾਣ ਦੀ ਆਗਿਆ

**ਨਵੀਂ ਦਿੱਲੀ:** ਧੋਖਾਧੜੀ ਦੇ ਕੇਸ ਵਿਚ ਚਾਰਜਸ਼ੀਟ ਕੀਤੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਅਦਾਲਤ ਨੇ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ ਹੈ। ਹੁਣ ਉਹ 11 ਦਸੰਬਰ ਤੋਂ ਪਹਿਲੀ ਜਨਵਰੀ ਤੱਕ ਖੇਡ ਸਮਾਗਮ ਵਿਚ ਸ਼ਿਰਕਤ ਕਰ ਸਕਣਗੇ। ਯਾਦ ਰਹੇ ਕਿ ਉਨ੍ਹਾਂ ਤੇ ਕਾਰੋਬਾਰੀ ਅਭਿਸ਼ੇਕ ਵਰਮਾ 'ਤੇ ਤਤਕਾਲੀ ਰਾਜ ਮੰਤਰੀ ਅਜੈ ਮਾਕਨ ਦਾ ਲੈਟਰ ਹੈੱਡ ਵਰਤਣ ਦੇ ਦੋਸ਼ ਲੱਗੇ ਹੋਏ ਹਨ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਵੀ.ਕੇ. ਗੁਪਤਾ ਨੇ ਸ੍ਰੀ ਟਾਈਟਲਰ ਨੂੰ ਤੁਰਕੀ ਜਾਣ ਦੀ ਆਗਿਆ ਦੇ ਦਿੱਤੀ ਜਿੱਥੇ 9ਵੀਂ ਸੰਸਾਰ ਸੀਨੀਅਰ ਕੁਰਾਸ਼ ਚੈਂਪੀਅਨਸ਼ਿਪ ਹੋ ਰਹੀ ਹੈ।

ਸ੍ਰੀ ਟਾਈਟਲਰ ਉਥੇ ਇੰਟਰਨੈਸ਼ਨਲ ਕੁਰਸ਼ਾ ਐਸੋਸੀਏਸ਼ਨ ਦੀ ਮੀਟਿੰਗ ਵਿਚ ਹਿੱਸਾ ਲੈਣਗੇ। ਉਹ ਇਸ ਐਸੋਸੀਏਸ਼ਨ ਦੇ ਚੇਅਰਮੈਨ ਹਨ। ਸ੍ਰੀ ਟਾਈਟਲਰ ਦੇ ਇਸ ਕੇਸ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਦੇ ਵਕੀਲ ਨੇ ਉਨ੍ਹਾਂ ਦੀ ਅਪੀਲ ਦਾ ਵਿਰੋਧ ਕੀਤਾ ਕਿ ਵਿਦੇਸ਼ ਜਾਣ ਲਈ ਦਿੱਤੇ ਕਾਰਨ ਬਹੁਤੇ ਠੋਸ ਨਹੀਂ। ਸੀ.ਬੀ.ਆਈ. ਦੀ ਇਹ ਦਲੀਲ ਵੀ ਸੀ ਕਿ ਹੋ ਸਕਦਾ ਹੈ ਟਾਈਟਲਰ ਪਰਤ ਕੇ ਹੀ ਨਾ ਆਉਣ। ਉਂਜ ਅਦਾਲਤ ਨੇ ਸੀ.ਬੀ.ਆਈ. ਦੇ ਵਕੀਲ ਦੀ ਦਲੀਲ ਦਰਕਿਨਾਰ ਕਰਦਿਆਂ ਸ੍ਰੀ ਟਾਈਟਲਰ ਨੂੰ ਪੰਜ ਲੱਖ ਰੁਪਏ ਜਮ੍ਹਾਂ ਕਰਵਾਉਣ ਲਈ ਕਹਿ ਦਿੱਤਾ।

ਇਸ ਦੇ ਨਾਲ ਹੀ ਹਦਾਇਤ ਕੀਤੀ ਕਿ ਸ੍ਰੀ ਟਾਈਟਲਰ ਕੇਸ ਨਾਲ ਸਬੰਧਤ ਸਬੂਤਾਂ ਨਾਲ ਕੋਈ ਛੇੜਛਾੜ ਨਹੀਂ ਕਰਨਗੇ। ਉਨ੍ਹਾਂ ਨੂੰ ਤੁਰਕੀ ਵਿਚ ਰਿਹਾਇਸ਼ ਦੌਰਾਨ ਆਪਣਾ ਸਿਰਨਾਵਾਂ ਤੇ ਟੈਲੀਫੋਨ ਨੰਬਰ ਦੱਸਣ ਬਾਰੇ ਵੀ ਕਿਹਾ ਗਿਆ। ਇਸ ਕੇਸ ਵਿਚ ਸ੍ਰੀ ਟਾਈਟਲਰ ਨੂੰ 30 ਸਤੰਬਰ ਨੂੰ ਜ਼ਮਾਨਤ ਮਿਲ ਗਈ ਸੀ ਪਰ ਉਨ੍ਹਾਂ ਵੱਲੋਂ ਇਕ ਵਾਰ ਪਹਿਲਾਂ ਵਿਦੇਸ਼ ਜਾਣ ਦੀ ਆਗਿਆ ਵਾਲੀ ਅਪੀਲ ਅਦਾਲਤ ਨੇ ਖਾਰਜ ਕਰ ਦਿੱਤੀ ਸੀ। ਉਦੋਂ ਅਦਾਲਤ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਇਸ ਕੇਸ ਕਰ ਕੇ ਵਿਦੇਸ਼ ਜਾਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

# ਬਾਦਲ ਨੇ ਲੋਕਾਂ ਨਾਲ ਧ੍ਰੋਹ ਕੀਤਾ: ਮਨਪ੍ਰੀਤ

**ਜਗਰਾਉਂ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਦੇ ਹਿੱਤਾਂ ਨਾਲ ਜੁੜੇ ਮਸਲਿਆਂ ਨੂੰ ਅੱਖੋਂ-ਪਰੋਖੇ ਕਰਕੇ ਸੂਬੇ ਦੇ ਲੋਕਾਂ ਨਾਲ ਧ੍ਰੋਹ ਕਮਾਇਆ ਹੈ।



ਪੰਜਾਬ ਦੀ ਨੌਜਵਾਨੀ ਮਹਿੰਗੇ ਨਸ਼ਿਆਂ ਦੇ ਵਹਿਣ ਵਿਚ ਪੈ ਕੇ ਆਪਣੀਆਂ ਜਵਾਨੀਆਂ ਦਾ ਘਾਣ ਤਾਂ ਕਰ ਹੀ ਰਹੀ ਹੈ, ਨਾਲ-ਨਾਲ ਪੰਜਾਬ ਦੇ ਉਜਲ ਭਵਿੱਖ 'ਤੇ ਵੀ ਧੱਬਾ ਲੱਗ ਰਿਹਾ ਹੈ।

ਸੱਤਾਧਾਰੀ ਧਿਰ ਨੂੰ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਵਫ਼ਾ ਕਰਨੇ ਚਾਹੀਦੇ ਹਨ ਤੇ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਵਿਚਾਰ ਕੇ ਤੇ ਪੰਜਾਬ ਦੇ ਸਿਰ ਖੜ੍ਹੀ ਕਰਜ਼ੇ ਦੀ ਪੰਡ ਨੂੰ ਵਧਣ ਦੀ ਥਾਂ ਘਟਾਉਣ ਵੱਲ ਤਵੱਜੋ ਦੇਣੀ ਚਾਹੀਦੀ ਹੈ।

ਉਨ੍ਹਾਂ ਆਖਿਆ ਕਿ ਉਹ ਦਿਨ ਹੁਣ ਦੂਰ ਨਹੀਂ ਜਦੋਂ ਪੰਜਾਬ ਦੇ ਸੂਝਵਾਨ ਲੋਕ ਅਜਿਹੇ ਲੋਟੂ ਆਗੂਆਂ ਨੂੰ ਮੂੰਹ ਨਹੀਂ ਲਾਉਣਗੇ। ਕਬੱਡੀ ਕੱਪ ਬਾਰੇ ਉਨ੍ਹਾਂ ਆਖਿਆ ਕਿ ਪੰਜਾਬ ਨੂੰ ਫੋਕੀ ਸ਼ੋਹਰਤ ਦੀ ਲੋੜ ਨਹੀਂ, ਸਗੋਂ ਲੋੜ ਹੈ ਡੁਬਦੀ ਨੌਜਵਾਨੀ ਨੂੰ ਸੱਚੇ ਦਿਲੋਂ ਬਚਾਉਣ ਵਾਲੇ ਆਗੂਆਂ ਦੀ ਹੈ।

# ਹਰਿਆਣਾ 'ਚ ਵੱਖਰੀ ਸ਼੍ਰੋਮਣੀ ਕਮੇਟੀ ਬਾਰੇ ਵੱਖ-ਵੱਖ ਸੁਰਾਂ

**ਚੰਡੀਗੜ੍ਹ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਮਾਮਲੇ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਤੇ ਹਰਿਆਣਾ ਜਨਹਿੱਤ ਕਾਂਗਰਸ ਦੇ ਸੁਰ ਵੱਖੋ-ਵੱਖਰੇ ਹਨ। ਹਰਿਆਣਾ ਜਨਹਿੱਤ ਕਾਂਗਰਸ ਦੇ ਪ੍ਰਧਾਨ ਕੁਲਦੀਪ ਬਿਸ਼ਨੋਈ ਨੇ ਹਿਸਾਰ ਵਿਚ ਪਹਿਲੀ ਦਸੰਬਰ ਨੂੰ ਕੀਤੀ ਰੈਲੀ ਵਿਚ ਕਈ ਵਾਅਦੇ ਕੀਤੇ ਸਨ ਕਿ ਜੇਕਰ ਸੂਬੇ ਦੇ ਲੋਕਾਂ ਨੇ ਗਠਜੋੜ ਦੇ ਹੱਥ ਸੱਤਾ ਸੌਂਪੀ ਤਾਂ ਉਹ 180 ਦਿਨਾਂ ਦੇ ਅੰਦਰ ਕਈ ਕਦਮ ਚੁੱਕਣਗੇ।

ਹਰਿਆਣਾ ਲਈ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨਗੇ ਤਾਂ ਕਿ ਸੂਬੇ ਦੇ ਸਿੱਖਾਂ ਨੂੰ ਹਰਿਆਣਾ ਵਿਚਲੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਦੀ ਖੁਦਮੁਖਤਾਰੀ ਮਿਲ ਸਕੇ ਪਰ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਦਲ ਦੇ ਨੇਤਾ ਅਨਿਲ ਵਿਜ ਨੇ ਹਜਕਾਂ ਮੁਖੀ ਦੇ ਵਿਚਾਰਾਂ ਨਾਲ ਅਸਹਿਮਤੀ ਜ਼ਾਹਿਰ ਕਰਦਿਆ ਕਿਹਾ ਕਿ ਇਸ ਮੁੱਦੇ 'ਤੇ ਗਠਜੋੜ ਨੇ ਕਦੇ ਵਿਚਾਰ ਹੀ ਨਹੀਂ ਕੀਤਾ ਤੇ ਇਸ ਲਈ ਵੱਖਰੀ ਕਮੇਟੀ ਬਣਾਉਣ ਬਾਰੇ ਬਿਸ਼ਨੋਈ ਦੇ ਨਿੱਜੀ ਵਿਚਾਰ ਹਨ।

ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਿੱਖਾਂ ਲਈ



ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਮੁੱਦਾ ਕਾਂਗਰਸ ਪਾਰਟੀ ਉਠਾਉਂਦੀ ਰਹੀ ਹੈ ਤੇ ਇਸ ਨੇ ਨੌਂ ਸਾਲ ਪਹਿਲਾਂ ਆਪਣੇ ਮੈਨੀਫੈਸਟੋ ਵਿਚ ਇਸ ਦਾ ਵਾਅਦਾ ਸੂਬੇ ਦੇ ਵੋਟਰਾਂ ਨਾਲ ਕੀਤਾ ਸੀ ਪਰ ਭਾਰਤੀ ਜਨਤਾ ਪਾਰਟੀ ਦੀ ਇਸ ਮੁੱਦੇ 'ਤੇ ਬੜੀ ਸਪਸ਼ਟ ਰਾਏ ਹੈ ਕਿ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣਾ ਸਿੱਖਾਂ ਦਾ ਧਾਰਮਿਕ ਮਾਮਲਾ ਹੈ ਤੇ ਇਸ ਵਿਚ ਕਿਸੇ ਰਾਜਨੀਤਕ ਪਾਰਟੀ ਨੂੰ ਦਖਲ ਨਹੀਂ ਦੇਣਾ ਚਾਹੀਦਾ। ਇਸ ਮੁੱਦੇ ਨੂੰ ਲੈ ਕੇ ਹਰਿਆਣਾ ਜਨਹਿੱਤ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦੀ ਅਗਲੀ ਮੀਟਿੰਗ ਵਿਚ ਰੇੜਕਾ ਪੈਣ ਦੀ ਸੰਭਾਵਨਾ ਹੈ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਇਕ ਧੜੇ ਦੇ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਹਰਿਆਣਾ ਜਨਹਿੱਤ ਕਾਂਗਰਸ ਵਲੋਂ ਵੱਖਰੀ ਕਮੇਟੀ ਬਣਾਉਣ ਲਈ ਕੀਤੇ ਵਾਅਦੇ ਦਾ ਸੁਆਗਤ ਕਰਦਿਆਂ ਕਿਹਾ ਕਿ ਇਸ ਨਾਲ ਸੂਬੇ ਦੇ ਸਿੱਖਾਂ ਨੂੰ ਵੱਖਰੀ ਕਮੇਟੀ ਬਣਾਉਣ ਦੀ ਮੁੜ ਆਸ ਜਾਗੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਇਸ ਮੁੱਦੇ 'ਤੇ ਸਿੱਖਾਂ ਨੂੰ ਬਹੁਤ ਖੱਜਲ-ਖੁਆਰ ਕੀਤਾ ਹੈ ਤੇ ਵਾਰ ਵਾਰ ਵਾਅਦੇ ਕੀਤੇ ਹਨ। ਉਨ੍ਹਾਂ ਕਿਹਾ ਕਿ ਪਾਰਟੀਆਂ ਵੋਟਾਂ ਲੈਣ ਲਈ ਵਾਅਦੇ ਕਰ ਲੈਂਦੀਆਂ ਹਨ ਪਰ ਸੱਤਾ ਦੀ ਪ੍ਰਾਪਤੀ ਤੋਂ ਬਾਅਦ ਇਹ ਭੁਲਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਨਵੀਂ ਰਾਜਨੀਤਕ ਪਾਰਟੀ ਬਣਾਈ ਗਈ ਹੈ ਜਿਹੜੀ ਘੱਟ ਗਿਣਤੀਆਂ, ਦਲਿਤਾਂ, ਪਛੜੀਆਂ ਜਾਤਾਂ ਤੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰੇਗੀ।

# ਮੋਦੀ ਨੂੰ ਪੰਜਾਬ ਦੀ ਧਰਤੀ 'ਤੇ ਪੈਰ ਨਹੀਂ ਧਰਨ ਦੇਵਾਂਗੇ: ਮਾਨ

**ਮੁੱਲਾਂਪੁਰ ਦਾਖਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਗੋਦਰਾ ਕਾਂਡ ਦੇ ਦੋਸ਼ੀ ਤੇ 60 ਹਜ਼ਾਰ ਪੰਜਾਬੀ ਕਿਸਾਨਾਂ ਨੂੰ ਉਜਾੜਨ ਵਾਲੇ ਭਾਜਪਾ ਆਗੂ ਨਰਿੰਦਰ ਮੋਦੀ ਨੂੰ ਪੰਜਾਬ ਦੀ ਧਰਤੀ 'ਤੇ ਪੈਰ ਨਹੀਂ ਧਰਨ ਦਿੱਤਾ ਜਾਵੇਗਾ। ਸ. ਮਾਨ ਨੇ ਕਿਹਾ ਕਿ ਮੋਦੀ ਦੀ ਪੰਜਾਬ ਫੇਰੀ ਦੇ ਵਿਰੋਧ ਵਿਚ 21 ਦਸੰਬਰ ਨੂੰ ਮੁੱਲਾਂਪੁਰ ਵਿਖੇ ਫਤਹਿ ਰੈਲੀ ਕੀਤੀ ਜਾਵੇਗੀ ਤੇ ਸਾਰੀਆਂ ਸੜਕਾਂ ਜਾਮ ਕੀਤੀਆਂ ਜਾਣਗੀਆਂ।

ਇਸ ਸੰਘਰਸ਼ ਵਿਚ ਹੋਰ ਵਿਰੋਧੀ ਪਾਰਟੀਆਂ ਨੂੰ ਵੀ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ ਪਰ ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਮੌਜੂਦਾ ਹਕੂਮਤ ਤੋਂ ਦਹਿਸ਼ਤਜ਼ਦਾ ਹਨ ਅਤੇ ਲੜਨ ਦਾ ਹੌਸਲਾ ਨਹੀਂ ਰੱਖਦੀਆਂ। ਸ. ਮਾਨ ਨੇ ਮੋਦੀ ਦੇ ਵਿਰੋਧ ਸਬੰਧੀ ਖੋਲ੍ਹੇ ਦਫ਼ਤਰ ਦਾ ਉਦਘਾਟਨ ਕਰਦਿਆਂ ਕਿਹਾ ਕਿ ਮੁੱਲਾਂਪੁਰ ਵਿਖੇ ਪਾਰਟੀ ਦਾ ਮੁੱਖ ਦਫ਼ਤਰ ਹੋਵੇਗਾ ਜਦਕਿ ਜਗਰਾਉਂ ਵਿਚ ਆਰਜ਼ੀ ਦਫ਼ਤਰ ਖੋਲ੍ਹਿਆ ਜਾਵੇਗਾ।

## Matrimonial

**ਕੰਨਿਆਂ ਦੀ ਲੋੜ**

ਸੈਣੀ ਸਿੱਖ, 30 ਸਾਲ, 5'-11", ਪੀ ਜੀ ਡੀ ਬੀ ਐਮ ਸੋਹਣੇ ਸੁਨੱਖੇ ਅਮਰੀਕਾ ਵਿਚ ਵਰਕ ਪਰਮਿਟ 'ਤੇ ਕੰਮ ਕਰਦੇ, ਮਾਤਾ-ਪਿਤਾ ਦੇ ਨਾਲ ਰਹਿੰਦੇ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 804-502-9507

47-5

Wanted suitable girl from USA, Canada, for US citizen Amritdhari Sikh male 34, living in Ohio, truck driver, own house, divorced after 2 years of marriage, one daughter living with mom. Undocumented girls & divorcee without baby can also be considered. Contact: Ph:513-305-4654

46-4


# ਇੰਡਸ ਵੈਲੀ ਚੈਂਬਰ ਆਫ ਕਾਮਰਸ ਵਲੋਂ ਸਾਲਾਨਾ ਪਾਰਟੀ

**ਸੈਕਰਾਮੈਂਟੋ (ਬਿਊਰੋ):** ਇੰਡਸ ਵੈਲੀ ਚੈਂਬਰ ਆਫ ਕਾਮਰਸ ਵਲੋਂ ਆਪਣੀ ਸਾਲਾਨਾ ਪਾਰਟੀ ਕੀਤੀ ਗਈ ਜਿਸ ਵਿਚ ਬਿਜਨਸਮੈਨਾਂ, ਬੈਂਕ ਅਧਿਕਾਰੀਆਂ, ਸਮਾਜਿਕ ਤੇ ਭਾਈਚਾਰਕ ਸ਼ਖਸੀਅਤਾਂ ਤੋਂ ਇਲਾਵਾ ਸਿਆਸੀ ਤੇ ਪ੍ਰਸ਼ਾਸਕੀ ਅਧਿਕਾਰੀ ਸ਼ਰੀਕ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਚੈਂਬਰ ਦੀਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ। ਪ੍ਰਧਾਨ ਗੁਰਪ੍ਰੀਤ ਸਿੰਘ ਸਿੱਧੂ ਨੇ ਸਭ ਨੂੰ ਜੀ ਆਇਆਂ ਆਖਿਆ।

ਇਸ ਮੌਕੇ ਵਿਸ਼ੇਸ਼ ਮਹਿਮਾਨ ਅਸੈਂਬਲੀਮੈਨ ਰੋਜ਼ਰ ਡਿਕਨਸਨ, ਐਲਕ ਗਰੂਵ ਦੇ ਮੇਅਰ ਗੈਰੀ ਡੇਵਿਸ ਅਤੇ ਯੂਬਾ ਸਿਟੀ ਦੇ ਮੇਅਰ ਤੇਜ ਮਾਨ ਨੇ ਚੈਂਬਰ ਦੀਆਂ ਸਰਗਰਮੀਆਂ ਦੇ ਨਾਲ ਨਾਲ ਪੰਜਾਬੀ ਭਾਈਚਾਰੇ ਵਲੋਂ ਕੀਤੀ ਗਈ ਤਰੱਕੀ ਦੀ ਸ਼ਲਾਘਾ ਕੀਤੀ। ਇਸ ਮੌਕੇ ਵੱਖ ਵੱਖ ਕਲਾਕਾਰਾਂ ਨੇ ਜਿਥੇ ਗੀਤ-ਸੰਗੀਤ ਪੇਸ਼ ਕੀਤਾ, ਉਥੇ ਗਿੱਧੇ-ਭੰਗੜੇ ਅਤੇ ਨ੍ਰਿਤ ਦੀਆਂ ਹੋਰ ਆਈਟਮਾਂ ਨਾਲ ਆਏ ਮਹਿਮਾਨਾਂ ਦਾ ਮਨੋਰੰਜਨ ਕੀਤਾ। ਪ੍ਰਬੰਧਕਾਂ ਵਲੋਂ ਕਲਾਕਾਰਾਂ ਦਾ ਮਾਣ-ਸਨਮਾਨ ਕੀਤਾ ਗਿਆ। ਆਏ ਮਹਿਮਾਨਾਂ ਦੇ ਖਾਣ-ਪੀਣ ਲਈ ਚੰਗਾ ਪ੍ਰਬੰਧ ਸੀ। ਮੰਚ ਸੰਚਾਲਨ ਵਿਚ ਕਮਲ ਜੱਜ ਅਤੇ ਪਵਿੱਤਰ ਨਾਹਲ ਨੇ ਹੱਥ ਵਟਾਇਆ।

# ਵਿਗਿਆਨੀਆਂ ਨੂੰ ਲੱਭੇ ਦੋ ਵਿਸ਼ਾਲ ਬਲੈਕ ਹੋਲ

**ਵਾਸ਼ਿੰਗਟਨ:** ਪੁਲਾੜ ਵਿਗਿਆਨੀਆਂ ਨੇ ਧਰਤੀ ਤੋਂ ਇਕ ਬਹੁਤ ਹੀ ਦੂਰੇਡੀ ਆਕਾਸ਼ਗੰਗਾ (ਗੈਲੈਕਸੀ) ਵਿਚ ਦੋ ਬਹੁਤ ਹੀ ਵਿਸ਼ਾਲ ਬਲੈਕ ਹੋਲਾਂ ਦਾ ਪਤਾ ਲਾਇਆ ਹੈ ਜੋ ਆਪਸ ਵਿਚ ਜੁੜੇ ਹੋਏ ਹਨ। ਇਹ ਗਲੈਕਸੀ ਧਰਤੀ ਤੋਂ 3.8 ਅਰਬ ਰੋਸ਼ਨੀ ਸਾਲ ਦੂਰ ਹੈ। ਰੋਸ਼ਨੀ ਸਾਲ ਉਹ ਫ਼ਾਸਲਾ ਹੁੰਦਾ ਹੈ, ਜਿੰਨਾ ਫਾਸਲਾ ਰੋਸ਼ਨੀ ਇਕ ਸਾਲ ਵਿਚ ਪੂਰਾ ਕਰਦੀ ਹੈ। ਭਾਵ ਇਕ ਗੈਲੈਕਸੀ ਤੋਂ ਧਰਤੀ ਤਕ ਪੁੱਜਣ ਲਈ ਚਾਨਣ ਨੂੰ ਵੀ 3.8 ਅਰਬ ਸਾਲ ਲੱਗ ਜਾਂਦੇ ਹਨ।

# ਸੈਲ ਫੋਨਾਂ 'ਤੇ ਨਿਗਰਾਨੀ ਜਾਇਜ਼ ਕਰਾਰ

**ਵਾਸ਼ਿੰਗਟਨ:** ਅਮਰੀਕੀ ਕੌਮੀ ਸੁਰੱਖਿਆ ਏਜੰਸੀ ਨੇ ਦੁਨੀਆਂ ਭਰ ਦੇ ਸੈਲ ਫੋਨਾਂ 'ਤੇ ਨਿਗਰਾਨੀ ਰੱਖਣ ਦੇ ਪ੍ਰੋਗਰਾਮ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਰਾਸ਼ਟਰਪਤੀ ਦੇ ਆਦੇਸ਼ ਅਨੁਸਾਰ ਇਹ ਪ੍ਰੋਗਰਾਮ ਕਾਨੂੰਨੀ ਤੌਰ 'ਤੇ ਜਾਇਜ਼ ਹੈ। ਅਜਿਹੇ ਪ੍ਰੋਗਰਾਮ ਦੁਨੀਆਂ ਦੇ ਕੁਝ ਖਤਰਨਾਕ ਹਿੱਸਿਆਂ ਵਿਚ ਵਰਤੇ ਗਏ ਹਨ। ਕੌਮੀ ਸੁਰੱਖਿਆ ਏਜੰਸੀ ਦੀ ਤਰਜਮਾਨ ਵਾਣੀ ਵਾਈਨਸ ਅਨੁਸਾਰ ਇਸ ਨਾਲ ਵਿਦੇਸ਼ੀ ਖੁਫੀਆ ਨਿਗਰਾਨੀ ਐਕਟ ਦੀ ਉਲੰਘਣਾ ਨਹੀਂ ਹੁੰਦੀ।


# ਕੱਰੀ ਸ਼ੈਫ ਦੀ ਲੋੜ ਹੈ

**ਐਲਾਮੀਡਾ, ਕੈਲੀਫੋਰਨੀਆ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਸ਼ੈਫ ਦੀ ਲੋੜ ਹੈ। 5 ਸਾਲ ਦਾ ਤਜ਼ਰਬਾ ਜ਼ਰੂਰੀ**

**ਵਧੀਆ ਤਨਖਾਹ ਅਤੇ ਹੋਰ ਸਹੂਲਤਾਂ**

**ਸੰਪਰਕ ਕਰੋ: 510-421-3849**




ਬ੍ਰਹਮ ਗਿਆਨੀ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਮਹਿਮਾ ਵਿਚ ਭਾਈ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਵਲੋਂ ਰਿਕਾਰਡ ਕੀਤੀ ਗਈ ਸੀ ਡੀ ਗੁਰਦੁਆਰਾ ਰਵਿਦਾਸ ਟੈਂਪਲ ਵਿਖੇ ਪ੍ਰਬੰਧਕ ਰਿਲੀਜ਼ ਕਰਦੇ ਹੋਏ। ਇਸ ਸੀ ਡੀ ਵਿਚ ਭਾਈ ਗੁਰਨਾਮ ਸਿੰਘ ਭੰਡਾਲ ਦਾ ਸਾਥ ਢਾਡੀ ਇਕਬਾਲ ਸਿੰਘ ਬਿਲਖੂ, ਗੁਰਮੁਖ ਸਿੰਘ ਰੰਧਾਵਾ ਅਤੇ ਸਾਰੰਗੀ ਮਾਸਟਰ ਚਰਨਜੀਤ ਸਿੰਘ ਭੰਡਾਲ ਨੇ ਦਿੱਤਾ ਹੈ। ਸੀ ਡੀ ਦੀ ਸੇਵਾ ਭੰਡਾਲ ਪਰਿਵਾਰ ਵਲੋਂ ਮੁਫਤ ਕੀਤੀ ਗਈ ਹੈ। ਤਸਵੀਰ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਜੈਲਾ ਮਜਾਰਾ ਰਾਜਾ ਸਾਹਿਬ, ਕੇਵਲ ਸਿੰਘ ਜੱਖੂ, ਹਰਦੇਵ ਸਿੰਘ, ਸਲਿੰਦਰ ਭਾਟੀਆ, ਸੁੱਚਾ ਸਿੰਘ ਰਾਏਪੁਰ ਡੱਬਾ, ਬਲਜੀਤ ਸਿੰਘ ਹੰਝੂਵਾਲ, ਸੁਰਿੰਦਰ ਸਿੰਘ ਰੱਤੂ, ਗੁਰਨਾਮ ਸਿੰਘ ਭੰਡਾਲ ਤੇ ਸੰਤੋਖ ਸਿੰਘ ਭਿੰਡਰ।


# MRP TRAVEL

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
CST: 2097308-40

*Passport & Visa services also available*



Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES

*India Vacation tour package also available.*



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No Minimums

# Call Paul at 1-800-705-3863

**Transportation Funding Group, Inc.**

Minneapolis , MN 55426



# Short Sale Specialist

## Do you want to sell your home

*Sacramento, Stockton, Roseville area prices are on rise.*



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Please call me to find out value of your home.**

**Listing: 4 bed, 2 bath in Stockton $189,000**

**If you want to Buy or Sell**

*Call: Sohanpreet 'Sam' Chahal*

**@916-612-5773**

visit: www.hudhomestore.com

Serving from Bay Area to Sacramento

**Multi-Million Dollars Producer-2007 to 2011**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 9912 Kapalua Ln., Elk Grove, CA 95624

**Tel: 916-612-5773 Fax: 916-689-5707**

# ਊਧਮ ਸਿੰਘ ਨੇ ਅੰਗਰੇਜ਼ੀ ਫਿਲਮਾਂ ਵਿਚ ਕੀਤੀ ਸੀ ਅਦਾਕਾਰੀ



*ਇੰਗਲੈਂਡ ਦੇ ਇਕ ਗੁਰਦੁਆਰੇ ਵਿਚ ਸੇਵਾ ਕਰ ਰਿਹਾ ਊਧਮ ਸਿੰਘ। ਊਧਮ ਸਿੰਘ ਦੀ ਇਹ ਦੁਰਲੱਭ ਫੋਟੋ ਪੁਰਾਣੇ ਰਿਕਾਰਡ ਵਿਚੋਂ ਕੁਝ ਸਾਲ ਪਹਿਲਾਂ ਹੀ ਲੱਭੀ ਹੈ।*

**ਚੰਡੀਗੜ੍ਹ:** ਸ਼ਹੀਦ ਊਧਮ ਸਿੰਘ ਨੇ ਵੈਸਟਮਿੰਸਟਰ (ਲੰਡਨ) ਦੇ ਕੈਕਸਟਨ ਹਾਲ ਵਿਚ ਮਾਈਕਲ ਓ ਡਾਇਰ ਤੇ ਤਿੰਨ ਹੋਰਾਂ 'ਤੇ ਗੋਲੀਆਂ ਦਾਗਣ ਤੋਂ ਤਿੰਨ ਸਾਲ ਪਹਿਲਾਂ ਗ਼ਦਰ ਪਾਰਟੀ ਦੀ ਵਿੱਤੀ ਮਦਦ ਲਈ ਦੋ ਅੰਗਰੇਜ਼ੀ ਫ਼ਿਲਮਾਂ ਵਿਚ ਕੰਮ ਕੀਤਾ ਸੀ। ਇਹ ਖ਼ੁਲਾਸਾ ਊਧਮ ਸਿੰਘ ਦੇ ਜੀਵਨ ਬਾਰੇ ਨਵੇਂ ਇਤਿਹਾਸਕ ਤੱਥਾਂ ਤੋਂ ਹੋਇਆ ਹੈ। ਇਹ ਫ਼ਿਲਮਾਂ ਐਲੀਫੈਂਟਬੁਆਏ (1937) ਤੇ 'ਦਿ ਫੋਰ ਫੀਦਰਜ਼' (1939) ਸਨ।

ਇਨ੍ਹਾਂ ਫ਼ਿਲਮਾਂ ਦੇ ਨਿਰਦੇਸ਼ਕ ਤੇ ਪ੍ਰੋਡਿਊਸਰ ਹਾਲੀਵੁੱਡ ਦੇ ਮਸ਼ਹੂਰ ਫ਼ਿਲਮ ਪ੍ਰੋਡਿਊਸਰ ਅਲੈਗਜ਼ੈਂਡਰ ਕੋਰਡਾ ਤੇ ਜ਼ੌਲਟਨ ਕੋਰਡਾ ਸਨ। ਪ੍ਰਸਿੱਧ ਬਰਤਾਨਵੀ ਲੇਖਕ ਰੋਜਰ ਪਰਕਿਨਜ਼ ਨੇ ਪਹਿਲੀ ਵਾਰ ਇਹ ਖ਼ੁਲਾਸਾ 1989 ਵਿਚ ਲਿਖੀ ਆਪਣੀ ਕਿਤਾਬ 'ਦਿ ਅੰਮ੍ਰਿਤਸਰ ਲੈਗੇਸੀ' ਵਿਚ ਕੀਤਾ ਹੈ। ਲੰਡਨ ਵਿਚ ਗ਼ਦਰ ਪਾਰਟੀ ਦੇ ਪ੍ਰਤੀਨਿਧਾਂ ਕੋਲ ਕੰਮਕਾਜ ਜਾਰੀ ਰੱਖਣ ਲਈ ਪੈਸੇ ਦੀ ਵੱਡੀ ਘਾਟ ਹੋਣ 'ਤੇ ਊਧਮ ਸਿੰਘ ਨੇ ਇਨ੍ਹਾਂ ਫ਼ਿਲਮਾਂ ਵਿਚ ਗ਼ੈਰ-ਯੂਰਪੀ ਸਹਾਇਕ ਕਲਾਕਾਰ ਤੇ ਐਕਸਟਰਾ ਵਜੋਂ ਕੰਮ ਕੀਤਾ ਸੀ।

'ਐਲੀਫੈਂਟ ਬੁਆਏ' ਫ਼ਿਲਮ ਯੂਟਿਊਬ 'ਤੇ ਉਪਲਬਧ ਹੈ। 'ਐਲੀਫੈਂਟ ਬੁਆਏ' ਬਰਤਾਨਵੀ ਸਾਹਸੀ ਫ਼ਿਲਮ ਸੀ ਜੋ ਭਾਰਤ ਤੇ ਲੰਡਨ ਵਿਚ ਫਿਲਮਾਈ ਗਈ ਸੀ। ਵੈਨਿਸ ਫ਼ਿਲਮ ਮੇਲੇ ਵਿਚ ਇਸ ਨੂੰ ਸਰਵੋਤਮ ਨਿਰਦੇਸ਼ਕ ਪੁਰਸਕਾਰ ਮਿਲਿਆ ਸੀ। ਰੁਡਯਾਰਡ ਕਿਪਲਿੰਗਜ਼ ਦੀ ਜੰਗਲ ਬੁੱਕ ਵਿਚਲੀ ਕਹਾਣੀ 'ਤੂਮਾਈ ਆਫ ਦਿ ਐਲੀਫੈਂਟ' 'ਤੇ ਆਧਾਰਤ ਇਹ ਕਹਾਣੀ ਲੰਡਨ ਫ਼ਿਲਮ ਸਟੂਡੀਓਜ਼ (ਡੇਨਹਾਮ) ਤੇ ਮੈਸੂਰ ਵਿਚ ਫਿਲਮਾਈ ਗਈ ਸੀ। ਨੌਂ ਅਪਰੈਲ 1937 ਨੂੰ ਇੰਗਲੈਂਡ ਵਿਚ ਰਿਲੀਜ਼ ਹੋਈ ਇਹ ਫ਼ਿਲਮ ਭਾਰਤ ਵਿਚ ਕਦੇ ਰਿਲੀਜ਼ ਨਹੀਂ ਹੋਈ। ਇਹ ਹੋਰ 14 ਮੁਲਕਾਂ ਵਿਚ ਵੀ ਰਿਲੀਜ਼ ਹੋਈ ਸੀ।

ਆਪਣੀ ਪੁਸਤਕ 'ਆਜ਼ਾਦੀ ਦੀ ਸ਼ਮ੍ਹਾਂ ਦਾ ਪ੍ਰਵਾਨਾ' ਮਹਾਨ ਗ਼ਦਰੀ ਇਨਕਲਾਬੀ, ਸ਼ਹੀਦ ਊਧਮ ਸਿੰਘ ਵਿਚ ਰਾਕੇਸ਼ ਕੁਮਾਰ (ਸੀਨੀਅਰ ਸੈਕਸ਼ਨ ਇੰਜਨੀਅਰ, ਭਾਰਤੀ ਰੇਲਵੇ) ਨੇ ਸ਼ਹੀਦ ਬਾਰੇ ਵਿਲੱਖਣ ਇਤਿਹਾਸਕ ਪਹਿਲੂ ਪੇਸ਼ ਕੀਤੇ ਹਨ। ਬਰਤਾਨਵੀ ਸਰਕਾਰੀ ਦਸਤਾਵੇਜ਼ਾਂ ਦੇ ਆਧਾਰ 'ਤੇ ਰਾਕੇਸ਼ ਕੁਮਾਰ ਨੇ ਸ਼ਹੀਦ ਬਾਰੇ ਕੀਤੇ ਆਪਣੇ ਰਿਸਰਚ ਦੇ ਕਾਰਜ ਵਿਚ ਦਾਅਵਾ ਕੀਤਾ ਹੈ ਕਿ ਊਧਮ ਸਿੰਘ ਨੇ ਓ ਡਾਇਰ ਨੂੰ ਮਾਰਨ ਲਈ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਤੋਂ ਮਾਤਰ ਭਾਵੁਕ ਹੋ ਕੇ ਕਾਰਵਾਈ ਨਹੀਂ ਕੀਤੀ ਸੀ ਬਲਕਿ ਉਹ ਲੰਮੇ ਸਮੇਂ ਤੋਂ ਬਰਤਾਨਵੀ ਸਾਮਰਾਜ ਖ਼ਿਲਾਫ਼ ਜੱਦੋ-ਜਹਿਦ ਕਰ ਰਿਹਾ ਸੀ। ਇਸ ਫਾਇਰਿੰਗ ਵਿਚ ਤਿੰਨ ਬਰਤਾਨਵੀ ਅਧਿਕਾਰੀ ਜ਼ਖ਼ਮੀ ਵੀ ਹੋਏ ਸਨ।

ਇਹ ਗੋਲੀਆਂ ਤਾਂ ਉਸ ਨੇ ਬਰਤਾਨਵੀ ਸਰਕਾਰ ਨੂੰ ਝਟਕਾ ਦੇਣ ਲਈ ਚਲਾਈਆਂ ਸਨ। ਊਧਮ ਸਿੰਘ ਨੇ ਵੱਡੇ ਕੈਲੀਬਰ ਵਾਲੇ ਰਿਵਾਲਵਰ ਨਾਲ ਓ ਡਾਇਰ ਨੂੰ ਮਾਰਨ ਦੇ ਨਾਲ-ਨਾਲ ਤਿੰਨ ਹੋਰ ਅੰਗਰੇਜ਼ ਅਧਿਕਾਰੀਆਂ 'ਤੇ ਵੀ ਗੋਲੀ ਚਲਾਈ ਸੀ, ਜੋ ਮਸਾਂ ਬਚੇ ਸਨ। ਬਰਤਾਨਵੀ ਦਸਤਾਵੇਜ਼ਾਂ ਵਿਚ ਹੀ ਇਹ ਵੀ ਖ਼ੁਲਾਸਾ ਕੀਤਾ ਗਿਆ ਸੀ ਕਿ ਕੈਕਸਟਨ ਹਾਲ ਦੀ ਘਟਨਾ ਤੋਂ 13 ਸਾਲ ਪਹਿਲਾਂ 30 ਅਗਸਤ 1927 ਵਿਚ ਊਧਮ ਸਿੰਘ ਨੂੰ ਅੰਮ੍ਰਿਤਸਰ ਪੁਲਿਸ ਨੇ ਲਾਇਸੈਂਸ ਤੋਂ ਬਿਨਾਂ ਹਥਿਆਰ ਰੱਖਣ ਦੇ ਸ਼ੱਕ ਵਿਚ ਫੜਿਆ ਸੀ ਤੇ ਉਸ ਤੋਂ ਹਥਿਆਰਾਂ ਦੇ ਨਾਲ-ਨਾਲ 'ਗ਼ਦਰ ਦੀ ਗੂੰਜ' ਦੀਆਂ ਕਾਪੀਆਂ ਮਿਲੀਆਂ ਸਨ। ਉਸ ਨੂੰ ਆਰਮਜ਼ ਐਕਟ ਦੇ ਸੈਕਸ਼ਨ 20 ਅਧੀਨ ਪੰਜ ਸਾਲ ਦੀ ਸਜ਼ਾ ਹੋਈ ਸੀ।

ਰਾਕੇਸ਼ ਕੁਮਾਰ ਨੇ ਡਾਇਰੈਕਟਰ ਇੰਟੈਲੀਜੈਂਸ ਬਿਊਰੋ ਹੋਮ ਡਿਪਾਰਟਮੈਂਟ ਭਾਰਤ ਸਰਕਾਰ ਦੀ 1934 ਵਿਚ ਛਾਪੀ ਗ਼ਦਰ ਡਾਇਰੈਕਟਰੀ ਵਿਚ ਗ਼ਦਰ ਲਹਿਰ ਵਿਚ ਹਿੱਸਾ ਲੈਣ ਵਾਲਿਆਂ ਦੇ ਨਾਂ ਛਾਪੇ ਸਨ ਜਿਨ੍ਹਾਂ ਵਿਚ ਊਧਮ ਸਿੰਘ ਦਾ ਨਾਂ 267 ਪੰਨੇ (ਐਸ-44) 'ਤੇ ਸ਼ੇਰ ਸਿੰਘ ਉਰਫ਼ ਉਦੇ ਸਿੰਘ ਉਰਫ਼ ਫਰੈਂਕ ਬ੍ਰਾਜ਼ੀਲ ਵਜੋਂ ਦਰਜ ਹੈ।

ਬਰਤਾਨਵੀ ਦਸਤਾਵੇਜ਼ਾਂ ਮੁਤਾਬਕ 31 ਜੁਲਾਈ 1940 ਨੂੰ ਫਾਂਸੀ ਲਾਏ ਜਾਣ ਤੋਂ ਪਹਿਲਾਂ ਊਧਮ ਸਿੰਘ 42 ਦਿਨਾ (26 ਅਪਰੈਲ ਤੋਂ ਪੰਜ ਜੂਨ 1940) ਤੱਕ ਭੁੱਖ ਹੜਤਾਲ 'ਤੇ ਰਿਹਾ ਸੀ। ਪੰਜ ਜੂਨ 1940 ਨੂੰ ਉਸ ਨੇ ਜੱਜ ਸਾਹਮਣੇ ਕਿਹਾ ਸੀ ਕਿ ਉਸ ਨੂੰ ਮੌਤ ਦੀ ਪ੍ਰਵਾਹ ਨਹੀਂ ਹੈ। ਅਦਾਲਤ ਨੇ ਉਸ ਨੂੰ ਹੱਥੀਂ ਲਿਖਿਆ ਅੱਠ ਸਫ਼ਿਆਂ ਦਾ ਨੋਟ ਪੜ੍ਹਨ ਦੀ ਆਗਿਆ ਨਹੀਂ ਦਿੱਤੀ ਸੀ ਤੇ ਉਸ ਨੇ ਇਹ ਪਾੜ ਦਿੱਤਾ ਸੀ।

# ਆਜ਼ਾਦੀ ਘੁਲਾਟੀਏ ਦਾ ਪਰਿਵਾਰ ਸਰਕਾਰ ਨਾਲ ਖ਼ਫਾ

**ਸ਼ੇਰਪੁਰ:** ਸੁਭਾਸ਼ ਚੰਦਰ ਬੋਸ ਦੇ ਸੰਗੀ ਸਾਥੀ ਰਹਿ ਕੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਪਾਉਣ ਵਾਲੇ ਆਜ਼ਾਦੀ ਘੁਲਾਟੀਏ ਮਰਹੂਮ ਗੁਰਦਿਆਲ ਸਿੰਘ ਦਾ ਪਰਿਵਾਰ ਸਮੇਂ ਦੀਆਂ ਸਰਕਾਰਾਂ ਵੱਲੋਂ ਅਣਦੇਖੀ ਦੇ ਅਪਣਾਏ ਗਏ ਰਵੱਈਏ ਤੋਂ ਡਾਢਾ ਦੁਖੀ ਹੈ। ਅੱਤ ਦੀ ਗਰੀਬੀ ਪਰਿਵਾਰ ਦੇ ਤਿੰਨ ਜੀਆਂ ਨੂੰ ਨਿਗਲ ਗਈ।

ਗੁਰਦਿਆਲ ਸਿੰਘ ਦੀ ਪਤਨੀ ਦਲੀਪ ਕੌਰ ਹਾਲ ਆਬਾਦ ਗੋਬਿੰਦਪੁਰਾ ਦਾ ਕਹਿਣਾ ਹੈ ਕਿ ਅੱਜ ਆਜ਼ਾਦੀ ਘੁਲਾਟੀਆਂ ਦੇ ਪਰਿਵਾਰ ਖ਼ੁਦ ਗੁਲਾਮੀ ਦੇ ਸਮੇਂ ਤੋਂ ਵੀ ਭੈੜੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਆਜ਼ਾਦੀ ਦੀ ਲੜਾਈ ਲੜਨ ਬਦਲੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਇਲਾਵਾ ਦੇਸ਼ ਦੀਆਂ ਹੋਰਨਾ ਸ਼ਖ਼ਸੀਅਤਾਂ ਨੇ ਉਨ੍ਹਾਂ ਦੇ ਪਤੀ ਨੂੰ ਤਾਮਰ ਪੱਤਰ ਦੇ ਕੇ ਸਨਮਾਨਿਆ ਪਰ ਗ਼ਰੀਬੀ ਨਾਲ ਜੂਝ ਰਹੇ ਇਸ ਪਰਿਵਾਰ ਦੀ ਕਿਸੇ ਨੇ ਬਾਂਹ ਨਾ ਫੜੀ। ਇਸ ਦੇ ਮੱਦੇਨਜ਼ਰ ਪਰਿਵਾਰ ਦੇ ਤਿੰਨ ਜੀਅ ਕੈਂਸਰ ਦਾ ਸ਼ਿਕਾਰ ਹੋ ਕੇ ਇਕ-ਇਕ ਕਰਕੇ ਦਮ ਤੋੜ ਗਏ। ਆਜ਼ਾਦੀ ਘੁਲਾਟੀਏ ਦੀ ਵਿਧਵਾ ਨੂੰਹ ਨੇ ਰਛਪਾਲ ਕੌਰ ਮੁਤਾਬਕ ਉਨ੍ਹਾਂ ਦੇ ਪਰਿਵਾਰ ਨੂੰ ਹੋਰ ਸਹੂਲਤਾਂ ਮਿਲਣੀਆਂ ਤਾਂ ਇਕ ਪਾਸੇ ਰਹੀਆਂ ਸਗੋਂ ਫਾਰਮ ਭਰਨ ਦੇ ਬਾਵਜੂਦ ਅੱਠ ਸਾਲ ਤੋਂ ਉਸ ਨੂੰ ਵਿਧਵਾ ਪੈਨਸ਼ਨ ਤੱਕ ਨਹੀਂ ਲੱਗ ਸਕੀ। ਦੂਜੀ ਵਿਧਵਾ ਨੂੰਹ ਬਲਜੀਤ ਕੌਰ ਦਾ ਕਹਿਣਾ ਹੈ ਕਿ ਘਰ ਵਿਚ ਲੰਬਾ ਸਮਾਂ ਰਹੀ ਕੈਂਸਰ ਦੀ ਬਿਮਾਰੀ ਨੇ ਉਨ੍ਹਾਂ ਨੂੰ ਕੱਖਾਂ ਤੋਂ ਹੌਲੇ ਕਰ ਦਿੱਤਾ ਹੈ।ਹੁਣ ਉਹ ਖ਼ੁਦ ਗੱਠੀਏ ਦੀ ਬਿਮਾਰੀ ਤੋਂ ਪੀੜਤ ਹੈ। ਵਿਧਵਾ ਮਲਕੀਤ ਕੌਰ ਨੇ ਮੰਗ ਕੀਤੀ ਕਿ ਉਨ੍ਹਾਂ ਦੇ ਪਰਿਵਾਰ ਨੂੰ ਸੁਤੰਤਰਤਾ ਸੈਲਾਨੀਆਂ ਨੂੰ ਮਿਲਦੀਆਂ ਸਮੁੱਚੀਆਂ ਸਹੂਲਤਾਂ ਤੇ ਆਰਥਿਕ ਮੱਦਦ ਦਿੱਤੀ ਜਾਵੇ।

# ਪੰਜਾਬੀ ਨੂੰ ਮਾਣ ਦੇਣ ਤੋਂ ਭੱਜੀ ਹਰਿਆਣਾ ਸਰਕਾਰ

**ਚੰਡੀਗੜ੍ਹ:** ਹਰਿਆਣਾ ਸਰਕਾਰ ਵੱਲੋਂ ਸੂਬੇ ਵਿਚ ਦੂਜੀ ਭਾਸ਼ਾ ਦਾ ਦਰਜਾ ਦੇਣ ਤੋਂ ਬਾਅਦ ਵੀ ਪੰਜਾਬੀ ਨੂੰ ਅਣਗੌਲਿਆ ਜਾ ਰਿਹਾ ਹੈ। ਸੂਬਾ ਸਰਕਾਰ ਨੇ ਸਾਲ 2004 ਤੋਂ ਉਚੇਰੀ ਸਿੱਖਿਆ ਲਈ ਪੰਜਾਬੀ ਲੈਕਚਰਾਰਾਂ ਦੀ ਭਰਤੀ ਨਹੀਂ ਕੀਤੀ ਗਈ ਤੇ ਨਾ ਪੰਜਾਬੀ ਬੋਲਦੇ ਇਲਾਕਿਆਂ ਵਿਚ ਨਵੇਂ ਖੋਲ੍ਹੇ ਡਿਗਰੀ ਕਾਲਜਾਂ ਵਿਚ ਪੰਜਾਬੀ ਦਾ ਵਿਸ਼ਾ ਲਾਗੂ ਕੀਤਾ ਹੈ। ਇਸ ਕਰਕੇ ਕਾਲਜਾਂ ਵਿਚ ਪੰਜਾਬੀ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਮਜਬੂਰਨ ਦੂਜੇ ਵਿਸ਼ੇ ਪੜ੍ਹਨੇ ਪੈ ਰਹੇ ਹਨ।

ਹਰਿਆਣਾ ਸਰਕਾਰ ਦੇ ਉਚੇਰੀ ਸਿੱਖਿਆ ਦੇ ਡਾਇਰੈਕਟਰ ਜਨਰਲ ਮੁਤਾਬਕ ਹਰਿਆਣਾ ਦੇ ਪੰਜਾਬੀ ਬੋਲਦੇ ਇਲਾਕਿਆਂ ਵਿਚਲੇ ਡਿਗਰੀ ਕਾਲਜਾਂ ਲਈ ਸਾਲ 1980 ਤੋਂ ਲੈ ਕੇ 2004 ਤੱਕ ਕੁੱਲ ਦਸ ਵਾਰ ਪੰਜਾਬੀ ਭਾਸ਼ਾ ਦੇ ਲੈਕਚਰਾਰਾਂ ਦੀ ਭਰਤੀ ਕੀਤੀ ਗਈ ਜਿਸ ਦੌਰਾਨ 27 ਲੈਕਚਰਾਰ ਭਰਤੀ ਕੀਤੇ ਗਏ। ਸਭ ਤੋਂ ਵੱਧ 1982 ਵਿਚ ਪੰਜਾਬੀ ਦੇ ਛੇ ਲੈਕਚਰਾਰ ਭਰਤੀ ਕੀਤੇ ਗਏ। ਸਰਕਾਰ ਨੇ ਸਾਲ 2004 ਤੋਂ ਬਾਅਦ ਪੰਜਾਬੀ ਦੇ ਲੈਕਚਰਾਰ ਭਰਤੀ ਕਰਨ ਦੀ ਲੋੜ ਹੀ ਨਹੀਂ ਸਮਝੀ। ਹਰਿਆਣਾ ਦੇ ਕਾਲਜਾਂ ਵਿਚ ਪੰਜਾਬੀ ਪੜ੍ਹਾਉਣ ਲਈ ਗੈਸਟ ਲੈਕਚਰਾਰ ਭਰਤੀ ਕਰਕੇ ਜਾਂ ਕਿਸੇ ਹੋਰ ਕਾਲਜ ਤੋਂ ਲੈਕਚਰਾਰਾਂ ਦੀ ਬਦਲੀ ਕਰਕੇ ਕੰਮ ਚਲਾਇਆ ਜਾ ਰਿਹਾ ਹੈ।

ਮਿਲੀ ਜਾਣਕਾਰੀ ਮੁਤਾਬਕ ਇਸ ਵੇਲੇ ਸੂਬੇ ਦੇ ਡਿਗਰੀ ਕਾਲਜਾਂ ਵਿਚ ਤਕਰੀਬਨ ਪੰਜਾਬੀ ਵਿਸ਼ੇ ਦੇ ਵੀਹ ਲੈਕਚਰਾਰਾਂ ਦੀ ਲੋੜ ਹੈ ਪਰ ਇਸ ਦੇ ਬਾਵਜੂਦ ਲੈਕਚਰਾਰ ਭਰਤੀ ਨਹੀਂ ਕੀਤੇ ਜਾ ਰਹੇ, ਜਿਸ ਕਾਰਨ ਇਕ ਲੈਕਚਰਾਰ ਨੂੰ ਤਿੰਨ ਦਿਨ ਕਰਨਾਲ ਤੇ ਤਿੰਨ ਦਿਨ ਪਿਹੋਵਾ ਦੇ ਸਰਕਾਰੀ ਕਾਲਜ ਵਿਚ ਪੜ੍ਹਾਉਣ ਲਈ ਜਾਣਾ ਪੈਂਦਾ ਹੈ। ਸਿਰਸਾ ਵਾਸੀਆਂ ਨੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਖੋਲ੍ਹਣ ਲਈ ਸਿੱਖਿਆ ਮੰਤਰੀ ਤੇ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤੇ ਹਨ ਪਰ ਉਨ੍ਹਾਂ ਵੱਲੋਂ ਭਰੋਸਾ ਦਿੱਤੇ ਜਾਣ 'ਤੇ ਵੀ ਵਿਭਾਗ ਨਹੀਂ ਖੋਲ੍ਹਿਆ ਗਿਆ ਜਦੋਂਕਿ ਸੂਬੇ ਵਿਚ ਬਾਕੀ ਯੂਨੀਵਰਸਿਟੀਆਂ ਬੜੀ ਤੇਜ਼ੀ ਨਾਲ ਖੁੱਲ੍ਹ ਰਹੀਆਂ ਹਨ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਕਾਰਜਕਾਲ ਦੌਰਾਨ ਤਕਰੀਬਨ ਦੋ ਦਰਜਨ ਯੂਨੀਵਰਸਿਟੀਆਂ ਖੁੱਲ੍ਹ ਚੁੱਕੀਆਂ ਹਨ ਤੇ ਕੁਝ ਹੋਰ ਖੋਲ੍ਹਣ ਦੀ ਤਿਆਰੀ ਹੈ।

ਇਸ ਸਮੇਂ ਕਈ ਬੀ.ਐਡ ਕਾਲਜ ਵੀ ਖੋਲ੍ਹੇ ਗਏ ਪਰ ਕਿਸੇ ਸਰਕਾਰੀ ਕਾਲਜ ਵਿਚ ਪੰਜਾਬੀ ਵਿਸ਼ੇ ਨੂੰ ਪੜ੍ਹਾਉਣ ਲਈ ਕੋਈ ਅਧਿਆਪਕ ਜਾਂ ਲੈਕਚਰਾਰ ਤਾਇਨਾਤ ਨਹੀਂ ਕੀਤੇ ਗਏ। ਕੁਝ ਪ੍ਰਾਈਵੇਟ ਬੀ.ਐਡ ਕਾਲਜਾਂ ਦੇ ਪ੍ਰਬੰਧਕਾਂ ਨੇ ਪੰਜਾਬੀ ਵਿਸ਼ਾ ਪੜ੍ਹਾਉਣ ਲਈ ਹੰਭਲੇ ਮਾਰੇ ਹਨ ਪਰ ਸਰਕਾਰੀ ਪੱਧਰ 'ਤੇ ਲੈਕਚਰਾਰਾਂ ਦੀਆਂ ਖਾਲੀ ਅਸਾਮੀਆਂ ਭਰਨ ਵੱਲ ਕਿਸੇ ਦਾ ਧਿਆਨ ਨਹੀਂ ਗਿਆ। ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਹਰਿਆਣਾ ਵਿਚ ਜਿੰਨੇ ਡਿਗਰੀ ਕਾਲਜ ਖੋਲ੍ਹੇ ਗਏ ਹਨ ਉਨ੍ਹਾਂ ਵਿਚ ਪੰਜਾਬੀ ਦਾ ਵਿਸ਼ਾ ਹੀ ਲਾਗੂ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਅੰਬਾਲਾ, ਪੰਚਕੂਲਾ, ਕੈਥਲ, ਯਮੁਨਾਨਗਰ ਜ਼ਿਲ੍ਹੇ ਦੇ ਛਛਰੋਲੀ ਕਸਬੇ, ਕਰਨਾਲ ਦੇ ਮਟਕ ਮਾਜਰੀ ਤੇ ਸਿਰਸਾ ਦੇ ਐਲਨਾਬਾਦ ਵਿਚ ਸਰਕਾਰੀ ਡਿਗਰੀ ਕਾਲਜ ਖੋਲ੍ਹੇ ਗਏ ਹਨ, ਜਿਨ੍ਹਾਂ ਵਿਚ ਪੰਜਾਬੀ ਵਿਸ਼ਾ ਲਾਗੂ ਨਹੀਂ ਕੀਤਾ ਗਿਆ। ਕੈਥਲ ਦੇ ਸਰਕਾਰੀ ਕਾਲਜ ਵਿਚ ਆਰਟਸ ਦੇ ਵਿਸ਼ੇ ਲਾਗੂ ਹੀ ਨਹੀਂ ਕੀਤੇ ਗਏ।

# ਸਿੱਖਿਆ ਦੇ ਖੇਤਰ ਵਿਚ ਪੰਜਾਬ ਦਾ ਦੇਸ਼ ਭਰ 'ਚ ਛੇਵਾਂ ਸਥਾਨ

**ਚੰਡੀਗੜ੍ਹ:** ਸਕੂਲ ਸਿੱਖਿਆ ਵਿਚ ਪੰਜਾਬ ਨੇ ਆਪਣੀ ਸਥਿਤੀ ਸੁਧਾਰਦਿਆਂ 13ਵੇਂ ਤੋਂ ਛੇਵਾਂ ਨੰਬਰ ਹਾਸਲ ਕਰ ਲਿਆ ਹੈ। ਹਾਲਾਂਕਿ ਸਕੂਲ ਸਿੱਖਿਆ ਤੇ ਆਧਾਰੀ ਢਾਂਚੇ ਦੇ ਲਿਹਾਜ਼ ਤੋਂ ਲਕਸ਼ਦੀਪ ਸਰਬੋਤਮ ਸੂਬਾ ਬਣਿਆ ਹੋਇਆ ਹੈ ਪਰ ਉੱਤਰੀ ਭਾਰਤ ਦੇ ਬਾਕੀ ਸੂਬੇ ਪੰਜਾਬ ਨਾਲੋਂ ਕਾਫੀ ਪਿੱਛੇ ਹਨ। ਹਿਮਾਚਲ ਪ੍ਰਦੇਸ਼ ਪਿਛਲੇ ਸਾਲ ਦੀ 11ਵੀਂ ਪੁਜੀਸ਼ਨ ਤੋਂ ਖਿਸਕ ਕੇ 12ਵੇਂ ਸਥਾਨ 'ਤੇ ਆ ਗਿਆ। ਜੰਮੂ-ਕਸ਼ਮੀਰ ਦੋ ਸਾਲਾਂ ਵਿਚ 18ਵੇਂ ਸਥਾਨ ਤੋਂ 15ਵੇਂ ਸਥਾਨ 'ਤੇ ਆ ਗਿਆ।

ਇਹ ਜਾਣਕਾਰੀ ਨੈਸ਼ਨਲ ਯੂਨੀਵਰਸਿਟੀ ਫਾਰ ਐਜੂਕੇਸ਼ਨ ਪਲੈਨਿੰਗ ਤੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵੱਲੋਂ ਜਾਰੀ ਕੀਤੇ ਸਾਂਝੇ ਸਿੱਖਿਆ ਸੂਚਕ ਅੰਕ ਵਿਚ ਦਿੱਤੀ ਗਈ ਹੈ।ਇਸ ਮੁਤਾਬਕ ਚੰਡੀਗੜ੍ਹ ਸੱਤਵੇਂ ਨੰਬਰ ਤੋਂ 10ਵੇਂ ਸਥਾਨ 'ਤੇ ਚਲਿਆ ਗਿਆ ਜਦਕਿ ਹਰਿਆਣਾ 17ਵੇਂ ਤੋਂ 20ਵੇਂ ਨੰਬਰ 'ਤੇ ਖਿਸਕ ਗਿਆ। ਉਤਰਾਖੰਡ ਨੇ 21ਵੇਂ ਨੰਬਰ ਤੋਂ 20ਵਾਂ ਨੰਬਰ ਪ੍ਰਾਪਤ ਕੀਤਾ ਹੈ। ਕੌਮੀ ਰਾਜਧਾਨੀ ਦਿੱਲੀ ਛੇਵੇਂ ਨੰਬਰ ਤੋਂ ਖਿਸਕ ਕੇ ਹੁਣ 11ਵੇਂ ਨੰਬਰ 'ਤੇ ਚਲੀ ਗਈ ਹੈ। ਇਹ ਦਰਜਾਬੰਦੀ ਤੈਅ ਕਰਨ ਵਿਚ ਸਕੂਲ ਸਿੱਖਿਆ ਮੁਤੱਲਕ ਚਾਰ ਮੁੱਖ ਮਾਪਕ ਰੱਖੇ ਗਏ ਸਨ ਜਿਨ੍ਹਾਂ ਵਿਚ ਪਹੁੰਚ, ਅਧਿਆਪਕ, ਮੂਲ ਢਾਂਚਾ ਤੇ ਕਾਰਗੁਜ਼ਾਰੀ ਸ਼ਾਮਲ ਹਨ। ਸਾਰੇ ਰਾਜਾਂ ਤੇ ਕੇਂਦਰ ਸਾਸ਼ਿਤ ਇਕਾਈਆਂ ਨੂੰ ਇਸ ਲਿਹਾਜ ਤੋਂ ਵੱਖਰੇ-ਵੱਖਰੇ ਦਰਜੇ ਦਿੱਤੇ ਗਏ ਹਨ।

ਪੰਜਾਬ ਨੇ ਸਕੂਲ ਸਿੱਖਿਆ ਮੁਤੱਲਕ ਬੁਨਿਆਦੀ ਢਾਂਚੇ ਦੇ ਮਾਮਲੇ ਵਿਚ ਇਸ ਸਾਲ ਨੌਵੇਂ ਤੋਂ ਛੇਵਾਂ ਸਥਾਨ ਹਾਸਲ ਕੀਤਾ ਜਦਕਿ ਕਾਰਗੁਜ਼ਾਰੀ ਬਾਰੇ 35ਵੇਂ ਸਥਾਨ ਤੋਂ ਨੌਵਾਂ ਸਥਾਨ ਹਾਸਲ ਕੀਤਾ। ਕਾਰਗੁਜ਼ਾਰੀ ਦੇ ਸੂਚਕ ਅੰਕ ਵਿਚ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ, ਮੁਸਲਿਮ ਬੱਚਿਆਂ ਦੇ ਦਾਖ਼ਲੇ ਤੇ ਲੜਕੀਆਂ ਦੇ ਮੁਕਾਬਲੇ ਲੜਕੀਆਂ ਦੀ ਅਨੁਪਾਤ ਤੇ ਅੱਧ-ਵਿਚਾਲੇ ਪੜ੍ਹਾਈ ਛੱਡ ਦੇਣ ਵਾਲੇ ਬੱਚਿਆਂ ਦੀ ਦਰ ਨੂੰ ਧਿਆਨ ਵਿਚ ਰੱਖਿਆ ਗਿਆ ਸੀ।

# ਫਰਜ਼ੀ ਵਿਆਹਾਂ ਨੂੰ ਨੱਥ ਪਾਵੇਗੀ ਪੰਜਾਬ ਪੁਲਿਸ ਦੀ ਵਿਚੋਲਗੀ

**ਚੰਡੀਗੜ੍ਹ:** ਵਿਦੇਸ਼ ਜਾਣ ਦੇ ਚੱਕਰ ਵਿਚ ਲਗਾਤਾਰ ਠੱਗੀ ਦਾ ਸ਼ਿਕਾਰ ਹੋ ਰਹੇ ਪੰਜਾਬੀ ਲਾੜੇ-ਲਾੜੀਆਂ ਹੁਣ ਇਸ ਠੱਗੀ ਤੋਂ ਬਚਣ ਲਈ ਵਿਆਹ ਤੋਂ ਪਹਿਲਾਂ ਪੰਜਾਬ ਪੁਲਿਸ ਦੀ ਸਲਾਹ ਲੈ ਸਕਦੇ ਹਨ। ਪੰਜਾਬ ਪੁਲਿਸ ਹੁਣ ਅਸਿੱਧੇ ਢੰਗ ਨਾਲ ਸਰਕਾਰੀ ਵਿਚੋਲੇ ਦਾ ਰੋਲ ਨਿਭਾਏਗੀ, ਕਿਉਂਕਿ ਵਿਆਹ ਫਰਜ਼ੀ ਨਿਕਲਣ ਤੋਂ ਬਾਅਦ ਵੀ ਸਾਰੇ ਕੇਸ ਪੁਲਿਸ ਕੋਲ ਹੀ ਜਾਂਚ ਲਈ ਆਉਂਦੇ ਹਨ। ਇਸ ਬਾਰੇ ਪੁਲਿਸ ਛੇਤੀ ਹੀ ਹੈਲਪਲਾਈਨ ਸ਼ੁਰੂ ਕਰਨ ਬਾਰੇ ਵਿਚਾਰ ਕਰ ਰਹੀ ਹੈ।

ਅਜਿਹਾ ਪੰਜਾਬ ਭਰ ਵਿਚ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਹਥਿਆਉਣ ਦੇ ਨਾਲ-ਨਾਲ ਫਰਜ਼ੀ ਵਿਆਹਾਂ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਕੀਤਾ ਜਾ ਰਿਹਾ ਹੈ। ਅਜਿਹੇ ਮਾਮਲਿਆਂ ਵਿਚ ਵਿਦੇਸ਼ੀ ਲਾੜਿਆਂ ਦੇ ਨਾਲ ਹੀ ਲਾੜੀਆਂ ਵੀ ਫਰਜ਼ੀ ਵਿਆਹ ਕਰਵਾ ਕੇ ਮੁੰਡੇ ਵਾਲਿਆਂ ਦੀ ਛਿੱਲ ਲਾਹੁਣ ਤੋਂ ਪਿੱਛੇ ਨਹੀਂ ਹਨ।



ਪੰਜਾਬ ਪੁਲਿਸ ਦੇ ਐਨ.ਆਰ.ਆਈ ਤੇ ਮਹਿਲਾ ਵਿੰਗ ਨੇ ਹਾਲ ਹੀ ਵਿਚ ਦਰਜਨ ਭਰ ਫਰਜ਼ੀ ਵਿਆਹਾਂ ਦੇ ਮਾਮਲੇ ਦਰਜ ਕਰਕੇ ਉਕਤ ਤੱਥਾਂ ਦੀ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਮਾਪਿਆਂ ਨੂੰ ਵਿਦੇਸ਼ੀਆਂ ਨਾਲ ਰਿਸ਼ਤਾ ਜੁੜਨ ਤੋਂ ਬਾਅਦ ਹੀ ਉਨ੍ਹਾਂ ਦੇ ਪਹਿਲਾਂ ਹੀ ਸ਼ਾਦੀਸ਼ੁਦਾ ਹੋਣ ਦਾ ਪਤਾ ਲੱਗਦਾ ਹੈ ਪਰ ਉਦੋਂ ਮਾਪਿਆਂ ਪੱਲੇ ਕਿਸਮਤ ਨੂੰ ਕੋਸਣ ਤੋਂ ਬਿਨਾਂ ਕੁਝ ਵੀ ਨਹੀਂ ਪੈਂਦਾ ਹੈ।

ਉਧਰ, ਪੰਜਾਬ ਪੁਲਿਸ ਦੇ ਐਨ.ਆਰ.ਆਈ ਤੇ ਮਹਿਲਾ ਵਿੰਗ ਦੇ ਡੀ.ਆਈ.ਜੀ ਐਲ.ਕੇ ਯਾਦਵ ਦਾ ਕਹਿਣਾ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਵਿਆਹੁਣ ਤੋਂ ਪਹਿਲਾਂ ਵਿਦੇਸ਼ੀ ਲਾੜੇ ਜਾਂ ਲਾੜੀ ਦੇ ਪਿਛੋਕੜ ਬਾਰੇ ਬਰੀਕੀ ਨਾਲ ਪੜਤਾਲ ਕਰ ਲੈਣ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਐਨ.ਆਰ.ਆਈ ਤੇ ਮਹਿਲਾ ਵਿੰਗ ਥਾਣਾ ਕੋਈ ਮੈਰਿਜ ਬਿਊਰੋ ਨਹੀਂ ਹੈ ਤੇ ਅਜਿਹਾ ਉਦਮ ਮਹਿਜ਼ ਲੋਕਾਂ ਦੀ ਸਹੂਲਤ ਲਈ ਕੀਤਾ ਜਾਵੇਗਾ।ਇੰਜ ਪੰਜਾਬ ਪੁਲਿਸ ਵਿਦੇਸ਼ੀਆਂ ਵੱਲੋਂ ਵਿਆਹ ਕਰਵਾਉਣ ਦੇ ਮਾਮਲਿਆਂ ਵਿਚ ਹੁਣ ਅਸਿੱਧੇ ਢੰਗ ਨਾਲ ਸਰਕਾਰੀ ਵਿਚੋਲੇ ਦਾ ਰੋਲ ਨਿਭਾਏਗੀ।

ਅਜਿਹੇ ਹੀ ਠੱਗੀ ਦੇ ਇਕ ਮਾਮਲੇ ਵਿਚ ਕੈਨੇਡਾ ਵਿਚ ਸੈਟਲ ਮੋਗੇ ਦੀ ਇਕ ਕੁੜੀ ਨੇ ਪਹਿਲਾਂ ਪੈਸਿਆਂ ਦੇ ਲਾਲਚ ਵਿਚ ਫਰਜ਼ੀ ਵਿਆਹ ਰਚਾਇਆ ਪਰ ਬਾਅਦ ਵਿਚ ਮੁੰਡੇ ਵਾਲੇ ਅੜ ਗਏ, ਕਿਉਂਕਿ ਕੁੜੀ ਨੂੰ ਵਿਆਹ ਬਦਲੇ ਪੈਸੇ ਨਾ ਮਿਲਣ ਕਾਰਨ ਉਸ ਨੇ ਲਾੜੇ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ।ਇਸ ਤਰ੍ਹਾਂ ਦੇਸੀ ਲਾੜਾ ਐਨ.ਆਰ.ਆਈ ਕੁੜੀ ਨਾਲ ਵਿਆਹ ਤੋਂ ਬਾਅਦ ਵੀ ਵਿਦੇਸ਼ ਜਾਣ ਤੋਂ ਵਾਂਝਾ ਰਹਿ ਗਿਆ।ਇਸ ਮਗਰੋਂ ਲੜਕੇ ਵਾਲਿਆਂ ਦੀ ਸ਼ਿਕਾਇਤ 'ਤੇ ਪਰਵਾਸੀ ਭਾਰਤੀ ਲੜਕੀ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ। ਇੰਜ ਹੀ ਗੁਰਦਾਸਪੁਰ ਦੇ ਇਕ ਨੌਜਵਾਨ ਨੇ ਮੋਗੇ ਦੀ ਇਕ ਮੁਟਿਆਰ ਨਾਲ ਫਰਜ਼ੀ ਵਿਆਹ ਕਰਵਾ ਕੇ ਉਸ ਦਾ ਭਵਿੱਖ ਬਰਬਾਦ ਕਰਕੇ ਰੱਖ ਦਿੱਤਾ। ਪੁਲਿਸ ਦੀ ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਕਿ ਇਹ ਵਿਦੇਸ਼ੀ ਲਾੜਾ ਸੱਤ ਫਰਜ਼ੀ ਵਿਆਹ ਕਰਵਾ ਚੁੱਕਾ ਹੈ ਤੇ ਉਸ ਨੇ ਆਪਣੀ ਕਿਸੇ ਵੀ ਪਹਿਲੀ ਪਤਨੀ ਨੂੰ ਤਲਾਕ ਨਹੀਂ ਦਿੱਤਾ।

ਸ੍ਰੀ ਯਾਦਵ ਨੇ ਦੱਸਿਆ ਕਿ 22 ਅਗਸਤ, 2013 ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੁਹਾਲੀ ਦੇ ਫੇਜ਼-7 ਵਿਚ ਵੱਖਰੇ ਤੌਰ 'ਤੇ ਪੰਜਾਬ ਪੁਲਿਸ ਦਾ ਐਨ.ਆਰ.ਆਈ ਤੇ ਮਹਿਲਾ ਵਿੰਗ ਸਥਾਪਤ ਕੀਤਾ ਸੀ, ਜਿਥੇ ਹੁਣ ਤੱਕ ਤਿੰਨ ਹਜ਼ਾਰ ਤੋਂ ਵੱਧ ਸ਼ਿਕਾਇਤਾਂ ਮਿਲੀਆਂ ਹਨ। ਮੁੱਢਲੀ ਪੜਤਾਲ ਤੋਂ ਬਾਅਦ ਤਕਰੀਬਨ 147 ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ 49 ਕੇਸ ਜਾਇਦਾਦਾਂ ਹੜੱਪਣ ਤੇ ਦਾਜ ਲਈ ਤੰਗ ਕਰਨ ਦੇ 71 ਕੇਸ ਹਨ। ਤਕਰੀਬਨ ਦਰਜਨ ਕੇਸ ਫਰਜ਼ੀ ਵਿਆਹਾਂ ਦੇ ਹਨ।

# ਨਵਾਂ ਇਮੀਗਰੇਸ਼ਨ ਬਿਲ ਭਾਰਤੀਆਂ ਲਈ ਲਾਹੇਵੰਦ

**ਵਾਸ਼ਿੰਗਟਨ:** ਭਾਰਤ ਦੇ ਫਿਕਰਾਂ ਨੂੰ ਅੱਖੋਂ ਓਹਲੇ ਕਰਦਿਆਂ ਓਬਾਮਾ ਪ੍ਰਸ਼ਾਸਨ ਨੇ ਅਮਰੀਕੀ ਸੈਨੇਟ ਵੱਲੋਂ ਪਾਸ ਵਿਆਪਕ ਇਮੀਗਰੇਸ਼ਨ ਸੁਧਾਰ ਬਿੱਲ 'ਤੇ ਸਾਰਾ ਧਿਆਨ ਕੇਂਦਰਤ ਕਰ ਲਿਆ ਹੈ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਹ ਬਿੱਲ ਭਾਰਤ ਤੇ ਚੀਨ ਜਿਹੇ ਮੁਲਕਾਂ ਦੇ ਲੋਕਾਂ ਲਈ ਬੜਾ ਲਾਹੇਵੰਦ ਸਾਬਤ ਹੋਵੇਗਾ। ਰਸੂਖ ਵਾਲੇ ਭਾਰਤੀ-ਅਮਰੀਕੀਆਂ ਦੀ ਸ਼ਮੂਲੀਅਤ ਵਾਲੀ ਜਥੇਬੰਦੀ ਏਸ਼ੀਅਨ-ਅਮਰੀਕਨ ਐਂਡ ਪੈਸਿਫਿਕ ਆਈਲੈਂਡਰ ਕਮਿਊਨਿਟੀ (ਏ.ਏ.ਪੀ.ਆਈ.) ਲਈ ਤਿਆਰ ਤੱਥਾਂ ਵਾਲੀ ਸ਼ੀਟ ਵਿਚ ਵ੍ਹਾਈਟ ਹਾਊਸ ਨੇ ਇਮੀਗਰੇਸ਼ਨ ਬਿੱਲ ਤਹਿਤ ਵਿਵਾਦਗ੍ਰਸਤ ਐਚ-1ਬੀ ਬਾਰੇ ਸਥਿਤੀ ਸਪਸ਼ਟ ਕਰਨ ਦਾ ਯਤਨ ਕੀਤਾ ਹੈ।

ਵ੍ਹਾਈਟ ਹਾਊਸ ਵੱਲੋਂ ਕਿਹਾ ਗਿਆ ਹੈ ਕਿ ਸੈਨੇਟ ਵੱਲੋਂ ਪਾਸ ਬਿੱਲ ਪਰਵਾਸੀ ਉਦਮੀਆਂ ਤੇ ਨਿਵੇਸ਼ਕਾਂ ਲਈ ਨਵੇਂ ਵੀਜ਼ਾ ਰਾਹ ਪੈਦਾ ਕਰੇਗਾ ਤੇ ਐਚ-1-ਬੀ ਪ੍ਰੋਗਰਾਮ ਵਿਚ ਪ੍ਰਮੁੱਖ ਸੁਧਾਰ ਲਿਆਏਗਾ। ਸਤੰਬਰ ਵਿਚ ਜਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਿਲੇ ਸਨ ਤਾਂ ਉਨ੍ਹਾਂ ਨੇ ਇਹ ਮੁੱਦਾ ਅਮਰੀਕਾ ਅੱਗੇ ਰੱਖਿਆ ਸੀ। ਚੀਨ, ਭਾਰਤ ਤੇ ਦੱਖਣੀ ਕੋਰੀਆ ਉਨ੍ਹਾਂ ਸਿਖਰਲੇ 10 ਮੁਲਕਾਂ 'ਚ ਸ਼ਾਮਲ ਹਨ ਜੋ ਅਮਰੀਕਾ ਵਿਚ ਉਦਮੀ ਭੇਜਦੇ ਹਨ।

ਸੈਨੇਟ ਵੱਲੋਂ ਪਾਸ ਬਿੱਲ, ਅਮਰੀਕਾ ਵਿਚ ਆਪਣਾ ਕਾਰੋਬਾਰ ਸ਼ੁਰੂ ਕਰਕੇ ਪ੍ਰਫੁਲਤ ਕਰਨ ਦੇ ਚਾਹਵਾਨ ਵਿਦੇਸ਼ੀ ਉਦਮੀਆਂ ਲਈ ਨਵਾਂ ਵੀਜ਼ਾ ਪ੍ਰੋਗਰਾਮ ਪੈਦਾ ਕਰੇਗਾ। ਭਾਰਤੀ ਮੂਲ ਦੇ ਅਮਰੀਕੀ ਫਿਜ਼ੀਸ਼ੀਅਨਾਂ ਦੀ ਐਸੋਸੀਏਸ਼ਨ ਨੂੰ ਇਸ ਬਿੱਲ ਦੇ ਹੋਣ ਵਾਲੇ ਲਾਭਾਂ ਬਾਰੇ ਵੀ ਖੁਲਾਸਾ ਕੀਤਾ ਗਿਆ। ਨਵਾਂ ਇਨਵੈਸਟ ਵੀਜ਼ਾ, ਨਵੇਂ ਪਰਵਾਸੀ ਕਾਰੋਬਾਰੀਆਂ ਨੂੰ ਅਮਰੀਕਾ ਵਿਚ ਕਾਰੋਬਾਰ ਕਰਨ ਅਮਰੀਕੀ ਕਾਮਿਆਂ ਲਈ ਨੌਕਰੀਆਂ ਦੇ ਮੌਕੇ ਪੈਦਾ ਕਰਨ ਬਾਰੇ ਹੈ।

ਅਮਰੀਕਾ ਦੇ ਦਾਅਵੇ ਅਨੁਸਾਰ ਐਚ-1-ਬੀ ਵੀਜ਼ਾ ਦੇ ਸਭ ਤੋਂ ਵੱਡੇ ਵਰਤੋਂਕਾਰ ਭਾਰਤ ਤੇ ਚੀਨ ਦੇ ਲੋਕ ਹਨ। ਨਵਾਂ ਬਿੱਲ ਇਨ੍ਹਾਂ ਵੀਜ਼ਿਆਂ ਦੀ ਗਿਣਤੀ 65,000 ਵੀਜ਼ਿਆਂ ਤੋਂ 115,000 ਵੀਜ਼ੇ ਸਾਲਾਨਾ ਕਰ ਦੇਵੇਗਾ। ਰੁਜ਼ਗਾਰ ਆਧਾਰਤ ਪਰਵਾਸੀ ਵੀਜ਼ਾ ਪਟੀਸ਼ਨਾਂ ਰਾਹੀਂ ਵਿੱਤੀ ਸਾਲ 2012 ਵਿਚ 91000 ਤੋਂ ਵੱਧ ਏਸ਼ੀਆ ਦੇ ਜੰਮਿਆ ਨੂੰ ਗਰੀਨ ਕਾਰਡ ਮਿਲੇ ਸਨ।

# ਭਾਰਤ ਤੇ ਅਮਰੀਕਾ ਦੇ ਰਿਸ਼ਤੇ ਹੋਰ ਨਿੱਘੇ ਹੋਣਗੇ: ਨਿਸ਼ਾ



**ਵਾਸ਼ਿੰਗਟਨ:** ਅਮਰੀਕਾ ਦੀ ਨਵਨਿਯੁਕਤ ਸਹਾਇਕ ਵਿਦੇਸ਼ ਮੰਤਰੀ ਨਿਸ਼ਾ ਦੇਸਾਈ ਬਿਸਵਾਲ ਨੇ ਕਿਹਾ ਹੈ ਕਿ ਉਨ੍ਹਾਂ ਦੇ ਮੁਲਕ ਤੇ ਭਾਰਤ ਵਿਚਾਲੇ ਸਬੰਧ ਬਗ਼ੈਰ ਰੁਕੇ ਅੱਗੇ ਵਧਦੇ ਜਾਣਗੇ। ਦੱਖਣੀ ਤੇ ਕੇਂਦਰੀ ਏਸ਼ੀਆ ਮਾਮਲਿਆਂ ਬਾਰੇ ਸਹਾਇਕ ਵਿਦੇਸ਼ ਮੰਤਰੀ ਨਿਸ਼ਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਦੋਵਾਂ ਮੁਲਕਾਂ ਵਿਚਾਲੇ ਸਬੰਧਾਂ ਵਿਚ ਕਿਸੇ ਤਰ੍ਹਾਂ ਦੀ ਖੜੋਤ ਹੈ। ਉਹ ਆਪਣੇ ਰਿਸ਼ਤੇ ਅੱਗੇ ਵਧਾ ਰਹੇ ਹਨ। ਭਾਰਤ ਤੇ ਅਮਰੀਕਾ ਦੇ ਰਿਸ਼ਤੇ ਮਜ਼ਬੂਤ ਤੇ ਡੂੰਘੇ ਹੋ ਰਹੇ ਹਨ। ਇਹ ਸਿਰਫ਼ ਹੁਣ ਦੁਵੱਲੇ ਰਿਸ਼ਤੇ ਨਾ ਰਹਿ ਕੇ ਖੇਤਰੀ ਤੇ ਕੌਮਾਂਤਰੀ ਬਣ ਗਏ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕਾ ਓਬਾਮਾ ਭਾਰਤ ਨਾਲ ਸਬੰਧਾਂ ਬਾਰੇ ਉਤਸ਼ਾਹਤ ਹਨ। ਇਸ ਕਰਕੇ ਦੁਵੱਲੇ ਸਬੰਧ ਪਹਿਲਾਂ ਨਾਲੋਂ ਕਿਤੇ ਬਿਹਤਰ ਹੋਏ ਹਨ ਤੇ ਇਹ ਹੋਰ ਬਿਹਤਰ ਹੋ ਰਹੇ ਹਨ। ਭਾਰਤ ਨੇ ਜਮਹੂਰੀਅਤ ਵਿਕਾਸ ਦੀ ਜੋ ਮਿਸਾਲ ਕਾਇਮ ਕੀਤੀ ਹੈ, ਉਸ ਦਾ ਅਮਰੀਕਾ ਸਮਰਥਨ ਕਰਦਾ ਹੈ।

ਉਨ੍ਹਾਂ ਕਿਹਾ ਕਿ ਜਿਥੋਂ ਤਕ ਭਾਰਤ ਤੇ ਅਮਰੀਕਾ ਵਿਚਾਲੇ ਗ਼ੈਰ ਫੌਜੀ ਪਰਮਾਣੂ ਸੰਧੀ ਦਾ ਤਾਲੁਕ ਹੈ। ਇਹ ਲਾਸਾਨੀ ਸੰਧੀ ਹੈ। ਇਸ ਨੂੰ ਅਮਲ ਵਿਚ ਲਿਆਉਣ ਲਈ ਰਾਹ ਦੇ ਅੜਿੱਕੇ ਦੂਰ ਕੀਤੇ ਜਾ ਰਹੇ ਹਨ। ਇਸ ਲਈ ਭਾਰਤ ਨੂੰ ਦੇਣਦਾਰੀ ਕਾਨੂੰਨਾਂ ਵੱਲ ਨਜ਼ਰਸਾਨੀ ਕਰਨੀ ਚਾਹੀਦੀ ਹੈ। ਦੋਵੇਂ ਮੁਲਕ ਰਲ ਕੇ ਚੱਲ ਰਹੇ ਹਨ। ਪਰਮਾਣੂ ਸੰਧੀ ਨੂੰ ਅਮਲ ਵਿਚ ਲਿਆਉਣ ਬਾਰੇ ਅਮਰੀਕੀ ਨੀਯਤ ਸਾਫ਼ ਹੈ ਤੇ ਇਹ ਭਾਰਤ ਨੂੰ ਆਪਣੇ ਬਹੁਤ ਨੇੜੇ ਮੰਨਦਾ ਹੈ। ਭਾਰਤ ਦੇ ਖੇਤਰੀ ਤੇ ਕੌਮਾਂਤਰੀ ਪੱਧਰ 'ਤੇ ਪ੍ਰਭਾਵ ਨੂੰ ਮੰਨਦਾ ਹੈ।

# ਦਾਊਦ ਦੇ ਇਸ਼ਾਰੇ 'ਤੇ ਨਸ਼ਾ ਤਸਕਰੀ ਕਰਦਾ ਸੀ ਦੇਵ ਬਹਿਲ

**ਪਟਿਆਲਾ:** ਸਿੰਥੈਟਿਕ ਡਰੱਗ ਤਸਕਰ ਗਰੋਹ ਦੇ ਮੁੱਖ ਸਰਗਨਾ ਤੇ ਦਿੱਲੀ ਦੇ ਵੱਡੇ ਵਪਾਰੀ ਦੇਵ ਬਹਿਲ ਦਾਊਦ ਇਬਰਾਹਿਮ ਤੇ ਉਸ ਦੇ ਭਰਾ ਅਨੀਸ਼ ਨਾਲ ਮਿਲ ਕੇ ਸੋਨੇ ਦੀ ਤਸਕਰੀ ਵੀ ਕਰਦਾ ਸੀ ਤੇ ਇਹ ਗਰੋਹ ਹੁਣ ਤੱਕ 2000 ਕਰੋੜ ਤੋਂ ਵੀ ਵੱਧ ਕੀਮਤ ਦੇ ਰਸਾਇਣ ਤੇ ਸਿੰਥੈਟਿਕ ਡਰੱਗਜ਼ ਦੀ ਕੌਮਾਂਤਰੀ ਬਾਜ਼ਾਰ ਵਿਚ ਤਸਕਰੀ ਕਰ ਚੁੱਕਿਆ ਹੈ। ਇਹ ਖੁਲਾਸਾ ਪੁਲਿਸ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਹੋਇਆ ਹੈ।

ਐਸ.ਐਸ.ਪੀ ਹਰਦਿਆਲ ਸਿੰਘ ਮਾਨ ਮੁਤਾਬਕ 50 ਸਾਲਾ ਦੇਵ ਬਹਿਲ 1983 ਤੋਂ 1988 ਤੱਕ ਦਾਊਦ ਇਬਰਾਹਿਮ ਦੇ ਹੁਕਮਾਂ 'ਤੇ ਉਸ ਦੇ ਭਰਾ ਅਨੀਸ਼ ਨਾਲ ਮਿਲ ਕੇ ਕੌਮਾਂਤਰੀ ਪੱਧਰ 'ਤੇ ਸੋਨੇ ਦੀ ਤਸਕਰੀ ਦਾ ਸਿੰਡੀਕੇਟ ਚਲਾਉਂਦਾ ਰਿਹਾ ਹੈ, ਜਿਸ ਦੌਰਾਨ ਉਹ ਕਈ ਵਾਰ ਦਾਊਦ ਇਬਰਾਹਿਮ ਤੇ ਅਨੀਸ਼ ਨੂੰ ਮਿਲਿਆ। ਉਸ ਨੇ 1988 ਵਿਚ ਆਪਣੀ ਵਪਾਰਕ ਸਾਂਝੇਦਾਰੀ ਖ਼ਤਮ ਕਰਨ ਤੋਂ ਬਾਅਦ ਵੀ ਦਾਊਦ ਨਾਲ ਸਮਾਜਕ ਰਿਸ਼ਤੇ ਬਣਾਈ ਰੱਖੇ ਤੇ ਉਹ ਦਾਊਦ ਨੂੰ ਮਿਲਣ ਦੁਬਈ ਵੀ ਗਿਆ। ਉਹ ਮਹੀਨੇ 'ਚ ਔਸਤਨ 8 ਤੋਂ 10 ਕਿਲੋ ਤੱਕ ਸੋਨੇ ਦੀ ਤਸਕਰੀ ਕਰਦਾ ਸੀ। ਉਸ ਨੇ ਅਨੀਸ਼ ਨਾਲ ਵਪਾਰਕ ਮਤਭੇਦ ਹੋਣ 'ਤੇ ਇਹ ਧੰਦਾ ਛੱਡ ਕੇ ਕਮਾਈ ਹੋਈ ਦੌਲਤ ਨੂੰ ਸਫ਼ੈਦ ਬਣਾਉਣ ਲਈ ਪੁਰਾਣੀਆਂ ਕਾਰਾਂ ਦੀ ਖ਼ਰੀਦ-ਵੇਚ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਸੀ। ਫਿਰ 2000 ਵਿਚ ਉਸ ਨੇ ਨਸ਼ਿਆਂ ਦਾ ਕਾਰੋਬਾਰ ਸ਼ੁਰੂ ਕੀਤਾ ਤੇ ਇਹ ਧੰਦਾ ਵੀ ਵੱਡੇ ਪੱਧਰ 'ਤੇ ਚਲਾਇਆ।

ਦੇਵ ਬਹਿਲ ਨੇ 15 ਕੁਇੰਟਲ ਰਸਾਇਣਾਂ ਨੂੰ ਹਿਮਾਚਲ ਪ੍ਰਦੇਸ਼ ਤੇ ਹੋਰਨੀ ਥਾਈਂ ਫ਼ੈਕਟਰੀਆਂ ਵਿਚ ਆਈਸ ਡਰੱਗ ਬਣਾਉਣ ਲਈ ਵਰਤਿਆ ਤੇ ਇਸ ਨਸ਼ੇ ਨੂੰ ਅੱਗੇ ਕੈਨੇਡਾ ਭੇਜਿਆ। 2004 ਵਿਚ ਉਸ ਨੇ ਹੈਦਰਾਬਾਦ ਤੋਂ ਸੱਤ ਕੁਇੰਟਲ ਸੂਡੋਐਫ਼ੇਡਰਾਈਨ ਹਾਸਲ ਕਰ ਕੇ ਆਈਸ ਬਣਾ ਕੇ ਕੌਮਾਂਤਰੀ ਮੰਡੀ ਵਿਚ ਵੇਚਿਆ। ਹੁਣ ਉਹ 1500 ਕਰੋੜ ਦੇ ਆਈਸ ਨਸ਼ੇ ਨੂੰ ਨੈਰੋਬੀ, ਕੀਨੀਆ ਤੇ ਅਫ਼ਰੀਕਾ ਰਾਹੀਂ ਭੇਜਣ ਦੀ ਫ਼ਿਰਾਕ ਵਿਚ ਸੀ ਪਰ ਇਸ ਤੋਂ ਪਹਿਲਾਂ ਹੀ ਪੰਜਾਬ ਪੁਲਿਸ ਦੇ ਹੱਥੇ ਚੜ੍ਹ ਗਿਆ।

# ਕਦੇ ਨਸ਼ਿਆਂ ਖਿਲਾਫ ਲਾਮਬੰਦੀ ਲਈ ਸਰਗਰਮ ਸੀ ਭੋਲਾ

**ਚੰਡੀਗੜ੍ਹ:** ਕੌਮਾਂਤਰੀ ਪੱਧਰ 'ਤੇ ਨਸ਼ਾ ਤਸਕਰੀ ਦੇ ਦੋਸ਼ ਵਿਚ ਪੁਲਿਸ ਦੇ ਹੱਥੇ ਚੜ੍ਹਿਆ ਪਹਿਲਵਾਨ ਤੇ ਬਰਖ਼ਾਸਤ ਡੀ.ਐਸ.ਪੀ ਜਗਦੀਸ਼ ਭੋਲਾ ਕਿਸੇ ਵੇਲੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਲਈ ਪ੍ਰੇਰਦਾ ਸੀ। ਜਾਣਕਾਰੀ ਮੁਤਾਬਕ ਭੋਲਾ ਸਾਲ 2000 ਤੋਂ 2009 ਤੱਕ ਖੰਨੇ ਦੀ ਜਗਤ ਕਾਲੋਨੀ ਵਿਚ ਰਿਹਾ। ਇਸ ਤੋਂ ਬਾਅਦ ਉਹ ਘਰ ਵੇਚ ਕੇ ਇਥੋਂ ਚਲਾ ਗਿਆ। ਇਸ ਕਾਲੋਨੀ ਵਿਚ ਬਣੇ ਮੀਰੀ ਪੀਰੀ ਹਰਗੋਬਿੰਦ ਸਾਹਿਬ ਕੁਸ਼ਤੀ ਅਖਾੜੇ ਨੂੰ ਸਥਾਪਤ ਕਰਨ ਵਿਚ ਜਗਦੀਸ਼ ਭੋਲੇ ਦਾ ਵੱਡਾ ਯੋਗਦਾਨ ਸੀ।

ਖੰਨੇ ਵਿਚ ਅੱਜ ਵੀ ਇਹ ਅਖਾੜਾ ਚੱਲ ਰਿਹਾ ਹੈ, ਜਿਸ ਵਿਚ ਤਕਰੀਬਨ 50 ਛੋਟੇ-ਵੱਡੇ ਪਹਿਲਵਾਨ ਸਿਖਲਾਈ ਲਈ ਆਉਂਦੇ ਹਨ। ਇਸ ਅਖਾੜੇ ਨੂੰ ਹੁਣ ਇਕ ਸੰਸਥਾ ਚਲਾ ਰਹੀ ਹੈ।

ਜਗਦੀਸ਼ ਭੋਲੇ ਨੇ 2007 ਵਿਚ ਬਣੀ ਪੰਜਾਬੀ ਫਿਲਮ ਰੁਸਤਮ-ਏ-ਹਿੰਦ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ, ਜਿਸ ਵਿਚ ਉਸ ਦਾ ਕਿਰਦਾਰ ਨਸ਼ਾ ਵਿਰੋਧੀ ਵਿਅਕਤੀ ਵਾਲਾ ਸੀ। ਇਸ ਫਿਲਮ ਨੂੰ ਸਰਬਜੀਤ ਸਿੰਘ ਬੈਣੀਵਾਲ ਤੇ ਜੇ.ਐਸ ਚੀਮਾ ਨੇ ਬਣਾਇਆ ਸੀ।

2007 ਵਿਚ ਇਸ ਫਿਲਮ ਦੇ ਪ੍ਰਮੋਸ਼ਨ ਮੌਕੇ ਖੰਨਾ ਦੇ ਅਦਰਸ਼ ਸਿਨੇਮਾ ਵਿਚ ਪ੍ਰੈਸ ਮਿਲਣੀ ਦੌਰਾਨ ਜਗਦੀਸ਼ ਭੋਲਾ ਵੀ ਉਚੇਚੇ ਰੂਪ ਵਿਚ ਹਾਜ਼ਰ ਸੀ। ਨੌਜਵਾਨਾਂ ਨੂੰ ਚੰਗੀ ਸੇਧ ਦੇਣ ਵਾਲੇ ਪਹਿਲਵਾਨ ਜਗਦੀਸ਼ ਭੋਲੇ ਦੇ ਡਰੱਗ ਤਸਕਰੀ ਦੇ ਰਾਹ 'ਤੇ ਜਾਣ ਨਾਲ ਉਸ ਵੱਲੋਂ ਸਥਾਪਤ ਕੀਤੇ ਅਖਾੜੇ ਦੇ ਪਹਿਲਵਾਨ ਅਤੇ ਨੌਜਵਾਨ ਨਿਰਾਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭੋਲੇ ਨੇ ਪਹਿਲਵਾਨਾਂ ਦੀ ਪਿੱਠ ਲੁਆ ਦਿੱਤੀ ਹੈ।

Punjab Times
Ph: 847-359-0746
Visit us on the web:
punjabtimesusa.com

ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

## ਕਾਮਾਗਾਟਾ ਮਾਰੂ ਯਾਦਗਾਰ ਦੇ ਅਪਮਾਨ ਤੋਂ ਪੰਜਾਬੀਆਂ 'ਚ ਰੋਸ

**ਵੈਨਕੂਵਰ:** ਇਥੋਂ ਦੇ ਕਨਵੈਨਸ਼ਨ ਸੈਂਟਰ ਕੋਲ ਉਸਾਰੀ ਕਾਮਾਗਾਟਾ ਮਾਰੂ ਯਾਦਗਾਰ ਦਾ ਅਪਮਾਨ ਕੀਤਾ ਗਿਆ ਜਿਸ ਕਾਰਨ ਇਥੇ ਵਸਦੇ ਪੰਜਾਬੀਆਂ ਵਿਚ ਰੋਸ ਹੈ। ਇਥੇ ਵਸਦੇ ਦੱਖਣੀ ਏਸ਼ੀਆ ਭਾਈਚਾਰੇ ਦੇ ਕਾਰਕੁਨ ਪ੍ਰਗਟ ਮੱਟੂ ਅਨੁਸਾਰ ਜਦੋਂ ਉਹ ਆਪਣੇ ਇਕ ਮਿੱਤਰ ਨਾਲ ਯਾਦਗਾਰ 'ਤੇ ਗਏ ਤਾਂ ਉਥੇ ਇਹ ਦੇਖ ਕੇ ਉਦੋਂ ਬੜਾ ਦੁਖ ਹੋਇਆ ਜਦੋਂ ਇਕ 30 ਸਾਲਾਂ ਦੇ ਗੋਰੇ ਨੇ ਪਹਿਲਾਂ ਕਾਮਾਗਾਟਾ ਮਾਰੂ ਦੇ ਸਵਾਰਾਂ ਦੀ ਤਸਵੀਰ ਉਪਰ ਫੁਟਬਾਲ ਮਾਰੀ ਤੇ ਉਸ ਮਗਰੋਂ ਉਸ 'ਤੇ ਪਿਸ਼ਾਬ ਕਰ ਦਿੱਤਾ।

ਸ੍ਰੀ ਮੱਟੂ ਨੇ ਦੱਸਿਆ ਕਿ ਇਹ ਘਿਨੌਣੀ ਹਰਕਤ ਕਰਨ ਵਾਲਾ ਅਣਪਛਾਤਾ ਗੋਰਾ ਗਾਲਾਂ ਕੱਢ ਰਿਹਾ ਸੀ ਤੇ ਸਿਰਫ ਤੇ ਸਿਰਫ ਇਸ ਯਾਦਗਾਰ ਦਾ ਅਪਮਾਨ ਕਰਨ ਲਈ ਹੀ ਉਥੇ ਪੁੱਜਿਆ ਲੱਗ ਰਿਹਾ ਸੀ। ਉਸ ਨੇ ਪਹਿਲਾਂ ਤਸਵੀਰ ਉਪਰ ਫੁਟਬਾਲ ਮਾਰੀ ਤੇ ਫੇਰ ਪਿਸ਼ਾਬ ਕਰ ਦਿੱਤਾ। ਸ੍ਰੀ ਮੱਟੂ ਨੇ ਗੋਰੇ ਦੀ ਇਸ ਹਰਕਤ ਦੀ ਤਸਵੀਰ ਖਿੱਚ ਕੇ ਵੈਨਕੂਵਰ ਪੁਲਸਿ ਨੂੰ ਦੇ ਦਿੱਤੀ। ਉਨ੍ਹਾਂ ਕਿਹਾ ਕਿ ਇਹ ਹਰਕਤ ਪੂਰੀ ਤਰ੍ਹਾਂ ਨਸਲੀ ਹੈ ਤੇ ਇਸ 'ਤੇ ਕਾਰਵਾਈ ਵੀ ਇਸੇ ਕਾਨੂੰਨ ਮੁਤਾਬਕ ਹੋਵੇ।

## ਤਸਲੀਮਾ ਵਿਰੁਧ ਕੇਸ ਦਰਜ

**ਲਖਨਊ:** ਬੰਗਲਾਦੇਸ਼ ਦੀ ਲੇਖਕਾ ਤਸਲੀਮਾ ਨਸਰੀਨ ਖ਼ਿਲਾਫ਼ ਉੱਤਰ ਪ੍ਰਦੇਸ਼ ਦੇ ਇਕ ਮੌਲਵੀ ਨੇ ਕਥਿਤ ਤੌਰ 'ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਾਇਆ ਹੈ। ਨਸਰੀਨ ਨੇ ਇਸ ਦੋਸ਼ 'ਤੇ ਹੈਰਾਨੀ ਪ੍ਰਗਟਾਈ ਹੈ। ਦਰਗਾਹ-ਇ-ਆਲਾ ਹਜ਼ਰਤ ਦੇ 'ਸੱਜਦਾਨਸ਼ੀਨ' ਮੌਲਾਨਾ ਸੁਬਹਾਨ ਰਜ਼ਾਖਾਨ ਸੁਭਾਨੀ ਮੀਆਂ ਦੇ ਪੁੱਤਰ ਹਸਨ ਰਜ਼ਾ ਖਾਨ ਭੂਰੀ ਮੀਆਂ ਨੇ ਨਸਰੀਨ ਵੱਲੋਂ 6 ਨਵੰਬਰ ਨੂੰ ਟਵਿੱਟਰ 'ਤੇ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਇਹ ਕੇਸ ਦਰਜ ਕਰਾਇਆ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR,
CONTINENTAL AIR



JET AIRWAYS
DELTA, AIR INDIA,
KLM, LUFTHANSA.
For Emergency
Call anytime at
847-673-3825
EARLY BIRD SALE!!!!
India $545
London $250

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਪੰਜਾਬ ਟਾਈਮਜ਼

*ਸਨਿਚਰਵਾਰ, 14 ਦਸੰਬਰ 2013*

# ਕਾਂਗਰਸ ਲਈ ਦਿੱਲੀ ਹੋਈ ਦੂਰ

ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨੇ ਕਾਂਗਰਸ ਦੇ ਪੈਰਾਂ ਹੇਠੋਂ ਇਕ ਤਰ੍ਹਾਂ ਨਾਲ ਜ਼ਮੀਨ ਕੱਢ ਦਿੱਤੀ ਹੈ। ਅਗਲੇ ਸਾਲ ਲੋਕ ਸਭਾ ਚੋਣਾਂ ਸਿਰ ਉਤੇ ਹਨ ਕਿ ਇਨ੍ਹਾਂ ਚੋਣਾਂ ਵਿਚ ਪਾਰਟੀ ਮੂਧੇ ਮੂੰਹ ਜਾ ਡਿੱਗੀ ਹੈ। ਉਤਰ-ਪੂਰਬੀ ਸੂਬੇ ਮਨੀਪੁਰ, ਜਿਥੋਂ ਦੇ ਲੋਕ ਸਟੇਟ ਖਿਲਾਫ ਚਿਰਾਂ ਤੋਂ ਲੜਾਈ ਲੜ ਰਹੇ ਹਨ, ਦੀ ਜਿੱਤ ਨੇ ਕਾਂਗਰਸ ਦੀ ਮਾੜੀ-ਮੋਟੀ ਲਾਜ ਰੱਖ ਲਈ ਹੈ। ਬਾਕੀ ਚਾਰ ਸੂਬਿਆਂ-ਦਿੱਲੀ, ਰਾਜਸਥਾਨ, ਮੱਧ ਪ੍ਰਦੇਸ਼ ਤੇ ਛਤੀਸਗੜ੍ਹ ਵਿਚ ਪਾਰਟੀ ਹਾਰ ਗਈ ਹੈ। ਇਨ੍ਹਾਂ ਚਾਰਾਂ ਸੂਬਿਆਂ ਵਿਚ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੇ ਲਾਡਲੇ ਪੁੱਤਰ ਅਤੇ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਵੱਡੇ ਦਾਅਵੇਦਾਰ ਰਾਹੁਲ ਗਾਂਧੀ ਨੇ ਦੱਬ ਕੇ ਪ੍ਰਚਾਰ ਕੀਤਾ ਸੀ। ਬਹੁਤ ਥਾਈਂ ਤਾਂ ਉਹ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ, ਨਰੇਂਦਰ ਮੋਦੀ ਦੀ ਰੀਸੇ ਚੋਣ ਪ੍ਰਚਾਰ ਲਈ ਕੁੱਦਿਆ ਰਿਹਾ ਪਰ ਜਿਸ ਤਰ੍ਹਾਂ ਪਹਿਲਾਂ ਹੋਈਆਂ ਚੋਣਾਂ ਵਿਚ ਉਹ ਸਿਫਰ ਹੁੰਦਾ ਰਿਹਾ ਹੈ, ਇਨ੍ਹਾਂ ਚੋਣਾਂ ਵਿਚ ਵੀ ਉਹ ਆਪਣੀ ਕੋਈ ਛਾਪ ਛੱਡਣ ਵਿਚ ਨਾਕਾਮ ਰਿਹਾ। ਅਸਲ ਵਿਚ ਕਾਂਗਰਸ ਜਿਸ ਤਰ੍ਹਾਂ ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਅਜਿਹੇ ਹੋਰ ਮੁੱਦਿਆਂ, ਜਿਹੜੇ ਸਿੱਧੇ ਆਮ ਲੋਕਾਂ ਨਾਲ ਜੁੜੇ ਹੋਏ ਹਨ, ਕਾਰਨ ਜਿੱਦਾਂ ਬੁਰੀ ਤਰ੍ਹਾਂ ਫਸੀ ਪਈ ਹੈ, ਉਸ ਵਿਚੋਂ ਨਿਕਲਣ ਲਈ ਇਸ ਨੂੰ ਰਾਹ ਕੋਈ ਨਹੀਂ ਲੱਭ ਰਿਹਾ। ਉਪਰੋਂ ਮੀਡੀਆ ਵੀ ਸਾਥ ਛੱਡ ਰਿਹਾ ਪ੍ਰਤੀਤ ਹੁੰਦਾ ਹੈ। ਪਿਛਲੇ ਦਸ ਸਾਲਾਂ ਦੇ ਰਾਜ ਤੋਂ ਬਆਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਬਾਰੇ ਭੁਲੇਖੇ ਵੀ ਹੁਣ ਦੂਰ ਹੋ ਚੁੱਕੇ ਹਨ। ਇਸ ਸ਼ਖਸ ਨੇ ਉਦੋਂ ਕਾਂਗਰਸ ਨੂੰ ਲੀਡਰਸ਼ਿਪ ਵਾਲੇ ਸੰਕਟ ਵਿਚੋਂ ਤਾਂ ਕੱਢ ਲਿਆ ਸੀ, ਪਰ ਪਾਰਟੀ ਜਾਂ ਦੇਸ਼ ਨੂੰ ਵਕਤ ਮੁਤਾਬਕ ਲੀਹ ਉਤੇ ਪਾਉਣ ਵਿਚ ਨਾਕਾਮ ਹੀ ਰਿਹਾ ਹੈ। ਜੇ ਸਮੁੱਚੇ ਹਾਲਾਤ ਉਤੇ ਤਰਦੀ ਜਿਹੀ ਨਿਗ੍ਹਾ ਵੀ ਮਾਰੀ ਜਾਵੇ, ਤਾਂ ਵੀ ਸਪਸ਼ਟ ਹੋ ਜਾਂਦਾ ਹੈ ਕਿ ਡਾ. ਮਨਮੋਹਨ ਸਿੰਘ ਦੇਸ਼ ਦੀ ਅਗਵਾਈ ਕਰ ਸਕਣ ਦੀ ਸਥਿਤੀ ਵਿਚ ਕਦੀ ਵੀ ਨਹੀਂ ਸਨ। ਉਨ੍ਹਾਂ ਦੀ ਛਾਲ ਬੱਸ, ਅੰਕੜਿਆਂ ਰਾਹੀਂ ਹਾਲਾਤ ਦੀ ਵਿਆਖਿਆ ਕਰਨ ਜੋਗੀ ਹੀ ਸੀ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਆਗੂ ਸ਼ਰਦ ਪਵਾਰ ਨੇ ਭਾਵੇਂ ਬਹੁਤ ਦੇਰ ਨਾਲ ਕਿਹਾ ਹੈ ਪਰ ਸਹੀ ਕਿਹਾ ਹੈ ਕਿ ਦੇਸ਼ ਨੂੰ ਚਲਾ ਰਹੀ ਲੀਡਰਸ਼ਿਪ ਬਹੁਤ ਕਮਜ਼ੋਰ ਹੈ; ਹਾਲਾਂਕਿ ਉਨ੍ਹਾਂ ਉਤੇ ਇਹ ਮੋੜਵਾਂ ਸਵਾਲ ਬਣਦਾ ਹੈ ਕਿ ਪੂਰੇ ਦਸ ਸਾਲ ਤਾਂ ਉਹ ਇਸੇ ਕਮਜ਼ੋਰ ਲੀਡਰਸ਼ਿਪ ਦੀ ਕਮਾਨ ਹੇਠ ਅਹਿਮ ਮੰਤਰਾਲਾ ਸੰਭਾਲੀ ਬੈਠੇ ਹਨ, ਪਹਿਲਾਂ ਉਨ੍ਹਾਂ ਕੁਝ ਕਿਉਂ ਨਾ ਕਿਹਾ? ਖੈਰ! ਚੋਣ ਨਤੀਜਿਆਂ ਤੋਂ ਬਾਅਦ ਹੁਣ ਕਾਂਗਰਸੀ ਆਗੂਆਂ ਦੇ ਨਿੱਤ ਨਵੇਂ ਬਿਆਨ ਆ ਰਹੇ ਹਨ। ਉਧਰ, ਵਿਰੋਧੀ ਧਿਰ ਵਿਚ ਬੈਠੀ ਭਾਜਪਾ ਜੋ ਅਗਲੀ ਵਾਰ ਸਰਕਾਰ ਬਣਾਉਣ ਦੀਆਂ ਗੋਂਦਾਂ ਗੁੰਦ ਰਹੀ ਹੈ, ਕਾਂਗਰਸ ਦੀ ਨਾਕਾਮੀ ਅਤੇ ਆਪਣੀ ਪਾਰਟੀ ਦੀ ਜਿੱਤ ਦੀ ਵਿਆਖਿਆ ਆਪਣੇ ਢੰਗ ਨਾਲ ਕਰ ਰਹੀ ਹੈ। ਇਸ ਪਾਰਟੀ ਦੀ ਸੇਵਾ ਵਿਚ ਜੁਟੇ ਮੀਡੀਆ ਦੇ ਇਕ ਹਿੱਸੇ ਨੇ ਤਾਂ ਇਸ ਜਿੱਤ ਨੂੰ 'ਮੋਦੀ ਲਹਿਰ' ਵਜੋਂ ਪੇਸ਼ ਕਰਨ ਦਾ ਯਤਨ ਵੀ ਕੀਤਾ ਹੈ।

ਉਂਜ, ਇਨ੍ਹਾਂ ਚੋਣਾਂ ਦੇ ਸਭ ਤੋਂ ਦਿਲਚਸਪ ਨਤੀਜੇ ਦਿੱਲੀ ਵਿਧਾਨ ਸਭਾ ਦੇ ਆਏ ਹਨ। ਨਾ ਕਾਂਗਰਸ, ਨਾ ਭਾਜਪਾ ਅਤੇ ਹੀ ਕਿਸੇ ਸਿਆਸੀ ਵਿਸ਼ਲੇਸ਼ਕ ਦੇ ਚਿੱਤ ਚੇਤੇ ਸੀ ਕਿ ਅਰਵਿੰਦ ਕੇਜਰੀਵਾਲ ਦੀ ਨਵ-ਗਠਿਤ ਜਥੇਬੰਦੀ 'ਆਮ ਆਦਮੀ ਪਾਰਟੀ' ਜੋ 'ਆਪ' ਵਜੋਂ ਮਸ਼ਹੂਰ ਹੋ ਗਈ, ਇੰਨੀ ਵੱਡੀ ਜਿੱਤ ਹਾਸਲ ਕਰੇਗੀ। ਪੰਜਾਬ ਦੇ ਵਿਸ਼ਲੇਸ਼ਕ ਤਾਂ ਇਹ ਵੀ ਕਹਿ ਰਹੇ ਸਨ ਕਿ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦਾ ਉਹੋ ਹਾਲ ਹੋਣਾ ਹੈ ਜੋ ਪੰਜਾਬ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਸਿੰਘ ਬਾਦਲ ਦਾ ਹੋਇਆ ਸੀ ਪਰ 'ਆਪ' ਨੇ ਸਭ ਸਿਆਸੀ ਸਮੀਕਰਨ ਉਲਟਾ ਦਿੱਤੇ। ਹੁਣ ਸਿਆਸੀ ਵਿਸ਼ਲੇਸ਼ਕ ਅਤੇ ਟੀ.ਵੀ. ਚੈਨਲਾਂ ਵਾਲੇ 'ਆਪ' ਦੀ ਚੜ੍ਹਤ ਬਾਰੇ ਵਿਸ਼ਲੇਸ਼ਣ ਕਰ ਰਹੇ ਹਨ। ਅਸਲ ਵਿਚ ਹੁਣ ਤਕ ਸਿਆਸੀ ਪਾਰਟੀਆਂ ਦੀ ਚਾਂਦੀ ਇਸੇ ਕਰ ਕੇ ਹੋਈ ਜਾਂਦੀ ਹੈ ਕਿ ਵੋਟਰਾਂ ਕੋਲ ਇਨ੍ਹਾਂ ਪਾਰਟੀਆਂ ਦਾ ਤੋੜ ਹੀ ਕੋਈ ਨਹੀਂ ਹੁੰਦਾ। ਰਵਾਇਤੀ ਪਾਰਟੀਆਂ ਤਕਰੀਬਨ ਸਾਰੇ ਸੂਬਿਆਂ ਵਿਚ ਬਦਲ-ਬਦਲ ਕੇ ਸੱਤਾ ਦੇ ਸੁੱਖ ਮਾਣ ਰਹੀਆਂ ਹਨ। ਐਤਕੀਂ ਲੋਕਾਂ ਨੂੰ ਜਦੋਂ ਇਨ੍ਹਾਂ ਰਵਾਇਤੀ ਪਾਰਟੀਆਂ ਤੋਂ ਬਾਹਰ ਕੋਈ ਬਦਲ ਦਿਸਿਆ ਤਾਂ ਉਸੇ ਦੀ ਗੁੱਡੀ ਅਸਮਾਨੀਂ ਜਾ ਚੜ੍ਹੀ।

ਪਹਿਲਾਂ ਇਹ ਵਿਸ਼ਲੇਸ਼ਣ ਬਹੁਤ ਵਾਰ ਆ ਚੁੱਕੇ ਹਨ ਕਿ ਭਾਰਤ ਦੇ ਲੋਕ, ਰਵਾਇਤੀ ਪਾਰਟੀਆਂ ਤੋਂ ਬਹੁਤ ਅੱਕੇ ਪਏ ਹਨ। ਇਸ ਲਈ ਜਿਥੇ ਕਿਤੇ ਲੋਕਾਂ ਨੂੰ ਕੋਈ ਬਦਲ ਦਿਸਦਾ ਹੈ, ਉਹ ਉਸ ਪਾਸੇ ਭੁਗਤਦੇ ਹਨ। ਮਾਓਵਾਦੀਆਂ ਦੇ ਅਸਰ ਵਾਲੇ ਇਲਾਕਿਆਂ ਵਿਚ ਜੇ ਇਕ ਲੱਖ ਤੋਂ ਵੱਧ ਸੁਰਖਿਆ ਮੁਲਾਜ਼ਮ ਲਾਉਣ ਦੇ ਬਾਵਜੂਦ ਲੋਕ ਉਥੇ ਮਾਓਵਾਦੀਆਂ ਦਾ ਸਾਥ ਦੇ ਰਹੇ ਤਾਂ ਸਿਰਫ ਇਸ ਲਈ ਕਿ ਉਨ੍ਹਾਂ ਲੋਕਾਂ ਨੂੰ ਇੰਨੇ ਸਾਲਾਂ ਪਿੱਛੋਂ ਰਵਾਇਤੀ ਅਤੇ ਝੂਠੀਆਂ ਪਾਰਟੀ ਦਾ ਬਦਲ ਲੱਭਿਆ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਹੁਲਾਰਾ ਦੇ ਰਿਹਾ ਹੈ। 'ਆਪ' ਨੂੰ ਸ਼ਾਬਾਸ਼ ਇਸ ਲਈ ਵੀ ਹੈ ਕਿ ਇੰਨੇ ਭ੍ਰਿਸ਼ਟ ਚੋਣ-ਢਾਂਚੇ ਵਿਚ ਵੀ ਇਸ ਨੇ ਉਹ ਕੁਝ ਕਰ ਦਿਖਾਇਆ ਜੋ ਅਗਾਂਹ ਸੱਚੀ ਅਤੇ ਸਹੀ ਸਿਆਸਤ ਲਈ ਰਾਹ ਦਸੇਰਾ ਬਣ ਸਕਦਾ ਹੈ।

ਹੁਣ ਚੋਣ ਵਿਸ਼ਲੇਸ਼ਕ ਤਾਂ ਲੋਕ ਸਭਾ ਚੋਣਾਂ ਵਿਚ 'ਆਪ' ਦੀ ਭੂਮਿਕਾ ਬਾਰੇ ਚਰਚਾ ਵੀ ਕਰਨ ਲੱਗ ਪਏ ਹਨ। ਇਸੇ ਪ੍ਰਸੰਗ ਵਿਚ ਇਹ ਹੁਣ 'ਆਪ' ਦੀ ਲੀਡਰਸ਼ਿਪ ਲਈ ਪਰਖ ਦੀਆਂ ਘੜੀਆਂ ਹਨ। ਜੇ ਇਹ ਲੀਡਰਸ਼ਿਪ ਦੇਸ਼ ਪੱਧਰ ਉਤੇ ਗੈਰ-ਕਾਂਗਰਸੀ ਅਤੇ ਗੈਰ-ਭਾਜਪਾਈ ਪਾਰਟੀਆਂ ਨੂੰ ਇਕ ਮੰਚ ਉਤੇ ਲਿਆਉਣ ਵਿਚ ਸਫਲ ਹੋ ਜਾਂਦੀ ਹੈ ਤਾਂ ਅਗਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਦੇ ਹਾਲਾਤ ਕੁਝ ਹੋਰ ਹੋਣਗੇ। ਹੁਣ ਵਾਲੇ ਭਾਰਤੀ ਢਾਂਚੇ ਵਿਚ ਵੱਡੀ ਛਾਲ ਤਾਂ ਅਜੇ ਸ਼ਾਇਦ ਸੰਭਵ ਨਾ ਹੋਵੇ ਪਰ ਇਸ ਛਾਲ ਲਈ ਰਾਹ ਤਾਂ ਪੱਧਰਾ ਹੋ ਹੀ ਸਕਦਾ ਹੈ। ਜੇ ਇਹ ਰਾਹ ਖੁੱਲ੍ਹਦਾ ਹੈ ਤਾਂ ਇਹ ਵੀ ਕੋਈ ਛੋਟੀ ਗੱਲ ਨਹੀਂ ਹੋਵੇਗੀ, ਕਿਉਂਕਿ ਇਹ ਸਿਆਸਤ ਰਵਾਇਤੀ ਪਾਰਟੀਆਂ ਦੀ ਸਿਤਮਜ਼ਰੀਫੀ ਤੋਂ ਕੁਝ ਕੁ ਤਾਂ ਮੁਕਤ ਹੋਵੇਗੀ ਹੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੋਰਚਾ ਕੈਦੀਆਂ ਦਾ*

ਭਾਈ ਸਿੰਘ ਗੁਰਬਖਸ਼ ਨੇ ਆਣ ਕੇ ਤੇ, ਮੋਰਚਾ ਕੈਦੀਆਂ ਦਾ ਖੂਬ ਭਖਾ ਦਿੱਤਾ।
ਕਿੱਦਾਂ ਗੱਲ ਨੂੰ ਸਿਰੇ ਤੱਕ ਲੈ ਜਾਣਾ, ਇਹੋ ਨੁਕਤਾ ਵੀ ਐਨ ਜਚਾ ਦਿੱਤਾ।
ਗੱਲ ਤੁਰਦੀ-ਤੁਰਦੀ ਤੁਰ ਨਿਕਲੀ, ਲਾਮ-ਲਸ਼ਕਰਾਂ ਦੇ ਬੰਨ੍ਹ ਤਿਆਰ ਹੋ ਗਏ।
ਮਿਲੇ ਹੱਥਾਂ ਨੂੰ ਹੱਥ ਸਰਕਾਰ ਜਾਗੀ, ਉਹਦੇ ਆਪਣੇ ਵੱਖਰੇ ਵਪਾਰ ਹੋ ਗਏ।
ਆਪਣੇ ਮੋਹਰੇ ਮਿਲਣ ਨੂੰ ਭੇਜ ਦਿੱਤੇ, ਜਿਨ੍ਹਾਂ ਬੰਨ੍ਹੇ ਸੀ ਪੁਲ ਤਾਰੀਫ ਵਾਲੇ।
ਫਿਰ ਕਹਿੰਦੇ ਇਹ ਕੰਮ ਨਾ ਸੋਭਦਾ ਬਈ, ਆਪਣੇ ਨਿਕਲੇ ਇਉਂ ਦਿਲਾਂ ਦੇ ਕਾਲੇ।

# ਨਦੀਆ ਵਾਹ ਵਿਛੁੰਨਿਆ...

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 439 ਉਤੇ ਰਾਗ ਆਸਾ ਵਿਚ ਗੁਰੂ ਨਾਨਕ ਦੇਵ ਜੀ ਦਾ ਮਹਾਂਵਾਕ ਹੈ: ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥ ਵਾਕ ਕੇਵਲ ਵਿਆਕਰਣਕ ਅਰਥ ਤਕ ਸੀਮਤ ਰਹਿੰਦਾ ਹੈ। ਮਹਾਂਵਾਕ ਵਿਚ ਹੋਰ ਕਈ ਪਾਸਾਰ ਸ਼ਾਮਲ ਹੁੰਦੇ ਹਨ। ਉਸ ਤੋਂ ਸ੍ਰਿਸ਼ਟੀ ਦੇ ਗੁੰਝਲਦਾਰ ਅਤੇ ਬਹੁ-ਪਾਸਾਰੀ ਮਸਲਿਆਂ ਬਾਰੇ ਵੀ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ।

ਆਧੁਨਿਕ ਅਤੇ ਉੱਤਰ-ਆਧੁਨਿਕ ਦੌਰਾਂ ਵਿਚ ਜੋ ਨਵੇਂ ਗਿਆਨ ਅਤੇ ਵਿਗਿਆਨ ਹੋਂਦ ਵਿਚ ਆਏ, ਉਨ੍ਹਾਂ ਦੀ ਰੌਸ਼ਨੀ ਵਿਚ ਇਸ ਮਹਾਂਵਾਕ ਦੀ ਵੀ ਬਹੁ-ਪੱਖੀ ਵਿਆਖਿਆ ਹੋ ਸਕਦੀ ਹੈ। ਇਹ ਵਾਕ ਕੇਵਲ ਨਦੀਆਂ/ਦਰਿਆਵਾਂ ਦੇ ਵਿਲੱਖਣ ਵਹਾਵਾਂ ਅਤੇ ਸਮੁੰਦਰ ਬਾਰੇ ਹੀ ਗਿਆਨ ਨਹੀਂ ਦਿੰਦਾ, ਬਲਕਿ ਇਸ ਵਿਚ ਵਿਅਕਤੀ ਅਤੇ ਸਭਿਆਚਾਰ/ਸਭਿਅਤਾ ਦੀਆਂ ਪ੍ਰਕਿਰਿਆਵਾਂ ਅਤੇ ਲਖ਼ਸ਼ ਬਾਰੇ ਵੀ ਚਿੰਤਨ ਸਾਂਭਿਆ ਹੋਇਆ ਹੈ। ਮਨੁੱਖੀ ਭੂਤ, ਵਰਤਮਾਨ ਅਤੇ ਭਵਿੱਖ ਦੇ ਵਰਤਾਰੇ ਬਾਰੇ ਵੀ ਕੁਝ ਆਖਿਆ ਗਿਆ ਹੈ। ਇਸ ਬਹੁ-ਪਾਸਾਰੀ ਚਰਿੱਤਰ ਕਾਰਨ ਹੀ ਇਹ ਮਹਾਂਵਾਕ ਹੈ।

ਵਿਅਕਤੀ, ਸਭਿਆਚਾਰ, ਨਦੀਆਂ ਆਪਣੇ ਮੂਲ ਤੋਂ ਵਿਛੜਦੇ ਹਨ। ਮੂਲ ਇਕ ਵਿਸ਼ੇਸ਼ ਇਤਿਹਾਸਕ ਜਾਂ ਉਪਰ ਇਤਿਹਾਸਕ ਹਾਲਤ ਹੈ ਜਿਸ ਵਿਚ ਕੋਈ ਵਿਅਕਤੀ ਜਾਂ ਸਭਿਆਚਾਰ ਜਨਮ ਲੈਂਦਾ ਹੈ। ਜੇ ਇਸ ਬਹਿਸ ਨੂੰ ਸਭਿਆਚਾਰ ਤਕ ਸੀਮਤ ਰੱਖੀਏ ਤਾਂ ਇਹ ਕਹਿ ਸਕਦੇ ਹਾਂ ਕਿ ਹਰ ਸਭਿਆਚਾਰ ਆਪਣੀ ਇਤਿਹਾਸਕ ਜਨਮ ਹਾਲਤ ਅਨੁਸਾਰ ਵਿਸ਼ੇਸ਼ ਹੈ। ਉਸ ਦੀ ਸੰਰਚਨਾ ਅਤੇ ਲਖਸ਼ ਉਸ ਵੇਲੇ ਦੇ ਸ਼ਕਤੀ-ਰਿਸ਼ਤਿਆਂ ਨੇ ਨਿਸ਼ਚਿਤ ਕੀਤੇ ਹੋਏ ਹਨ ਪਰ ਨਦੀਆਂ ਸ਼ਕਤੀਆਂ ਉਭਰਨ ਨਾਲ ਉਹ ਲਖਸ਼ ਤਬਦੀਲ ਵੀ ਹੁੰਦੇ ਹਨ। ਇਸ ਤਬਦੀਲੀ ਦਾ ਇਹ ਅਰਥ ਨਹੀਂ ਕਿ ਕਿਸੇ ਸਭਿਆਚਾਰ ਦੀ ਹਸਤੀ ਬਿਲਕੁਲ ਆਰਜ਼ੀ ਹੈ। ਸਭਿਆਚਾਰਕ ਹਸਤੀ ਸ਼ਕਤੀਆਂ ਦੇ ਭੇੜ ਵਿਚੋਂ ਨਿਕਲਦੀ ਹੈ। ਇਹ ਉਸ ਭੇੜ ਦਾ ਤੀਬਰ ਪ੍ਰਭਾਵ ਵੀ ਹੈ ਅਤੇ ਮਨੁੱਖ ਅਤੇ ਸ੍ਰਿਸ਼ਟੀ ਬਾਰੇ ਗ੍ਰਹਿਣ ਕੀਤਾ ਕੋਈ ਤੱਤ ਵੀ ਜੋ ਬਾਕੀ ਸੱਭਿਆਚਾਰਾਂ ਦੇ ਗਿਆਨ, ਵਰਤਾਰੇ ਅਤੇ ਚਰਿੱਤਰ ਨੂੰ ਹੋਰ ਰਮਣੀਕ ਕਰਦਾ ਹੈ; ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸ੍ਰਿਸ਼ਟੀ ਦੇ ਵਿਸਮਾਦੀ ਪਾਸਾਰ ਨੂੰ ਅਨੁਭਵ ਅਤੇ ਚੇਤਨਤਾ ਰਾਹੀਂ ਪ੍ਰਕਾਸ਼ਮਾਨ ਕੀਤਾ। ਇਸ ਨਾਲ ਬਾਣੀਕਾਰਾਂ ਨੇ ਆਪਣੇ ਸਭਿਆਚਾਰ ਨੂੰ ਹੀ ਅਮੀਰ ਨਹੀਂ ਕੀਤਾ ਸਗੋਂ ਹੋਰਾਂ ਸਭਿਆਚਾਰਾਂ ਨੂੰ ਅਮੀਰ ਕਰਨ ਲਈ ਵੀ ਯੋਗਦਾਨ ਪਾਇਆ।

ਜੇ ਬ੍ਰਾਹਮਣੀ ਅਤੇ ਮੁਗ਼ਲ ਇਕਸਾਰਵਾਦ ਦਾ ਦਮਨ ਜਾਂ ਭੀਖਣ ਵਿਰੋਧ ਨਾ ਹੁੰਦੇ ਤਾਂ ਹੋ ਸਕਦਾ ਹੈ ਕਿ ਵਿਸਮਾਦ ਦੀ ਮੌਲਿਕਤਾ ਨੂੰ ਪ੍ਰਕਾਸ਼ਮਾਨ ਹੋਣ ਵਿਚ ਹੋਰ ਦੇਰ ਲੱਗ ਜਾਂਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਜਿਸ ਸਭਿਆਚਾਰ ਨੂੰ ਹੋਂਦ ਵਿਚ ਲਿਆਂਦਾ, ਉਸ ਦੀ ਹਸਤੀ ਵਿਸਮਾਦੀ ਹੈ। ਇਹ ਸਭਿਆਚਾਰ ਅਜੇ ਰਚਨਾ ਦੀ ਪ੍ਰਕਿਰਿਆ ਵਿਚ ਹੀ ਹੈ। ਇਸ ਦੀਆਂ ਪੂਰੀਆਂ ਸੰਭਾਵਨਾਵਾਂ ਅਜੇ ਅਮਲ ਵਿਚ ਨਹੀਂ ਲਿਆਂਦੀਆਂ ਗਈਆਂ। ਵਿਸਮਾਦੀ ਬ੍ਰਹਿਮੰਡ, ਵਿਸਮਾਦੀ ਵਿਅਕਤੀ, ਵਿਸਮਾਦੀ ਸੰਗਤ/ਸਮਾਜ ਦਾ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਜੇ ਇਸ ਮਾਡਲ ਵਿਚ ਅਭਿਆਸੀ ਪੂਰਨਤਾ ਨਾ ਹੁੰਦੀ ਤਾਂ ਇਹ ਨਵਾਂ ਸਮਾਜ ਹੋਂਦ ਵਿਚ ਨਾ ਲਿਆਉਂਦਾ ਅਤੇ ਨਾ ਹੀ ਇੰਨੇ ਬਾਣੀਕਾਰ, ਵਿਆਖਿਆਕਾਰ, ਸਿਆਸਤਦਾਨ, ਚਿੰਤਕ ਅਤੇ ਸ਼ਹੀਦ ਇਸ ਨੂੰ ਅੱਗੇ ਤੋਰਨ ਦਾ ਯਤਨ ਕਰਦੇ। ਕਿਸੇ ਮਾਡਲ ਦੀ ਵਿਸ਼ੇਸ਼ਤਾ ਇਹੀ ਹੁੰਦੀ ਹੈ ਕਿ ਉਸ ਦਾ ਅਨੁਕਰਨ ਹੋ ਸਕੇ।

ਇਹ ਇਤਿਹਾਸਕ ਸੱਚ ਹੈ ਕਿ ਵਿਸਮਾਦ ਹਾਸ਼ੀਅਤ ਚਿੰਤਕਾਂ ਦੀ ਲੱਭਤ ਹੈ। ਹਾਸ਼ੀਆ ਕੇਵਲ ਇਕੱਲ ਜਾਂ ਵਿਯੋਗ ਨਹੀਂ, ਇਹ ਦਬਾਉ ਜਾਂ ਦਮਨ ਦੇ ਪ੍ਰਭਾਵ ਅਧੀਨ ਨਵੀਂ ਖੋਜ ਲੱਭਤ ਵੀ ਹੈ, ਨਵੇਂ ਰਾਹ ਦਾ ਦਰਸ਼ਨ ਵੀ ਹੈ। ਫਰਾਂਸੀਸੀ ਮਨੋਵਿਗਿਆਨੀ ਅਤੇ ਮਾਨਵ-ਸ਼ਾਸਤਰੀ ਲਾਕਾਂ ਨੇ ਦੱਸਿਆ ਹੈ ਕਿ ਕੋਈ ਆਤਮ ਕਿਵੇਂ ਬਣਦਾ ਹੈ। ਇਸ ਦਾ ਸਬੰਧ ਦਮਨ ਕਰਨ ਵਾਲੀ ਸ਼ਕਤੀ ਦੇ ਪੈਦਾ ਕੀਤੇ ਸੰਕਟ ਨਾਲ ਹੈ। ਇਵੇਂ ਹੀ ਕੋਈ ਸਭਿਆਚਾਰ ਵੀ ਆਪਣੀ ਮੌਲਿਕ ਪਰਿਭਾਸ਼ਾ ਦਮਨ-ਸੰਕਟ ਨੂੰ ਹੱਲ ਕਰਨ ਲਈ ਲੱਭੇ ਵਿਚਾਰ ਜਾਂ ਸਿਧਾਂਤ ਨਾਲ ਹੀ ਜੋੜਦਾ ਹੈ। ਵਿਸਮਾਦ, ਉਸ ਵੇਲੇ ਦੇ ਭਾਰਤੀ ਦਮਨ ਨੂੰ ਸੋਧ ਕੇ ਉਸਾਰਿਆ ਸਿਰਜਣਾਤਮਕ ਪੱਖ ਹੈ ਜਿਸ ਦੀ ਵਿਸ਼ਵ-ਅਰਥੀ ਵਿਸ਼ੇਸ਼ਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲਾਕਾਂ ਅਤੇ ਸਟੂਅਰਟ ਹਾਲ ਨੇ ਇਹ ਵੀ ਕਿਹਾ ਹੈ ਕਿ ਆਤਮ ਦੇ ਸੰਕਟ ਹੱਲ ਨਾਲ ਬਣੀ ਮਾਨਸਿਕਤਾ ਆਤਮ ਨੂੰ ਕੁਝ ਕਲਪਨਾਮੁਖੀ ਵੀ ਬਣਾਉਂਦੀ ਹੈ।

ਇਉਂ ਸਭਿਆਚਾਰ ਦੀ ਹਸਤੀ ਵੀ, ਇਸ ਸੋਚ ਅਨੁਸਾਰ ਕੁਝ ਕਲਪਨਾਮੁਖੀ ਹੈ। ਇਸ ਵਿਚਾਰ ਦਾ ਇਹ ਪੱਖ ਵਿਸਮਾਦ ਬਾਰੇ ਸੱਚ ਨਹੀਂ। ਇਹ ਅਨੁਭਵ ਉਤੇ ਅਤੇ ਚੇਤਨਤਾ ਉਤੇ ਆਧਾਰਿਤ ਹੈ। ਉਨ੍ਹਾਂ ਮਹਾਂ-ਅਨੁਭਵੀਆਂ ਦੇ ਅਨੁਭਵ ਅਤੇ ਚੇਤਨਤਾ ਉਤੇ ਜਿਨ੍ਹਾਂ ਦੀ ਸਰਬ-ਯਥਾਰਥਕ ਜਾਂ ਅਤਰਿਕਤ-ਯਥਾਰਥਕ ਪਹੁੰਚ ਸੀ। ਇਸ ਲਈ

ਗੁਰਭਗਤ ਸਿੰਘ

ਫੋਨ: 91-94658-29654

ਵਿਸਮਾਦ ਨੂੰ ਕਲਪਨਾ ਅਤੇ ਫੈਂਟੇਸੀ ਦੇ ਖੇਤਰ ਤੋਂ ਅਲੱਗ ਹੋ ਕੇ ਸਮਝਣਾ ਪਵੇਗਾ। ਪੱਛਮ ਦਾ ਹਰ ਪਰਵਰਗ ਉਵੇਂ ਹੀ ਪੂਰਬੀ ਅਨੁਭਵਾਂ ਅਤੇ ਚੇਤਨਤਾ ਨੂੰ ਸਮਝਣ ਲਈ ਪੂਰੀ ਤਰ੍ਹਾਂ ਸਮਰੱਥ ਨਹੀਂ।

ਇਥੇ ਇਹ ਦੁਹਰਾਉਣਾ ਵੀ ਬਣਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਭਿਆਚਾਰ ਅਤੇ ਵਿਅਕਤੀ ਲਈ ਜੋ ਮਾਡਲ ਅਧਿਆਤਮ-ਪ੍ਰਕਾਸ਼ ਰਾਹੀਂ ਦਿੱਤਾ ਹੈ, ਉਸ ਦਾ ਅਟੁੱਟ ਸਬੰਧ ਹਾਸ਼ੀਏ ਨਾਲ ਹੈ। ਬ੍ਰਾਹਮਣਵਾਦ, ਇਸਲਾਮ ਅਤੇ ਜਾਗੀਰਦਾਰੀ ਦੇ ਇਕਸਾਰਵਾਦ ਨੇ ਆਮ ਲੋਕਾਂ ਨੂੰ (ਸਮੇਤ ਨਿਗੂਣੇ ਮੱਧ ਵਰਗ ਦੇ) ਜ਼ਿੰਦਗੀ ਦੀ ਭਰਪੂਰਤਾ ਉਤੇ ਵੱਡੀ ਸੱਟ ਮਾਰੀ ਹੋਈ ਸੀ। ਜੀਵਨ ਦਾ ਰਹੱਸ, ਇਸ ਦਾ ਬ੍ਰਹਮੰਡੀ ਸੰਗੀਤ ਅਤੇ ਅਧਿਆਤਮ, ਦਮਨ ਦਾ ਸ਼ਿਕਾਰ ਹਨ। ਵਿਸਮਾਦ, ਇਸ ਦਮਨ ਅਤੇ ਇਸ ਦਬਾਉ ਵਿਰੁੱਧ ਪ੍ਰਤੀਕਰਮ ਤੋਂ ਅੱਗੇ ਲੰਘ ਕੇ ਸਿਰਜਣਾਤਮਕ ਅਤੇ ਹਾਂ-ਪੱਖੀ, ਅਤਰਿਕਤੀ ਸ਼ਕਤੀ-ਪ੍ਰਕਾਸ਼ ਸੀ।

ਹਾਸ਼ੀਆ, ਕੇਂਦਰ ਨਾਲ ਟਕਰਾਉ ਤੋਂ ਉਪਜਦਾ ਹੈ। ਹਾਸ਼ੀਏ ਵਿਚ ਬੈਠੇ ਲੋਕ ਅਤੇ ਉਨ੍ਹਾਂ ਦੇ ਵਿਕਾਸਮੁਖੀ ਨਾਇਕ-ਚਿੰਤਕ ਦੂਹਰੀ ਜ਼ਿੰਮੇਵਾਰੀ ਨਿਭਾਉਂਦੇ ਹਨ। ਇਕ ਪਾਸੇ ਕ੍ਰਾਂਤੀਕਾਰੀ ਨਵੀਨਤਾ ਨੂੰ ਸਾਂਭਦੇ ਹਨ ਅਤੇ ਦੂਜੇ ਪਾਸੇ ਸੰਘਰਸ਼ ਵਿੱਢਦੇ ਹਨ। ਇਹ ਤਣਾਉ ਦੀ ਹਾਲਤ ਹੈ। ਸਿਰਜਣਾ, ਪ੍ਰਤੀਕਰਮ ਤੋਂ ਉਪਜੀ ਸ਼ਿੱਦਤ ਵਿਚੋਂ ਕਈ ਪਰਮ ਜਾਂ ਬ੍ਰਹਮ ਪ੍ਰਤੀਕ ਜਨਮ ਲੈਂਦੇ ਹਨ ਜੋ ਇਕ ਨਵੇਂ ਸਭਿਆਚਾਰ ਦਾ ਮੁਹਾਂਦਰਾ ਸਾਜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਮ/ਬ੍ਰਹਮ ਪ੍ਰਤੀਕ 'ਵਾਹਿਗੁਰੂ' ਹੈ। ਇਹ ਪ੍ਰਤੀਕ ਬ੍ਰਾਹਮਣਵਾਦ ਅਤੇ ਸੁਲਤਾਨੀ ਇਸਲਾਮ ਦੇ ਇਕਸਾਰਵਾਦੀ, ਸ਼ਕਤੀ ਹਥਿਆਉਣ ਵਾਲੇ ਪ੍ਰਤੀਕਾਂ ਦੇ ਬਰਾਬਰ ਸਥਾਪਤ ਕੀਤਾ ਪਰਮ ਪ੍ਰਤੀਕ ਹੈ। ਵਾਹਿਗੁਰੂ ਜੀਵਨ ਦੀ ਬਹੁਲਤਾ ਦੀ ਪੇਸ਼ਕਾਰੀ ਹੈ।

ਪੱਛਮ ਨੇ ਦੋ ਸੰਸਾਰ ਜੰਗਾਂ ਤੋਂ ਪਿਛੋਂ ਆਪਣੇ ਤਰਕ ਅਤੇ ਤਕਨਾਲੋਜੀ ਆਧਾਰਿਤ ਸਭਿਆਚਾਰਾਂ ਦਾ ਵਿਸ਼ਲੇਸ਼ਣ ਕਰਦਿਆਂ ਵਿਸ਼ਾਲ ਜੀਵਨ ਜਾਂ ਬ੍ਰਹਿਮੰਡੀ ਵਰਤਾਰੇ ਵਿਚ ਮੌਜੂਦ ਅਤਰਿਕਤਾ ਜਾਂ ਬਹੁਲਤਾ ਨੂੰ ਲੱਭਿਆ। ਇਸ ਨੂੰ ਮੁੜ ਵਿਆਪਕ ਬਣਾ ਕੇ ਵਿਅਕਤੀ ਅਤੇ ਸਭਿਆਚਾਰ ਦਾ ਨਵ-ਨਿਰਮਾਣ ਕਰਨ ਦਾ ਚਿੰਤਕ ਰਚਿਆ। ਇਸ ਚਿੰਤਨ ਦਾ ਵੱਡਾ ਪ੍ਰਤੀਕ ਤੇ ਫਿਲਾਸਫਰ ਬਾਤਈ ਹੈ। ਉਸ ਦੇ ਚਿੰਤਨ ਪਿੱਛੇ ਫਰਾਇਡੀ, ਨਵ-ਫਰਾਇਡੀ, ਮਾਰਕਸੀ ਚਿੰਤਨ ਵੀ ਕ੍ਰਿਆਵੰਤ ਹਨ। ਅਸੀਂ ਕਾਫ਼ੀ ਸਮਾਂ ਪਹਿਲਾਂ ਵਿਸਮਾਦੀ ਬਹੁਲਤਾ ਦਾ ਅਨੁਭਵ ਅਤੇ ਚੇਤਨਤਾ ਪ੍ਰਕਾਸ਼ਮਾਨ ਕਰ ਚੁੱਕੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਵਿਸਮਾਦੀ ਬਹੁਲਤਾ ਦੀ ਪਰਮ ਅਭਿਵਿਅਕਤੀ ਹੈ।

ਵਿਸਮਾਦੀ ਬਹੁਲਤਾ ਦੇ ਪ੍ਰਕਾਸ਼ਕਾਰਾਂ ਨੇ ਇਸ ਨੂੰ ਕੁੱਲ ਸ੍ਰਿਸ਼ਟੀ ਦੇ ਬੁਨਿਆਦੀ ਮਹਾਂ ਪ੍ਰੇਮ ਭਾਵ ਰਾਹੀਂ ਪ੍ਰਕਾਸ਼ਮਾਨ ਕੀਤਾ। ਵਾਹਿਗੁਰੂ ਇਸ ਮਹਾਂ-ਪ੍ਰੇਮ ਭਾਵ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਤੌਰ 'ਤੇ ਫਰਮਾਇਆ ਹੈ: ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ। ਵਾਹਿਗੁਰੂ ਦੀ ਸਿਰਜਣਾਤਮਕ ਬਹੁਤਲਤਾ ਅਤੇ ਅਨੇਕਤਾ ਤਾਂ ਹੀ ਗ੍ਰਹਿਣ ਕੀਤੀ ਜਾ ਸਕਦੀ ਹੈ ਜੇ ਵਿਅਕਤੀ ਅਤੇ ਸਭਿਆਚਾਰ ਪਹਿਲਾਂ ਪ੍ਰੇਮ ਨਾਲ ਪ੍ਰੇਰਿਤ ਹੋਣ।

ਇਸ ਮਹਾਂ-ਪ੍ਰੇਮ ਭਾਵ ਦਾ ਪ੍ਰਤੀਕ ਵਾਹਿਗੁਰੂ "ਬੇ-ਪ੍ਰਵਾਹ" ਹੈ। ਵਾਹਿਗੁਰੂ ਦੀ ਬੇ-ਪ੍ਰਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਵਾਰ ਦੁਹਰਾਈ ਗਈ ਹੈ। ਇਸ ਬੇ-ਪ੍ਰਵਾਹੀ ਦਾ ਅਰਥ ਤਰਕ ਅਤੇ ਗਿਣਤੀ-ਮਿਣਤੀ ਤੋਂ ਅੱਗੇ ਲੰਘਣਾ ਹੈ। ਜਿਸ ਪਰਮ-ਪ੍ਰਤੀਕ ਦੇ ਮਾਡਲ ਹੋ ਕੇ ਨਵੇਂ ਸਭਿਆਚਾਰ ਦੀ ਸਿਰਜਣਾ ਕਰਨੀ ਹੈ, ਉਸ ਵਿਚ ਉਹ ਸਭ ਵਿਸ਼ੇਸ਼ਤਾਈਆਂ ਹੁੰਦੀਆਂ ਹਨ ਜਿਨ੍ਹਾਂ ਨੇ ਲੋਕਾਂ ਨੂੰ ਨਵੇਂ ਸਿਰਿਉਂ ਸੰਗਠਿਤ ਕਰਦਾ ਹੈ। 'ਵਾਹਿਗੁਰੂ' ਏਕ ਅਤੇ ਅਨੇਕ ਦਾ ਸੰਯੋਗ ਹੈ। ਉਸ ਦੇ ਅਨੇਕਾਂ ਨਾਮ ਹਨ। ਵਾਹਿਗੁਰੂ ਇਕ ਛਤਰੀ ਹੈ ਜਿਸ ਥੱਲੇ ਅਣਗਿਣਤ ਨਾਮ ਕੰਮ ਕਰਦੇ ਹਨ। ਨਿਸ਼ਚੇ ਹੀ ਇਹ ਅਨੇਕਮੁਖੀ, ਅਤਿਅੰਤ ਸੁੰਦਰ ਵਾਹਿਗੁਰੂ ਇਕਸਾਰਵਾਦ ਅਤੇ ਉਸ ਦੇ ਪਰਮ ਪ੍ਰਤੀਕਾਂ ਦਾ ਵਿਰੋਧ ਹੈ। ਇਕ ਨਵੇਂ ਬਹੁ-ਪਾਸਾਰੀ ਯਥਾਰਥ ਦੀ ਸਥਾਪਤੀ ਹੈ। ਪੱਛਮ ਨੇ 'ਰੱਬ' ਨੂੰ ਇਕ ਪਰਮ ਪ੍ਰਤੀਕ ਵਜੋਂ ਸਥਾਪਤ ਕੀਤਾ। ਮੁੱਖ ਤੌਰ 'ਤੇ ਉਸ ਰੱਬ ਦਾ ਚਰਿੱਤਰ ਤਰਕ ਨੂੰ ਮੰਨਿਆ। ਇਸ ਤਰਕ ਨੂੰ 'ਲੋਗੋਸ' ਆਖਿਆ ਗਿਆ ਹੈ। ਪੱਛਮ ਦੀਆਂ ਭਾਸ਼ਾਵਾਂ, ਸੰਸਥਾਵਾਂ, ਚਿੰਨ੍ਹ-ਵਿਧਾਨ ਤਰਕ-ਅਰਥ ਨਾਲ ਭਰ ਦਿੱਤੇ ਗਏ। ਇਸ ਅਨੁਸ਼ਾਸਨ ਅਤੇ ਸੰਸਥਾਵਾਂ ਨੇ ਇਕਸਾਰਵਾਦ ਨੂੰ ਜਨਮ ਦਿੱਤਾ। ਗ਼ੈਰ-ਪੱਛਮੀ ਸੱਭਿਆਚਾਰਾਂ ਦੀ ਸਵੀਕ੍ਰਿਤੀ ਜਾਂ ਅਸਵੀਕ੍ਰਿਤੀ ਇਸ ਤਰਕ ਜਾਂ ਇਸ ਦੇ ਵਿਸਤ੍ਰਿਤ ਅਰਥਾਂ ਰਾਹੀਂ ਹੋਣ ਲੱਗੀ।

ਤਰਕ-ਕੇਂਦਿਰਤ ਪਹੁੰਚ ਨੇ ਜੋ ਊਣਾ ਲਿਆਂਦੀਆਂ ਅਤੇ ਜਿਵੇਂ ਸਾਮਰਾਜੀ ਜਾਂ ਪਰ-ਤੰਤਰੀ ਚਿੰਤਨ ਅਤੇ ਅਭਿਆਸਾਂ ਨੂੰ ਉਭਾਰਿਆ, ਉਸ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਪੱਛਮ ਦੇ ਚਿੰਤਕਾਂ ਨੂੰ ਹੋ ਚੁੱਕਾ ਹੈ। ਇਸ ਹਾਲਤ ਨੂੰ ਬਦਲਣ ਲਈ ਫੈਨਨ, ਹੋਮੀ ਭਾਭਾ, ਐਡਵਰਡ ਸੱਯਦ, ਚਾਰਲਸ ਟੇਲਰ ਆਦਿ ਨੇ ਯਤਨ ਕੀਤੇ ਹਨ।

ਉਪਰ ਦਿੱਤੇ ਮਹਾਂ-ਵਾਕ ਦੇ ਅਰਥ-ਗੌਰਵ ਨੂੰ ਅੱਗੇ ਲਿਜਾਂਦਿਆਂ ਇਹ ਕਹਿ ਸਕਦੇ ਹਾਂ ਕਿ ਹਰ ਸਭਿਆਚਾਰ ਦੀ ਆਪਣੀ ਯਾਤਰਾ ਹੈ। ਦਰਿਆਵਾਂ ਦੇ ਵਿਲੱਖਣ ਵਹਿਣਾਂ ਵਾਂਗ ਸਭਿਆਚਾਰ ਆਪਣਾ ਰਾਹ ਬਣਾਉਂਦਾ ਹੈ। ਆਪਣੇ ਮੂਲ ਨਾਲੋਂ ਟੁੱਟ ਕੇ ਅਥਾਹ ਪਰਾਂ ਜਾਂ ਦੂਜਿਆਂ ਨੂੰ ਮਿਲਦਾ ਹੈ, ਉਨ੍ਹਾਂ ਨਾਲ ਟਕਰਾਉ ਵਿਚ ਵੀ ਆਉਂਦਾ ਹੈ ਪਰ ਅੰਤ ਉਸ ਦਾ ਲਖਸ਼ ਗਲੋਬਲ ਮੇਲ ਹੈ। ਸੰਵਾਦ ਰਚਨਾ ਹੈ ਜਿਸ ਨਾਲ ਸਭਿਆਚਾਰ ਦੀ ਹਸਤੀ ਵੀ ਰਹੇ ਅਤੇ ਉਹ ਦੂਜੇ ਪਰਾਂ ਦੇ ਅਨੁਭਵ ਅਤੇ ਚੇਤਨਤਾਵਾਂ ਨੂੰ ਗ੍ਰਹਿਣ ਕਰ ਕੇ ਆਪਣੇ ਆਪ ਨੂੰ ਅਮੀਰ ਵੀ ਕਰੇ। 'ਮੇਲਾ ਸੰਜੋਗੀ ਰਾਮ', ਗਲੋਬਲ ਬ੍ਰਹਮੰਡੀ ਮੇਲ ਸਮੁੰਦਰ ਵਿਚ ਸ਼ਾਮਲ ਹੋਣਾ ਹੈ। ਕੁੱਲ ਸ੍ਰਿਸ਼ਟੀ ਦੀ ਸਿਰਜਣਾਤਮਕ ਪ੍ਰਕਿਰਿਆ ਦਾ ਹਿੱਸਾ ਬਣਨਾ ਹੈ। ਸਮੁੰਦਰ ਇਕ ਹੈ ਪਰ ਇਸ ਵਿਚ ਅਨੇਕਾਂ ਜਜ਼ੀਰੇ, ਜੀਵ ਜੰਤੂ, ਵਣ ਤ੍ਰਿਣ ਹਨ ਜਿਨ੍ਹਾਂ ਦੀਆਂ ਹਸਤੀਆਂ ਵੀ ਕਾਇਮ ਹਨ। ਸਮੁੰਦਰ ਉਨ੍ਹਾਂ ਨੂੰ ਖੁਰਾਕ ਦਿੰਦਾ ਹੈ। ਕੁਦਰਤ ਪਲਦੀ ਹੈ। ਸਮੁੰਦਰ ਦਾ ਕੋਈ ਕੇਂਦਰ ਨਹੀਂ, ਕੇਵਲ ਅਨੰਤ ਪਾਸਾਰ ਹੈ।

ਵਿਸ਼ੇਸ਼ ਗੱਲ ਇਹ ਹੈ ਕਿ ਜਿਸ ਮਾਰਗ ਰਾਹੀਂ ਨਦੀ ਸਮੁੰਦਰ ਤਕ (ਗਲੋਬਲ ਬ੍ਰਹਿਮੰਡੀ ਅਸਲੀਅਤ) ਪਹੁੰਚਦੀ ਹੈ, ਉਹ ਮਾਰਗ ਵੀ ਮਹੱਤਵਪੂਰਨ ਹੈ। ਉਹ ਮਾਰਗ ਮਿਟਦਾ ਨਹੀਂ। ਮਾਰਗ ਉੱਤੇ ਆਉਣ ਵਾਲੀਆਂ ਅਨੇਕਾਂ ਵਸਤਾਂ ਨਾਲ ਸੰਵਾਦ ਜਾਂ ਟਕਰਾਉ ਹੋਣਾ ਹੈ। ਵਹਾ ਨਾਲ ਚੱਲਣ ਵਾਲੀਆਂ ਹਸਤੀਆਂ ਨਾਲ ਚੱਲ ਪੈਣਗੀਆਂ। ਕਮਜ਼ੋਰ ਅਸਲੀਅਤਾਂ ਹਸਤੀ ਗੁਆ ਲੈਣਗੀਆਂ। ਸਭਿਆਚਾਰ ਦਾ ਇਕ ਮੂਲ ਤੋਂ ਜਨਮ, ਵਿਛੋੜਾ, ਆਪਣੇ ਮਾਰਗ ਉੱਤੇ ਆਏ ਅਸਤਿਤਵਾਂ ਨਾਲ ਸੰਵਾਦ ਜਾਂ ਟਕਰਾਉ ਅਤੇ ਮੁੜ ਮੂਲ ਨਾਲ ਜੁੜਨਾ, ਇਹ ਸਭਿਆਚਾਰ ਦੀ ਯਾਤਰਾ ਹੈ। ਜਦੋਂ ਯਾਤਰਾ ਦੇ ਇੱਥੇ ਦੱਸੇ ਅੰਤਲੇ ਪੜਾਅ ਉੱਤੇ ਮੂਲ ਨਾਲ ਜੋ ਮੇਲ ਹੁੰਦਾ ਹੈ, ਉਹ ਦੁਹਰਾਉ ਨਹੀਂ; ਉਹ ਪੇਚੀਦਾ ਜਾਂ ਅਮੀਰ ਯਾਤਰਾ ਦਾ ਸੰਗ੍ਰਹਿ ਹੈ ਜਿਸ ਨਾਲ ਨਵੀਆਂ ਸੰਭਾਵਨਾਵਾਂ ਦਾ ਪ੍ਰਵੇਸ਼ ਹੁੰਦਾ ਹੈ।

ਅੱਜ ਦੇ ਮਨੋਵਿਗਿਆਨ ਨੇ ਸਾਨੂੰ ਇਹ ਵੀ ਸਿਖਾਇਆ ਹੈ ਕਿ ਸ਼ਬਦ ਜਾਂ ਚਿੰਨ੍ਹ ਆਪਣੇ ਨਾਲ ਮਿਲਦੇ-ਜੁਲਦੇ ਹੋਰਾਂ ਸ਼ਬਦਾਂ ਅਤੇ ਚਿੰਨ੍ਹਾਂ ਨੂੰ ਵੀ ਮਨ ਵਿਚ ਲਿਆਉਂਦੇ ਹਨ। ਨਦੀਆਂ ਦਾ 'ਵਾਹ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸਮਾਦ ਨਾਲ ਜੁੜਿਆ ਸ਼ਬਦ/ਸੰਕਲਪ/ਅਨੁਭਵ 'ਵਾਹੁ' ਮਨ ਵਿਚ ਲਿਆਉਂਦਾ ਹੈ। 'ਵਾਹੁ' ਵਾਹਿਗੁਰੂ ਦੀ ਹੀ ਵਿਸ਼ੇਸ਼ਤਾ ਹੈ। ਇਸ ਦਾ ਸਾਧਾਰਨ ਅਰਥ ਬਹੁਲਤਾ ਤੋਂ ਉੱਚੀ ਅਸਚਰਜਤਾ ਹੈ। ਵਾਹ ਅਤੇ ਵਾਹੁ ਮਿਲ ਕੇ ਚਿੰਤਨ ਅਤੇ ਅਨੁਭਵ ਦੇ ਅਮੀਰੀ ਵਧਾਉਂਦੇ ਹਨ। ਵਾਹ ਨੂੰ ਵਾਹੁ ਦੇ ਪਰਿਪੇਖ ਵਿਚ ਸਮਝਣ ਲਈ ਮਨ ਨੂੰ ਤਿਆਰ ਕਰਦੇ ਹਨ। ਮਨ ਗਿਣਤੀ-ਮਿਣਤੀ ਤੋਂ ਅੱਗੇ ਲੰਘ ਕੇ ਸੰਯੋਗੀ ਬਹੁਲਤਾ ਦਾ ਅਨੁਭਵ/ਚੇਤਨਤਾ ਪ੍ਰਾਪਤ ਕਰਦਾ ਹੈ। 'ਨਦੀਆ ਵਾਹ ਵਿਛੁੰਨਿਆ ਮੇਲ ਸੰਜੋਗੀ ਰਾਮ॥'

# ਨੈਲਸਨ ਮੰਡੇਲਾ ਅਤੇ ਅਧੂਰੇ ਖਵਾਬਾਂ ਦੀ ਵਿਰਾਸਤ

ਬੂਟਾ ਸਿੰਘ
ਫੋਨ: 91-94634-74342

ਸਿਆਹਫਾਮ (ਕਾਲੇ) ਲੋਕਾਂ ਦੀ ਆਜ਼ਾਦੀ ਦਾ ਮਹਾਂਨਾਇਕ ਨੈਲਸਨ ਮੰਡੇਲਾ 95 ਵਰ੍ਹੇ ਲੰਮੀ ਹਯਾਤੀ ਹੰਢਾਅ ਕੇ ਰੁਖ਼ਸਤ ਹੋ ਗਿਆ। ਉਹ ਆਪਣੇ ਪਿਛੇ ਨਸਲੀ ਵਿਤਕਰੇ ਅਤੇ ਹਰ ਤਰ੍ਹਾਂ ਦੀ ਨਾਬਰਾਬਰੀ ਖ਼ਿਲਾਫ਼ ਬਗ਼ਾਵਤ ਦੀ ਸ਼ਾਨਦਾਰ ਇਨਕਲਾਬੀ ਵਿਰਾਸਤ ਦੇ ਨਾਲ-ਨਾਲ ਅਧੂਰੇ ਖ਼ਵਾਬਾਂ ਦੇ ਰੂਪ ਵਿਚ ਉਹ ਪੀੜਾਂ ਛੱਡ ਗਿਆ ਹੈ ਜੋ ਕਾਲੇ ਲੋਕਾਂ ਦੇ ਦਿਲਾਂ ਨੂੰ ਉਦੋਂ ਤਕ ਪਿੰਜਦੀਆਂ ਰਹਿਣਗੀਆਂ ਜਦੋਂ ਤਕ ਉਨ੍ਹਾਂ ਨੂੰ ਸੱਚੇ ਮਾਅਨਿਆਂ 'ਚ ਬਰਾਬਰੀ ਅਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਹਾਸਲ ਨਹੀਂ ਹੋ ਜਾਂਦੀ।

ਮੰਡੇਲਾ ਨੇ ਆਪਣੀ ਸਿਆਸੀ ਜ਼ਿੰਦਗੀ ਦਾ ਆਗਾਜ਼ ਵਿਦਿਆਰਥੀ ਜ਼ਿੰਦਗੀ ਦੌਰਾਨ ਬਸਤੀਵਾਦ ਵਿਰੋਧੀ ਜੱਦੋਜਹਿਦ ਤੋਂ ਕੀਤਾ। ਉਹ 1948 ਦੀ ਸੱਤਾ-ਬਦਲੀ ਵਿਚੋਂ ਪੈਦਾ ਹੋਏ ਨੈਸ਼ਨਲ ਪਾਰਟੀ ਦੇ ਨਸਲਵਾਦੀ ਨਿਜ਼ਾਮ ਵਿਰੁੱਧ, ਕਾਲੇ ਲੋਕਾਂ ਦੇ ਬਰਾਬਰੀ ਲਈ ਸੰਗਰਾਮ ਦਾ ਹਿੱਸਾ ਬਣਿਆ। ਫਿਰ ਨਸਲਵਾਦੀ ਨਿਜ਼ਾਮ ਦੇ ਮੁਕੰਮਲ ਖ਼ਾਤਮੇ ਲਈ ਹਥਿਆਰਬੰਦ ਲੜਾਈ ਦਾ ਨਵਾਂ ਭਵਿੱਖ-ਨਕਸ਼ਾ ਦੇ ਕੇ ਇਤਿਹਾਸਕ ਲੜਾਈ ਦਾ ਮਹਾਂ-ਨਾਇਕ ਬਣ ਕੇ ਉਭਰਿਆ। ਲਹਿਰ ਚਾਹੇ ਸ਼ਾਂਤਮਈ ਸੀ ਜਾਂ ਹਥਿਆਰਬੰਦ, ਇਸ ਦੇ ਆਗੂਆਂ ਨੂੰ ਉਸੇ ਤਰ੍ਹਾਂ 'ਰਾਜ-ਧ੍ਰੋਹ' ਅਤੇ 'ਰਾਜ ਵਿਰੁੱਧ ਜੰਗ ਛੇੜਨ' ਦੇ ਮੁਕੱਦਮਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਵੇਂ ਹੁਣ ਭਾਰਤ ਵਿਚ ਤਬਦੀਲੀਪਸੰਦਾਂ ਨੂੰ ਕਰਨਾ ਪੈ ਰਿਹਾ ਹੈ। ਇਸੇ ਰਾਜਕੀ ਦਸਤੂਰ ਤਹਿਤ ਮੰਡੇਲਾ ਨੂੰ 1962 ਵਿਚ ਗ੍ਰਿਫ਼ਤਾਰ ਕਰ ਕੇ ਇਤਿਹਾਸਕ ਰਿਵੋਨੀਆ ਮੁਕੱਦਮੇ ਵਿਚ ਉਮਰ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਬੰਦ ਕੀਤਾ ਗਿਆ। ਤੱਥ ਦੱਸਦੇ ਹਨ ਕਿ 1962 ਵਿਚ ਮੰਡੇਲਾ ਦੀ ਗ੍ਰਿਫ਼ਤਾਰੀ ਅਮਰੀਕੀ ਸਟੇਟ ਦੇ ਇਸ਼ਾਰੇ 'ਤੇ ਸੀ.ਆਈ.ਏ. ਅਤੇ ਨੈਸ਼ਨਲ ਸਕਿਉਰਿਟੀ ਏਜੰਸੀ ਵਲੋਂ ਮਿਲ ਕੇ ਕੀਤੇ ਖ਼ੁਫ਼ੀਆ ਓਪਰੇਸ਼ਨ ਨੇ ਸੰਭਵ ਬਣਾਈ ਸੀ। (ਅਫ਼ਰੀਕਨ ਨੈਸ਼ਨਲ ਕਾਂਗਰਸ ਅਮਰੀਕੀ ਸਟੇਟ ਵਲੋਂ 'ਦਹਿਸ਼ਤਗਰਦ' ਐਲਾਨੀਆਂ ਜਥੇਬੰਦੀਆਂ ਦੀ ਸੂਚੀ ਵਿਚ ਸ਼ਾਮਲ ਰਹੀ ਹੈ)। ਉਸ ਨੂੰ ਆਪਣੀ ਜ਼ਿੰਦਗੀ ਦੇ 27 ਬਿਹਤਰੀਨ ਵਰ੍ਹੇ ਬੰਦੀਖ਼ਾਨੇ 'ਚ ਗੁਜ਼ਾਰਨੇ ਪਏ। ਕੁਲ ਆਲਮ ਵਿਚ ਉਸ ਦੀ ਰਿਹਾਈ ਲਈ ਲਗਾਤਾਰ ਮੁਹਿੰਮ ਦੇ ਦਬਾਅ ਦੀ ਬਦੌਲਤ 1990 'ਚ ਉਹ ਬਾਹਰ ਆਇਆ।

ਮੰਡੇਲਾ ਦੀ ਅਗਵਾਈ ਹੇਠ ਨਸਲਵਾਦੀ ਡੀ. ਕਲਾਰਕ ਹਕੂਮਤ ਨਾਲ ਨਸਲੀ ਵਿਤਕਰੇ ਦੇ ਖ਼ਾਤਮੇ ਲਈ ਸਿਆਸੀ ਗੱਲਬਾਤ ਦਾ ਲੰਮਾ ਅਮਲ ਚੱਲਿਆ। ਫਿਰ ਸਿਆਸੀ ਸਮਝੌਤੇ ਤਹਿਤ ਕਾਲੇ ਲੋਕਾਂ ਨੂੰ ਵੋਟ ਦਾ ਸਿਆਸੀ ਹੱਕ ਹਾਸਲ ਹੋਇਆ ਅਤੇ ਇਸ 'ਇਨਕਲਾਬ' ਦੇ ਸਿਖ਼ਰ 'ਤੇ 1994 ਦੀਆਂ 'ਬਹੁ-ਨਸਲੀ ਚੋਣਾਂ' ਜ਼ਰੀਏ ਉਹ ਦੱਖਣੀ ਅਫ਼ਰੀਕਾ ਦਾ ਪਹਿਲਾ ਕਾਲਾ ਰਾਸ਼ਟਰਪਤੀ ਬਣਿਆ। ਉਹ ਪੰਜ ਸਾਲ ਇਸ ਅਹੁਦੇ 'ਤੇ ਰਿਹਾ। ਦੁਨੀਆਂ ਭਰ ਵਿਚ ਉਸ ਨੂੰ ਨੋਬੇਲ ਸ਼ਾਂਤੀ ਇਨਾਮ ਸਮੇਤ 250 ਤੋਂ ਉਪਰ ਇਨਾਮਾਂ-ਸਨਮਾਨਾਂ ਨਾਲ ਨਵਾਜਿਆ ਗਿਆ। ਇਨਾਮਾਂ-ਸਨਮਾਨਾਂ ਦੀ ਬਖ਼ਸ਼ਿਸ਼ ਕਰਨ ਵਿਚ ਦੁਨੀਆਂ ਦੀਆਂ ਉਹ ਸਾਰੀਆਂ ਰਿਆਸਤਾਂ ਵੀ ਸ਼ਾਮਲ ਸਨ ਜਿਹੜੀਆਂ ਕਾਲੇ ਲੋਕਾਂ ਉੱਪਰ ਨਸਲੀ ਦਾਬੇ ਵਾਲੇ ਘੋਰ ਅਣਮਨੁੱਖੀ ਨਿਜ਼ਾਮ ਨੂੰ ਸਲਾਮਤ ਰੱਖਣ 'ਚ ਹੱਥ ਵਟਾਉਂਦੀਆਂ ਰਹੀਆਂ ਸਨ। ਇਹ ਉਸ ਨੂੰ 'ਮਾਰਕਸਵਾਦੀ ਦਹਿਸ਼ਤਗਰਦ' ਆਖ ਕੇ ਭੰਡਦੀਆਂ ਵੀ ਰਹੀਆਂ ਸਨ। ਸਿਰਫ਼ 1992 'ਚ ਤੁਰਕੀ ਦੀ ਹਕੂਮਤ ਵਲੋਂ ਪੇਸ਼ ਸ਼ਾਂਤੀ ਇਨਾਮ ਨੂੰ ਮਨੁੱਖੀ ਹੱਕਾਂ ਦੇ ਘਾਣ ਦੀ ਵਜ੍ਹਾ ਨਾਲ ਆਰਜ਼ੀ ਤੌਰ 'ਤੇ ਨਾਮਨਜ਼ੂਰ ਕਰਨਾ ਹੀ ਸ਼ਾਇਦ ਇਕੋ-ਇਕ ਮਿਸਾਲ ਸੀ ਜਿਸ ਨੂੰ ਮੰਡੇਲਾ ਨੇ ਨਹੀਂ ਸੀ ਸਵੀਕਾਰਿਆ। 1999 ਵਿਚ ਉਸ ਨੇ ਇਹ ਸਨਮਾਨ ਵੀ ਲੈ ਲਿਆ। ਅਮਰੀਕਾ ਦਾ 'ਪ੍ਰੈਜ਼ੀਡੈਂਸ਼ੀਅਲ ਮੈਡਲ ਆਫ਼ ਫਰੀਡਮ', ਭਾਰਤ ਦਾ 'ਭਾਰਤ ਰਤਨ', ਪਾਕਿਸਤਾਨ ਦਾ 'ਨਿਸ਼ਾਨ-ਏ-ਪਾਕਿਸਤਾਨ', ਇੰਡੋਨੇਸ਼ੀਆ ਦੇ ਬੁੱਚੜ ਜਰਨਲ ਸੁਹਾਰਤੋ ਤੋਂ 10 ਮਿਲੀਅਨ ਡਾਲਰ ਦੀ ਨਗ਼ਦ 'ਸਹਾਇਤਾ' ਸਮੇਤ ਹਰ ਜੰਗਬਾਜ਼, ਜਰਵਾਣੇ ਅਤੇ ਧੱਕੜ ਨਿਜ਼ਾਮ ਵਲੋਂ ਪੇਸ਼ ਸਨਮਾਨ ਉਸ ਨੇ ਕਬੂਲਿਆ। ਅੱਜ ਅਮਰੀਕਾ ਤੋਂ ਲੈ ਕੇ ਭਾਰਤ ਤਕ, ਦੂਹਰੇ ਮਿਆਰਾਂ ਵਾਲੀ ਹਰ ਰਿਆਸਤ ਦੇ ਮੁਖੀ ਮੰਡੇਲਾ ਦੇ ਕਸੀਦੇ ਪੜ੍ਹ ਰਹੇ ਹਨ ਅਤੇ 'ਕੌਮੀ ਮਾਤਮ' ਮਨਾ ਰਹੇ ਹਨ। ਇਹ ਹੈਰਤ-ਅੰਗੇਜ਼ ਨਹੀਂ ਕਿ ਉਸ ਦੇ ਨਾਂ 'ਤੇ ਜਾਰੀ ਯੂ.ਐੱਨ.ਓ. ਦਾ ਛੇ ਕਰੋੜ ਡਾਲਰ ਦਾ ਫੰਡ ਦੁਨੀਆਂ ਭਰ 'ਚ ਜੁਝਾਰੂ ਲੋਕਾਂ ਨਾਲ ਨਜਿੱਠਣ ਲਈ ਵਰਤਿਆ ਜਾ ਰਿਹਾ ਹੈ?



ਦਰਅਸਲ, ਮੰਡੇਲਾ ਦੀ ਰਿਹਾਈ ਦੇ ਪਿਛੋਕੜ ਵਿਚ ਇਕ ਹੋਰ ਅਮਲ ਵੀ ਕਾਰਜਸ਼ੀਲ ਸੀ। ਮੰਡੇਲਾ ਦੇ ਜਾਨਸ਼ੀਨ ਅਫ਼ਰੀਕਨ ਨੈਸ਼ਨਲ ਕਾਂਗਰਸ (ਏ.ਐੱਨ.ਸੀ.) ਦੇ ਮੁਖੀ ਥਾਬੋ ਮਬੇਕੀ ਨਾਲ ਰਲ ਕੇ ਆਲਮੀ ਕਾਰਪੋਰੇਟ ਸਰਮਾਏਦਾਰੀ ਨੇ ਇਸ ਸ਼ਾਨਾਮੱਤੀ ਲਹਿਰ ਨੂੰ ਅਗਵਾ ਕਰ ਲਿਆ ਸੀ। ਫਿਰ ਇਸ ਨੂੰ ਆਪਣੇ ਕਾਰਪੋਰੇਟ ਏਜੰਡੇ ਦੇ ਅਨੁਸਾਰ ਇੰਝ ਢਾਲਿਆ ਕਿ ਪੂਰੀ ਪਾਰਟੀ ਵਿਚ ਕਿਸੇ ਦੇ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਉਨ੍ਹਾਂ ਨਾਲ ਕਦੇ ਇਉਂ ਵੀ ਹੋ ਸਕਦਾ ਹੈ! ਕਾਲੇ ਅਫ਼ਰੀਕਨ ਤਾਂ ਆਪਣੇ ਰਾਹਨੁਮਾ ਦੇ ਉਸ ਪੈਗ਼ਾਮ ਦੀ ਭਾਵਨਾ ਨੂੰ ਹਕੀਕਤ ਮੰਨ ਕੇ ਨਸਲਵਾਦੀ ਨਿਜ਼ਾਮ ਨੂੰ ਆਖਰੀ ਸੱਟ ਮਾਰਨ ਦੀ ਤਿਆਰੀ ਵਿਚ ਜੁੱਟੇ ਹੋਏ ਸਨ ਜੋ ਉਸ ਨੇ ਜਨਵਰੀ 1990 ਵਿਚ ਜੇਲ੍ਹ ਵਿਚੋਂ ਭੇਜਿਆ ਸੀ। ਪਾਰਟੀ ਵਿਚ ਚੱਲ ਰਹੀ ਬਹਿਸ ਬਾਰੇ ਭੇਜੇ ਗਏ ਸਵਾਲ ਦੇ ਜਵਾਬ ਵਿਚ ਉਸ ਨੇ ਆਪਣੇ ਆਰਥਿਕ ਪੋਗਰਾਮ ਉਪਰ ਅਡੋਲ ਰਹਿਣ ਦਾ ਸਪਸ਼ਟ ਅਹਿਦ ਮੁੜ ਦੁਹਰਾਇਆ ਸੀ: "ਖਾਣਾਂ, ਬੈਂਕਾਂ ਅਤੇ ਅਜਾਰੇਦਾਰੀ ਵਾਲੀਆਂ ਸਨਅਤਾਂ ਦਾ ਕੌਮੀਕਰਨ ਏ.ਐੱਨ.ਸੀ. ਦੀ ਨੀਤੀ ਹੈ। ਇਸ ਬਾਰੇ ਸਾਡੇ ਵਿਚਾਰ ਬਦਲਣ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ।"

ਪਰ ਡੀ. ਕਲਾਰਕ ਹਕੂਮਤ ਨਾਲ ਏ.ਐੱਨ.ਸੀ. ਦੇ ਮੁੱਖ ਰਾਜਸੀ ਏਜੰਡੇ ਉੱਪਰ ਗੱਲਬਾਤ ਦੇ ਅਖ਼ੀਰ 'ਚ ਜੋ ਠੋਸ ਨਤੀਜਾ ਸਾਹਮਣੇ ਆਇਆ, ਉਹ ਇਸ ਤੋਂ ਵੱਖਰੀ ਤਰ੍ਹਾਂ ਦਾ ਸੀ। ਕੁਝ ਆਗੂਆਂ ਨੂੰ ਛੱਡ ਕੇ ਕਿਸੇ ਨੂੰ ਮਬੇਕੀ ਦੀ ਗੁਪਤ ਕਾਰਪੋਰੇਟ ਯੋਜਨਾ ਦੀ ਭਿਣਕ ਤਕ ਨਹੀਂ ਸੀ। ਮਬੇਕੀ ਨੇ ਮੰਡੇਲਾ ਨੂੰ ਪੁਰਾਣੀ ਖੱਬੀ ਵਿਰਾਸਤ ਛੱਡਣ ਲਈ ਰਜ਼ਾਮੰਦ ਕਰ ਲਿਆ। ਸਮਝੌਤੇ ਵਿਚ ਏ.ਐੱਨ.ਸੀ. ਦੀ ਨਸਲਵਾਦੀ ਸਟੇਟ ਨੂੰ ਖ਼ਤਮ ਕਰਨ ਅਤੇ ਕਾਲੇ ਲੋਕਾਂ ਨੂੰ ਬਰਾਬਰ ਸਿਆਸੀ ਹੱਕ ਦੇਣ ਦੀ ਮੰਗ ਤਾਂ ਤਸਲੀਮ ਕਰ ਲਈ ਗਈ ਸੀ ਜੋ ਆਪਣੇ ਆਪ ਵਿਚ ਬਹੁਤ ਵੱਡੀ ਇਤਿਹਾਸਕ ਪ੍ਰਾਪਤੀ ਸੀ, ਪਰ ਕਾਲੇ ਅਫ਼ਰੀਕਨਾਂ ਦੀਆਂ ਰਾਜਸੀ ਰੀਝਾਂ ਅਤੇ ਭਾਵਨਾਵਾਂ ਦੀ ਨੁਮਾਇੰਦਗੀ ਕਰਦੇ ਇਤਿਹਾਸਕ ਆਜ਼ਾਦੀ ਚਾਰਟਰ ਵਿਚਲੇ ਆਰਥਿਕ ਪ੍ਰੋਗਰਾਮ ਨੂੰ ਤਿਲਾਂਜਲੀ ਦੇ ਦਿੱਤੀ ਗਈ। ਆਜ਼ਾਦੀ ਚਾਰਟਰ ਦੇ ਇਸ ਅਨਿੱਖੜ ਹਿੱਸੇ ਨੇ ਕਾਲੇ ਲੋਕਾਂ ਨੂੰ ਸੰਤਾਪੀ ਹੋਈ ਜ਼ਿੰਦਗੀ 'ਚੋਂ ਕੱਢ ਕੇ ਸੱਚੀ ਬੰਦ-ਖ਼ਲਾਸੀ ਦੀ ਬੁਨਿਆਦ ਬਣਨਾ ਸੀ; ਕਿਉਂਕਿ ਆਰਥਿਕਤਾ ਉੱਪਰ ਗੋਰੇ ਅਫ਼ਰੀਕਨਾਂ ਅਤੇ ਚਿੱਟੀ ਚਮੜੀ ਵਾਲੀਆਂ ਸਰਮਾਏਦਾਰ ਤਾਕਤਾਂ ਦਾ ਗ਼ਲਬਾ ਸੀ ਅਤੇ ਕਾਲਿਆਂ ਨੂੰ ਜਾਇਦਾਦ ਰੱਖਣ ਜਾਂ ਬਣਾਉਣ ਦਾ ਹੱਕ ਵੀ ਨਹੀਂ ਸੀ। ਇਸ ਦੇ ਮੱਦੇਨਜ਼ਰ ਏ.ਐੱਨ.ਸੀ. ਵਲੋਂ ਆਜ਼ਾਦੀ ਚਾਰਟਰ ਵਿਚ ਬੈਂਕਾਂ, ਖਾਣਾਂ, ਸਨਅਤਾਂ ਆਦਿ ਦੇ ਕੌਮੀਕਰਨ ਅਤੇ ਜ਼ਮੀਨ ਦੀ ਮੁੜ ਵੰਡ ਵਰਗੇ ਬੁਨਿਆਦੀ ਆਰਥਿਕ ਸੁਧਾਰਾਂ ਨੂੰ ਆਪਣੇ ਆਰਥਿਕ ਪ੍ਰੋਗਰਾਮ ਦਾ ਧੁਰਾ ਬਣਾਇਆ ਗਿਆ ਸੀ। ਮੰਡੇਲਾ ਵਲੋਂ ਜੇਲ੍ਹ ਵਿਚੋਂ ਭੇਜੇ ਪੈਗ਼ਾਮ ਦੀ ਮੂਲ ਭਾਵਨਾ ਨੂੰ ਸਿਆਸੀ ਸਮਝੌਤੇ ਵਕਤ ਦਰ-ਕਿਨਾਰ ਕਰ ਦਿੱਤਾ ਗਿਆ। ਬਕੌਲ ਮੰਡੇਲਾ "ਨੈਸ਼ਨਲ ਪਾਰਟੀ ਸਾਡੀ ਰਜ਼ਾਮੰਦੀ ਨਾਲ ਗੋਰਿਆਂ ਦੀ ਸਰਵੋਤਮ ਹੈਸੀਅਤ ਨੂੰ ਬਰਕਰਾਰ ਰੱਖਣ ਦੀ ਵਾਹ ਲਾ ਰਹੀ ਸੀ"।

ਲਿਹਾਜ਼ਾ, 1994 ਦੀਆਂ ਚੋਣਾਂ ਸਮੇਂ ਕਾਲੇ ਅਫ਼ਰੀਕਨਾਂ ਵਲੋਂ ਵੋਟ ਦੇ ਸਿਆਸੀ ਹੱਕ ਦੇ ਇਸਤੇਮਾਲ ਨਾਲ ਓੜਕ ਕਾਲਾ ਪਤਵੰਤਾ ਵਰਗ ਸੱਤਾ 'ਚ ਆ ਗਿਆ ਪਰ ਅਵਾਮ ਦੀ ਸੰਤਾਪੀ ਹਾਲਤ ਵਿਚ ਕੋਈ ਫ਼ਰਕ ਪੈਣ ਵਾਲਾ ਨਹੀਂ ਸੀ। ਜਦੋਂ ਏ.ਐੱਨ.ਸੀ. ਦੇ ਆਗੂ ਸੰਸਦ ਉਪਰ ਕਬਜ਼ਾ ਯਕੀਨੀ ਬਣਾਉਣ ਦੇ ਯਤਨਾਂ ਵਿਚ ਮਸਰੂਫ਼ ਸਨ, ਉਸ ਵਕਤ ਨਸਲਵਾਦੀ ਜੁੰਡਲੀ ਆਰਥਿਕਤਾ ਨੂੰ ਵੱਧ ਤੋਂ ਵੱਧ ਜੱਫਾ ਮਾਰ ਰਹੀ ਸੀ। ਸਮਝੌਤੇ ਵਿਚ 'ਨਿੱਜੀ ਜਾਇਦਾਦ ਦੀ ਹਿਫ਼ਾਜ਼ਤ' ਦੀ ਮੱਦ ਸ਼ਾਮਲ ਕਰਾ ਲਈ ਗਈ। ਆਰਥਿਕਤਾ ਦੇ ਹਰ ਖੇਤਰ ਨੂੰ ਆਲਮੀ ਕਾਰਪੋਰੇਟ ਏਜੰਡੇ ਅਨੁਸਾਰ ਵਿਉਂਤ ਕੇ ਹਰ ਅਹਿਮ ਆਰਥਿਕ ਸਰਗਰਮੀ ਉਪਰ ਨਸਲਵਾਦੀ ਨਿਜ਼ਾਮ ਦੇ ਵਫ਼ਾਦਾਰ, ਮੁੜ ਕਾਬਜ਼ ਹੋ ਗਏ। ਕੇਂਦਰੀ ਬੈਂਕ ਦਾ ਮੁਖੀ ਹੁਣ ਵੀ ਕ੍ਰਿਸ ਸਟਾਲਸ ਸੀ ਅਤੇ ਗੋਰਾ ਦੈਰਕ ਕੀਜ਼ ਵਿੱਤ ਮੰਤਰੀ ਸੀ। ਪਹਿਲੇ ਨਸਲਵਾਦੀ ਨਿਜ਼ਾਮ ਵਿਚ ਉਹੀ ਇਨ੍ਹਾਂ ਅਹੁਦਿਆਂ ਉੱਪਰ ਸਨ। ਸਿਰਫ਼ ਨਸਲੀ ਵਿਤਕਰੇ ਨੂੰ ਖ਼ਤਮ ਕਰਨ ਨੂੰ ਸਹਿਮਤੀ ਦਿੱਤੀ ਗਈ ਸੀ, ਕਾਲਿਆਂ ਦੀ ਕੀਮਤ 'ਤੇ ਉਸਰੇ ਧੜਵੈਲ ਕਾਰੋਬਾਰਾਂ ਨੂੰ ਕੋਈ ਆਂਚ ਨਹੀਂ ਆਈ ਸੀ। ਦੌਲਤ ਦੀ ਮੁੜ-ਵੰਡ ਦੀ ਬਜਾਏ ਨਸਲਵਾਦੀ ਹਕੂਮਤ ਦੀਆਂ ਕੁਲ ਦੇਣਦਾਰੀਆਂ ਅਤੇ ਕਰਜ਼ੇ ਮੰਡੇਲਾ ਹਕੂਮਤ ਦੇ ਗਲ ਮੜ੍ਹ ਦਿੱਤੇ ਗਏ। ਸਮਝੌਤੇ ਵਕਤ ਤਾਂ ਇਹ ਕਹਿ ਕੇ ਆਗੂਆਂ ਨੇ ਮਨ ਨੂੰ ਧਰਵਾਸ ਦੇ ਲਿਆ ਕਿ ਕੁਝ ਨਾ ਕੁਝ ਛੱਡ-ਛਡਾਅ ਤਾਂ ਕਰਨਾ ਹੀ ਪੈਂਦਾ ਹੈ ਪਰ ਪੈਰਾਂ ਨੂੰ ਪਾਏ ਜੂੜ ਦਾ ਅਹਿਸਾਸ ਉਨ੍ਹਾਂ ਨੂੰ ਉਦੋਂ ਹੋਇਆ ਜਦੋਂ ਉਨ੍ਹਾਂ ਨੇ ਸਮਾਜ ਭਲਾਈ ਯੋਜਨਾਵਾਂ ਨੂੰ ਅਮਲ ਵਿਚ ਲਿਆਉਣਾ ਚਾਹਿਆ। ਉਦੋਂ ਉਹ ਕੋਈ ਵੀ ਕਦਮ ਚੁੱਕਣ ਦੀ ਹਾਲਤ ਵਿਚ ਨਹੀਂ ਸਨ। ਪੁਰਾਣੇ ਨਸਲਵਾਦ ਵਿਰੋਧੀ ਘੁਲਾਟੀਏ ਰਸੂਲ ਸਨਾਈਮਨ ਦੇ ਲਫ਼ਜ਼ਾਂ ਵਿਚ "ਉਨ੍ਹਾਂ ਨੇ ਸਾਨੂੰ ਕਦੇ ਵੀ ਮੁਕਤ ਨਹੀਂ ਕੀਤਾ। ਬੱਸ, ਸਾਡੇ ਗਲ ਤੋਂ ਸੰਗਲ ਲਾਹ ਕੇ ਗਿੱਟਿਆਂ ਨੂੰ ਪਾ ਦਿੱਤਾ ਸੀ।"

ਪੰਜ ਸਾਲ ਰਾਸ਼ਟਰਪਤੀ ਰਹਿ ਕੇ ਨੈਲਸਨ ਮੰਡੇਲਾ ਨੇ ਸਰਗਰਮ ਸਿਆਸਤ ਤੋਂ ਕਿਨਾਰਾ

## ਦੇਸ-ਪਰਦੇਸ

ਕਰ ਲਿਆ। ਸ਼ਾਇਦ ਆਪਣੀ ਨਿਸੱਤੇਪਣ ਦੀ ਹਾਲਤ ਉਸ ਨੇ ਸਮਝ ਲਈ ਸੀ। ਆਜ਼ਾਦੀ ਅਤੇ ਬਰਾਬਰੀ ਦਾ ਪ੍ਰਤੀਕ ਜਾਂਬਾਜ਼, ਪਾਲਤੂ ਸ਼ੇਰ ਬਣ ਕੇ ਰਹਿ ਗਿਆ। ਹੁਣ ਉਹ ਬੱਸ ਕੋਸੋਵੋ, ਇਰਾਕ ਆਦਿ ਮੁਲਕਾਂ ਉੱਪਰ ਅਮਰੀਕੀ ਸਟੇਟ ਦੀ ਬਦਮਾਸ਼ੀ ਅਤੇ ਧਾੜਵੀ ਹਮਲਿਆਂ ਦੀ ਨਿਖੇਧੀ ਕਰਨ ਜੋਗਾ ਰਹਿ ਗਿਆ ਸੀ। 'ਵਾਲ ਸਟਰੀਟ ਜਰਨਲ' ਨੇ ਲਿਖਿਆ: "ਭਾਵੇਂ ਏ.ਐੱਨ.ਸੀ. ਅਜੇ ਵੀ ਮਜ਼ਬੂਤ ਖੱਬੇਪੱਖੀ ਜਥੇਬੰਦੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਮੰਡੇਲਾ ਦੀ ਸੁਰ ਸਮਾਜਵਾਦੀ ਇਨਕਲਾਬੀ ਨਾਲੋਂ ਮਾਰਗਰੇਟ ਥੈਚਰ ਨਾਲ ਵੱਧ ਮਿਲਦੀ ਹੈ। ਕਦੇ ਉਸ ਨੂੰ ਸਮਾਜਵਾਦੀ ਇਨਕਲਾਬੀ ਹੀ ਮੰਨਿਆ ਜਾਂਦਾ ਸੀ"।

ਏ.ਐੱਨ.ਸੀ. ਦਾ ਰਾਜ ਕਾਲੇ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਬਿਹਤਰੀ ਨਹੀਂ ਲਿਆ ਸਕਿਆ। 'ਸੱਚ ਅਤੇ ਨਿਪਟਾਰਾ ਕਮਿਸ਼ਨ' ਨਸਲਵਾਦੀ ਦੌਰ ਦੇ ਜ਼ੁਲਮਾਂ ਨੂੰ ਪ੍ਰਭਾਵਸ਼ਾਲੀ ਰੂਪ 'ਚ ਮੁਖ਼ਾਤਬ ਹੋਣ ਵਿਚ ਨਾਕਾਮ ਰਿਹਾ। ਨਵਾਂ ਨਿਜ਼ਾਮ ਏਡਜ਼ ਦੀ ਲਪੇਟ ਵਿਚ ਆਏ ਅਵਾਮ ਨੂੰ ਰਾਹਤ ਵੀ ਨਾ ਦਿਵਾ ਸਕਿਆ। 2006 ਵਿਚ ਵੀ 70 ਫ਼ੀ ਸਦੀ ਜ਼ਮੀਨ ਉੱਪਰ ਗੋਰਿਆਂ ਦੀ ਅਜਾਰੇਦਾਰੀ ਸੀ ਜਿਨ੍ਹਾਂ ਦੀ ਅਬਾਦੀ ਮਹਿਜ਼ 10 ਫ਼ੀ ਸਦੀ ਹੈ। 'ਜਮਹੂਰੀਅਤ' ਦੇ ਪਹਿਲੇ ਦਹਾਕੇ ਵਿਚ 10 ਲੱਖ ਕਾਲਿਆਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕੀਤਾ ਗਿਆ। ਜੌਹਨਸਬਰਗ ਸਟਾਕ ਐਕਸਚੇਂਜ ਵਿਚ ਰਜਿਸਟਰਡ ਕੰਪਨੀਆਂ ਦੇ ਮਹਿਜ਼ 4 ਫ਼ੀ ਸਦੀ ਹਿੱਸੇ ਦੇ ਮਾਲਕ ਕਾਲੇ ਲੋਕ ਸਨ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਅਤੇ ਬੇਘਰਿਆਂ ਨੂੰ ਘਰ ਦੇਣ ਦੀ ਸਮੱਸਿਆ ਅਣ-ਸੁਲਝੀ ਪਈ ਹੈ। ਉਲਟਾ ਬੇਰੁਜ਼ਗਾਰੀ 23 ਫ਼ੀ ਸਦੀ ਤੋਂ 48 ਫ਼ੀ ਸਦੀ ਹੋ ਗਈ। 18 ਲੱਖ ਲੋਕਾਂ ਨੂੰ ਘਰ ਬਣਾ ਕੇ ਦਿੱਤੇ ਗਏ ਪਰ ਇਸੇ ਦੌਰਾਨ 20 ਲੱਖ ਲੋਕ ਘਰਾਂ ਤੋਂ ਵਾਂਝੇ ਹੋਏ।

ਦੱਖਣੀ ਅਫ਼ਰੀਕੀ ਸਮਾਜ ਵਿਚ ਭਾਰੀ ਬੇਚੈਨੀ ਹੈ ਜਿਸ ਦਾ ਇਜ਼ਹਾਰ ਕਾਲਿਆਂ ਦੇ ਹਕੂਮਤ ਵਿਰੁੱਧ ਸੰਘਰਸ਼ਾਂ ਦੇ ਰੂਪ 'ਚ ਹੋ ਰਿਹਾ ਹੈ। ਸਤੰਬਰ 2012 ਵਿਚ ਮਾਰੀਕਾਨਾ ਵਿਚ ਪੁਲਿਸ ਵਲੋਂ ਪਲੈਟੀਨਮ ਖਾਣ ਦੇ 34 ਹੜਤਾਲੀ ਮਜ਼ਦੂਰਾਂ ਦਾ ਕਤਲੇਆਮ ਨਸਲਵਾਦੀ ਦੌਰ ਦੇ ਸ਼ਾਰਪਵਿਲੇ ਅਤੇ ਸਵੇਟੋ ਕਤਲੇਆਮ ਤੋਂ ਕਿਸੇ ਵੀ ਤਰ੍ਹਾਂ ਵੱਖਰਾ ਨਹੀਂ ਸੀ। ਜਿਸ ਰਾਜਸੀ ਬਦਲਾਅ ਵਿਚ ਆਰਥਿਕ ਅਤੇ ਸਮਾਜੀ ਕਾਇਆਕਲਪ ਸ਼ਾਮਲ ਨਹੀਂ, ਉਸ ਦਾ ਹਸ਼ਰ ਇਹੀ ਹੁੰਦਾ ਹੈ। ਮੰਡੇਲਾ ਦੀ ਨਸਲਵਾਦ ਵਿਰੁੱਧ ਸ਼ਾਨਾਮੱਤੇ ਸੰਗਰਾਮ ਦੀ ਅਮਿੱਟ ਵਿਰਾਸਤ ਹੈ ਪਰ ਉਨਾ ਹੀ ਮੂੰਹ-ਜ਼ੋਰ ਹੈ ਉਸ ਦੇ ਅਧੂਰੇ ਇਨਕਲਾਬ ਦਾ ਸੱਚ। ਅਲਵਿਦਾ ਨੈਲਸਨ ਮੰਡੇਲਾ!

# ਰਣ ਖੇਤਰ ਦਾ ਸੂਹਾ ਫੁੱਲ ਨੈਲਸਨ ਮੰਡੇਲਾ

ਹਰਜਿੰਦਰ ਦੁਸਾਂਝ
ਫੋਨ: 530-301-1753

ਸਤਾਈ ਵਰ੍ਹੇ ਜੇਲ੍ਹ ਵਿਚ ਬਿਤਾਉਣ ਵਾਲੇ ਨੈਲਸਨ ਮੰਡੇਲਾ ਦਾ ਜਨਮ ਦੱਖਣੀ ਅਫ਼ਰੀਕਾ ਦੇ ਪੂਰਵੀ ਕੇਪ ਸੂਬੇ ਦੇ ਟਰਾਂਸਕੀ ਇਲਾਕੇ ਵਿਚ ਸ਼ਬਾਸ਼ਾ ਦਰਿਆ ਦੇ ਕੰਢੇ ਵਸੇ ਪਿੰਡ ਮਵੀਜ਼ੋ ਵਿਚ 1918 ਨੂੰ ਹੋਇਆ ਸੀ। ਸਹੋਸਾ ਬੋਲੀ ਬੋਲਣ ਵਾਲੇ ਥਿੰਬੂ ਕਬੀਲੇ ਦੇ ਲੋਕ, ਮੰਡੇਲਾ ਦੇ ਜਨਮ ਵੇਲੇ ਇਸ ਪਿੰਡ ਵਿਚ ਨੰਗੇ ਪੈਰੀਂ ਤੁਰੇ ਫਿਰਦੇ ਸਨ ਤੇ ਕੱਚੀਆਂ ਝੁੱਗੀਆਂ ਵਿਚ ਰਹਿੰਦੇ ਸਨ। ਅਜਿਹੀ ਇਕ ਝੁੱਗੀ ਵਿਚ ਜਨਮੇ ਮੰਡੇਲਾ ਦਾ ਜਮਾਂਦਰੂ ਨਾਂ ਰੋਲੀਲਾਹਾਲਾ ਮੰਡੇਲਾ ਰੱਖਿਆ ਗਿਆ। ਜਦ ਯੂਨਾਈਟਿਡ ਮੈਥੋਡਿਸਟ ਚਰਚ ਨੇ ਉਸ ਨੂੰ ਚਰਚ ਨਾਲ ਜੋੜਿਆ ਤਾਂ ਉਸ ਈਸਾਈ ਰੀਤ ਤਹਿਤ ਇਕ ਅਧਿਆਪਕ ਨੇ ਉਸ ਨੂੰ ਨੈਲਸਨ ਮੰਡੇਲਾ ਦਾ ਨਾਂ ਦਿੱਤਾ।

ਨੈਲਸਨ ਮੰਡੇਲਾ ਦਾ ਬਾਪ ਆਪਣੇ ਕਬੀਲੇ ਦੇ ਸਰਦਾਰ ਦਾ ਸਲਾਹਕਾਰ ਸੀ ਤੇ ਬਹੁਤ ਜ਼ਹੀਨ ਸੀ ਪਰ ਉਹ ਨੈਲਸਨ ਨੂੰ ਨੌਂ ਸਾਲ ਉਮਰ ਵਿਚ ਹੀ ਪਿਉ ਬਾਹਰਾ ਕਰ ਗਿਆ। ਬਾਪ ਦੀ ਮੌਤ ਤੋਂ ਬਾਅਦ ਕਬੀਲੇ ਦੇ ਸਰਦਾਰ ਨੇ ਉਸ ਨੂੰ ਗੋਦ ਲੈ ਲਿਆ। ਫਿਰ ਸਰਦਾਰ ਉਸ ਨੈਲਸਨ ਨੂੰ ਆਪਣੇ ਨਾਲ ਸੂਬੇ ਦੀ ਰਾਜਧਾਨੀ ਕੱਨੂੰ ਲੈ ਗਿਆ। ਕਬੀਲੇ ਦੇ ਲੋਕ ਭਾਵੇਂ ਪਸ਼ੂਆਂ ਨਾਲ ਪਸ਼ੂ ਬਣੇ ਕੇ ਰਹਿ ਰਹੇ ਸਨ ਪਰ ਇਨ੍ਹਾਂ ਦਾ ਸਰਦਾਰ ਪੂਰੇ ਜਲੌਅ ਨਾਲ ਰਹਿੰਦਾ ਸੀ। ਉਥੇ ਹਰ ਸਹੂਲਤ ਸੌਖਿਆਂ ਹੀ ਹਾਸਲ ਹੋ ਰਹੀ ਸੀ। ਉਥੇ ਹੀ ਨੈਲਸਨ ਨੇ ਵੈਸਲੀ ਮਿਸ਼ਨ ਸਕੂਲ ਵਿਚ ਅੰਗਰੇਜ਼ੀ ਸਿੱਖੀ ਤੇ ਹਾਈ ਸਕੂਲ ਪਾਸ ਕੀਤਾ। ਉਹ ਵਧੀਆ ਅਥਲੀਟ ਸੀ ਪਰ ਉਹ ਇਸ ਪਾਸੇ ਨਾ ਪਿਆ। ਹਾਈ ਸਕੂਲ ਕਰਦਿਆਂ ਉਸ ਨੂੰ ਆਪਣੇ ਲੋਕਾਂ ਦੀ ਮੁਕਤੀ ਦੀ ਦੌੜ ਦਿੱਸਣ ਲਗ ਪਈ ਸੀ। ਬਾਅਦ ਵਿਚ ਉਸ ਨੇ ਉਥੋਂ ਦੀ ਫੋਰਟ ਹੇਅਰ ਅਤੇ ਵਿਟਵਾਟਰ ਯੂਨੀਵਰਸਿਟੀਆਂ ਤੋਂ ਕਾਨੂੰਨ ਵਿੱਦਿਆ ਹਾਸਲ ਕੀਤੀ। ਲਾਅ ਡਿਗਰੀ ਦੇ ਮਗਰਲੇ ਸਾਲ ਵਿਚੋਂ ਜਦੋਂ ਉਸ ਦੇ ਕਬੀਲੇ ਨੇ ਉਸ ਦਾ ਵਿਆਹ ਕਬੀਲੇ ਦੀ ਹੀ ਇਕ ਕੁੜੀ ਨਾਲ ਕਰਨਾ ਚਾਹਿਆ ਤਾਂ ਉਹ ਦੇਸ਼ ਦੀ ਰਾਜਧਾਨੀ ਜੌਹਨਸਬਰਗ ਦੌੜ ਗਿਆ। ਉਥੇ ਉਸ ਦਾ ਮੇਲ ਆਜ਼ਾਦੀ ਦੇ ਪ੍ਰਵਾਨਿਆਂ ਨਾਲ ਹੋਇਆ ਅਤੇ 1943 ਵਿਚ ਉਹ ਅਫ਼ਰੀਕਨ ਨੈਸ਼ਨਲ ਕਾਂਗਰਸ ਵਿਚ ਸ਼ਾਮਲ ਹੋ ਗਿਆ। ਛੇਤੀ ਹੀ ਉਹ ਪਹਿਲੀ ਕਤਾਰ ਦੇ ਨੇਤਾਵਾਂ ਵਿਚ ਜਾ ਖੜ੍ਹਾ ਹੋਇਆ।

ਨੈਲਸਨ ਆਪਣੀ ਸਵੈ-ਜੀਵਨੀ 'ਲੌਂਗ ਵਾਕ ਟੂ ਫਰੀਡਮ' ਵਿਚ ਲਿਖਦਾ ਹੈ ਕਿ ਸ਼ੁਰੂ ਵਿਚ ਉਹ ਭਾਰਤੀ ਨੇਤਾ ਮਹਾਤਮਾ ਗਾਂਧੀ ਤੋਂ ਪ੍ਰਭਾਵਿਤ ਸੀ ਤੇ ਸ਼ਾਂਤਮਈ ਸੰਘਰਸ਼ ਦਾ ਮੁਦੱਈ ਸੀ। ਉਸ ਵਕਤ ਉਮਰ ਦੇ ਤਕਾਜ਼ੇ ਮੁਤਾਬਕ ਹੋਸ਼ ਨਾਲੋਂ ਜੋਸ਼ ਵੱਧ ਭਾਰੂ ਸੀ। 1956 ਵਿਚ ਨੈਲਸਨ ਮੰਡੇਲਾ ਅਤੇ ਪਾਰਟੀ ਦੇ 155 ਹੋਰ ਮੈਂਬਰਾਂ ਨੇ ਸ਼ਾਂਤੀ ਦਾ ਰਾਹ ਛੱਡ ਕੇ ਸਰਕਾਰ ਨਾਲ ਹਥਿਆਰਬੰਦ ਗੁਰੀਲਾ ਜੰਗ ਲੜਨ ਦਾ ਐਲਾਨ ਕਰ ਦਿੱਤਾ। ਇਹ ਸਾਰੇ ਮੈਂਬਰ ਗੁਪਤਵਾਸ ਹੋ ਗਏ ਤੇ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਘੱਟ-ਗਿਣਤੀ ਨਸਲਪ੍ਰਸਤ ਗੋਰੀ ਸਰਕਾਰ ਨੇ ਇਨ੍ਹਾਂ ਨੂੰ ਅਤਿਵਾਦੀ ਐਲਾਨ ਦਿੱਤਾ। 1962 ਵਿਚ ਨੈਲਸਨ ਪੁਲਿਸ ਦੇ ਅੜਿੱਕੇ ਆ ਗਿਆ ਅਤੇ ਉਸ ਉਤੇ ਦੇਸ਼ ਧ੍ਰੋਹ, ਰਾਜ ਪਲਟੇ ਅਤੇ ਕਤਲੋ-ਗਾਰਤ ਦੇ ਮੁਕੱਦਮੇ ਚੱਲੇ। ਨੈਲਸਨ ਅਤੇ ਉਸ ਦੇ ਸੱਤ ਸਾਥੀਆਂ ਨੂੰ ਉਮਰ ਕੈਦ ਦੀ ਸ਼ਜ਼ਾ ਸੁਣਾਈ। ਇਨ੍ਹਾਂ ਮੁਕੱਦਮਿਆਂ ਦੀ ਸੁਣਾਈ ਦੌਰਾਨ ਹੀ ਉਸ ਦੀ ਸੋਚ ਵਿਚ ਪਰਪੱਕਤਾ ਆਈ ਤੇ ਇਕ ਵਾਰ ਫਿਰ ਤਿੱਖਾ ਮੋੜ ਆਇਆ। ਉਸ ਨੂੰ ਅਹਿਸਾਸ ਹੋਣ ਲੱਗਾ ਕਿ ਹਥਿਆਰਬੰਦ ਸੰਘਰਸ਼ ਰਾਹੀਂ ਉਹ ਕਦੇ ਵੀ ਆਪਣਾ ਮਿਸ਼ਨ ਪੂਰਾ ਨਹੀਂ ਕਰ ਸਕੇਗਾ। ਉਸ ਨੇ ਜਮਹੂਰੀ ਢੰਗ ਨਾਲ ਸ਼ਾਂਤਮਈ ਅੰਦੋਲਨ ਦਾ ਨਾਹਰਾ ਦਿੱਤਾ।

ਨੈਲਸਨ ਦਾ ਵਿਆਹ ਉਸ ਦੀ ਜਥੇਬੰਦਕ ਐਵਨਿਲ ਮੈਸੀ ਨਾਲ ਹੋਇਆ ਪਰ ਛੇਤੀ ਹੀ ਟੁੱਟ ਗਿਆ। ਉਸ ਨੇ 1958 ਵਿਚ ਗੁਪਤਵਾਸ ਦੌਰਾਨ ਜਥੇਬੰਦੀ ਦੀ ਇਕ ਹੋਰ ਕਾਰਕੁਨ ਵਿੰਨੀ ਵੂਮ (ਮੰਡੇਲਾ) ਨਾਲ ਵਿਆਹ ਕਰਵਾਇਆ। ਮੰਡੇਲਾ ਨੇ ਜੇਲ੍ਹ ਵਿਚੋਂ 27 ਸਾਲ, ਪਤਨੀ ਵਿੰਨੀ ਮੰਡੇਲਾ ਅਤੇ ਵਕੀਲ ਦੋਸਤ ਓਲੀਵਰ ਟਿੰਬੋ ਦੀ ਮਦਦ ਨਾਲ ਸੰਘਰਸ਼ ਚਲਾਇਆ। ਉਸ ਨੇ ਭਾਵੇਂ ਮਰਨ-ਮਾਰਨ ਦਾ ਰਾਹ ਛੱਡ ਦਿੱਤਾ ਸੀ ਪਰ ਉਸ ਦੇ ਕੁਝ ਸਾਥੀ ਹਥਿਆਰਬੰਦ ਸੰਘਰਸ਼ ਵਿਚ ਯਕੀਨ ਰੱਖਦੇ ਸਨ। ਉਂਝ, ਉਸ ਨੇ ਸ਼ਾਂਤਮਈ ਲਾਮਬੰਦੀ ਜਾਰੀ ਰੱਖੀ। ਫਿਰ ਕੌਮਾਂਤਰੀ ਦਬਾਅ ਅੱਗੇ ਝੁਕਦੇ ਹੋਏ ਦੱਖਣੀ ਅਫਰੀਕਾ ਦੇ ਤੱਤਕਾਲੀ ਰਾਸ਼ਟਰਪਤੀ ਫਰੈਡਰਿਕ ਡੀ. ਕਲਾਰਕ ਨੇ ਮੰਡੇਲਾ ਅਤੇ ਉਸ ਦੇ ਸਾਥੀਆਂ ਨਾਲ 1989 ਦੇ ਮਗਰਲੇ ਮਹੀਨਿਆਂ ਵਿਚ ਗੱਲਬਾਤ ਆਰੰਭੀ ਅਤੇ ਗੱਲਬਾਤ ਸਿਰੇ ਲੱਗਣ ਪਿੱਛੋਂ ਮੰਡੇਲਾ ਨੂੰ ਰਿਹਾਅ ਕਰ ਦਿੱਤਾ। ਰਾਜਸੀ ਤਬਦੀਲੀ ਲਈ ਹਾਲਾਤ ਤੇ ਸਮਾਂ ਸਾਜ਼ਗਾਰ ਕਰਨ ਲਈ ਚਾਰ ਸਾਲ ਦਾ ਸਮਾਂ ਮਿਥਿਆ ਗਿਆ।

ਜੇਲ੍ਹ ਤੋਂ ਬਾਹਰ ਆ ਕੇ ਮੰਡੇਲਾ ਨੇ ਸੁਨੇਹਾ ਦਿੱਤਾ ਕਿ ਨਫ਼ਰਤ ਨਾਲ ਨਫ਼ਰਤ ਖ਼ਤਮ ਨਹੀਂ ਹੋ ਸਕਦੀ। ਸਥਾਈ ਸ਼ਾਂਤੀ ਲਈ ਦੁਸ਼ਮਣ ਨਾਲ ਗੱਲਬਾਤ ਦੇ ਰਾਹ ਖੁੱਲ੍ਹੇ ਰੱਖੋ। ਉਸ ਦੀਆਂ ਅਜਿਹੀਆਂ ਤਕਰੀਰਾਂ ਨੇ ਦੱਖਣੀ ਅਫ਼ਰੀਕਾ ਵਿਚ ਬਿਨਾਂ ਕਿਸੇ ਖ਼ੂਨ-ਖਰਾਬੇ ਦੇ ਨਸਲੀ ਵਿਤਕਰਾ ਖ਼ਤਮ ਕਰਵਾ ਲਿਆ। 1993 ਵਿਚ ਰਾਸ਼ਟਰਪਤੀ ਫਰੈਡਰਿਕ ਅਤੇ ਮੰਡੇਲਾ ਨੂੰ ਸਾਂਝੇ ਤੌਰ 'ਤੇ ਨੋਬੇਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ।

ਇਸੇ ਦੌਰਾਨ ਮੰਡੇਲਾ ਦਾ ਆਪਣੀ ਪਤਨੀ ਵਿੰਨੀ ਨਾਲ ਤਲਾਕ ਹੋ ਗਿਆ। ਦੋਹਾਂ ਵਿਚਕਾਰ ਤਬਦੀਲੀ ਦੀ ਇਸ ਪ੍ਰਕਿਰਿਆ ਕਾਰਨ ਮਤਭੇਦ ਉਭਰ ਆਏ ਸਨ। ਵਿੰਨੀ ਦਾ ਯਕੀਨ ਸੀ ਕਿ ਇਸ ਪ੍ਰਕਿਰਿਆ ਨਾਲ ਲੋਕਾਂ ਦੀ ਮੁਕੰਮਲ ਮੁਕਤੀ ਨਹੀਂ ਹੋਣੀ। ਉਹ ਮੁੜ ਹਥਿਆਰਬੰਦ ਸੰਘਰਸ਼ ਦੇ ਹੱਕ ਵਿਚ ਸੀ। 1994 ਵਿਚ ਮੰਡੇਲਾ ਦੇਸ਼ ਦੇ ਪਹਿਲਾ ਸਿਆਹਫਾਮ (ਕਾਲਾ) ਰਾਸ਼ਟਰਪਤੀ ਚੁਣਿਆ ਗਿਆ। ਇਕ ਪਾਰੀ ਪੂਰੀ ਕਰ ਕੇ ਉਸ ਨੇ ਦੇਸ਼ ਦੀ ਸਰਗਰਮ ਸਿਆਸਤ ਤੋਂ ਸੰਨਿਆਸ ਲੈ ਲਿਆ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਅਤੇ ਹੋਰ ਅਜਿਹੇ ਮਸਲਿਆਂ ਲਈ ਕੰਮ ਕਰਨ ਲੱਗੇ।

ਸੰਘਰਸ਼ ਵਿਚ ਪਾਏ ਯੋਗਦਾਨ ਬਦਲੇ ਮੰਡੇਲਾ ਸ਼ਾਇਦ ਕੌਮਾਂਤਰੀ ਸਿਆਸੀ ਸੰਤ ਵਜੋਂ ਜਾਣਿਆ ਜਾਂਦਾ ਰਿਹਾ ਜਾਵੇਗਾ। ਨਾ ਅਜੇ ਰਾਤ ਮੁੱਕੀ ਹੈ, ਨਾ ਮੰਡੇਲਾ ਵਾਲੀ ਬਾਤ ਮੁੱਕੀ ਹੈ ਤੇ ਨਾ ਹੀ ਸੁਪਨੇ ਹਕੀਕਤ ਦੇ ਰੰਗ ਵਿਚ ਰੰਗੇ ਗਏ ਹਨ। ਸੰਘਰਸ਼ ਜਾਰੀ ਹੈ। ਉਸ ਦੇ ਸੰਘਰਸ਼ ਵਿਚ ਵੱਧ ਸਾਥ ਕਮਿਊਨਿਸਟ ਧਿਰਾਂ ਨੇ ਦਿੱਤਾ। ਸ਼ਾਇਦ ਇਸੇ ਕਰ ਕੇ ਰਿਹਾਅ ਹੋ ਕੇ ਸਭ ਤੋਂ ਪਹਿਲਾਂ ਉਹ ਕਿਊਬਾ ਗਿਆ ਸੀ।

# ਮਰ ਜਾਣੇ ਜਿਉਣ ਜੋਗੇ

***ਕਾਨਾ ਸਿੰਘ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਰਸਦਾਰ, ਸੁਘੜ, ਚੁਸਤ, ਤੇ ਨਾਲ ਹੀ ਨੱਚ-ਨੱਚ ਫਾਵੀ ਹੁੰਦੀ। ਰਚਨਾ 'ਚ ਲੋਹੜੇ ਦੀ ਰਵਾਨੀ...। ਉਹਦੀ ਨਸਰ ਦਾ ਇਕ ਰੰਗ 'ਮਰ ਜਾਣੇ ਜਿਉਣ ਜੋਗੇ' ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਉਹਦੀ ਨਸਰ ਦੀ ਕਿਤਾਬ 'ਚਿਤ ਚੇਤਾ' ਹੁਣੇ-ਹੁਣੇ ਛਪੀ ਹੈ। -ਸੰਪਾਦਕ***

ਕਾਂਵਾਂ ਨਾਲ ਮੇਰਾ ਬਚਪਨ ਤੋਂ ਹੀ ਵੈਰ ਸੀ ਜਿਸ ਦਾ ਮੁੱਖ ਕਾਰਨ ਸੀ ਉਨ੍ਹਾਂ ਦਾ ਕਾਲਾ ਰੰਗ। ਕਾਲੇ ਜਾਂ ਪੱਕੇ ਰੰਗ ਦੇ ਬਾਲਕਾਂ ਨੂੰ ਕਾਲੂ, ਕਾਲਾ, ਕਲੂਆ ਆਦਿ ਵਿਸ਼ੇਸ਼ਣਾਂ ਨਾਲ ਪੁਕਾਰਨਾ ਆਮ ਜਿਹੀ ਗੱਲ ਸੀ। ਮੈਥੋਂ ਸੱਤ ਸਾਲ ਵੱਡਾ ਪਾਲੀ ਵੀਰ ਸੀਗਾ ਤਾਂ ਸੁਨੱਖਾ ਤੇ ਸਭ ਦਾ ਚਹੇਤਾ ਵੀ ਪਰ ਉਸ ਨੂੰ ਕਾਲਾ, ਮੁਸੱਲੀ, ਮਰਾਸੀ ਜਾਂ ਮੁਸ਼ਕੀ ਕਰ ਕੇ ਵੀ ਛੇੜਿਆ ਜਾਂਦਾ ਸੀ। ਉਸ ਤੋਂ ਦੋ ਸਾਲ ਨਿੱਕਾ ਵੀਰ ਭਗਤੀ, ਗੋਰਾ ਸੀ। ਉਸ ਨੂੰ ਕੌਡਾ (ਕੌਡੀ ਵਰਗਾ ਗੋਰਾ), ਕੱਕਾ, ਗੋਗਲੂ ਤੇ ਸਾਹਿਬ ਕਰ ਕੇ ਬੁਲਾਇਆ ਜਾਂਦਾ। ਪਿਤਾ ਜੀ ਸਰਘੀ ਵੇਲੇ ਉਠਦਿਆਂ ਹੀ ਮੈਨੂੰ ਸੁੱਤੀ ਹੋਈ ਨੂੰ ਚੁੱਕ ਕੇ ਪਾਲੀ ਵੀਰ ਨਾਲ ਪਾ ਦਿੰਦੇ ਤੇ ਮੈਂ ਅੱਖ ਖੁਲ੍ਹਦਿਆਂ ਹੀ ਅੱਡੀਆਂ ਰਗੜ ਪਿੱਟਣਾ ਪਾ ਬਹਿੰਦੀ ਕਿ ਮੈਨੂੰ



**ਕਾਨਾ ਸਿੰਘ**
ਫੋਨ: 91-95019-44944

ਪਾਲੀ ਵੀਰ ਕੋਲ ਕਿਉਂ ਪਾ ਦਿੱਤਾ, ਮੈਂ ਕਾਲੀ ਹੋ ਜਾਵਾਂਗੀ।

'ਬੂ ਪਾਲੀ ਕਾਲਾ, ਭੱਤੀ ਗੋਰਾ ਗੋਲ ਮੋਲ ਚਿੱਟਾ ਦੁੱਧ ਮੇਰੇ ਜਿਹਾ' ਪੇਟ ਉਤੇ ਹੱਥ ਫੇਰ ਫੇਰ ਕੇ ਮੇਰੇ ਇੰਜ ਦੁਹਰਾਉਣ ਉਤੇ ਸਭ ਹੱਸਦੇ ਤੇ ਉਨ੍ਹਾਂ ਦੇ ਹੱਸਣ ਦਾ ਅਨੰਦ ਮਾਣਦੀ ਮੈਂ ਹੋਰ ਅਲਾਪ ਕਰਦੀ।

ਵੱਡਿਆਂ ਦੇ ਸਹਿਜ-ਸੁਭਾਅ ਨਿਕਲੇ ਸ਼ਬਦ ਬਾਲਕਾਂ ਲਈ ਇਲਾਹੀ ਬਾਣੀ ਹੁੰਦੇ ਹਨ।

'ਕਾਂ ਕਰਾੜ ਕੁੱਤੇ ਦਾ, ਵਸਾਹ ਨਾ ਖਾਈਏ ਸੁੱਤੇ ਦਾ'

ਬੇਜੀ ਦੇ ਅਕਸਰ ਉਚਾਰੇ ਇਸ ਅਖਾਣ ਵਿਚੋਂ ਮੈਂ ਆਪਣੇ ਮਤਲਬ ਦਾ ਇੰਨਾ ਹੀ ਅਰਥ ਕੱਢਦੀ ਸੀ ਕਿ ਕਾਂ ਖਤਰਨਾਕ ਜੀਵ ਹੈ, ਉਸ ਉਤੇ ਕਦੇ ਭਰੋਸਾ ਨਹੀਂ ਕਰਨਾ ਚਾਹੀਦਾ।

ਬਨੇਰੇ ਉਤੇ ਬੈਠੇ ਕਾਂ ਦੀ ਲਗਾਤਾਰ ਕਕਿਆਣ ਤੋਂ ਮਾਂ ਵੀ ਕਈ ਵੇਰਾਂ ਡਾਢੀ ਕਾਹਲੀ ਪੈਂਦੀ ਤੇ 'ਰੱਬਾ ਖੈਰ-ਸਵੱਲੀ ਖ਼ਬਰ ਦੇਈਂ' ਆਖਦੀ 'ਸ਼ੀ ਸ਼ੀ' ਕਰ ਕੇ ਕਾਂ ਨੂੰ ਉਡਾਣ ਦੀ ਕਰਦੀ। ਮਾਂ ਦਾ ਤੌਖਲਾ ਮੈਨੂੰ ਅਸੁਰੱਖਿਅਤ ਕਰਦਾ ਤੇ ਕਾਂ ਮੈਨੂੰ ਹੋਰ ਵੀ ਭੈੜਾ ਲਗਦਾ।

ਮੱਝਾਂ ਗਾਂਵਾਂ ਦੇ ਜ਼ਖ਼ਮਾਂ ਵਿਚ ਜਦੋਂ ਕਾਂਵਾਂ ਨੂੰ ਠੂੰਗੇ ਮਾਰਦਿਆਂ ਵੇਖਦੀ, ਤਾਂ ਬੜੀ ਦੁਖੀ ਹੁੰਦੀ ਤੇ 'ਕਾਂ ਕਾਣੇ ਮੋਏ ਮਰ ਜਾਣੇ' ਆਖਦੀ ਬੁੜ-ਬੁੜ ਕਰਦੀ ਆਪਣਾ ਕਲੇਜਾ ਠਾਰਦੀ।

ਕਾਂ ਦੇ ਕਾਣੇ ਹੋਣ ਦੀ ਕਥਾ ਮੈਂ ਮਾਂ ਦੇ ਘਰ ਦੇ ਕੰਮਾਂ ਵਿਚ ਮਦਦਗਾਰ ਮਾਸੀ ਰਾਮ ਪਿਆਰੀ ਤੋਂ ਸੁਣੀ ਹੋਈ ਸੀ। ਉਹ ਦੱਸਦੀ ਸੀ ਕਿ ਬਨਵਾਸ ਦੌਰਾਨ ਜੰਗਲ ਵਿਚ ਸੁੱਤੀ ਪਈ ਸੀਤਾ ਜੀ ਦੇ ਜ਼ਖ਼ਮੀ ਅੰਗੂਠੇ ਵਿਚ ਕਾਂ ਨੂੰ ਠੂੰਗੇ ਮਾਰਦੇ ਵੇਖ ਕੇ ਸ੍ਰੀ ਰਾਮਚੰਦਰ ਜੀ ਨੇ ਉਸ ਨੂੰ ਸਦਾ ਲਈ ਕਾਣੇ ਹੋ ਜਾਣ ਦਾ ਸਰਾਪ ਦੇ ਦਿੱਤਾ ਸੀ। ਇਸੇ ਕਰਕੇ ਕਾਂ ਇਕ ਵੇਰਾਂ ਕੇਵਲ ਇਕੋ ਅੱਖ ਨਾਲ ਵੇਖ ਸਕਦਾ ਹੈ। ਸੁਭਾਅ ਦੀ ਕਾਹਲੀ ਤੇ ਤ੍ਰਿੱਖੀ ਹੋਣ ਕਾਰਨ ਮੇਰੇ ਪੈਰ ਅਕਸਰ ਫਟੇ ਰਹਿੰਦੇ, ਜ਼ਖ਼ਮੋ-ਜ਼ਖ਼ਮ, ਤੇ ਸੱਟ ਲਗਦਿਆਂ ਹੀ ਮੇਰੇ ਅੰਦਰ ਦੀ ਸੀਤਾ ਸਹਿਮ ਜਾਂਦੀ ਕਿ ਕਿਤੇ ਕੋਈ ਕਾਂ ਠੂੰਗਾ ਹੀ ਨਾ ਮਾਰ ਦੇਵੇ। ਉਦੋਂ ਦੀ ਮੇਰੀ ਸਮਝ ਅਨੁਸਾਰ ਜ਼ਖ਼ਮਾਂ 'ਚ ਠੂੰਗੇ ਮਾਰਨਾ ਕਾਂਵਾਂ ਦੀ ਫ਼ਿਤਰਤ ਸੀ।

ਸਾਡੀ ਗਲੀ ਦੇ ਅੰਤ ਵਿਚ ਹੀ ਸੀ ਮਾਈ ਕਾਕੀ ਦਾ ਗੁਰਦੁਆਰਾ। ਲੰਮਾ ਗੇਰੂਆ ਚੋਲਾ ਪਾਈ, ਗਲ ਵਿਚ ਰੁਦਰਾਕਸ਼ ਦੀ ਮਾਲਾ, ਖੁਲ੍ਹੇ ਘੁੰਗਰਾਲੇ ਕੇਸ ਤੇ ਪੈਰਾਂ ਵਿਚ ਲੱਕੜ ਦੀਆਂ ਖੜਾਵਾਂ। ਖੁਲ੍ਹ-ਮ-ਖੁਲ੍ਹੇ ਵਿਹੜੇ ਵਿਚ ਇਕਲੌਤੇ ਪਿੱਪਲ ਦੇ ਰੁੱਖ ਵਾਲੇ ਇਸ ਗੁਰਦੁਆਰੇ ਵਿਚ ਕੱਲ-ਮ-ਕੱਲੀ ਹੀ ਰਹਿੰਦੀ ਸੀ ਮਾਈ ਕਾਕੀ। ਲਿਸ਼ਲਿਸ਼ ਕਰਦੇ ਚਿੱਟੇ ਦੰਦਾਂ ਵਿਚ ਇਕ ਸੱਜਾ ਸੋਨ-ਦੰਦ, ਡਾਢੇ ਸੂਹੇ ਗੱਲ੍ਹਾਂ ਵਿਚ ਡੂੰਘੇ ਟੋਏ ਸਦਾ ਮੁਸਕਰਾਂਦੇ ਤੇ ਮਾਈ ਕਾਕੀ ਦੀਆਂ ਮਮਤਾ ਦੀਆਂ ਸੁਆਵਾਂ ਸੁੱਟਦੀਆਂ ਅੱਖਾਂ-ਰਿਸ਼ਮਾਂ ਨਾਲ ਖੇਡਦੇ ਤੇ ਇਕਮਿਕ ਹੁੰਦੇ ਮੇਰੇ ਸੱਠ ਸਾਲਾਂ ਦੇ ਚੇਤੇ ਵਿਚ ਕੱਲ੍ਹ ਨਹੀਂ, ਅੱਜ ਤੇ ਹੁਣ ਵਾਂਗ ਟਿਕੇ ਹੋਏ ਹਨ। ਦੌੜਾਂ ਲਗਾਂਦੇ, ਛੱਪਣ ਛੋਤ ਖੇਡਦੇ, ਕਾਠ-ਕਠੌਊਆਂ ਜਾਂ ਕੋਕਲੇ ਵਾਹੁੰਦੇ ਅਸੀਂ ਬਾਲਕ ਜਾ ਵੜਦੇ ਮਾਈ ਕਾਕੀ ਦੇ ਗੁਰਦੁਆਰੇ। ਜੇ ਖੇਡ ਨਾ ਰਹੇ ਹੁੰਦੇ ਤਾਂ ਪਾਣੀ ਪੀਣ ਜਾਂ ਮੱਥਾ ਟੇਕਣ ਦੇ ਬਹਾਨੇ ਹੀ ਚਲੇ ਜਾਂਦੇ ਤੇ ਜਿੰਨੀ ਵੇਰਾਂ ਜਾਂਦੇ, ਉਨੀ ਵੇਰਾਂ ਹੀ ਹਸੂੰ-ਹਸੂੰ ਕਰਦੀ ਸਾਨੂੰ ਫੁੱਲੀਆਂ, ਪਤਾਸੇ ਜਾਂ ਮਖਾਣਿਆਂ ਦਾ ਪ੍ਰਸ਼ਾਦ ਦਿੰਦੀ ਅਤੇ ਸਡੇ ਸਿਰਾਂ ਉਤੇ ਹੱਥ ਫੇਰਦੀ ਮਾਈ ਕਾਕੀ। ਲਫ਼ਜ਼ ਉਹਦੇ ਕੋਈ ਯਾਦ ਨਹੀਂ। ਬਸ ਸਿਮਰਨ ਵਿਚ ਫਰਕਦੇ ਹੋਂਠ ਤੇ ਸ਼ਾਂਤ ਨਿਰਮਲ ਪ੍ਰਭਾਵ, ਖੇੜੇ ਦਾ ਅਵਤਾਰ ਸੀ ਮਾਈ ਕਾਕੀ।

ਕਈ ਵਾਰੀ ਰੁੱਖ ਉਤੇ ਅਛੋਪਲੇ ਹੀ ਚੜ੍ਹ ਕੇ ਕਿੰਨੀ-ਕਿੰਨੀ ਦੇਰ ਬੈਠੀ ਮੈਂ ਮਾਈ ਕਾਕੀ ਨੂੰ ਨਿਹਾਰਦੀ ਰਹਿੰਦੀ। ਖੂਹ ਲਾਗੇ ਠੰਡੀ-ਠੰਡੀ ਛਾਂ ਵਿਚ ਉਹ ਕੀੜੀਆਂ ਨੂੰ ਆਟਾ ਤੇ ਸ਼ੱਕਰ ਪਾਂਦੀ ਤੇ ਚਿੜੀਆਂ ਕਬੂਤਰਾਂ ਨੂੰ ਬਾਜਰਾ। ਚੀਂ-ਚੀਂ ਦਾ ਰਾਗ ਅਲਾਪਦੀਆਂ ਚਿੜੀਆਂ ਉਸ ਦੇ ਅੱਗੇ-ਪਿੱਛੇ ਫੁਦਕਦੀਆਂ। ਉਸ ਦੇ ਸਿਰ ਦੁਆਲੇ ਮੰਡਲਾਂਦੀਆਂ। ਉਹਦੇ ਮੋਢਿਆਂ 'ਤੇ ਬਹਿ-ਬਹਿ, ਫੁਰ-ਫੁਰ ਕਰ ਕੇ ਉਸ ਦੇ ਮੂੰਹ-ਮੱਥੇ ਉਤੇ ਚੁੰਝਾਂ ਮਾਰਦੀਆਂ, ਮਾਨੋ ਉਸ ਨੂੰ ਚੁੰਮ ਰਹੀਆਂ ਹੋਣ।

'ਵੱਡੀ ਹੋ ਕੇ ਮੈਂ ਵੀ ਮਾਈ ਕਾਕੀ ਬਣਾਂਗੀ', ਮੇਰੇ ਬਚਪਨ ਦਾ ਸੁਪਨਾ ਸੀ।

ਉਧਰ ਮਾਈ ਕਾਕੀ ਦਰਬਾਰ ਸਾਹਿਬ ਦੀ ਤਾਬਿਆ ਵਿਚ ਬੈਠੀ ਪਾਠ ਵਿਚ ਮਗਨ ਹੁੰਦੀ ਤੇ ਇਧਰ ਮੈਂ ਘੁਗੂ-ਘੋੜੇ ਵੇਚਣ ਵਾਲੀਆਂ ਤੀਵੀਆਂ ਕੋਲੋਂ ਆਟੇ ਦੀ ਪੜੋਪੀ ਬਦਲੇ ਖਰੀਦੇ ਹੋਏ ਖਿਡੌਣਿਆਂ ਵਿਚੋਂ ਮਿੱਟੀ ਦਾ ਡੋਲਚੂ ਲੰਮੀ ਡੋਰ ਨਾਲ ਬੰਨ੍ਹ ਕੇ ਮਾਈ ਕਾਕੀ ਦੇ ਖੂਹ ਵਿਚ ਲਮਕਾਅ-ਲਮਕਾਅ ਕੇ ਲੰਮੀ ਹੇਕ ਨਾਲ ਗਾਉਂਦੀ, ਘੁਟ-ਘੁਟ ਪਾਣੀ ਭਰਦੀ ਤੇ ਪੀਂਦੀ ਰਹਿੰਦੀ। ਠੁਮਕ-ਠੁਮਕ ਚਿੜੀਆਂ, ਤੋਤੇ ਤੇ ਕਾਲੇ ਚਿੱਟੇ ਚਿਤਰ ਮੋਤਰੇ (ਪੋਠੋਹਾਰ ਵਿਚ ਚਿਤਕਬਰੇ ਕਬੂਤਰ ਹੀ ਹੁੰਦੇ ਸਨ। ਸਲੇਟੀ ਕਬੂਤਰ ਅਸਾਂ ਪੂਰਬੀ ਪੰਜਾਬ ਵਿਚ ਹੀ ਆ ਕੇ ਤੱਕੇ) ਅਤੇ ਕੋਈ ਕੋਈ ਝਾਂਜਰਦਾਰ ਕਬੂਤਰ ਵੀ ਚੋਗਾ ਚੁਗਦੇ, ਨਾਲੋ-ਨਾਲ ਤਾਲ ਦਿੰਦੇ। ਉਨ੍ਹਾਂ ਦਾ ਸਾਥ ਤੇ ਸੰਗੀਤ ਮਾਣ-ਮਾਣ ਖੀਵੀ ਹੋ ਰਹੀ ਹੁੰਦੀ ਦਾ ਸਾਰਾ ਉਲਹਾਸ ਉਦੋਂ ਖੇਰੂੰ-ਖੇਰੂੰ ਹੋ ਜਾਂਦਾ ਜਦੋਂ ਕਿਸੇ ਚਿੜੀ ਦੇ ਆਲ੍ਹਣੇ ਵਿਚੋਂ ਕੋਈ ਕਾਂ ਆਂਡਾ ਜਾਂ ਬੋਟ ਲੈ ਉਡਦਾ। ਉਦੋਂ ਚੀਂ-ਚੀਂ ਕਰਦੀਆਂ ਚਿੜੀਆਂ ਦੀ ਚਿਚਲਾਹਟ ਤੋਂ ਮੈਂ ਅਜਿਹੀ ਵਿਆਕੁਲ ਹੁੰਦੀ ਕਿ ਸ਼ੀ-ਸ਼ੀ ਕਰ ਕੇ ਕਾਂ ਉਡਾਉਂਦੀ ਦੇ ਹੱਥੋਂ ਡੋਰ ਛੁੱਟ ਜਾਂਦੀ ਤੇ ਡੋਲਚੂ ਸਿੱਧਾ ਖੂਹ ਵਿਚ ਜਾ ਡਿੱਗਦਾ।

'ਕਾਂ ਕਾਣੇ ਮੋਏ ਮਰ ਜਾਣੇ, ਕਾਂ ਕਾਣੇ ਮੋਏ ਮਰ ਜਾਣੇ, ਕਾਂ ਕਾਣੇ...' ਨਫ਼ਰਤ ਨਾਲ ਪੈਰ ਪਟੱਦੀ ਮੈਂ ਕੂਕ ਉਠਦੀ। ਇਹ ਨਫ਼ਰਤ ਮੇਰੇ ਨਾਲ ਹੀ ਵਧਦੀ-ਵਧਦੀ ਦਿਲੀ ਵਿਚ ਜੁਆਨ ਹੋਈ ਅਤੇ ਮੁੰਬਈ ਵਿਚ ਵਿਆਹੀ ਵੀ ਗਈ। ਹੁਣ ਅਸੀਂ ਦੋਵੇਂ ਸਾਂ, ਬੰਬਈ ਦੀ ਪੱਛਮ-ਅੰਧੇਰੀ ਦੀ ਬਸਤੀ ਸੱਤ-ਬੰਗਲੇ ਦੇ ਸਾਗਰ ਤਟ ਉਤੇ, ਵਰਸੋਵਾ ਬੀਚ ਨਾਲ ਲਗਦੇ ਗਵਾਲੀਅਰ ਪੈਲੇਸ ਵਿਚ-ਨਫ਼ਰਤ ਤੇ ਮੈਂ, ਮੈਂ ਤੇ ਨਫ਼ਰਤ।

ਉਥੇ ਤਾਂ ਕਾਂ ਹੀ ਕਾਂ ਸਨ। ਗਵਾਲੀਅਰ ਮਹੱਲ ਉਤੇ ਮੰਡਲਾਂਦੇ। ਸਾਗਰ ਦੇ ਕੰਢੇ ਕਲੋਲ ਕਰਦੇ। ਡੁਬਕੀਆਂ ਮਾਰ ਮਾਰ ਕੇਕੜਿਆਂ, ਮੱਛੀਆਂ ਤੇ ਝੀਂਗਿਆਂ ਦਾ ਸ਼ਿਕਾਰ ਕਰਦੇ।

ਮੇਰੇ ਸੂਇਟ ਦੀਆਂ ਖਿੜਕੀਆਂ ਸਮੁੰਦਰ ਵੱਲ ਹੀ ਖੁਲ੍ਹਦੀਆਂ ਸਨ। ਠਾਠਾਂ ਮਾਰਦੇ ਸਾਗਰ ਦਾ ਕਲ-ਕਲ ਨਾਦ ਅਤੇ ਸ਼ਿਕਾਰ ਕਰਦੇ ਕਾਂਵਾਂ ਦਾ ਕਕਿਆਂਦਾ ਸਮੂਹਕ ਉਲਹਾਸ ਕਲ-ਮੁਕੱਲੀ ਜ਼ਿੰਦਗੀ ਦਾ ਕੁਝ-ਕੁਝ ਧਿਆਨ ਆਪਣੇ ਵੱਲ ਖਿੱਚਣ ਲੱਗਾ। ਹੌਲੀ-ਹੌਲੀ ਕਾਂਵਾਂ ਲਈ ਰਾਖਵੀਂ ਮੇਰੀ ਨਫ਼ਰਤ ਉਸਲਵੱਟੇ ਲੈਂਦੀ ਉਤਸੁਕਤਾ ਵਿਚ ਤਬਦੀਲ ਹੋਣ ਲੱਗੀ।

ਤਿੰਨ ਪਾਸਿਉਂ ਸਮੁੰਦਰ ਨਾਲ ਵਲ੍ਹੇਟਿਆ ਹੋਇਆ ਟਾਪੂਨੁਮਾ ਮੁੰਬਈ ਦਾ ਮਹਾਂਨਗਰ ਕਾਂਵਾਂ ਦੇ ਖਾਜੇ ਦਾ ਅਤੁੱਟ ਤੇ ਅਮੁੱਕ ਭੰਡਾਰ ਹੈ। ਉਂਜ ਤਾਂ ਮੁੰਬਈ ਦੇ ਬੇਪਨਾਹ ਕੂੜੇ ਦੇ ਢੇਰ ਅਤੇ ਜ਼ਿੰਦਾ ਅਰ ਮੁਰਦਾ ਮੱਛੀਆਂ ਹੀ ਕਾਫ਼ੀ ਨੇ ਕਾਂਵਾਂ ਦਾ ਪੇਟ ਭਰਨ ਲਈ, ਪਰ ਜੇ ਮੈਂ ਰਸੋਈ ਦੀ ਬਾਰੀ 'ਚੋਂ ਰੋਟੀ ਦੀ ਇਕ-ਅੱਧ ਬੁਰਕੀ ਹੀ ਉਛਾਲ ਦਿੰਦੀ ਤਾਂ ਝਪਟਣ ਲਈ ਕਾਂ-ਕਾਂ ਕਰਦੇ ਉਹ ਝੱਟ ਹੀ ਆਪਣੀ ਸਾਰੀ ਬਿਰਾਦਰੀ ਇਕੱਠੀ ਕਰ ਲੈਂਦੇ। 'ਵੰਡ ਖਾਈਏ ਖੰਡ ਖਾਈਏ' ਦੇ ਪੱਕੇ ਪੈਰੋਕਾਰ। ਨਾਲ ਹੀ ਜਦੋਂ ਝੁੰਡ ਬਣ ਜਾਵੇ ਤਾਂ ਖੋਹ-ਖਾਣ ਦੀ ਖੇਡ ਦਾ ਵੀ ਪੂਰਾ ਅਨੰਦ ਲੈਂਦੇ। ਰੋਟੀ ਦੀ ਬੁਰਕੀ ਉਛਲਦਿਆਂ ਹੀ ਝੁੰਡ ਵਿਚੋਂ ਸਭ ਤੋਂ ਹੁਸ਼ਿਆਰ ਕਾਂ ਉਸ ਨੂੰ ਪੜੱਛਣ ਅਤੇ ਮੁਕਾਬਲੇ ਵਿਚ ਹੋਰ ਕਾਂਵਾਂ ਨੂੰ ਪਛਾੜਨ ਦੀ ਦੌੜ ਵਿਚ ਆ ਰਲਦਾ। ਇਸੇ ਤਰ੍ਹਾਂ ਮਾਸ-ਮੱਛੀ ਦੇ ਛਿਛੜਿਆਂ ਨੂੰ ਵੀ ਉਛਾਲ-ਉਛਾਲ ਕੇ ਮੈਂ ਕਾਂਵਾਂ ਦੀ ਖੋਹ-ਖੋਹ ਦਾ ਅਨੰਦ ਮਾਣਨ ਲੱਗੀ। ਬਾਹਲੇ ਤਾਂ ਹੱਥੋਂ ਹੀ ਖੋਹ ਲਿਜਾਂਦੇ, ਨਿਧੜਕ। ਇਸ ਖੇਡ ਦਾ ਲੁਤਫ਼ ਕੋਈ ਉਹ ਹੀ ਬਿਆਨ ਕਰ ਸਕਦਾ ਹੈ ਜਿਸ ਨੇ ਇਸ ਨੂੰ ਮਾਣਿਆ ਹੋਵੇ। ਮੇਰੇ ਵਾਂਗ, ਸਾਲਾਂ ਬੱਧੀ।

ਬਾਲਕ ਸੰਨੀ ਨੇ ਹਾਲੇ ਮਸਾਂ ਬਹਿਣਾ ਹੀ ਸਿੱਖਿਆ ਸੀ ਕਿ ਕਾਂਵਾਂ ਪ੍ਰਤੀ ਮੇਰੀ ਨਫ਼ਰਤ ਉਤਸੁਕਤਾ ਦਾ ਸਫ਼ਰ ਤੈਅ ਕਰਦੀ ਹੋਈ ਮੋਹ ਵਿਚ ਦਾਖਲ ਹੋ ਗਈ। ਰੋਟੀ-ਟੁੱਕ ਕਰਨ ਵੇਲੇ ਮੈਂ ਸੰਨੀ ਨੂੰ ਰਸੋਈ ਸਾਹਮਣੇ ਲੌਬੀ ਵਿਚ ਵਿਛੀ ਚਟਾਈ ਉਪਰ ਬਿਠਾ ਕੇ ਗੱਲਾਂ ਲਾਈ ਰਖਦੀ ਤੇ ਨਾਲ ਹੀ ਉਸ ਅੱਗੇ ਫੁੱਲੀਆਂ ਕੁਰਮੁਰੇ ਵੀ ਬਖੇਰ ਦਿੰਦੀ, ਤਾਂ ਜੁ ਉਹ ਇਕ-ਇਕ ਦਾਣਾ ਚੁਗਣ ਦੇ ਆਹਰ ਵਿਚ ਲੱਗਾ ਰਹੇ ਤੇ ਮੈਂ ਆਪਣਾ ਕੰਮ ਨਿਬੇੜ ਲਵਾਂ। ਕਈ ਵੇਰਾਂ ਸੰਨੀ ਰੁੱਝ ਜਾਂਦਾ ਤੇ ਕਈ ਵੇਰਾਂ ਨਾ ਵੀ ਵਰਚਦਾ ਅਤੇ ਕੁੱਛੜ ਲੈਣ ਲਈ ਬਾਹਾਂ ਉਲਾਰਦਾ, ਰੋਂਦਾ ਤੇ ਜ਼ਿਦ ਕਰਦਾ। ਅਜਿਹੇ ਵੇਲੇ ਜੇ ਕੋਈ ਕਾਂ ਕੁਰਮੁਰੇ ਜਾਂ ਫੁੱਲੀਆਂ ਦੀ ਖਿੱਚ ਕਾਰਨ ਉਸ ਕੋਲ ਆ ਢੁਕਦਾ ਤਾਂ ਰੋਂਦਾ-ਰੋਂਦਾ ਸੰਨੀ ਚੁੱਪ ਕਰ ਜਾਂਦਾ। ਉਹ ਕਾਂ ਨੂੰ ਫੜਨ



ਦੀ ਕਰਦਾ, ਕਾਂ ਅਗੇਰੇ ਹੋ ਜਾਂਦਾ। ਸੰਨੀ ਫੁੱਲੀਆਂ ਦੀ ਮੁੱਠ ਭਰ ਕੇ ਕਾਂ ਵੱਲ ਸੁੱਟਦਾ, ਕਾਂ ਚੁਗਣ ਲਗਦਾ। ਸੰਨੀ ਖ਼ੁਸ਼ੀ ਨਾਲ ਤਾੜੀਆਂ ਮਾਰਦਾ। ਉਹ ਜਿਉਂ ਹੀ ਕਾਂ ਨੂੰ ਪਕੜਨ ਦੀ ਕਰਦਾ, ਕਾਂ ਅੱਗੇ ਅਗੇਰੇ ਖਿਸਕਦਾ ਜਾਂਦਾ; ਮਾਨੋ ਪਕੜਾ-ਪਕੜੀ ਦੀ ਖੇਡ ਨਾਲ ਉਸ ਨੂੰ ਰਿੜ੍ਹਨਾ ਸਿਖਾ ਰਿਹਾ ਹੋਵੇ। ਹੁਣ ਤਾਂ ਮੈਨੂੰ ਸੰਨੀ ਨੂੰ ਪਰਚਾਉਣ ਲਈ ਸੌਖਾ ਰਾਹ ਲੱਭ ਪਿਆ। ਮੈਂ ਦੁਪਹਿਰੇ ਉਸ ਦੀ ਮਾਲਸ਼ ਕਰ ਕੇ ਉਸ ਨੂੰ ਬੰਗਲੇ ਦੇ ਦੂਰ ਤਕ ਫੈਲੇ ਹੋਏ, ਨਾਰੀਅਲ ਦੇ ਰੁੱਖਾਂ ਨਾਲ ਭਰੇ ਹੋਏ ਦਾਲਾਨ ਦੀ ਰੇਤ ਵਿਚ ਖੁੱਲ੍ਹਾ ਛੋੜ ਦਿੰਦੀ। ਉਸ ਨੂੰ ਵੇਖਦਿਆਂ ਹੀ ਕਾਂ-ਕਾਂ ਕਰਦੇ ਕਾਂ ਉਸ ਕੋਲ ਆ ਢੁਕਦੇ। ਕਿੰਨੇ ਹੀ। ਉਨ੍ਹਾਂ ਦੀ ਖੇਡ ਸ਼ੁਰੂ ਹੋ ਜਾਂਦੀ। ਡਿੱਗਦਾ ਢਹਿੰਦਾ, ਉਠਦਾ ਤੁਰਦਾ ਦੌੜਨ ਲਈ ਹੰਭਲੇ ਮਾਰਦਾ ਸੰਨੀ ਕਾਂਵਾਂ ਨਾਲ ਤੁਤਲਾਉਂਦਾ, ਖੇਡਦਾ ਵਿਗਸਦਾ ਵੇਖ-ਵੇਖ ਮੇਰੀ ਹਿੱਕ ਵਿਚ ਕਾਂਵਾਂ ਪ੍ਰਤੀ ਨਿੱਘ ਵਧਣ ਲੱਗਾ।

ਕਾਂ ਬੱਚੇ ਦਾ ਸਭ ਤੋਂ ਵਧੀਆ ਦੋਸਤ ਹੈ। ਦੋਸਤ ਹੀ ਨਹੀਂ, ਵੱਡ ਵੀਰ। ਸਿਆਣਾ ਬਿਆਣਾ, ਠਰ੍ਹੰਮੇਦਾਰ ਸਿਖਿਅਕ। ਕਲ-ਮੁਕੱਲੀ ਗ੍ਰਹਿਣੀ ਦਾ ਸੱਚਾ ਸਾਥੀ ਹੈ ਕਾਂ। ਆਣ ਬਨੇਰੇ 'ਤੇ ਕਾਂ-ਕਾਂ ਕਰ ਕੇ ਹੈਲੋ ਕਰਦਾ, ਦੁੱਖ ਸੁੱਖ ਪੁੱਛਦਾ। ਨਿਮਾਣਾ ਜਿਹਾ ਪ੍ਰਾਹੁਣਾ ਇਕ-ਅੱਧ ਬੁਰਕੀ ਨਾਲ ਹੀ ਪਰਚ ਜਾਂਦਾ ਹੈ। ਜੇ ਉਜੜੇ ਘਰ, ਖੰਡਰ ਅਤੇ ਨਿਪੱਤਰੇ ਰੁੱਖ ਇੱਲਾਂ ਤੇ ਗਿੱਧਾਂ ਦਾ ਬਸੇਰਾ ਹੁੰਦੇ ਹਨ ਤਾਂ ਕਾਂ ਵਸਦੇ-ਰਸਦੇ, ਭਰੇ-ਭਕੁੰਨੇ ਘਰਾਂ ਅਤੇ ਘੁੱਗ ਵਸਦੇ ਸ਼ਹਿਰਾਂ ਅਰ ਮਹਾਂਨਗਰਾਂ ਨੂੰ ਭਾਗ ਲਾਉਂਦੇ ਹਨ। ਕਾਂ ਖ਼ੁਸ਼ਹਾਲੀ ਅਤੇ ਰੌਣਕ ਦੇ ਪ੍ਰਤੀਕ ਹਨ।

ਸੰਨੀ ਸੱਤ ਸਾਲਾਂ ਦਾ ਸੀ ਤੇ ਦੀਪੀ ਤਿੰਨਾਂ ਦਾ। ਸੰਨੀ ਚਾਰ-ਪੰਜ ਰੋਟੀਆਂ ਪਕਵਾ ਕੇ ਦੀਪੀ ਨੂੰ ਨਾਲ ਲੈਂਦਾ ਥੱਲੇ ਕੰਪਾਊਂਡ ਵਿਚ ਚਲਿਆ ਜਾਂਦਾ ਤੇ ਕਾਂਵਾਂ ਨੂੰ ਬੁਰਕੀਆਂ ਪਾ-ਪਾ ਕੇ ਆਪਣੇ ਨਿੱਕੇ ਵੀਰ ਨੂੰ ਉਨ੍ਹਾਂ ਦੇ ਕਰਤਬ ਦਸਦਾ। ਉਪਰੋਂ ਖਿੜਕੀ ਤੋਂ ਤੱਕ-ਤੱਕ ਕੇ ਮੈਂ ਪ੍ਰਸੰਨ ਹੁੰਦੀ ਤੇ ਮੇਰੀ ਰੂਹ ਕਾਂਵਾਂ ਦੇ ਸ਼ੁਕਰਾਨੇ ਵਿਚ ਜੁੜ ਜਾਂਦੀ।

ਰਾਜੇ ਨੇ ਸਾਡਾ ਘਰ ਗਵਾਲੀਅਰ ਪੈਲੇਸ ਕਿਸੇ ਗੁਜਰਾਤੀ ਸੇਠ ਪਟੇਲ ਭਾਈ ਅੱਗੇ ਵੇਚ ਦਿੱਤਾ। ਸੇਠ ਨੇ ਦੋਵੇਂ ਬੰਗਲੇ ਢਾਹ ਕੇ ਬਿਲਡਿੰਗਾਂ ਉਸਾਰਨੀਆਂ ਸਨ, ਫਲੈਟ-ਦਰ-ਫਲੈਟ। ਭਾਟੀਆ ਸਾਹਿਬ ਨੂੰ ਘਰ ਖਾਲੀ ਕਰਨ ਦਾ ਹੁਕਮ ਮਿਲ ਗਿਆ ਤੇ ਅਸੀਂ ਤਾਂ ਸੀ ਹੀ ਉਨ੍ਹਾਂ ਦੇ ਸਬ-ਟੈਨੇਂਟ, ਕਿਰਾਏਦਾਰਾਂ ਦੇ ਕਿਰਾਏਦਾਰ। ਅਸੀਂ ਪਹਿਲਾਂ ਤੋਂ ਬੁੱਕ ਕੀਤੇ ਆਪਣੇ ਫਲੈਟ ਵਿਚ, ਪੂਰਬੀ ਸਾਂਤਾ ਕਰੂਜ਼ ਦੀ ਬਸਤੀ ਵਿਚ ਆ ਗਏ। ਕੋਆਪਰੇਟਿਵ ਸੁਸਾਇਟੀਆਂ ਦੀ ਆਪਣੀ ਹੀ ਦੁਨੀਆਂ ਹੁੰਦੀ ਹੈ। ਇਕ ਅਹਾਤੇ ਵਿਚ ਕਿੰਨੀਆਂ ਹੀ ਬਿਲਡਿੰਗਾਂ ਤੇ ਸੈਂਕੜੇ ਹੀ ਫਲੈਟ। ਹਰ ਬਿਲਡਿੰਗ ਦਾ ਨਿਵੇਕਲਾ ਹੀ ਬਗੀਚਾ ਤੇ ਆਪਣਾ ਹੀ ਖੇਡ ਦਾ ਮੈਦਾਨ।

ਸਾਡੀ ਬਿਲਡਿੰਗ ਦੀ ਦੋ ਸੌ ਗਜ਼ ਦੀ ਵਿੱਥ ਉਤੇ ਹੀ ਸੀ ਮੱਛੀ-ਮੰਡੀ ਤੇ ਉਸ ਦੇ ਨਾਲ-ਨਾਲ ਹੀ ਵਗਦਾ ਗਟਰ। ਨਦੀ-ਨੁਮਾ ਗੰਦਾ ਨਾਲਾ। ਸੱਤ ਬੰਗਲੇ ਦੇ ਸਾਗਰ ਤਟ ਵਰਗੇ ਖ਼ੂਬਸੂਰਤ ਹਵਾਦਾਰ ਤੇ ਸਾਫ਼ ਸੁਥਰੇ ਇਲਾਕੇ ਦੇ ਮੁਕਾਬਲੇ ਵਿਚ ਇਹ ਘੁੱਗ ਵਸਦਾ ਭੀੜ-ਭੜੱਕੇ ਵਾਲਾ ਇਲਾਕਾ ਅਤੇ ਥਾਂ-ਥਾਂ 'ਤੇ ਗੰਦਗੀ ਨਾਲ ਆਫ਼ਰ-ਆਫ਼ਰ ਪੈਂਦੇ ਕੂੜੇਦਾਨ। ਇਹ ਤਾਂ ਕਾਂਵਾਂ ਦਾ ਵੀ ਮਹਾਂਨਗਰ ਸੀ ਤੇ ਆਵਾਰਾ ਕੁੱਤਿਆਂ ਤੇ ਗਾਂਵਾਂ ਦਾ ਵੀ ਗੜ੍ਹ। ਇਥੇ ਕਾਂਵਾਂ ਦੀ ਭੀੜ ਤੇ ਉਨ੍ਹਾਂ ਦੇ ਪਸ਼ੂਆਂ ਨਾਲ ਝੇੜਾਂ ਲੈਣ ਦੇ ਖੁੱਲ੍ਹੇ ਦੀਦਾਰ ਹੁੰਦੇ। ਮੇਰੀ ਖੇਡ ਵੀ ਪਹਿਲਾਂ ਨਾਲੋਂ ਚਾਰ ਚੁੱਕੇ ਵਧ ਗਈ। ਮੈਨੂੰ ਵੇਖਦਿਆਂ ਹੀ ਕਾਂ ਮੇਰੇ ਦੁਆਲੇ ਹੋ ਜਾਂਦੇ। ਸਾਡੀ ਸੁੱਟ-ਝਪਟ ਦੀ ਖੇਡ ਸਾਰੀ ਸੁਸਾਇਟੀ ਦੀਆਂ ਤੀਵੀਆਂ ਤੇ ਬਾਲਕਾਂ ਦੇ ਮਨੋਰੰਜਨ ਦਾ ਅਖਾੜਾ ਬਣ ਗਈ। ਇਕ ਪਾਸੇ ਕਾਂਵਾਂ ਨੂੰ ਛਿਛੜੇ ਤੇ ਦੂਜੇ ਪਾਸੇ ਚਿੜੀਆਂ ਨੂੰ ਬਾਜਰਾ। ਨਾਲ ਕਬੂਤਰ ਵੀ ਆ ਰਲਦੇ। ਇਨ੍ਹਾਂ ਸਭਨਾਂ ਦੀ ਤਾਕ ਵਿਚ ਬਿੱਲੀਆਂ ਵੀ ਅੱਖਾਂ-ਮੀਚੀ ਤਾੜਨ ਆ ਬਹਿੰਦੀਆਂ।

ਇਹ ਨਜ਼ਾਰਾ ਬਾਲਕਾਂ ਲਈ ਬੜਾ ਦਿਲਚਸਪ ਹੁੰਦਾ ਤੇ ਬਾਲਕਾਂ ਦੀ ਦਿਲਚਸਪੀ ਵਿਚ ਮੇਰੀ ਦਿਲਚਸਪੀ। ਮੇਰੀ ਰਸੋਈ ਦਾ ਇਕ ਬੂਹਾ ਦਲਾਨ ਵਿਚ ਖੁੱਲ੍ਹਦਾ ਸੀ, ਉਹ ਖੁੱਲ੍ਹਾ ਹੀ ਰਹਿੰਦਾ। ਬੱਚੇ ਆਪੇ ਅੰਦਰ ਵੜਦੇ, ਗਲਾਸ ਚੁੱਕਦੇ, ਪਾਣੀ ਪੀਂਦੇ ਤੇ ਮੈਂ ਸਾਹਮਣੇ ਹੋਵਾਂ ਜਾਂ ਨਾ 'ਥੈਂਕ ਯੂ ਆਂਟੀ, ਥੈਂਕ ਯੂ ਆਂਟੀ' ਅਲਾਪਦੇ ਦੌੜ ਜਾਂਦੇ। ਸ਼ਾਮੀ ਮੈਂ ਉਨ੍ਹਾਂ ਨੂੰ 'ਲੁਕ-ਛਿਪ ਜਾਣਾ, ਮਕੱਈ ਦਾ ਦਾਣਾ, ਰਾਜੇ ਦੀ ਬੇਟੀ ਆਈ ਜੇ' ਜਾਂ 'ਹਰਾ ਸਮੁੰਦਰ, ਗੋਪੀ ਚੰਦਰ, ਬੋਲ ਮੇਰੀ ਮਛਲੀ, ਕਿਤਨਾ ਕੁ ਪਾਣੀ' ਦੀਆਂ ਖੇਡਾਂ ਖਿਡਾਂਦੀ। ਸਿੰਧੀ, ਗੁਜਰਾਤੀ, ਮਰਾਠੀ ਜਾਂ ਦੱਖਣ-ਭਾਰਤੀ, ਸਾਰੇ ਹੀ ਬਾਲਕ ਇਸ ਪੰਜਾਬੀ ਖੇਡ ਦੇ ਬੋਲਾਂ ਨੂੰ ਮੇਰੇ ਨਾਲ ਹੇਕ ਲਾ ਕੇ ਗਾਂਦੇ। ਮੇਰੇ ਅੰਦਰ ਦੀ ਮਾਈ ਕਾਕੀ ਉਨ੍ਹਾਂ ਸੰਗ ਖੇਡ-ਖੇਡ ਖੀਵੀ ਹੁੰਦੀ। ਕਾਂਵਾਂ ਤੋਂ ਫੈਲਦਾ ਵਧਦਾ ਮੇਰਾ ਸੰਸਾਰ ਚਿੜੀਆਂ, ਕਬੂਤਰਾਂ, ਬਿੱਲੀਆਂ ਤੇ ਕਤੂਰਿਆਂ ਨੂੰ ਵੀ ਆਪਣੇ ਕਲਾਵੇ ਵਿਚ ਲੈਂਦਾ, ਉਡੂੰ-ਉਡੂੰ ਕਰਦਾ। ਮੈਂ ਧੰਨ-ਧੰਨ ਹੁੰਦੀ। ਜ਼ਿੰਦਗੀ ਦੇ ਪੰਦਰਾਂ ਵਰ੍ਹੇ ਲੰਘ ਗਏ, ਪੰਦਰਾਂ ਦਿਨਾਂ ਵਾਂਗ।

ਵਕਤ ਕੋਈ ਖੜੋਂਦਾ ਥੋੜ੍ਹੇ ਹੀ ਹੈ ਤੇ ਨਾ ਹੀ ਰਹਿੰਦਾ ਹੈ ਪਹਿਲਾਂ ਜਿਹਾ। ਵਕਤ ਤਾਂ ਪਾਣੀ ਹੈ। ਅੱਗੇ-ਅੱਗੇ ਵਹਿੰਦਾ। ਕੁਝ ਛੱਡਦਾ ਤੇ ਕੁਝ ਲੈਂਦਾ। ਆਤੰਕਵਾਦ ਦਾ ਝੱਖੜ ਝੁੱਲਿਆ। ਪੂਰਬੀ ਸਾਂਤਾ ਕਰੂਜ਼ ਵਿਚ ਹੀ ਹੈ ਸ਼ਿਵਾ ਜੀ ਨਗਰ, ਸ਼ਿਵ ਸੇਨਾ ਦਾ ਗੜ੍ਹ। ਸਿੱਖਾਂ ਦੇ ਫਲੈਟਾਂ ਮੂਹਰੇ ਨਿਸ਼ਾਨਦੇਹੀ ਕਰ ਦਿੱਤੀ ਗਈ, ਗੁਰੂ ਗੋਬਿੰਦ ਸਿੰਘ ਦੀ ਤਸਵੀਰ ਦੇ ਪੋਸਟਰਾਂ ਸਣੇ। ਸ਼ਬਦ ਸਨ:

'ਤੁਮਕੋ ਤੋ ਤਲਵਾਰ ਦੀ ਥੀ ਭਾਰਤ ਮਾਂ ਕੀ ਰਕਸ਼ਾ ਕਰਨੇ ਕੇ ਲੀਏ, ਤੁਮਨੇ ਤੋ ਮਾਂ ਕੋ ਹੀ ਮਾਰ ਡਾਲਾ' ਤੇ ਥੱਲੇ ਭਾਰਤ ਦੇ ਨਕਸ਼ੇ ਵਿਚ ਕੰਨਿਆ ਕੁਮਾਰੀ ਤੋਂ ਹਿਮਾਲਾ ਦੀ ਚੋਟੀ ਤਕ ਖੱਬੇ ਹੱਥ ਵਿਚ ਤਿਰੰਗਾ ਫੜੀ ਦੂਰ ਪੂਰਬ ਤਕ ਬਾਂਹ ਫੈਲਾਈ ਖਲੋਤੀ ਵਿਖਾਈ ਸੀ ਇੰਦਰਾ ਗਾਂਧੀ। ਸਾਡੇ ਬੂਹੇ ਉਪਰ ਵੀ ਇਹ ਪੋਸਟਰ ਚਿਪਕਾ ਦਿੱਤਾ ਗਿਆ ਸੀ। ਸਾਡੇ ਜੇਠੇ ਪੁੱਤਰ ਸੰਨੀ ਉਪਰ ਹਮਲਾ ਵੀ ਹੋਇਆ ਸੀ, ਗੋਲੀਬਾਰੀ ਵਿਚ। ਗੁਆਂਢੀ ਬਾਲਕ, ਕਾਂ ਚਿੜੀਆਂ ਸਭ ਕੁਝ ਉਂਜ ਦਾ ਉਂਜ ਸੀ ਪਰ ਕੁਝ ਸੀ ਜੋ ਮਨਫ਼ੀ ਹੋ ਗਿਆ ਸੀ-ਅਕਹਿ ਤੇ ਅਸਹਿ। ਮੁੰਬਈ ਨੂੰ 'ਅਲਵਿਦਾ' ਆਖਣਾ ਪਿਆ। ਆਉਣਾ ਹੀ ਪਿਆ ਮੁਹਾਲੀ।

ਮੁਹਾਲੀ ਵਿਚ ਕਿਸੇ ਵਿਰਲੇ ਕਾਂ ਨੂੰ ਹੀ ਕਕਿਆਂਦਾ ਸੁਣਦੀ ਤੇ ਸਰਦੀਆਂ ਵਿਚ ਹੋਰ ਵੀ ਵਿਰਲੇਰਾ। ਆਤੰਕਵਾਦ ਦਾ ਸਾਇਆ। ਉਦਾਸ ਮੌਸਮ। ਉਬੜ-ਖਾਬੜ ਸੜਕਾਂ। ਹਨੇਰੇ ਹੀ ਹਨੇਰੇ। ਕਰਫਿਊ। ਚਾਰ ਚੁਫੇਰੇ ਚੁੱਪ, ਤੇ ਵਿਚ-ਵਿਚ ਠਾਹ-ਠਾਹ ਦਾ ਕੋਈ ਧਮਾਕਾ। ਮੇਰੀਆਂ ਬੁਰਕੀਆਂ ਦੇ ਉਛਾਲ ਉਪਰ ਕਾਂਵਾਂ ਦੀ ਬਰਾਦਰੀ ਦਾ ਜਮਘਟ ਵੇਖਣਾ ਨਸੀਬ ਨਾ ਹੁੰਦਾ। ਸਾਫ਼ ਸੁਥਰਾ ਆਲਾ-ਦੁਆਲਾ। ਨਾ ਕੂੜਾ-ਕਰਕਟ, ਨਾ ਮਾਸ-ਮੱਛੀ। ਖੁਲ੍ਹ-ਮ-ਖੁਲ੍ਹੀਆਂ ਕੋਠੀਆਂ ਵਿਚ ਇਕੱਲੇ-ਦੁਕੱਲੇ ਜੀਵ, ਆਪੋ-ਆਪਣੀ ਲਛਮਣ ਰੇਖਾ ਵਿਚ ਸਿਮਟੇ ਹੋਏ। ਕਾਂ ਵਿਚਾਰੇ ਕੀ ਕਰਨ? ਭੁੱਖੇ ਮਰਨ! ਕਣਕ ਤੇ ਝੋਨੇ ਦੇ ਖੇਤ, ਤੇ ਫਲਾਂ ਲੱਦੇ ਰੁੱਖ। ਇਥੋਂ ਦੀਆਂ ਚਿੜੀਆਂ ਵੀ ਮੈਨੂੰ ਰੱਜੀਆਂ-ਪੁੱਜੀਆਂ ਹੀ ਲੱਗੀਆਂ। ਬਾਜਰਾ ਉਂਜ ਦਾ ਉਂਜ ਹੀ ਛੱਤ ਦੇ ਵਾਧੇ ਉਪਰ ਬਿਖਰਿਆ ਪਿਆ ਰਹਿੰਦਾ। ਹੱਥ-ਪੜੱਛਣੀ ਦੀ ਖੇਡ ਸੰਭਵ ਨਾ ਹੋ ਸਕੀ। ਨਾ ਹੀ ਦਿਸਦੇ ਬਾਲਕ ਗਲੀਆਂ ਵਿਚ ਜਾਂ ਸੜਕਾਂ ਉਤੇ। ਬਸ ਬਾਗ ਵਿਚ ਹੀ ਖੇਡਦੇ ਦਿਸਦੇ, ਪਰ ਵਿਰਲੇ ਤੇ ਦਿਨੇ-ਦਿਨੇ, ਸਹਿਮੇ ਸਹਿਮੇ। ਕਰਫਿਊ ਲੱਗਣ ਤੋਂ ਪਹਿਲਾਂ ਹੀ ਘਰਾਂ ਵਿਚ ਦੁਬਕ ਜਾਂਦੇ। ਮੇਰੇ ਅੰਦਰ ਦੀ ਮਾਈ ਕਾਕੀ, ਉਦਾਸ ਹਉਕੇ ਭਰਦੀ। ਸਿਮਰਨ ਕਰਦੀ ਪਰ ਸਿਮਰ ਨਾ ਹੁੰਦਾ।

ਮੁਹਾਲੀ ਤੋਂ ਚੰਡੀਗੜ੍ਹ ਜਾਂਦਿਆਂ ਰਾਹ ਵਿਚ ਖੜ੍ਹੇ ਰੁੰਡ-ਮਰੁੰਡ ਦਰਖ਼ਤਾਂ ਉਪਰ ਗਿੱਧ ਬਥੇਰੇ ਨਜ਼ਰ ਆਉਂਦੇ। ਮੁੰਬਈ ਵਿਚ ਸ਼ਹਿਰੋਂ ਬਾਹਰ ਜਾਂ ਮਾਲਾਬਾਰ ਸਥਿਤ ਪਾਰਸੀਆਂ ਦੀ ਅਗਿਆਰੀ ਉਪਰ ਹੀ ਗਿੱਧ ਮੰਡਲਾਂਦੇ ਵੇਖੀਦੇ ਸੀ। ਪਾਰਸੀ ਲੋਕ ਮੁਰਦਿਆਂ ਨੂੰ ਸਾੜਦੇ ਨਹੀਂ। ਨਾ ਹੀ ਦਫ਼ਨਾਂਦੇ ਹਨ। ਉਹ ਇਬਾਦਤ ਦੇ ਉਚੇ ਮੀਨਾਰ ਉਪਰ ਮੁਰਦੇ ਪਾ ਦਿੰਦੇ ਹਨ, ਇੱਲਾਂ ਗਿੱਧਾਂ ਦੀ ਖ਼ੁਰਾਕ ਵਜੋਂ। ਲਗਭਗ ਵੀਹ ਸਾਲ ਗੁਜ਼ਰ ਗਏ ਹਨ। ਹੁਣ ਮੁਹਾਲੀ ਜ਼ਿਲ੍ਹਾ ਬਣ ਗਿਆ ਹੈ ਤੇ ਉਸ ਦੀ ਆਬਾਦੀ ਦਿਨੋ-ਦਿਨ ਮਹਾਂਨਗਰੀਆ ਹੁੰਦੀ ਜਾ ਰਹੀ ਹੈ। ਕੋਠੀਆਂ ਦੇ ਨਾਲ-ਨਾਲ ਫਲੈਟੀ ਸਭਿਆਚਾਰ ਦਿਨ ਦੂਣੀ, ਰਾਤ ਚੌਗੁਣੀ ਉਨਤੀ ਕਰ ਰਿਹਾ ਹੈ। ਨਾ ਕੂੜੇਦਾਨਾਂ ਦਾ ਘਾਟਾ ਹੈ ਤੇ ਨਾ ਹੀ ਇੰਦਰਾ ਅਤੇ ਨਹਿਰੂ ਕਾਲੋਨੀਆਂ ਦੀਆਂ ਝੋਂਪੜ ਪੱਟੀਆਂ ਦਾ। ਮੁਹਾਲੀ ਵਿਚ ਵੜਦਿਆਂ ਹੀ ਗੰਦਾ ਨਾਲਾ ਰਾਹ ਕੱਟਦਾ ਹੈ। ਘਰ ਮੂਹਰੇ ਆਵਾਰਾ ਕੁੱਤਿਆਂ ਦਾ ਰਾਜ ਹੈ ਤੇ ਸਾਹਮਣੇ ਪੈਂਦੇ ਕੂੜੇਦਾਨ ਵਿਚ ਗਾਂਵਾਂ, ਮੱਝਾਂ ਤੇ ਕੁੱਤਿਆਂ ਨਾਲ ਖਹਿਬੜਦੇ ਕਾਂ ਵੀ ਬਥੇਰੇ ਨੇ। ਹੁਣ ਉਹ ਮੇਰੀਆਂ ਬੁਰਕੀਆਂ ਦੇ ਮੁਥਾਜ ਨਹੀਂ ਤੇ ਨਾ ਹੀ ਹੁਣ ਮੈਨੂੰ ਉਨ੍ਹਾਂ ਦਾ ਹੇਰਵਾ ਹੈ।

ਕਿਸੇ ਵੀ ਸ਼ਹਿਰ ਵਿਚ ਨਵਾਂ-ਨਵਾਂ ਪ੍ਰਵੇਸ਼ ਕਰਨ 'ਤੇ ਅਸੀਂ ਉਸ ਦੇ ਖਾਸ ਵੱਖਰੇ ਨਕਸ਼ ਨੋਟ ਕਰਦੇ ਹਾਂ। ਫਿਰ ਸਹਿਜੇ-ਸਹਿਜੇ ਆਦੀ ਹੋ ਜਾਂਦੇ ਹਾਂ। ਪਿੱਛਾ ਪਿੱਛੇ ਰਹਿ ਜਾਂਦਾ ਹੈ ਤੇ ਧੁੰਦਲਦਾ-ਧੁੰਦਲਦਾ ਅਸਲੋਂ ਹੀ ਮਨਫ਼ੀ ਹੋ ਜਾਂਦਾ ਹੈ। ਅੱਗਾ ਉਸ ਦੀ ਥਾਂ ਲੈ ਲੈਂਦਾ ਹੈ। ਗਿੱਧ ਕਦੋਂ ਤੇ ਕਿਵੇਂ ਗਾਇਬ ਹੋ ਗਏ, ਪਤਾ ਹੀ ਨਾ ਲੱਗਾ। ਉਹ ਰੁੰਡ ਮਰੁੰਡ ਬਿਰਖ ਵੀ ਤਾਂ ਨਹੀਂ ਰਹੇ। ਸੜਕਾਂ ਦੇ ਕਿਨਾਰੇ ਲੱਗੇ ਉਦੋਂ ਦੇ ਨਿੱਕੇ-ਨਿੱਕੇ ਬੂਟੇ ਹੁਣ ਸੰਘਣੇ ਰੁੱਖ ਹੋ ਗਏ ਹਨ, ਕੱਦਾਵਾਰ ਤੇ ਹਰੇ ਭਰੇ। ਉਜਾੜ ਰਾਹ ਘੁੱਗ ਬਸਤੀਆਂ ਦੇ ਲਾਂਘੇ

(ਬਾਕੀ ਸਫਾ 25 'ਤੇ)

# ਭਾਰਤੀ ਜਨਤਾ ਪਾਰਟੀ ਦੀ ਸੂਝ ਤੋਂ ਸੱਖਣੇ ਮੋਦੀ ’ਤੇ ਟੇਕ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਨਰਿੰਦਰ ਮੋਦੀ ਨਾ ਗੁਜਰਾਤ ਦੇ ਇਤਿਹਾਸ ਤੋਂ ਜਾਣੂ ਹੈ, ਨਾ ਦੇਸ਼ ਦੇ ਇਤਿਹਾਸ ਤੋਂ ਅਤੇ ਜੰਮੂ-ਕਸ਼ਮੀਰ ਵਿਚ ਜਾ ਕੇ ਧਾਰਾ 370 ਦਾ ਵਿਰੋਧ ਕਰਦਿਆਂ ਇੱਕ ਨਵਾਂ ਸ਼ੋਸ਼ਾ ਛੱਡ ਆਇਆ ਹੈ। ਉਸ ਨੇ ਇਹ ਕਹਿ ਦਿੱਤਾ ਕਿ ਜਿਹੜੇ ਹੱਕ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਪ੍ਰਾਪਤ ਹਨ, ਉਹ ਉਸ ਦੀ ਭੈਣ ਸਾਰਾ ਨੂੰ ਨਹੀਂ, ਕਿਉਂਕਿ ਉਹ ਇਸ ਰਾਜ ਤੋਂ ਬਾਹਰ ਦੇ ਮੁੰਡੇ ਨਾਲ ਵਿਆਹੀ ਗਈ ਹੈ।***

ਇਸ ਵਾਰੀ ਦਾ ਹਫਤਾਵਾਰੀ ਲੇਖ ਲਿਖਣ ਵੇਲੇ ਸਾਡੇ ਮਨ ਵਿਚ ਤਿੰਨ ਗੱਲਾਂ ਘੁੰਮ ਰਹੀਆਂ ਹਨ। ਇਨ੍ਹਾਂ ਵਿਚੋਂ ਪਹਿਲੀ ਉਹ ਹੈ, ਜਿਹੜੀ ਪ੍ਰਧਾਨ ਮੰਤਰੀ ਪੱਧਰ ਦੇ ਸਾਰੇ ਰੰਗਾਂ ਦੇ ਆਗੂਆਂ ਵਿਚ ਹੋਣੀ ਚਾਹੀਦੀ ਹੈ ਤੇ ਬਹੁਤਾ ਕਰ ਕੇ ਹੁੰਦੀ ਵੀ ਹੈ, ਪਰ ਇਸ ਕੁਰਸੀ ਦੇ ਸੁਫਨੇ ਲੈ ਰਹੇ ਨਰਿੰਦਰ ਮੋਦੀ ਵਿਚ ਨਹੀਂ ਹੈ। ਦੂਸਰੀ ਗੱਲ ਉਹ ਹੈ, ਜਿਹੜੀ ਉਨ੍ਹਾਂ ਸਭਨਾਂ ਵਿਚ ਵੀ ਹੈ ਸੀ, ਤੇ ਨਰਿੰਦਰ ਮੋਦੀ ਮੰਨੇ ਜਾਂ ਨਾ ਮੰਨੇ, ਉਸ ’ਚ ਵੀ ਮੌਜੂਦ ਹੈ। ਤੀਸਰੀ ਗੱਲ ਉਹ ਹੈ, ਜਿਹੜੀ ਸਾਡੇ ਮਨ ਵਿਚ ਵਾਰ-ਵਾਰ ਆ ਰਹੀ ਹੈ ਤੇ ਉਸ ਦਾ ਸਬੰਧ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਬਣਨ ਵਾਸਤੇ ਪੇਸ਼ ਕੀਤੇ ਗਏ ਇਸ ਇਕੱਲੇ ਬੰਦੇ ਨਾਲ ਹੈ। ਉਹ ਤੀਸਰੀ ਗੱਲ ਜ਼ਰਾ ਬਾਅਦ ਵਿਚ ਗੌਰ ਕਰਨ ਵਾਲੀ ਹੈ।

ਪਹਿਲੀ ਗੱਲ ਸਾਡੇ ਮਨ ਵਿਚ ਇਹ ਹੈ ਕਿ ਪ੍ਰਧਾਨ ਮੰਤਰੀ ਬਣਨ ਵਾਸਤੇ ਬੰਦੇ ਵਿਚ ਰਾਜਸੀ ਸੂਝ ਦੇ ਨਾਲ ਕੁਝ ਕੂਟਨੀਤਕ ਸਮਝ ਦਾ ਉਹ ਤੱਤ ਹੋਣਾ ਚਾਹੀਦਾ ਹੈ, ਜਿਸ ਵਾਸਤੇ ਅੰਗਰੇਜ਼ੀ ਵਿਚ ‘ਸਟੇਟਸਮੈਨਸ਼ਿਪ’ ਦਾ ਸ਼ਬਦ ਵਰਤਿਆ ਜਾਂਦਾ ਹੈ। ਅਠਾਰਵੀਂ ਸਦੀ ਵਿਚ ਹੋਏ ਫਰਾਂਸ ਦੇ ਇਨਕਲਾਬ ਦੀ ਵਿਆਖਿਆ ਕਰਦਿਆਂ ਆਇਰਲੈਂਡ ਦੇ ਉਘੇ ਚਿੰਤਕ ਐਡਮੰਡ ਬਰਕੇ ਨੇ ਇਸ ਸ਼ਬਦ ਦੀ ਵਿਆਖਿਆ ਇਹ ਕਹਿ ਕੇ ਕੀਤੀ ਸੀ ਕਿ ਬਹੁਤ ਕੁਝ ਜਾਣਦੇ ਹੋਏ ਵੀ ਜਾਣਕਾਰੀ ਨੂੰ ਅੰਦਰ ਹਜ਼ਮ ਕਰ ਸਕਣ, ਆਪਣੇ ਆਪ ਨੂੰ ਸੁਧਾਰ ਸਕਣ ਅਤੇ ਹੋਰ ਸਾਥੀਆਂ ਨੂੰ ਜੋੜ ਕੇ ਚੱਲ ਸਕਣ ਦੀ ਯੋਗਤਾ ਨੂੰ ਸਟੇਟਸਮੈਨਸ਼ਿਪ ਕਿਹਾ ਜਾਂਦਾ ਹੈ। ਇਹ ਕਲਾ ਪੰਡਿਤ ਜਵਾਹਰ ਲਾਲ ਨਹਿਰੂ ਕੋਲ ਹੁੰਦੀ ਸੀ, ਲਾਲ ਬਹਾਦਰ ਸ਼ਾਸਤਰੀ ਕੋਲ ਵੀ, ਜਿਸ ਨੇ ਪਿਤਾ ਦੀ ਮੌਤ ਮਗਰੋਂ ਘਰ ਬੈਠ ਚੁੱਕੀ ਇੰਦਰਾ ਗਾਂਧੀ ਨੂੰ ਆਪ ਜਾ ਕੇ ਵਾਪਸ ਆਉਣ ਤੇ ਵਜ਼ੀਰ ਬਣਨ ਨੂੰ ਕਿਹਾ ਸੀ, ਤੇ ਇੰਦਰਾ ਗਾਂਧੀ ਕੋਲ ਵੀ ਇਹ ਸੀ। ਬਾਅਦ ਵਿਚ ਆਏ ਮੁਰਾਰਜੀ ਭਾਈ ਡਿਸਾਈ ਵਿਚ ਇਸ ਦੀ ਅਣਹੋਂਦ ਸੀ ਤੇ ਇਸੇ ਲਈ ਆਪਣੇ ਵਰਗੇ ਚੌਧਰੀ ਚਰਨ ਸਿੰਘ ਨਾਲ ਪਏ ਰੱਫੜ ਨੂੰ ਉਹ ਲੋਕਾਂ ਵਿਚ ਲੈ ਗਿਆ ਸੀ। ਰਾਜੀਵ ਗਾਂਧੀ ਅਤੇ ਵੀ ਪੀ ਸਿੰਘ ਵਿਚ ਵੀ ਇਹ ਗੁਣ ਸਨ, ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਵਿਚ ਵੀ ਸਨ ਅਤੇ ਡਾਕਟਰ ਮਨਮੋਹਨ ਸਿੰਘ ਦੇ ਪੱਲੇ ਵੀ ਕੁਝ ਕੁ ਹੈ। ਕੁਝ ਹੱਦ ਤੱਕ ਇਹ ਗੁਣ ਭਾਜਪਾ ਵੱਲੋਂ ਡਿਪਟੀ ਪ੍ਰਧਾਨ ਮੰਤਰੀ ਰਹਿ ਚੁੱਕੇ ਲਾਲ ਕ੍ਰਿਸ਼ਨ ਅਡਵਾਨੀ ਕੋਲ ਵੀ ਸੀ। ਇੰਦਰ ਕੁਮਾਰ ਗੁਜਰਾਲ ਨੂੰ ਅਸੀਂ ਇਸ ਵਿਚ ਇਸ ਲਈ ਨਹੀਂ ਗਿਣ ਰਹੇ ਕਿ ਉਹ ਪ੍ਰਧਾਨ ਮੰਤਰੀ ਬਣ ਕੇ ਵੀ ਪ੍ਰਧਾਨ ਮੰਤਰੀ ਘੱਟ ਤੇ ਵਿਦੇਸ਼ ਮੰਤਰੀ ਵੱਧ ਜਾਪਦਾ ਸੀ। ਨਰਿੰਦਰ ਮੋਦੀ ਦੇ ਪੱਲੇ ਇਸ ਹੁਨਰ ਦਾ ਜ਼ਰਾ ਜਿੰਨਾ ਅੰਸ਼ ਵੀ ਨਹੀਂ ਲੱਭਦਾ।

ਹਾਜ਼ਮੇ ਦੇ ਪੱਖ ਤੋਂ ਨਰਿੰਦਰ ਮੋਦੀ ਉਸ ਛੋਟੇ ਭਾਂਡੇ ਵਰਗਾ ਹੈ, ਜਿਸ ਵਿਚ ਇੱਕ ਦਮ ਉਬਾਲਾ ਆ ਸਕਦਾ ਹੈ ਤੇ ਉਹ ਕਿਸੇ ਬਾਰੇ ਕੁਝ ਵੀ ਕਹਿ ਜਾਂ ਕਰ ਅਤੇ ਕਰਵਾ ਸਕਦਾ ਹੈ। ਸਾਥੀਆਂ ਨੂੰ ਨਾਲ ਰੱਖਣ ਲਈ ਸਹਿਯੋਗ ਦਾ ਹੱਥ ਵਧਾਉਣ ਦੀ ਥਾਂ ਉਹ ਪਾਰਟੀ ਅੰਦਰ ਵੀ ਦਹਿਸ਼ਤ ਪਾ ਕੇ ਰੱਖਦਾ ਹੈ ਤੇ ਪਿਓ-ਦਾਦੇ ਦੀ ਉਮਰ ਵਾਲਿਆਂ ਲਈ ਵੀ ਕੋਈ ਲਿਹਾਜ ਨਹੀਂ ਵਿਖਾਉਂਦਾ। ਇੱਕ ਵਾਰੀ ਉਹ ਅਟਲ ਬਿਹਾਰੀ ਵਾਜਪਾਈ ਅਤੇ ਗਿਆਰਾਂ ਕੁ ਵਾਰੀ ਅਡਵਾਨੀ ਨੂੰ ਜਨਤਕ ਤੌਰ ਉਤੇ ਅੱਖਾਂ ਵਿਖਾ ਚੁੱਕਾ ਹੈ। ਰਹੀ ਗੱਲ ਹੋ ਗਈ ਗਲਤੀ ਨੂੰ ਸੁਧਾਰਨ ਦੀ, ਇਹ ਕੰਮ ਵਾਜਪਾਈ ਵੀ ਜਾਣਦਾ ਸੀ ਤੇ ਅਡਵਾਨੀ ਵੀ ਕਦੀ-ਕਦੀ ਕਰ ਲੈਂਦਾ ਸੀ। ਵਾਜਪਾਈ ਜਨਤਕ ਮੰਚ ਤੋਂ ਵੀ ਗਲਤੀ ਮੰਨ ਲੈਂਦਾ ਸੀ ਤੇ ਅਡਵਾਨੀ ਇਹ ਕੰਮ ਅੰਦਰ ਬੈਠ ਕੇ ਕਰਦਾ ਸੀ। ਮੋਦੀ ਨੇ ਮੰਨਣਾ ਸਿੱਖਿਆ ਹੀ ਨਹੀਂ। ਉਹ ਗਲਤੀ ਨੂੰ ਅੱਖੋਂ ਪਰੋਖੇ ਕਰ ਕੇ ਲੋਕਾਂ ਨੂੰ ਉਹ ਗਲਤੀ ਭੁੱਲਣ ਤੋਂ ਪਹਿਲਾਂ ਨਵੀਂ ਗਲਤੀ ਕਰਨ ਦਾ ਆਦੀ ਹੁੰਦਾ ਜਾ ਰਿਹਾ ਹੈ। ਪਿਛਲੇ ਦਿਨੀਂ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਤੋਂ ਸ਼ੁਰੂ ਕਰ ਕੇ ਉਸ ਨੇ ਹਰ ਮਾਮਲੇ ਵਿਚ ਇਹੋ ਕੁਝ ਕੀਤਾ ਤੇ ਹੁਣ ਜਦੋਂ ਜੰਮੂ-ਕਸ਼ਮੀਰ ਜਾ ਕੇ ਧਾਰਾ 370 ਦਾ ਰਾਗ ਛੇੜਿਆ, ਓਥੇ ਮੂਲੋਂ ਹੀ ਗਲਤ ਗੱਲ ਕਰ ਆਇਆ ਹੈ।

ਜੰਮੂ-ਕਸ਼ਮੀਰ ਵਾਲੀ ਧਾਰਾ 370 ਦੀ ਗੱਲ ਕਰਨ ਤੋਂ ਪਹਿਲਾਂ ਇਹ ਗੱਲ ਯਾਦ ਕਰਨੀ ਚਾਹੀਦੀ ਹੈ ਕਿ ਭਾਜਪਾ ਆਗੂ ਇਹ ਕਹਿ ਕੇ ਸੋਨੀਆ ਗਾਂਧੀ ਨੂੰ ਚਿੜਾਉਂਦੇ ਰਹੇ ਹਨ ਕਿ ਸਾਡੇ ਕੋਲ ਤਾਂ ਲੀਡਰ ਹਨ ਤੇ ਕਾਂਗਰਸ ਨੇ ‘ਰੀਡਰ’ ਲੈ ਆਂਦੀ ਹੈ, ਜਿਹੜੀ ਲਿਖੇ ਹੋਏ ਭਾਸ਼ਣ ਪੜ੍ਹਦੀ ਹੈ। ਪਿੱਛੋਂ ਇਹ ਗੱਲ ਸਾਬਤ ਹੋ ਗਈ ਸੀ ਕਿ ਭਾਜਪਾ ਲੀਡਰ ਵੀ ਅਸਲ ਵਿਚ ‘ਰੀਡਰ’ ਹੀ ਹਨ। ਪਾਕਿਸਤਾਨ ਜਾ ਕੇ ਮੁਹੰਮਦ ਅਲੀ ਜਿਨਾਹ ਬਾਰੇ ਬਿਆਨ ਦੇ ਕੇ ਜਦੋਂ ਲਾਲ ਕ੍ਰਿਸ਼ਨ ਅਡਵਾਨੀ ਫਸ ਗਿਆ, ਉਸ ਨੇ ਪਾਰਟੀ ਤੋਂ ਇਹ ਕਹਿ ਕੇ ਜਿੰਦ ਛੁਡਾਈ ਸੀ ਕਿ ਇਹ ਬਿਆਨ ਉਸ ਨੂੰ ਉਸ ਦੇ ਭਾਸ਼ਣ ਲੇਖਕ ਨੇ ਲਿਖ ਕੇ ਦਿੱਤਾ ਸੀ। ਭਾਂਡਾ ਉਦੋਂ ਸੁਧੇਂਦਰ ਕੁਲਕਰਨੀ ਦੇ ਸਿਰ ਭੱਜਾ ਸੀ। ਜਦੋਂ ਅਡਵਾਨੀ ਨੇ ਪਾਰਲੀਮੈਂਟ ਵਿਚ ਇਹ ਕਿਹਾ ਕਿ ਐਟਮੀ ਪਸਾਰ ਰੋਕੂ ਸੰਧੀ ਉਤੇ ਸਹੀ ਪਾਉਣ ਤੋਂ ਪੰਡਿਤ ਨਹਿਰੂ ਨੇ ਵੀ ਨਾਂਹ ਕਰ ਦਿੱਤੀ ਸੀ, ਅਤੇ ਪ੍ਰਣਬ ਮੁਖਰਜੀ ਨੇ ਪਾਰਲੀਮੈਂਟ ਵਿਚ ਇਹ ਕਹਿ ਕੇ ਠਿੱਠ ਕਰ ਦਿੱਤਾ ਕਿ ਪੰਡਿਤ ਨਹਿਰੂ ਦਾ ਦੇਹਾਂਤ 1964 ’ਚ ਹੋ ਗਿਆ ਸੀ ਅਤੇ ਐਟਮੀ ਪਸਾਰ ਰੋਕੂ ਸੰਧੀ ਛੇ ਸਾਲ ਪਿੱਛੋਂ 1970 ’ਚ ਬਣੀ ਸੀ, ਉਦੋਂ ਵੀ ਇਹੋ ਗੱਲ ਨਿਕਲੀ ਸੀ ਕਿ ਕਸੂਰ ਅਡਵਾਨੀ ਦਾ ਨਹੀਂ, ਉਸ ਦੇ ਭਾਸ਼ਣ ਲੇਖਕ ਦਾ ਸੀ।

ਇਹੋ ਕੁਝ ਹੁਣ ਨਰਿੰਦਰ ਮੋਦੀ ਬਾਰੇ ਕਿਹਾ ਜਾਂਦਾ ਹੈ। ਉਸ ਨੇ ਕਈ ਗਲਤੀਆਂ ਕੀਤੀਆਂ ਹਨ। ਛੱਤੀਸਗੜ੍ਹ ਜਾ ਕੇ ਉਸ ਨੇ ਕਿਹਾ ਕਿ ਡਾਲਰ ਦਾ ਮੁੱਲ ਭਾਰਤ ਦੇ ਸੱਤਰ ਰੁਪਏ ਹੋ ਗਿਆ ਹੈ, ਪਰ ਇਹ ਮੁੱਲ ਇੱਕ ਹਫਤਾ ਪਹਿਲਾਂ ਦਾ ਸੀ, ਉਸ ਦਿਨ ਡਾਲਰ ਡਿੱਗ ਕੇ ਬਾਹਠ ਰੁਪਏ ਰਹਿ ਗਿਆ ਸੀ। ਭਾਸ਼ਣ ਲੇਖਕ ਨੇ ਜਿਹੜਾ ਭਾਸ਼ਣ ਇੱਕ ਹਫਤਾ ਪਹਿਲਾਂ ਲਿਖਿਆ ਸੀ, ਛੱਤੀਸਗੜ੍ਹ ਆਏ ਮੋਦੀ ਨੂੰ ਸੋਧਣ ਤੋਂ ਬਿਨਾਂ ਫੜਾ ਦਿੱਤਾ ਅਤੇ ਬਹੁਤੇ ਸਿਆਣੇ ਮੋਦੀ ਨੇ ਚੈਕ ਕੀਤੇ ਬਿਨਾਂ ਪੜ੍ਹ ਦਿੱਤਾ ਸੀ। ਬਿਹਾਰ ’ਚ ਉਸ ਨੇ ਸਿਕੰਦਰ ਬਾਦਸ਼ਾਹ ਨੂੰ ਗੰਗਾ ਵਿਚ ਡੁੱਬ ਗਿਆ ਕਹਿ ਦਿੱਤਾ, ਜਦ ਕਿ ਸਿਕੰਦਰ ਪੰਜਾਬ ਦੇ ਬਿਆਸ ਦਰਿਆ ਤੋਂ ਪਿੱਛੇ ਮੁੜਨ ਨੂੰ ਮਜਬੂਰ ਹੋ ਗਿਆ ਸੀ। ਪੁਰਾਣੇ ਸਮਿਆਂ ਦੀ ਤਕਸ਼ਿਲਾ ਯੂਨੀਵਰਸਿਟੀ ਨੂੰ ਮੋਦੀ ਨੇ ਬਿਹਾਰ ਦੀ ਆਖ ਦਿੱਤਾ, ਜਦ ਕਿ ਉਹ ਉਸ ਖੇਤਰ ਵਿਚ ਸੀ, ਜਿਹੜਾ ਹੁਣ ਪਾਕਿਸਤਾਨ ਵਿਚ ਹੈ। ਸਾਰੀਆਂ ਗੱਲਾਂ ਨਾਲ ਉਸ ਦਾ ਮਜ਼ਾਕ ਉਡਣ ਮਗਰੋਂ ਕਾਰਨ ਇਹੋ ਨਿਕਲਿਆ ਕਿ ਨਰਿੰਦਰ ਮੋਦੀ ‘ਇੱਲ ਦਾ ਨਾਂ ਕੋਕੋ’ ਨਹੀਂ ਜਾਣਦਾ ਤੇ ਲਿਖੇ ਹੋਏ ਭਾਸ਼ਣ ਪੜ੍ਹ ਛੱਡਦਾ ਹੈ। ਨਰਿੰਦਰ ਮੋਦੀ ਨੂੰ ਇਹ ਵੀ ਚੇਤੇ



ਨਹੀਂ ਕਿ ਸਵਿਟਜ਼ਰਲੈਂਡ ਵਿਚੋਂ ਜਿਹੜੇ ਦੇਸ਼ ਭਗਤ ਸ਼ਿਆਮਜੀ ਦੀਆਂ ਅਸਥੀਆਂ ਉਸ ਦੀ ਆਪਣੀ ਸਰਕਾਰ ਵੇਲੇ ਆਈਆਂ ਸਨ, ਉਹ ਹੋਰ ਹੁੰਦਾ ਸੀ ਤੇ ਉਸ ਦੀ ਆਪਣੀ ਪਾਰਟੀ ਭਾਜਪਾ ਤੋਂ ਪਹਿਲਾਂ ਜਨ ਸੰਘ ਬਣਾਉਣ ਵਾਲਾ ਸ਼ਿਆਮਾ ਪ੍ਰਸਾਦ ਮੁਕਰਜੀ ਹੋਰ ਸੀ। ਏਡੇ ਅਕਲੋਂ ਊਣੇ ਨੂੰ ਪ੍ਰਧਾਨ ਮੰਤਰੀ ਬਣਾਉਣਾ ਚਾਹੁੰਦੀ ਹੈ ਭਾਜਪਾ!

ਹੁਣ ਆਈਏ ਨਰਿੰਦਰ ਮੋਦੀ ਦੇ ਉਸ ਭਾਸ਼ਣ ਵੱਲ, ਜਿਹੜਾ ਉਸ ਨੇ ਜੰਮੂ-ਕਸ਼ਮੀਰ ਜਾ ਕੇ ਦਿੱਤਾ ਤੇ ਇਸ ਨਾਲ ਦੂਸਰੇ ਆਗੂਆਂ ਨੂੰ ਚਾਂਦਮਾਰੀ ਕਰਨ ਦਾ ਮੌਕਾ ਮਿਲ ਗਿਆ ਹੈ। ਗਲਤ-ਬਿਆਨੀ ਨਰਿੰਦਰ ਮੋਦੀ ਨੇ ਇਸ ਹੱਦ ਤੀਕ ਕੀਤੀ ਹੈ ਕਿ ਉਸ ਦੀ ਆਪਣੀ ਪਾਰਟੀ ਨੂੰ ਵੀ ਜੰਮੂ-ਕਸ਼ਮੀਰ ਦੇ ਲੋਕਾਂ ਦੇ ਸਾਹਮਣੇ ਜਾ ਕੇ ਜਵਾਬ ਦੇਣ ਵਿਚ ਔਖ ਮਹਿਸੂਸ ਹੋ ਰਹੀ ਹੈ, ਕਿਉਂਕਿ ਸਥਾਨਕ ਲੋਕਾਂ ਨੂੰ ਸੱਚ ਬਾਰੇ ਪਤਾ ਹੈ।

ਪਹਿਲਾਂ ਤਾਂ ਇਸ ਧਾਰਾ 370 ਦੇ ਬਾਰੇ ਇਹ ਗਲਤ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਸਿਰਫ ਜੰਮੂ ਤੇ ਕਸ਼ਮੀਰ ਨੂੰ ਬਾਕੀਆਂ ਤੋਂ ਵਿਸ਼ੇਸ਼ ਰਾਜ ਦਾ ਦਰਜਾ ਹਾਸਲ ਹੈ। ਅਸਲੀਅਤ ਇਹ ਹੈ ਕਿ ਵਿਸ਼ੇਸ਼ ਦਰਜੇ ਦੀ ਇਹੋ ਜਿਹੀ ਧਾਰਾ ਦਾ ਪ੍ਰਬੰਧ ਵਿਸ਼ੇਸ਼ ਹਾਲਾਤ ਦੇ ਕਾਰਨ ਸਿਰਫ ਜੰਮੂ-ਕਸ਼ਮੀਰ ਲਈ ਨਹੀਂ, ਕੁਝ ਹੋਰ ਰਾਜਾਂ ਲਈ ਵੀ ਹੈ। ਧਾਰਾ 370 ਦੇ ਬਾਅਦ ਧਾਰਾ 371 ਵਿਚ ਮਹਾਰਾਸ਼ਟਰ ਤੇ ਗੁਜਰਾਤ ਲਈ ਵਿਸ਼ੇਸ਼ ਪ੍ਰਬੰਧ ਹਨ, ਭਾਵੇਂ ਇਹ ਉਨ੍ਹਾਂ ਦੋਹ ਰਾਜਾਂ ਨੂੰ ਹੋਰਨਾਂ ਤੋਂ ਬਹੁਤੇ ਵੱਖਰੇ ਨਹੀਂ ਕਰਦੇ। ਇਸ ਪਿੱਛੋਂ ਧਾਰਾ 371-ਏ ਵਿਚ ਨਾਗਾਲੈਂਡ ਦੇ ਲੋਕਾਂ ਦੇ ਸੱਭਿਆਚਾਰ ਦੇ ਵਿਸ਼ੇਸ਼ ਪੱਖਾਂ ਬਾਰੇ ਕੁਝ ਗੱਲਾਂ ਹਨ, ਜਿਨ੍ਹਾਂ ਨਾਲ ਉਨ੍ਹਾਂ ਨੂੰ ਸਿਰਫ ਧਾਰਮਿਕ ਤੇ ਸਮਾਜੀ ਪ੍ਰਬੰਧ ਲਈ ਨਹੀਂ, ਨਾਗਾ ਰਵਾਇਤਾਂ ਮੁਤਾਬਕ ਦੀਵਾਨੀ ਤੇ ਫੌਜਦਾਰੀ ਕੇਸਾਂ ਦੇ ਨਿਪਟਾਰੇ ਦਾ ਉਹ ਹੱਕ ਵੀ ਮਿਲ ਜਾਂਦਾ ਹੈ, ਜਿਹੜਾ ਹੋਰ ਰਾਜਾਂ ਵਿਚ ਓਦਾਂ ਦਾ ਨਹੀਂ ਹੈ। ਧਾਰਾ 371-ਬੀ ਵਿਚ ਆਸਾਮ ਦੇ ਲੋਕਾਂ ਲਈ ਇਹੋ ਜਿਹੇ ਕੁਝ ਪ੍ਰਬੰਧ ਹਨ, ਧਾਰਾ 371-ਸੀ ਮਨੀਪੁਰ ਦੇ ਲੋਕਾਂ ਲਈ, ਧਾਰਾ 371-ਐਫ ਸਿੱਕਮ ਦੇ ਲੋਕਾਂ ਤੇ ਧਾਰਾ 371-ਜੀ ਮਿਜ਼ੋਰਮ ਦੇ ਲੋਕਾਂ ਲਈ ਇਹੋ ਜਿਹੇ ਗਾਰੰਟੀ ਦੇਣ ਦੇ ਪ੍ਰਬੰਧ ਕਰਦੀ ਹੈ। ਅਰੁਣਾਚਲ ਪ੍ਰਦੇਸ਼ ਨੂੰ ਚੀਨ ਨੇ ਕਦੀ ਵੀ ਭਾਰਤ ਦਾ ਅੰਗ ਨਹੀਂ ਮੰਨਿਆ ਤੇ ਉਥੋਂ ਦੇ ਲੋਕਾਂ ਨੂੰ ਭਾਰਤ ਨਾਲ ਜੋੜੀ ਰੱਖਣ ਲਈ ਇਹੋ ਜਿਹੇ ਕੁਝ ਪ੍ਰਬੰਧ ਧਾਰਾ 371-ਐਚ ਰਾਹੀਂ ਕੀਤੇ ਗਏ ਹਨ ਤੇ ਜਿਸ ਗੋਆ ਨੂੰ ਭਾਰਤ ਦੀ ਆਜ਼ਾਦੀ ਤੋਂ ਬਾਅਦ ਪੁਰਤਗਾਲ ਤੋਂ ਆਜ਼ਾਦ ਕਰਾਉਣ ਦੀ ਲੜਾਈ ਵਿਚ ਸਾਡੇ ਪੰਜਾਬ ਦਾ ਕਰਨੈਲ ਸਿੰਘ ਈਸੜੂ ਸ਼ਹੀਦ ਹੋਇਆ ਸੀ, ਉਸ ਰਾਜ ਦੇ ਲੋਕਾਂ ਨੂੰ ਭਾਰਤ ਦੀ ਨੇਕ-ਨੀਤੀ ਦਾ ਵਿਸ਼ਵਾਸ ਦੇਣ ਲਈ ਧਾਰਾ 371-ਆਈ ਵਿਚ ਕੁਝ ਖਾਸ ਪ੍ਰਬੰਧ ਕੀਤੇ ਹੋਏ ਹਨ।

ਉਨ੍ਹਾਂ ਸਭ ਪ੍ਰਬੰਧਾਂ ਤੇ ਧਾਰਾਵਾਂ ਨੂੰ ਅੱਖੋਂ ਪਰੋਖੇ ਕਰ ਕੇ ਕੁਝ ਲੋਕਾਂ ਨੂੰ ਸਿਰਫ ਜੰਮੂ ਕਸ਼ਮੀਰ ਚੁਭਦਾ ਹੈ, ਜਿਸ ਵਿਚ ਹਾਲਾਤ ਇਨੇ ਵਿਸ਼ੇਸ਼ ਹਨ ਕਿ ਉਸ ਦੀ ਵਿਧਾਨ ਸਭਾ ਦੀਆਂ ਚੋਣਾਂ ਕਮਿਸ਼ਨ ਪਹਿਲਾਂ ਇੱਕ ਸੌ ਸੀਟਾਂ ਮਿੱਥ ਕੇ ਸਿਰਫ 76 ਦੀ ਕਰਵਾਉਂਦਾ ਹੁੰਦਾ ਸੀ ਅਤੇ ਹੁਣ 111 ਸੀਟਾਂ ਮਿਥ ਕੇ 87 ਦੀ ਚੋਣ ਕਰਵਾ ਕੇ ਬਾਕੀ ਚੌਵੀ ਸੀਟਾਂ ਪਾਕਿਸਤਾਨ ਦੇ ਕਬਜ਼ੇ ਵਾਲੇ ਖੇਤਰ ਦੇ ਲੋਕਾਂ ਲਈ ਇਹ ਸੋਚ ਕੇ ਖਾਲੀ ਰੱਖ ਲੈਂਦਾ ਹੈ ਕਿ ਕਿਸੇ ਦਿਨ ਹਾਲਾਤ ਬਦਲ ਕੇ ਅਜਿਹੇ ਵੀ ਬਣ ਸਕਦੇ ਹਨ ਕਿ ਉਹ ਖੇਤਰ ਅਤੇ ਉਹ ਲੋਕ ਇਸ ਰਾਜ ਵਿਚ ਵਾਪਸ ਆ ਸਕਦੇ ਹਨ।

ਨਰਿੰਦਰ ਮੋਦੀ ਨਾ ਗੁਜਰਾਤ ਦੇ ਇਤਿਹਾਸ ਤੋਂ ਜਾਣੂ ਹੈ, ਨਾ ਦੇਸ਼ ਦੇ ਇਤਿਹਾਸ ਤੋਂ ਅਤੇ ਜੰਮੂ-ਕਸ਼ਮੀਰ ਵਿਚ ਜਾ ਕੇ ਧਾਰਾ 370 ਦਾ ਵਿਰੋਧ ਕਰਦਿਆਂ ਇੱਕ ਨਵਾਂ ਸ਼ੋਸ਼ਾ ਛੱਡ ਆਇਆ ਹੈ। ਉਸ ਨੇ ਇਹ ਕਹਿ ਦਿੱਤਾ ਕਿ ਜਿਹੜੇ ਹੱਕ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਪ੍ਰਾਪਤ ਹਨ, ਉਹ ਉਸ ਦੀ ਭੈਣ ਸਾਰਾ ਨੂੰ ਨਹੀਂ, ਕਿਉਂਕਿ ਉਹ ਇਸ ਰਾਜ ਤੋਂ ਬਾਹਰ ਦੇ ਮੁੰਡੇ ਨਾਲ ਵਿਆਹੀ ਗਈ ਹੈ।

ਜੰਮੂ-ਕਸ਼ਮੀਰ ਦੇ ਇੱਕ ਆਗੂ ਦਾ ਨਾਂ ਪ੍ਰੋਫੈਸਰ ਭੀਮ ਸਿੰਘ ਹੈ ਤੇ ਉਹ ਚੜ੍ਹਦੀ ਜਵਾਨੀ ਦੇ ਦਿਨੀਂ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਹੁਣ ਤੱਕ ਹਰ ਪ੍ਰਧਾਨ ਮੰਤਰੀ ਨੂੰ ਮਿਲਦੇ ਰਹੇ ਹਨ। ਉਸ ਰਾਜ ਦੀ ਕੋਈ ਵੀ ਗੱਲ ਉਨ੍ਹਾਂ ਤੋਂ ਵੱਧ ਕੋਈ ਨਹੀਂ ਜਾਣ ਸਕਦਾ। ਨਰਿੰਦਰ ਮੋਦੀ ਦੇ ਇਸ ਭਾਸ਼ਣ ਮਗਰੋਂ ਇਹ ਗੱਲ ਪ੍ਰੋਫੈਸਰ ਭੀਮ ਸਿੰਘ ਨੇ ਸਪੱਸ਼ਟ ਕੀਤੀ ਹੈ ਕਿ ਪਹਿਲਾਂ ਇਹੋ ਵਿਵਸਥਾ ਹੁੰਦੀ ਸੀ ਕਿ ਇਸ ਰਾਜ ਤੋਂ ਬਾਹਰ ਵਿਆਹੀ ਜਾ ਰਹੀ ਕੁੜੀ ਨੂੰ ਇਸ ਰਾਜ ਦੇ ਨਾਗਰਿਕਾਂ ਦੇ ਵਿਸ਼ੇਸ਼ ਹੱਕਾਂ ਤੋਂ ਵਾਂਝਾ ਹੋਣਾ ਪੈਂਦਾ ਸੀ। ਇਸ ਦੇ ਵਿਰੁਧ ਕੁਝ ਕੁੜੀਆਂ, ਜਿਨ੍ਹਾਂ ਵਿਚ ਇਥੋਂ ਦੇ ਇੱਕ ਸਾਬਕਾ ਪ੍ਰਧਾਨ ਮੰਤਰੀ ਬਖਸ਼ੀ ਗੁਲਾਮ ਮੁਹੰਮਦ (ਪਹਿਲਾਂ ਉਥੇ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਕਿਹਾ ਜਾਂਦਾ ਸੀ) ਦੀ ਧੀ ਰੁਬੀਨਾ ਵੀ ਸ਼ਾਮਲ ਸੀ, ਨੇ ਇਸੇ ਰਾਜ ਦੀ ਹਾਈ ਕੋਰਟ ਵਿਚ ਇੱਕ ਪਟੀਸ਼ਨ ਕੀਤੀ ਸੀ। ਸਾਲ 2001 ਵਿਚ ਹਾਈ ਕੋਰਟ ਦੇ ਫੁੱਲ ਬੈਂਚ, ਜਿਸ ਵਿਚ ਸਾਰੇ ਜੱਜ ਬੈਠਦੇ ਹਨ, ਨੇ ਇਸ ਪਟੀਸ਼ਨ ਦੀ ਸੁਣਵਾਈ ਵੇਲੇ ਇਸ ਵਿਵਸਥਾ ਨੂੰ ਬਦਨੀਤੀ ਭਰੀ ਕਹਿ ਕੇ ਰੱਦ ਕਰ ਦਿੱਤਾ ਸੀ।

ਅਗਲੇ ਸਾਲ ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਪੀ ਡੀ ਪੀ ਪਾਰਟੀ ਦੀ ਆਗੂ ਮਹਿਬੂਬਾ ਮੁਫਤੀ ਦੀ ਅਗਵਾਈ ਹੇਠ ਇੱਕ ਬਿੱਲ ਪਾਸ ਕਰ ਕੇ ਪੁਰਾਣਾ ਪ੍ਰਬੰਧ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਤੇ ਉਹ ਬਿੱਲ ਕਾਹਲੀ ਵਿਚ ਬਿਨਾਂ ਬਹਿਸ ਪਾਸ ਕਰ ਦਿੱਤਾ ਗਿਆ ਪਰ ਵਿਧਾਨ ਪ੍ਰੀਸ਼ਦ ਤੋਂ ਸਿਰਫ ਇੱਕ ਵੋਟ ਦੀ ਘਾਟ ਕਾਰਨ ਪਾਸ ਹੋਣ ਤੋਂ ਰਹਿ ਗਿਆ ਸੀ। ਵਿਰੋਧ ਵਿਚ ਪਾਈ ਇਹ ਇੱਕ ਵੋਟ ਪ੍ਰੋ. ਭੀਮ ਸਿੰਘ ਦੀ ਸੀ। ਪ੍ਰੋ. ਭੀਮ ਸਿੰਘ ਪੁੱਛਦਾ ਹੈ ਕਿ ਜਿਹੜੀ ਵਿਵਸਥਾ 2001 ਵਿਚ ਰੱਦ ਹੋ ਗਈ ਸੀ, ਉਸ ਦੀ ਕਹਾਣੀ ਨਰਿੰਦਰ ਮੋਦੀ ਨੇ ਹੁਣ ਕਾਹਦੇ ਲਈ ਪਾ ਦਿੱਤੀ ਹੈ?

ਇਥੇ ਆਣ ਕੇ ਉਹ ਤੀਸਰੀ ਗੱਲ ਅਸੀਂ ਕਹਿਣੀ ਚਾਹੁੰਦੇ ਹਾਂ, ਜਿਹੜੀ ਇਹ ਲੇਖ ਲਿਖਣ ਵੇਲੇ ਵੀ ਸਾਡੇ ਮਨ ਵਿਚ ਘੁੰਮ ਰਹੀ ਸੀ। ਅਸੀਂ ਮੇਲਿਆਂ ਵਿਚ ਕੁਝ ਮਸਖਰੇ ਵੇਖੇ ਹਨ। ਉਹ ਆਪਣਾ ਕੱਦ ਹੋਰ ਲੋਕਾਂ ਨਾਲੋਂ ਉਚਾ ਦਿਖਾਉਣ ਲਈ ਪੈਰਾਂ ਨਾਲ ਬਾਂਸ ਬੰਨ੍ਹ ਕੇ ਭੀੜ ਵਿਚ ਨਿਕਲ ਤੁਰਦੇ ਹਨ, ਪਰ ਉਨ੍ਹਾਂ ਦੀ ਤੋਰ ਏਨੀ ਬੇਢੰਗੀ ਹੁੰਦੀ ਹੈ ਕਿ ਵੇਖਣ ਵਾਲਿਆਂ ਦਾ ਹਾਸਾ ਨਿਕਲ ਜਾਂਦਾ ਹੈ। ਨਰਿੰਦਰ ਮੋਦੀ ਨੂੰ ਵੀ ਇਹੋ ਚਸਕਾ ਹੈ। ਉਸ ਦਾ ਦਿਲ ਕਰਦਾ ਹੈ ਕਿ ਉਹ ਦੇਸ਼ ਦੇ ਬਾਕੀ ਸਾਰੇ ਆਗੂਆਂ ਤੋਂ ਵੱਖਰਾ-ਨਿਆਰਾ ਦਿੱਸਣਾ ਚਾਹੀਦਾ ਹੈ। ਇਸ ਮਕਸਦ ਲਈ ਉਹ ਇਹੋ ਜਿਹੇ ਸ਼ੋਸ਼ੇ ਛੱਡੀ ਜਾਂਦਾ ਹੈ, ਜਿਹੜੇ ਪੜ੍ਹਨ-ਸੁਣਨ ਤੋਂ ਬਾਅਦ ਕੋਈ ਵੀ ਇਹ ਸੋਚਣ ਲਈ ਮਜਬੂਰ ਹੋ ਸਕਦਾ ਹੈ ਕਿ ਇਹ ਬੰਦਾ, ਜਿਸ ਦੇ ਪੱਲੇ ਨਾ ‘ਸਟੇਟਸਮੈਨਸ਼ਿਪ’ ਹੈ, ਨਾ ਦੇਸ਼ ਦੇ ਇਤਿਹਾਸ ਅਤੇ ਆਮ ਸੱਭਿਆਚਾਰ ਬਾਰੇ ਕੋਈ ਸਿੱਕੇਬੰਦ ਸੂਝ ਹੀ ਹੈ, ਉਸ ਨੂੰ ਅੱਗੇ ਲਾ ਕੇ ਦੇਸ਼ ਨੂੰ ਲਿਜਾਣਾ ਕਿੱਥੇ ਚਾਹੁੰਦੀ ਹੈ ਭਾਰਤੀ ਜਨਤਾ ਪਾਰਟੀ?




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ ’ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268

732-983-4332/4333

# ਪੰਜਾਬ ਨਿਵੇਸ਼ਕਾਰ ਸੰਮੇਲਨ ਵਿਚ 3 ਲੱਖ ਲੋਕਾਂ ਨੂੰ ਰੁਜ਼ਗਾਰ ਦਾ ਵਾਅਦਾ

**ਮੁਹਾਲੀ:** ਪੰਜਾਬ ਸਰਕਾਰ ਵੱਲੋਂ ਇੱਥੇ ਸੈਕਟਰ-81 ਵਿਚ ਇੰਡੀਅਨ ਸਕੂਲ ਆਫ ਬਿਜ਼ਨਸ ਦੇ ਕੈਂਪਸ ਵਿਚ ਕਰਵਾਏ ਦੋ ਰੋਜ਼ਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕਾਰ ਸੰਮੇਲਨ ਦੇਸ਼-ਵਿਦੇਸ਼ ਦੀਆਂ ਨਾਮੀ ਕੰਪਨੀਆਂ ਅਤੇ ਵੱਡੇ ਉਦਯੋਗਿਕ ਘਰਾਣਿਆਂ ਦੀਆਂ ਕਰੀਬ 117 ਕੰਪਨੀਆਂ ਨੇ ਸੂਬੇ ਵਿਚ 65 ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਲਈ ਅਹਿਦਨਾਮੇ 'ਤੇ ਦਸਤਖ਼ਤ ਕੀਤੇ।

ਸੰਮੇਲਨ ਦੌਰਾਨ ਸਨਅਤਕਾਰਾਂ ਨੇ 10 ਹਜ਼ਾਰ ਕਰੋੜ ਦੇ ਨਿਵੇਸ਼ ਲਈ ਸਹਿਮਤੀ ਪ੍ਰਗਟਾਈ। ਸੰਮੇਲਨ ਦੀ ਸਫ਼ਲਤਾ ਤੋਂ ਬਾਗੋਬਾਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਨਾਮੀ ਕੰਪਨੀਆਂ ਵੱਲੋਂ ਸੂਬੇ ਵਿਚ ਪੂੰਜੀ ਨਿਵੇਸ਼ ਕਰਨ ਲਈ ਦਿਖਾਈ ਦਿਲਚਸਪੀ ਨਾਲ 3 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ ਅਤੇ ਪੰਜਾਬ ਸਨਅਤੀ ਹੱਬ ਵਜੋਂ ਉਭਰੇਗਾ। ਉਨ੍ਹਾਂ ਅਗਲਾ ਸੰਮੇਲਨ 9 ਤੇ 10 ਦਸੰਬਰ 2014 ਨੂੰ ਲੁਧਿਆਣਾ 'ਚ ਕਰਵਾਉਣ ਦਾ ਐਲਾਨ ਵੀ ਕੀਤਾ।

ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਆਏ ਸਨਅਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਦੇ ਸਰਬਪੱਖੀ ਵਿਕਾਸ ਲਈ ਸਰਗਰਮ ਰੋਲ ਅਦਾ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਜੇ ਸਨਅਤਕਾਰ ਨੂੰ ਪ੍ਰੋਜੈਕਟ ਦੇ ਕਿਸੇ ਵੀ ਪੱਧਰ 'ਤੇ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਨਾਲ ਕਿਸੇ ਵੀ ਸਮੇਂ ਟੈਲੀਫੋਨ ਜਾਂ ਨਿੱਜੀ ਤੌਰ 'ਤੇ ਸੰਪਰਕ ਕਰ ਸਕਦੇ ਹਨ। ਸਨਅਤ ਮੰਤਰੀ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਨਿਵੇਸ਼ ਸੰਮੇਲਨ ਸੂਬੇ ਵਿਚ ਸਨਅਤੀ ਕ੍ਰਾਂਤੀ ਲਿਆਉਣ ਲਈ ਮੀਲ ਪੱਥਰ ਸਾਬਤ ਹੋਵੇਗਾ। ਸੰਮੇਲਨ ਨੂੰ ਸਨਅਤਕਾਰਾਂ ਨੈੱਸ ਵਾਡੀਆ, ਰਾਜਿੰਦਰ ਗੁਪਤਾ, ਕਮਲ ਓਸਵਾਲ, ਵਿਨੀਤ ਨਾਇਰ, ਕੁਰੁਸ਼ ਗਰਾਂਟ ਅਤੇ ਇੰਡੀਅਨ ਸਕੂਲ ਆਫ਼ ਬਿਜ਼ਨਸ ਦੇ ਡੀਨ ਅਜੀਤ ਰੰਗਨੇਕਰ ਨੇ ਸੰਬੋਧਨ ਕੀਤਾ। ਰਿਲਾਇੰਸ ਗਰੁੱਪ ਆਫ਼ ਕੰਪਨੀ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਐਲਾਨ ਕੀਤਾ ਕਿ ਉਹ 4ਜੀ ਵਿਚ 2500 ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕਰਨਗੇ। ਏਅਰਟੈੱਲ ਦੇ ਮੁਖੀ ਸੁਨੀਲ ਭਾਰਤੀ ਮਿੱਤਲ ਨੇ ਐਲਾਨ ਕੀਤਾ ਕਿ ਅਗਲੇ 5 ਸਾਲਾਂ ਦੌਰਾਨ ਪੰਜਾਬ ਵਿਚ 400 ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕੀਤਾ ਜਾਵੇਗਾ। ਆਰਸੈਲਰਜ਼ ਕੰਪਨੀ ਦੇ ਚੇਅਰਮੈਨ ਲਕਸ਼ਮੀ ਨਾਰਾਇਣ ਮਿੱਤਲ ਨੇ ਕਿਹਾ ਕਿ ਬਠਿੰਡਾ ਰਿਫਾਇਨਰੀ ਲਾਉਣ ਨਾਲ ਉਨ੍ਹਾਂ ਕੋਲ ਪੰਜਾਬ ਵਿਚ ਕੰਮ ਕਰਨਾ ਦਾ ਤਜਰਬਾ ਹੈ। ਹੁਣ ਉਹ 20 ਹਜ਼ਾਰ ਕਰੋੜ ਰੁਪਏ ਦਾ ਪ੍ਰੋਜੈਕਟ ਪੰਜਾਬ ਵਿਚ ਲਾਉਣਾ ਚਾਹੁੰਦੇ ਹਨ। ਆਈ.ਟੀ.ਸੀ. ਦੇ ਚੇਅਰਮੈਨ ਦੇਵੇਸ਼ਵਰ ਨੇ ਪੰਜਾਬੀ ਵਿਚ ਕਿਹਾ, "ਮੇਰੇ ਨਾਨਕੇ ਤੇ ਦਾਦਕੇ ਪੰਜਾਬ ਵਿਚ ਹਨ। ਮੈਨੂੰ ਛੇਤੀ ਜ਼ਮੀਨ ਦਿਓ, ਮੈਂ ਇਥੇ ਉਦਯੋਗ ਲਗਾਵਾਂ।"

ਇਸ ਤੋਂ ਇਲਾਵਾ ਸੀ.ਟੀ.ਸੀ.ਆਈ. ਕਾਰਪੋਰੇਸ਼ਨ (ਤਾਇਵਾਨ) ਦੇ ਵਾਈਸ ਚੇਅਰਮੈਨ ਜਾਹਨ ਲਿਨ, ਬਾਈਕਾਨ ਲਿਮਟਿਡ ਬੰਗਲੂਰ ਦੀ ਚੇਅਰਮੈਨ ਡਾ. ਕਿਰਨ ਮਜੂਮਦਾਰ ਸ਼ਾਹ, ਅਮਰੀਕਾ ਦੇ ਗਮਬਰਗ ਨਾਮਕ ਉਦਯੋਗ ਦੇ ਸੀ.ਈ.ਓ. ਰਾਜ ਗਮਬਰਗ ਨੇ ਵੀ ਸੰਬੋਧਨ ਕੀਤਾ।

**ਖਹਿਰਾ ਵੱਲੋਂ ਨੁਕਤਾਚੀਨੀ:** ਪੰਜਾਬ ਕਾਂਗਰਸ ਦੇ ਤਰਜਮਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਪਿਛਲੇ 7 ਸਾਲਾਂ ਦੌਰਾਨ ਲਘੂ ਤੇ ਦਰਮਿਆਨੇ 34,922 ਤੇ 70 ਵੱਡੇ ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ। ਇਸ ਦੌਰਾਨ ਪੰਜਾਬ ਦਾ ਸਨਅਤੀ ਵਾਧਾ ਵੀ 15.90% ਤੋਂ ਘੱਟ ਕੇ 9.19% ਆ ਗਿਆ ਹੈ ਅਤੇ ਇਸ ਖੇਤਰ ਵਿਚ ਰੁਜ਼ਗਾਰ ਤੇ ਲੇਬਰ ਪੱਧਰ ਵਿਚ ਵੀ ਵੱਡੀ ਗਿਰਾਵਟ ਆਈ ਹੈ। ਇਸ ਦੇ ਬਾਵਜੂਦ ਬਾਦਲ ਪਿਉ-ਪੁੱਤਰ ਵਿਕਾਸ ਦੇ ਦਾਅਵੇ ਕਰੀ ਜਾਂਦੇ ਹਨ। ਉਨ੍ਹਾਂ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਨਿਰਾ ਢਕਵੰਜ ਕਰਾਰ ਦਿੱਤਾ।




*ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕਾਰ ਸੰਮੇਲਨ ਦੌਰਾਨ ਸਟੇਜ 'ਤੇ ਬੈਠੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਹੋਰ।*

## ਰਵੀ ਸ਼ੰਕਰ ਦੀ ਐਲਬਮ ਗਰੈਮੀ ਲਈ ਨਾਮਜ਼ਦ

**ਲਾਸ ਏਂਜਲਸ:** ਨਾਮੀ ਸੰਗੀਤਕਾਰ ਪੰਡਤ ਰਵੀ ਸ਼ੰਕਰ ਨੂੰ ਉਨ੍ਹਾਂ ਦੀ ਸੰਗੀਤਕ ਐਲਬਮ 'ਲਿਵਿੰਗ ਰੂਮ ਸੈਸ਼ਨਜ਼ ਭਾਗ-2' ਲਈ ਆਲਮੀ ਸੰਗੀਤ ਵਰਗ ਵਿਚ 56ਵੇਂ ਗਰੈਮੀ ਐਵਾਰਡਜ਼ ਲਈ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਨੂੰ ਐਲਬਮ ਦੇ ਪਹਿਲੇ ਭਾਗ ਲਈ ਵੀ ਬੀਤੇ ਸਾਲ ਇਹ ਐਵਾਰਡ ਮਿਲਿਆ ਸੀ ਜੋ ਉਨ੍ਹਾਂ ਦੀਆਂ ਧੀਆਂ ਅਨੁਸ਼ਕਾ ਸ਼ੰਕਰ ਤੇ ਸੋਰਾ ਜੋਨਜ਼ ਨੇ ਪ੍ਰਾਪਤ ਕੀਤਾ ਸੀ। ਉਹ ਬੀਤੇ ਸਾਲ ਦਸੰਬਰ ਵਿਚ 92 ਸਾਲਾਂ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਏ ਸਨ।

## ਫੌਜ 'ਚ ਸਿੱਖਾਂ ਦੀ ਘੱਟ ਭਰਤੀ ਤੋਂ ਕਮਿਸ਼ਨ ਖ਼ਫਾ

**ਵਾਸ਼ਿੰਗਟਨ:** ਸ਼ਹਿਰੀ ਹੱਕਾਂ ਬਾਰੇ ਅਮਰੀਕੀ ਕਮਿਸ਼ਨ ਨੇ ਰੱਖਿਆ ਮੰਤਰੀ ਚੱਕ ਹੇਜਲ ਤੋਂ ਪੁੱਛਿਆ ਕਿ ਅਣਖ ਅਤੇ ਦਲੇਰੀ ਲਈ ਜਾਣੀ ਜਾਂਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਅਮਰੀਕੀ ਹਥਿਆਰਬੰਦ ਦਸਤਿਆਂ ਵਿਚ ਭਰਤੀ ਕਿਉਂ ਨਹੀਂ ਕੀਤਾ ਜਾਂਦਾ।

ਕਮਿਸ਼ਨ ਨੇ ਸ੍ਰੀ ਹੇਜਲ ਨੂੰ ਚਿੱਠੀ ਲਿਖ ਕੇ ਰੱਖਿਆ ਮਹਿਕਮੇ ਦੀ ਨੀਤੀ ਬਾਰੇ ਸਫਾਈ ਮੰਗੀ ਹੈ ਜਿਸ ਤਹਿਤ ਸਾਬਤ ਸੂਰਤ ਅਮਰੀਕੀ ਸਿੱਖਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਭਰਤੀ ਕਰਨ ਤੋਂ ਜ਼ਾਹਰਾ ਤੌਰ 'ਤੇ ਲਾਂਭੇ ਰੱਖਿਆ ਜਾਂਦਾ ਹੈ। 1957 ਵਿਚ ਕਾਇਮ ਕੀਤੇ ਗਏ ਇਸ ਕਮਿਸ਼ਨ ਵੱਲੋਂ ਕੌਮ ਨੂੰ ਦਰਪੇਸ਼ ਸ਼ਹਿਰੀ ਹੱਕਾਂ ਦੇ ਮੁੱਦਿਆਂ ਦੀ ਜਾਂਚ, ਰਿਪੋਰਟ ਅਤੇ ਸਿਫਾਰਸ਼ਾਂ ਕਰਨ ਦਾ ਜ਼ਿੰਮਾ ਦਿੱਤਾ ਹੋਇਆ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਮੌਜੂਦਾ ਅਮਰੀਕੀ ਫੌਜੀ ਨੇਮਾਂ ਤਹਿਤ ਆਮ ਤੌਰ 'ਤੇ ਫੌਜੀਆਂ ਦੇ ਪੱਗ ਬੰਨ੍ਹਣ ਅਤੇ ਹੋਰ ਧਾਰਮਿਕ ਰਹੁ-ਰੀਤਾਂ ਦੀ ਪਾਲਣਾ ਕਰਨ ਦੀ ਮਨਾਹੀ ਹੈ।

ਉਂਜ, ਕਮਿਸ਼ਨ ਨੇ ਚਿੱਠੀ ਵਿਚ ਮੰਨਿਆ ਕਿ ਫੌਜੀਆਂ ਦੀ ਸਲਾਮਤੀ ਅਤੇ ਫੌਜੀ ਲੋੜਾਂ ਨਾਲ ਸਬੰਧਤ ਸਰੋਕਾਰ ਵਾਜਬ ਹਨ ਪਰ ਪ੍ਰਭਾਵਤ ਧਾਰਮਿਕ ਗਰੁੱਪ ਦੇ ਮੈਂਬਰਾਂ ਦੇ ਅਮਰੀਕੀ ਫੌਜ ਵਿਚ ਭਰਤੀ ਹੋਣ ਤੋਂ ਰੋਕ ਪਾਉਣ ਵਾਲੇ ਨੇਮਾਂ ਬਾਰੇ ਚਿੰਤਾ ਜ਼ਾਹਰ ਕੀਤੀ। ਕਮਿਸ਼ਨ ਦੇ ਚੇਅਰਮੈਨ ਮਾਰਟਿਨ ਆਰ. ਕਾਸਟਰੋ ਨੇ ਆਖਿਆ ਕਿ ਕਿਸੇ ਵਿਅਕਤੀ ਨੂੰ ਉਸ ਦੇ ਧਾਰਮਿਕ ਅਕੀਦੇ ਕਾਰਨ ਦੇਸ਼ ਦੀ ਸੇਵਾ ਕਰਨ ਦੇ ਵਿਸ਼ੇਸ਼ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਇਸ ਵੇਲੇ ਅਮਰੀਕੀ ਫੌਜ ਵਿਚ ਸਿਰਫ ਤਿੰਨ ਸਿੱਖ ਹੀ ਹਨ। ਇਨ੍ਹਾਂ ਵਿਚ ਕੈਪਟਨ ਕਮਲਜੀਤ ਸਿੰਘ ਕਲਸੀ, ਸੈਕਿੰਡ ਲੈਫਟੀਨੈਂਟ ਤੇਜਦੀਪ ਸਿੰਘ ਰਤਨ ਅਤੇ ਕਾਰਪੋਰਲ ਸਿਮਰਨਪ੍ਰੀਤ ਸਿੰਘ ਲਾਂਬਾ ਸ਼ਾਮਲ ਹਨ।




ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ ਵਿਚ ਬਹੁਤ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ

120 ਸੀਟਾਂ, ਬਹੁਤ ਹੀ ਵਧੀਆ ਬਣਿਆ ਹੋਇਆ ਵਧੀਆ ਲੋਕੇਸ਼ਨ 'ਤੇ

ਸੰਪਰਕ ਕਰੋ

ਫੋਨ: 317-250-3545






# ਗੁਰਦੁਆਰਾ ਸਿਲੀਕਾਨ ਵੈਲੀ ਵਿਚ ਮੈਡੀਕਲ ਕੈਂਪ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਸਥਾਨਕ ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਭਗਤ ਪੂਰਨ ਸਿੰਘ ਹੈਲਥ ਇੰਸਟੀਚਿਊਟ, ਬਰਕਲੇ ਯੂਨੀਵਰਸਿਟੀ ਅਤੇ ਡੇਵਿਸ ਯੂਨੀਵਰਸਿਟੀ ਦੇ ਨੌਜਵਾਨ ਵਿਦਿਆਰਥੀ ਡਾਕਟਰਾਂ ਦੀ ਟੀਮ ਵਲੋਂ 'ਦਾ ਹਿਊਮ ਸੈਂਟਰ' ਦੇ ਸਹਿਯੋਗ ਨਾਲ ਲੰਘੇ ਐਤਵਾਰ ਇਕ ਮੈਡੀਕਲ ਕੈਂਪ ਲਾਇਆ ਗਿਆ ਜਿਸ ਦੌਰਾਨ ਡਾਕਟਰਾਂ ਨੇ ਫਰੀ ਮੈਡੀਕਲ ਚੈਕਅਪ ਕੀਤਾ ਅਤੇ ਲੋਕਾਂ ਨੂੰ ਡਾਇਬਿਟੀਜ਼, ਭਾਰ ਵਧਣ ਅਤੇ ਬਲੱਡ ਸ਼ੂਗਰ ਦੀਆਂ ਅਲਾਮਤਾਂ ਬਾਰੇ ਜਾਣਕਾਰੀ ਦਿੱਤੀ। ਨੌਜਵਾਨ ਡਾਕਟਰ ਨੀਨਾ ਕੌਰ ਨੇ ਸਿਹਤ ਅਤੇ ਹੋਰ ਪਰਿਵਾਰਕ ਮੁਸ਼ਕਿਲਾਂ ਹੱਲ ਕਰਨ ਬਾਰੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਇਸੇ ਦੌਰਾਨ ਸੰਗਤਾਂ ਵਲੋਂ ਇਕ ਮਤੇ ਰਾਹੀਂ ਜੇਲ੍ਹਾਂ ਵਿਚ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਵਿੱਢੇ ਗਏ ਸੰਘਰਸ਼ ਦੀ ਹਮਾਇਤ ਕਰਦਿਆਂ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਉਨ੍ਹਾਂ ਸਮੂਹ ਸਿੱਖਾਂ ਨੂੰ ਰਿਹਾ ਕੀਤਾ ਜਾਵੇ ਜੋ ਅਦਾਲਤ ਵਲੋਂ ਸੁਣਾਈ ਗਈ ਸਜ਼ਾ ਚਿਰੋਕਣੀ ਪੂਰੀ ਕਰ ਚੁਕੇ ਹਨ।

ਨਿਸ਼ਕਾਮ ਸੇਵਕ ਨੌਜਵਾਨ ਇੰਜੀਨੀਅਰ ਭਾਈ ਹਰਪ੍ਰੀਤ ਸਿੰਘ ਕੋਹਲੀ, ਜੋ ਵਾਪਸ ਇੰਡੀਆ ਜਾ ਰਹੇ ਹਨ, ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਭਾਈ ਜਰਨੈਲ ਸਿੰਘ ਮਹਿਕ ਦੇ ਰਾਗੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਤੋਂ ਪਹਿਲਾਂ ਸਨਿਚਰਵਾਰ ਦੀ ਰਾਤ ਅਖੰਡ ਕੀਰਤਨੀ ਜਥੇ ਵਲੋਂ ਰੈਣ ਸਬਾਈ ਕੀਰਤਨ ਕੀਤਾ ਗਿਆ ਜਿਸ ਵਿਚ ਬੇਅੰਤ ਸੰਗਤਾਂ ਨੇ ਅੰਮ੍ਰਿਤ ਵੇਲੇ ਤੱਕ ਹਾਜ਼ਰੀ ਭਰੀ।

ਪ੍ਰਬੰਧਕਾਂ ਅਨੁਸਾਰ ਅਗਲੇ ਹਫਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਮਨਾਇਆ ਜਾਵੇਗਾ। ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 408-475-0634 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



# ਹਾਈਵੇ 'ਤੇ ਬਿਲ ਬੋਰਡ-ਸਿੱਖ ਪਛਾਣ ਪੱਕੀ ਕਰਨ ਲਈ ਨਿਵੇਕਲਾ ਯਤਨ

**ਨਿਊ ਯਾਰਕ (ਅਮਰਜੀਤ ਸਿੰਘ ਮੁਲਤਾਨੀ):** ਅਮਰੀਕਾ ਵਿਚ ਗਲਤ ਪਛਾਣ ਕਰਕੇ ਸਿੱਖਾਂ ਉਪਰ ਗਾਹੇ-ਬਗਾਹੇ ਹੁੰਦੇ ਹਮਲਿਆਂ ਦੀ ਰੋਸ਼ਨੀ ਵਿਚ ਸਿੱਖਾਂ ਦੀ ਪਛਾਣ ਹੋਰ ਨਿਖਾਰਨ ਦੇ ਮਨੋਰਥ ਨਾਲ ਕੁਨੈਕਟੀਕਟ ਦੇ ਸਭ ਤੋਂ ਵੱਧ ਚਲਦੇ ਫਰੀਵੇ ਆਈ-84 ਈਸਟ ਦੇ ਐਗਜ਼ਿਟ 44 ਉਪਰ ਦੋ ਬਿਲਬੋਰਡ ਕਿਰਾਏ ਉਪਰ ਲੈ ਕੇ ਇਨ੍ਹਾਂ ਉਪਰ ਦਸਤਾਰਧਾਰੀ ਸਿੱਖਾਂ ਅਤੇ ਪਟਕਾਧਾਰੀ ਬੱਚਿਆਂ ਦੀਆਂ ਤਸਵੀਰਾਂ ਲਾ ਕੇ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਸਾਰੀ ਮਨੁੱਖ ਜਾਤ ਵਿਚ ਇਕੋ ਰੱਬ ਵਸਦਾ ਹੈ।

ਇਹ ਬਿਲਬੋਰਡ ਹਾਰਟਫੋਰਡ, ਕੁਨੈਕਟੀਕਟ ਦੀਆਂ ਦੋ ਸਿੱਖ ਜਥੇਬੰਦੀਆਂ-ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਤੇ ਕੁਨੈਕਟੀਕਟ ਸਿੱਖ ਐਸੋਸੀਏਸ਼ਨ ਦੇ ਉਦਮ ਨਾਲ ਹਾਰਟਫੋਰਡ ਵਿਚ ਲਾਏ ਗਏ ਹਨ ਜੋ ਕਿ ਕੁਨੈਕਟੀਕਟ ਦੀ ਰਾਜਧਾਨੀ ਹੈ। ਆਈ-84 ਇਕ ਬਹੁਤ ਹੀ ਮਸ਼ਰੂਫ ਰਹਿਣ ਵਾਲੀ ਹਾਈਵੇ ਹੈ ਅਤੇ ਇਥੋਂ ਪੰਦਰਾਂ ਲੱਖ ਲੋਕ ਹਰ ਮਹੀਨੇ ਲੰਘਦੇ ਹਨ। ਇਹ ਹਾਈਵੇ ਬਹੁਤ ਸਾਰੇ ਸ਼ਹਿਰਾਂ ਅਤੇ ਏਅਰਪੋਰਟ ਨੂੰ ਆਪਸ ਵਿਚ ਜੋੜਦੀ ਹੈ। ਇਨ੍ਹਾਂ ਬਿਲ ਬੋਰਡਾਂ ਦਾ ਮਾਸਿਕ ਕਿਰਾਇਆ ਕਰੀਬ 7,000 ਡਾਲਰ ਹੈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਤੇ ਕੁਨੈਕਟੀਕਟ ਸਿੱਖ ਐਸੋਸੀਏਸ਼ਨ ਦੇ ਇਕ ਸਰਗਰਮ ਮੈਂਬਰ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਲੋਕਾਂ ਵਿਚ ਸਿੱਖਾਂ ਪ੍ਰਤੀ ਅਗਿਆਨ ਦੂਰ ਕਰਨ ਲਈ ਸਾਨੂੰ ਸਿੱਖਾਂ ਬਾਰੇ ਚੇਤੰਨਤਾ ਪੈਦਾ ਕਰਨੀ ਪਵੇਗੀ। ਸਿੱਖ ਪਛਾਣ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਗੁਰੂ ਸਾਹਿਬ ਦਾ ਸਰਬੱਤ




ਦੇ ਭਲਾ ਦਾ ਸੁਨੇਹਾ ਲੋਕਾਂ ਵਿਚ ਪਹੁੰਚਾਉਣ ਲਈ ਇਹ ਬਿਲ ਬੋਰਡ ਬਹੁਤ ਸਹਾਈ ਸਾਬਤ ਹੋ ਸਕਦੇ ਹਨ। ਇਸ ਤਰ੍ਹਾਂ ਸਿੱਖਾਂ ਦੀ ਦਸਤਾਰ ਅਤੇ ਦਾਹੜੀ-ਕੇਸ ਬਾਰੇ ਹਾਂ-ਪੱਖੀ ਰਵੱਈਆ ਪੈਦਾ ਕੀਤਾ ਜਾ ਸਕਦਾ ਹੈ ਜਿਸ ਨਾਲ ਸਿੱਖਾਂ ਉਪਰ ਹੁੰਦੇ ਨਸਲੀ ਨਫਰਤ ਦੇ ਹਮਲੇ ਰੋਕਣ ਵਿਚ ਕਾਫੀ ਮਦਦ ਮਿਲੇਗੀ। ਭਾਈ ਖਾਲਸਾ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਬਿਲ ਬੋਰਡਾਂ ਰਾਹੀਂ ਲੋਕਾਂ ਨੂੰ ਇਹ ਸਮਝਾਇਆ ਜਾ ਸਕਦਾ ਹੈ ਕਿ ਸਿੱਖ ਧਰਮ ਇਕ ਵੱਖਰਾ ਧਰਮ ਹੈ ਅਤੇ ਇਹ ਕਿਸੇ ਹੋਰ ਧਰਮ ਦੀ ਸ਼ਾਖਾ ਨਹੀਂ ਹੈ।

ਇਥੇ ਜ਼ਿਕਰਯੋਗ ਹੈ ਕਿ 9/11 ਦੇ ਦਹਿਸ਼ਤਪਸੰਦੀ ਹਮਲਿਆਂ ਪਿਛੋਂ ਸਿੱਖਾਂ ਨੂੰ ਮੁਸਲਮਾਨ ਸਮਝਦਿਆਂ ਉਨ੍ਹਾਂ ਉਪਰ ਨਸਲੀ ਹਮਲੇ ਅਕਸਰ ਹੁੰਦੇ ਆਏ ਹਨ ਕਿਉਂਕਿ ਦਾਹੜੀ-ਕੇਸ ਕਰਕੇ ਅਕਸਰ ਲੋਕ ਉਨ੍ਹਾਂ ਨੂੰ ਅਰਬ ਮੂਲ ਦੇ ਲੋਕਾਂ ਨਾਲ ਰਲਗਡ ਕਰ ਲੈਂਦੇ ਹਨ।

ਭਾਈ ਖਾਲਸਾ ਨੇ ਕਿਹਾ ਕਿ ਇਸ ਤਰ੍ਹਾਂ ਬਿਲ ਬੋਰਡ ਲਾਉਣ ਅਤੇ ਅਜਿਹੀਆਂ ਹੋਰ ਸਰਗਰਮੀਆਂ ਰਾਹੀਂ ਅਮਰੀਕੀ ਮੁੱਖ ਧਾਰਾ ਦੇ ਲੋਕਾਂ ਵਿਚ ਇਹ ਜਾਗਰੂਕਤਾ ਪੈਦਾ ਕੀਤੀ ਜਾ ਸਕਦੀ ਹੈ ਕਿ ਸਿੱਖ ਇਕ ਵੱਖਰਾ ਧਰਮ ਹੈ ਅਤੇ ਸਿੱਖ ਮੂਲ ਤੌਰ 'ਤੇ ਪੰਜਾਬ, ਇੰਡੀਆ ਤੋਂ ਹਨ। ਦਸਤਾਰ ਬੰਨ੍ਹਣਾ ਅਤੇ ਦਾਹੜੀ-ਕੇਸ ਰੱਖਣਾ ਉਨ੍ਹਾਂ ਦੇ ਧਰਮ ਦਾ ਇਕ ਅੰਗ ਹੈ। ਇਸੇ ਮਨਰੋਥ ਨਾਲ ਅਸੀਂ ਬਿਲ ਬੋਰਡ ਉਤੇ ਵੈਬਸਾਈਟ WWW.SIKHS.ORG ਦਾ ਜ਼ਿਕਰ ਕੀਤਾ ਹੈ ਤਾਂ ਜੋ ਜੇ ਕੋਈ ਸ਼ਖਸ ਹੋਰ ਜਾਣਕਾਰੀ ਲੈਣਾ ਚਾਹੇ ਤਾਂ ਲੈ ਸਕੇ। ਉਨ੍ਹਾਂ ਕਿਹਾ ਕਿ ਇਹ ਉਪਰਾਲਾ 5 ਅਗਸਤ 2012 ਨੂੰ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਖੇ ਇਕ ਨਸਲੀ ਗੋਰੇ ਹੱਥੋਂ ਮਾਰੇ ਗਏ ਸਿੱਖਾਂ ਦੀ ਯਾਦ ਨੂੰ ਸਮਰਪਿਤ ਹੈ। ਉਨ੍ਹਾਂ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਬਾਨੀ ਡਰਬੀ, ਇੰਗਲੈਂਡ ਰਹਿੰਦੇ ਰਾਜਿੰਦਰ ਸਿੰਘ ਪੁਰੇਵਾਲ ਤੇ ਇਸ ਦੀ ਇੰਡੀਆ ਸ਼ਾਖਾ ਦੇ ਪ੍ਰਧਾਨ ਪਰਮਿੰਦਰ ਸਿੰਘ ਖਾਲਸਾ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਪ੍ਰੇਰਨਾ ਨਾਲ ਇਹ ਹੋਰਡਿੰਗ ਲਾਏ ਗਏ।

## ਵਿਟਾਮਿਨ ਡੀ ਦੀ ਘਾਟ ਨਾਲ ਦਿਮਾਗ਼ ਨੂੰ ਨੁਕਸਾਨ

**ਵਾਸ਼ਿੰਗਟਨ:** ਅਮਰੀਕੀ ਵਿਗਿਆਨੀਆਂ ਨੇ ਖੋਜ ਕੀਤੀ ਹੈ ਕਿ ਵਿਟਾਮਿਨ ਡੀ ਦੀ ਘਾਟ ਕਾਰਨ ਇਨਸਾਨ ਦੇ ਦਿਮਾਗ਼ ਨੂੰ ਨੁਕਸਾਨ ਪੁੱਜਦਾ ਹੈ। ਵਿਗਿਆਨੀਆਂ ਮੁਤਾਬਕ ਵਿਟਾਮਿਨ ਡੀ ਸਿਰਫ਼ ਹੱਡੀਆਂ ਨੂੰ ਮਜ਼ਬੂਤ ਕਰਨ ਵਿਚ ਹੀ ਯੋਗਦਾਨ ਨਹੀਂ ਪਾਉਂਦਾ, ਸਗੋਂ ਇਸ ਨਾਲ ਹੋਰ ਅੰਗਾਂ ਤੇ ਸੈੱਲਾਂ ਸਣੇ ਦਿਮਾਗ਼ ਨੂੰ ਵੀ ਤਾਕਤ ਮਿਲਦੀ ਹੈ।

ਵਿਗਿਆਨੀਆਂ ਨੇ ਇਹ ਤਜਰਬਾ ਚੂਹਿਆਂ 'ਤੇ ਕੀਤਾ ਸੀ। ਜਿਹੜੇ ਚੂਹਿਆਂ ਨੂੰ ਵਿਟਾਮਿਨ ਡੀ ਘੱਟ ਦਿੱਤੀ ਗਈ, ਉਨ੍ਹਾਂ ਦੇ ਦਿਮਾਗ਼ ਨੂੰ ਨੁਕਸਾਨ ਪੁੱਜਾ। ਖੋਜ ਅਨੁਸਾਰ ਅਧੇੜ ਤੇ ਬਜ਼ੁਰਗਾਂ ਲਈ ਵਿਟਾਮਿਨ ਡੀ ਦੀ ਬਹੁਤ ਲੋੜ ਹੈ।


ਗੁਰਦੁਆਰਾ ਸਿੰਘ ਸਭਾ ਕੈਂਟਨ, ਮਿਸ਼ੀਗਨ

3310 (S) CANTON CENTER RD., CANTON MI 48188, Ph# 734-397-7281

ਕੀਰਤਨੀ ਜਥੇ ਦੀ ਲੋੜ ਹੈ

ਗੁਰਦੁਆਰਾ ਸਾਹਿਬ ਸਿੰਘ ਸਭਾ ਆਫ ਮਿਸ਼ੀਗਨ (ਕੈਂਟਨ) ਦੀ ਸੇਵਾ ਸੰਭਾਲ ਲਈ ਕੀਰਤਨੀ ਜਥੇ ਦੀ ਲੋੜ ਹੈ




ਤਿੰਨ ਸੱਜਣਾਂ ਦਾ ਜਥਾ ਹੋਵੇ ਜੋ ਕੀਰਤਨ ਵਿਚ ਨਿਪੁੰਨ ਹੋਵੇ। ਗੁਰਦੁਆਰਾ ਸਾਹਿਬ ਲਈ ਗ੍ਰੰਥੀ ਸਿੰਘ ਦੀਆਂ ਸੇਵਾਵਾਂ ਵੀ ਨਿਭਾਉਣੀਆਂ ਹਨ। ਰਿਹਾਇਸ਼ ਲਈ ਗੁਰਦੁਆਰਾ ਸਾਹਿਬ ਦੇ ਨਾਲ ਹੀ ਮਕਾਨ ਦਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਭਾਈ ਮਹਿੰਦਰ ਸਿੰਘ, ਫੋਨ: 734-231-9488 ਜਾਂ ਭਾਈ ਤੇਜਕਿਰਨ ਸਿੰਘ, ਫੋਨ: 734-756-7338



S. ASHOK BHAURA & IKKY INTERNATIONAL ENT.
in association with
GLOBAL PUNJAB TV
Proudly Presents
IKKY INTERNATIONAL ENT.
CHHANKATA VANGA DA 2014
ਛਣਕਾਟਾ ਵੰਗਾਂ ਦਾ
ਪੰਜਾਬੀ ਗੀਤ, ਸਕਿੱਟਾਂ, ਗਿੱਧਾ, ਭੰਗੜਾ, ਕਵੀਸ਼ਰੀ ਤੇ ਹਾਸਰਸ ਨਾਲ ਭਰਪੂਰ ਪ੍ਰੋਗਰਾਮ ਜਿਸ ਨੂੰ ਡਿੱਸ਼ ਨੈਟਵਰਕ 739 'ਤੇ ਸਿੱਧਾ ਪ੍ਰਸਾਰਿਤ ਕੀਤਾ ਜਾਵੇਗਾ।
On Sunday 29 Dec. 2013 at 6.00 pm
SUNNYVALE COMUNITY CENTRE, 450 PERSION DR SUNNYVALE CA 94089
Director - Jagdev Bhandal
Dance & Choreography : 5 Darya Dance Acadmey & Kriya Dance Acadmey
ਮਹਿਮਾਨ ਆਵਾਜ਼ਾਂ • ਗਿੱਲ ਹਰਦੀਪ • ਗੋਰਾ ਚੱਕ ਵਾਲਾ • ਮਨਿੰਦਰ ਦਿਉਲ • ਨਿਮਰਤ ਖਹਿਰਾ • ਨਜ਼ੀਰ ਮੁਹੰਮਦ • ਅਨੀਤਾ ਸਮਾਣਾ
ਗਾਇਕ • ਤਰਲੋਕ ਸਿੰਘ • ਅਮਰਜੀਤ ਦੁਲਾਈ • ਸੱਤੀ ਪਾਬਲਾ • ਅਨੂਪ ਚੀਮਾ • ਮੰਗਜੀਤ ਮੰਗਾ • ਮਨਰਾਜ ਭੌਰਾ • ਮੰਡੇਰ ਜਤਿੰਦਰ • ਰਜਿੰਦਰ ਸਿੰਘ ਰਾਜ • ਨਿੰਮਾ ਡੱਲੇਵਾਲ
ਹਾਸਰਸ ਕਲਾਕਾਰ
ਬਲਜੀਵਨ, ਦਰਸ਼ਨ ਕਹਿਲ ਤੇ ਮਾਸਟਰ ਰੈਂਕੂ
ਸੰਗੀਤ
ਅਮਦਾਦ ਅਲੀ ਤੇ ਕੁਲਜੀਤ
ਮੰਚ ਸੰਚਾਲਨ
• ਆਸ਼ਾ ਸ਼ਰਮਾ
• ਸ਼ਕਤੀ ਮਾਣਕ
Tickets Available at
$25 & VVIP Cash Fabrics Hayward
Preet Fabrics Fremount
Punjab Bazar Sanjose
Sunnyvale Temple
COVERED CALIFORNIA
Raja SWEETS & CATERING
GRAND SPON:
• Raja Sweets • Raj Bhanot • Vohra Bros (Fast & Easy Group) • Radio Chardi Kala • Gill Insurance Agency • Nijjar Bros Madera • Gakhal Bros.
• Kashmir Singh Dugga (Kash Fabrics) • Punjab Lok Rang, Preet Fabrics • Jassi Gill (Real State & Loan Broker) • Sucha Ram Bharta
• Bay Area Cultral & Sports Association • Major S. Brar • Indo-USA Dialogue • Naz Beauty Saloon • Dr. Charanjit S. Uppal
• Surjit Singh • Kuldeep Singh Atwal • Youth Aakli Dal USA (Arvinder S. Lakhan, Ravinder Boyal) • Dil Nijjar President Sahit Sabha
Birbals
(510) 449-9049
UPPAL DENTAL
Co-ordinatior's -
•Gurcharan S. Mann •Lakhbir Singh •Jagtar Gill
•Prof. Jaspal Saini •Tara Sagar •Harjit Singh
•Pali Dhanula •Neeta Machhike •Makhan Lohar
Media Sponser : Radio Chardi Kala • Punjab Times USA • Machhike Dhaliya Group • Husan Laroya
ਪਰਦੇਸ ਟਾਇਮਜ਼
ਸਾਡੇ ਲੋਕ
SADE LOK
ਪੰਜਾਬ ਮੇਲ
ਪੰਜਾਬ ਟਾਈਮਜ਼
GLOBAL PUNJAB
FOR ANY ENQUIRY CALL @ 510-415-3315, 408-628-2337, 510-453-5779
DESIGN BY : ARMAN GRAPHICS (PB.) INDIA # +91-98888-98556

# ਸਿੱਖ ਜਥੇਬੰਦੀ ਕੈਨੇਡੀਅਨ ਸੰਸਦ ਵਿਚ 'ਨਸਲਕੁਸ਼ੀ' ਮਤੇ ਦੀ ਪੈਰਵੀ ਕਰੇਗੀ

**ਟੋਰਾਂਟੋ, ਕੈਨੇਡਾ (ਬਿਊਰੋ):** 'ਨਸਲਕੁਸ਼ੀ ਤੇ ਪ੍ਰਭੁਸੱਤਾ' ਵਿਸ਼ੇ 'ਤੇ ਇਥੇ ਕਰਵਾਈ ਗਈ ਕਾਨਫਰੰਸ ਵਿਚ 1984 ਦੌਰਾਨ ਸਿੱਖਾਂ 'ਤੇ ਨਸਲਕੁਸ਼ੀ ਹਮਲਿਆਂ ਵਿਚ ਸ਼ਾਮਿਲ ਰਹੇ ਸਿਆਸੀ ਆਗੂਆਂ ਅਤੇ ਪੁਲਿਸ ਅਫਸਰਾਂ ਦੀ ਲਗਾਤਾਰ ਪੁਸ਼ਤਪਨਾਹੀ ਅਤੇ ਇਨਸਾਫ ਤੋਂ ਇਨਕਾਰ ਨੂੰ ਲੈ ਕੇ ਡੂੰਘੀ ਚਿੰਤਾ ਪ੍ਰਗਟਾਈ ਗਈ। ਕਾਨਫਰੰਸ ਨੂੰ ਮਨੁੱਖੀ ਅਧਿਕਾਰ ਕਾਰਕੁਨ ਅਤੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੀ ਪੀੜਤ ਅਤੇ ਕਾਂਗਰਸ ਆਗੂ ਸੱਜਣ ਕੁਮਾਰ ਖਿਲਾਫ ਅਹਿਮ ਗਵਾਹ ਬੀਬੀ ਜਗਦੀਸ਼ ਕੌਰ ਨੇ ਵੀ ਸੰਬੋਧਨ ਕੀਤਾ। ਇਹ ਕਾਨਫਰੰਸ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਕੈਨੇਡਾ ਦੀਆਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਈ ਗਈ ਸੀ।




ਸਿੱਖਸ ਫਾਰ ਜਸਟਿਸ ਜੋ ਕਿ 1984 ਦੇ ਪੀੜਤਾਂ ਲਈ ਇਨਸਾਫ ਲਹਿਰ ਦੀ ਅਗਵਾਈ ਕਰ ਰਹੀ ਹੈ, ਹੁਣ ਕੈਨੇਡਾ ਦੀ ਸੰਸਦ ਵਿਚ ਮਤਾ ਪੇਸ਼ ਕਰਨ ਲਈ ਲਾਬੀ ਕਰੇਗੀ ਤਾਂ ਜੋ ਇਸ ਗੱਲ 'ਤੇ ਬਹਿਸ ਹੋ ਸਕੇ ਕਿ ਕੀ ਨਵੰਬਰ 1984 ਦੌਰਾਨ ਭਾਰਤ ਵਿਚ ਸਿੱਖਾਂ ਦਾ ਸੰਗਠਿਤ ਕਤਲੇਆਮ 'ਨਸਲਕੁਸ਼ੀ' ਸੀ ਜਿਵੇਂ ਕਿ ਨਸਲਕੁਸ਼ੀ ਬਾਰੇ ਯੂ ਐਨ ਕਨਵੈਨਸ਼ਨ ਦੀ ਧਾਰਾ 2 ਵਿਚ ਵਿਆਖਿਆ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਬੀਬੀ ਜਗਦੀਸ਼ ਕੌਰ ਨੇ ਨਾ ਕੇਵਲ ਨਵੰਬਰ 1984 ਦੇ ਸੰਤਾਪ ਨੂੰ ਹੰਢਾਇਆ ਹੈ ਸਗੋਂ ਉਹ ਦਰਜਨਾਂ ਲੋਕਾਂ ਦੇ ਕਤਲ ਦੀ ਗਵਾਹ ਵੀ ਹੈ ਜਿਨ੍ਹਾਂ ਵਿਚ ਉਨ੍ਹਾਂ ਦਾ ਆਪਣਾ ਪਤੀ, ਪੁੱਤਰ ਤੇ 3 ਭਰਾ ਵੀ ਸ਼ਾਮਿਲ ਹਨ। ਜਗਦੀਸ਼ ਕੌਰ ਨੇ ਕਿਹਾ ਕਿ ਮੈਂ ਚਾਹੁੰਦੀ ਹਾਂ ਕਿ ਦੁਨੀਆ ਦੇ ਅਹਿਮ ਮੰਚਾਂ ਤੋਂ ਉਨ੍ਹਾਂ ਲੋਕਾਂ ਨੂੰ ਆਪਣੇ ਅਹਿਮ ਸੰਦੇਸ਼ ਪਹੁੰਚਾਉਂਦੀ ਰਹਾਂ ਜਿਹੜੇ ਸਾਡੇ ਲਈ ਪ੍ਰਵਾਹ ਕਰਦੇ ਹਨ ਤੇ 1984 'ਚ ਸਾਡੇ 'ਤੇ ਹੋਏ ਜ਼ੁਲਮ ਨੂੰ ਕਦੀ ਭੁਲਾਉਣਾ ਨਹੀਂ ਚਾਹੁੰਦੇ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਕੈਨੇਡਾ ਅਤੇ ਦੁਨੀਆਂ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੋਕ ਭਾਰਤ ਤੋਂ ਇਸ ਕਰਕੇ ਭੱਜ ਆਏ ਸਨ ਕਿ ਉਨ੍ਹਾਂ ਖਿਲਾਫ ਕਤਲ ਤੇ ਝੂਠੇ ਮੁਕਾਬਲਿਆਂ ਦੀ ਇਕ ਗਿਣੀ-ਮਿਥੀ ਲਹਿਰ ਚਲਾਈ ਗਈ ਸੀ। ਉਨ੍ਹਾਂ ਨੇ ਕਿਹਾ ਕਿ ਕੈਨੇਡਾ ਦੇ ਕਈ ਸੰਸਦ ਮੈਂਬਰ ਸਿੱਖ ਭਾਈਚਾਰੇ ਨਾਲ ਦੁਖ ਵੰਡਾਉਂਦਿਆਂ ਚਾਹੁੰਦੇ ਹਨ ਕਿ ਭਾਰਤ ਸਰਕਾਰ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਵੇ ਜਿਨ੍ਹਾਂ ਨੇ 1984 ਦੌਰਾਨ ਕਾਤਲ ਦਸਤਿਆਂ ਦੀ ਸ਼ਰ੍ਹੇਆਮ ਅਗਵਾਈ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਸਭ ਪਾਰਟੀਆਂ ਦੇ ਮੈਂਬਰਾਂ ਨੂੰ ਮਿਲ ਕੇ ਨਵੰਬਰ 2014 ਵਿਚ ਕੈਨੇਡਾ ਦੀ ਸੰਸਦ ਵਿਚ ਨਸਲਕੁਸ਼ੀ ਮਤਾ ਪੇਸ਼ ਕਰਨ ਲਈ ਸਹਿਯੋਗ ਮੰਗਾਂਗੇ।

ਦਸਣਯੋਗ ਹੈ ਕਿ ਜੂਨ 2010 ਵਿਚ ਐਮ ਪੀ ਸੁਖ ਧਾਲੀਵਾਲ ਅਤੇ ਐਂਡਰਿਊ ਕਾਨੀਆ ਨੇ ਇਕ ਪਟੀਸ਼ਨ ਕੈਨੇਡਾ ਦੀ ਸੰਸਦ ਵਿਚ ਪੇਸ਼ ਕੀਤੀ ਸੀ ਜਿਸ ਵਿਚ ਕੈਨੇਡਾ ਸਰਕਾਰ ਨੂੰ ਕਿਹਾ ਗਿਆ ਸੀ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾਵੇ ਪਰ ਉਦੋਂ ਕੈਨੇਡਾ ਸਰਕਾਰ ਨੇ ਜਵਾਬ ਦਿੱਤਾ ਸੀ ਕਿ ਇਹ ਸਾਬਤ ਕਰਨ ਲਈ ਸਬੂਤ ਕਾਫੀ ਨਹੀਂ ਹਨ ਕਿ ਇਹ ਕਤਲੇਆਮ ਨਸਲਕੁਸ਼ੀ ਸੀ।

ਅਟਾਰਨੀ ਪੰਨੂ ਨੇ ਕਿਹਾ ਕਿ ਇਸ ਦੌਰਾਨ ਨਵੇਂ ਸਬੂਤਾਂ ਦਾ ਖੁਲਾਸਾ ਹੋਇਆ ਹੈ ਜਿਸ ਵਿਚ ਨਵੰਬਰ 1984 ਦੌਰਾਨ ਕਾਂਗਰਸੀ ਕਾਤਲ ਦਸਤਿਆਂ ਵਲੋਂ ਸਿੱਖ ਆਬਾਦੀ ਉਤੇ ਕੀਤੇ ਗਏ ਹਮਲਿਆਂ ਵੇਲੇ ਦੇ ਖੰਡਰ, ਕਬਰਾਂ, ਤਬਾਹ ਕੀਤੇ ਪਿੰਡ ਅਤੇ ਸਾੜੇ ਗਏ ਗੁਰਦੁਆਰੇ ਸ਼ਾਮਲ ਹਨ। ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ 1984 ਦੌਰਾਨ ਕਤਲ ਕੀਤੇ ਗਏ ਸਿੱਖਾਂ ਦੀਆਂ ਫਰਵਰੀ 2011 ਵਿਚ ਮਿਲੀਆਂ ਕਬਰਗਾਹਾਂ ਦਾ ਖੁਲਾਸਾ ਤਾਜ਼ਾ ਸਬੂਤ ਹੈ ਜੋ ਇਹ ਦਰਸਾਉਂਦਾ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ 'ਤੇ ਸੋਚੀ ਸਮਝੀ ਸਾਜਿਸ਼ ਤਹਿਤ ਹਮਲੇ ਕੀਤੇ ਗਏ ਸਨ। ਇਸੇ ਤਰ੍ਹਾਂ ਦੇ ਖੁਲਾਸੇ ਹੋਰ ਸੂਬਿਆਂ ਵਿਚ ਵੀ ਹੋਏ ਹਨ ਜਿਨ੍ਹਾਂ ਵਿਚ ਪੱਛਮੀ ਬੰਗਾਲ, ਉਤਰ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਸ਼ਾਮਿਲ ਹਨ।

ਨਸਲੀ ਸਬੰਧਾਂ ਬਾਰੇ ਇੰਸਟਰਕਟਰ ਅਤੇ ਲੰਗਾਰਾ ਕਾਲਜ ਵਿਚ ਸੋਸ਼ਿਓਲਾਜੀ ਤੇ ਐਂਥਰੋਪਾਲੋਜੀ ਵਿਭਾਗ ਦੀ ਮੁਖੀ ਇੰਦਰਾ ਪ੍ਰਾਸ਼ਟ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਾਂ ਲਈ ਅਜ਼ਾਦੀ ਦੀ ਇਹ ਮੰਗ ਇਕ ਮਨੁੱਖੀ ਅਧਿਕਾਰ ਹੈ ਅਤੇ ਉਸ ਗਲਬੇ ਦਾ ਵਿਰੋਧ ਕਰਨਾ ਹੈ ਜੋ ਸਿੱਖ ਪਛਾਣ ਨੂੰ ਦਬਾਉਂਦਾ ਹੈ। ਸਿੱਖਾਂ ਲਈ ਪ੍ਰਭੁਸੱਤਾ ਦਾ ਇਹ ਸਵਾਲ ਨਵੰਬਰ 1984 ਦੀ ਨਸਲਕੁਸ਼ੀ ਹਿੰਸਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸੰਦਰਭ ਵਿਚ ਆਧਾਰਹੀਣ ਨਹੀਂ ਹੈ। ਕਾਨਫਰੰਸ ਨੂੰ ਹੋਰਨਾਂ ਤੋਂ ਇਲਾਵਾ ਸਿੱਖਸ ਫਾਰ ਜਸਟਿਸ ਦੇ ਕੌਮਾਂਤਰੀ ਪਾਲਿਸੀ ਡਾਇਰੈਕਟਰ ਜਤਿੰਦਰ ਸਿੰਘ ਗਰੇਵਾਲ ਨੇ ਵੀ ਸੰਬੋਧਨ ਕੀਤਾ।

**www.punjabtimesusa.com**

ਭਾਰਤੀ ਸ਼ੇਰੋ ਜਰਾ ਐਧਰ ਵੀ ਧਿਆਨ ਦਿਓ... www.inocusawcc.com
ਪੰਨੂਜ਼ ਪਾਸਪੋਰਟ ਅਤੇ ਵੀਜ਼ਾ ਸਰਵਿਸਜ਼
ਫਰੀਮਾਂਟ | ਮਨਟਿਕਾ | ਸੈਨ ਫਰਾਂਸਿਸਕੋ
ਮਦਦ ਲਈ : ਐਪਲੀਕੇਸ਼ਨ ਅਤੇ ਦਸਤਾਵੇਜ਼ ਤਿਆਰੀ
• ਪਾਸਪੋਰਟ • ਵੀਜ਼ਾ • ਓ.ਸੀ.ਆਈ. • ਪੀ.ਆਈ.ਓ. • ਇਮੀਗ੍ਰੇਸ਼ਨ
• ਰਿਨੌਨਸੀਏਸ਼ਨ • ਨੋਟਰੀ • ਫੈਕਸ • ਫੋਟੋ ਕਾਪੀ • ਇੰਟਰਨੈੱਟ • ਤਲਾਕ
4444 GEARY BLVD. #210, SAN FRANCISCO, CA
ਪੰਨੂਜ (8 ਅਤੇ 9 ਐਵਿਨਿਊ ਵਿਚਕਾਰ),
ਵੀਜ਼ਾ ਸੈਂਟਰ ਤੋਂ ਇਕ ਬਲਾਕ ਅੱਗੇ (7 ਅਤੇ 8 ਐਵਿਨਿਊ ਵਿਚਕਾਰ)
ਪਾਸਪੋਰਟ ਸੈਂਟਰ ਤੋਂ ਦੋ ਬਲਾਕ ਪਹਿਲਾਂ (11 ਅਤੇ 12 ਐਵਿਨਿਊ ਵਿਚਕਾਰ)
ਕੌਂਸਲੇਟ ਤੋਂ ਪੰਜ ਮਿੰਟ ਦੀ ਦੂਰੀ ਉਤੇ, ਸਿਟੀ ਬੈਂਕ ਦੇ ਸਾਹਮਣੇ
ਸੰਪਰਕ ਕਰੋ : 510-677-5200 or 510-677-8440




ਆਪਣੇ ਬਿਜਨਸ ਜਾਂ ਘਰ ਉਤੇ ਸਕਿਉਰਿਟੀ ਕੈਮਰਾ ਲਵਾਉਣਾ ਚਾਹੁੰਦੇ ਹੋ?
ਸਾਡੇ ਪਾਸ ਅਤਿ ਆਧੁਨਿਕ ਵਧੀਆ ਕੁਆਲਿਟੀ ਦੇ ਸਕਿਉਰਿਟੀ ਕੈਮਰੇ ਹਨ



We are wholesalers on Amazon and eBay
Shop online at www.dvrunlimited.com
For best deals on Security Cameras
Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York
We sell name brand products ACTi, BORCH, LG, Samsung, Geovision, VIVOTEK



*Please Call*
888-233-4566
www.dvrunlimited.com www.security360cameras.com
BOSCH SAMSUNG VIVOTEK
DVR UNLIMITED INC. SECURITY CAMERAS
LG Life's Good

## ਲੋਚਦਾਰ ਗਲੇ ਅੰਦਰਲੀ ਸੁਹਜ ਤੇ ਸੋਜ਼

# ਸੁਬੀਰ ਸੇਨ

**ਖ਼ਾਮੋਸ਼ ਸੁਰਾਂ-1**

***ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।***

**ਸੁਰਿੰਦਰ ਸਿੰਘ ਤੇਜ**
ਫੋਨ: 91-98555-01488

ਦੋ ਹਿੰਦੀ ਫ਼ਿਲਮੀ ਗੀਤ ਵਿਵਿਧ ਭਾਰਤੀ ਦੇ 'ਸਦਾਬਹਾਰ ਨਗ਼ਮੇ' ਪ੍ਰੋਗਰਾਮ ਵਿਚ ਅਕਸਰ ਸੁਣਨ ਨੂੰ ਮਿਲ ਜਾਂਦੇ ਹਨ। ਇਕ ਹੈ 'ਮੰਜ਼ਿਲ ਵਹੀ ਹੈ ਪਿਆਰ ਕੀ, ਰਾਹੀ ਬਦਲ ਗਏ'। ਦੂਜਾ ਲਤਾ ਮੰਗੇਸ਼ਕਰ ਨਾਲ ਦੋਗਾਣੇ ਦੇ ਰੂਪ ਵਿਚ ਹੈ: 'ਮੈਂ ਰੰਗੀਲਾ ਪਿਆਰ ਕਾ ਰਾਹੀ, ਤੂ ਮੇਰੀ ਮੰਜ਼ਿਲ'। ਦੋਵੇਂ ਗੀਤ ਇਕ ਸਮੇਂ ਬਹੁਤ ਮਕਬੂਲ ਰਹੇ, ਪਰ ਜੇ ਇਨ੍ਹਾਂ ਗੀਤਾਂ ਦੇ ਬਹੁਤੇ ਰਸਿਕਾਂ ਤੋਂ ਇਹ ਪੁੱਛਿਆ ਜਾਵੇ ਕਿ ਇਹ ਗਾਏ ਕਿਸ ਗਾਇਕ ਨੇ ਸਨ ਤਾਂ ਜਵਾਬ ਮਿਲੇਗਾ: ਹੇਮੰਤ ਕੁਮਾਰ!

ਆਵਾਜ਼ ਪੱਖੋਂ ਹੇਮੰਤ ਕੁਮਾਰ ਦਾ 'ਹਮਸ਼ਕਲ' (ਕਲੋਨ) ਹੋਣਾ ਹੀ ਗਾਇਕ ਸੁਬੀਰ ਸੇਨ ਦੀ ਤ੍ਰਾਸਦੀ ਰਹੀ। ਉਸ ਦੀ ਇਹ 'ਹਮਆਵਾਜ਼ੀ' ਬੰਗਲਾ ਸੰਗੀਤ ਵਿਚ ਤਾਂ ਸੰਗੀਤ ਪ੍ਰੇਮੀਆਂ ਦੇ ਪ੍ਰਵਾਨ ਚੜ੍ਹਦੀ ਰਹੀ, ਪਰ ਹਿੰਦੀ ਫਿਲਮ ਸੰਗੀਤ ਵਿਚ ਉਸ ਨੂੰ ਉਹ ਮੁਕਾਮ ਨਹੀਂ ਦਿਵਾ ਸਕੀ ਜਿਸ ਦਾ ਉਹ ਹੱਕਦਾਰ ਸੀ। ਸਚਿਨ ਦੇਵ ਬਰਮਨ ਤੇ ਨੌਸ਼ਾਦ ਅਲੀ ਵਰਗੇ ਸੰਗੀਤਕਾਰ ਕਹਿ ਦਿਆ ਕਰਦੇ ਸਨ ਕਿ ਜਦੋਂ 'ਓਰਿਜੀਨਲ' (ਹੇਮੰਤ ਕੁਮਾਰ) ਮੌਜੂਦ ਹੈ ਤਾਂ 'ਨਕਲ' (ਸੁਬੀਰ) ਦੀ ਲੋੜ ਕਿਉਂ? ਲਿਹਾਜ਼ਾ, ਜੇ ਉਸ ਨੂੰ ਹਿੰਦੀ ਫਿਲਮ ਸੰਗੀਤ ਵਿਚ ਦਾਖ਼ਲਾ ਮਿਲਿਆ ਤਾਂ ਉਹ ਸ਼ੰਕਰ-ਜੈਕਿਸ਼ਨ ਦੀ ਸੰਗੀਤਕਾਰ ਜੋੜ ਦੀ ਦਲੇਰੀ ਸਦਕਾ। ਉਨ੍ਹਾਂ ਨੇ 1957 ਤੋਂ 1964 ਤਕ ਸੁਬੀਰ ਸੇਨ ਨੂੰ ਕੁਝ ਖ਼ੂਬਸੂਰਤ ਧੁਨਾਂ ਗਾਉਣ ਲਈ ਦਿੱਤੀਆਂ ਅਤੇ ਇਨ੍ਹਾਂ ਧੁਨਾਂ ਨੂੰ ਆਪਣੇ ਲੋਚਦਾਰ ਗਲੇ ਅੰਦਰਲੀ ਸੁਹਜ ਤੇ ਸੋਜ਼ ਨਾਲ ਸਹੇਜਣ ਦੀ ਕਲਾ ਨੇ ਹੀ ਸੁਬੀਰ ਨੂੰ ਹਿੰਦੀ ਫਿਲਮ ਸੰਗੀਤ ਵਿਚ ਪੈਰ ਧਰਨ ਦੇ ਕਾਬਲ ਬਣਾਇਆ। 'ਮੰਜ਼ਿਲ ਵਹੀ ਹੈ ਪਿਆਰ ਕੀ' (ਕਠਪੁਤਲੀ) ਨੂੰ ਬਲਰਾਜ ਸਾਹਨੀ 'ਤੇ ਫਿਲਮਾਇਆ ਗਿਆ। ਇਸ ਗੀਤ ਲਈ ਗਾਇਕ ਵਜੋਂ ਚੋਣ ਤਾਂ ਹੇਮੰਤ ਕੁਮਾਰ ਦੀ ਕੀਤੀ ਗਈ ਸੀ, ਪਰ ਉਹ ਉਨ੍ਹੀਂ ਦਿਨੀਂ ਕੁਝ ਬਿਮਾਰ ਸਨ। ਇਸ ਮੌਕੇ ਸੰਗੀਤਕਾਰ ਸ਼ੰਕਰ ਨੂੰ ਸੁਬੀਰ ਸੇਨ ਦਾ ਨਾਮ ਸ਼ੈਲੇਂਦਰ ਨੇ ਸੁਝਾਇਆ। ਸ਼ੈਲੇਂਦਰ ਨੇ ਸੁਬੀਰ ਸੇਨ ਦੇ ਬੰਗਲਾ ਗੀਤ ਸੁਣੇ ਹੋਏ ਸਨ। ਸੁਬੀਰ ਦੇ ਹਿੰਦੁਸਤਾਨੀ ਤਲੱਫੁਜ਼ ਬਾਰੇ ਸਭ ਨੂੰ ਸ਼ੱਕ ਸੀ, ਪਰ ਸ਼ੈਲੇਂਦਰ ਨੇ ਗੀਤ ਦੀ ਸ਼ਬਦਾਵਲੀ ਹੀ ਅਜਿਹੀ ਰੱਖੀ ਕਿ ਸੁਬੀਰ ਦੇ ਉਚਾਰਨ ਵਿਚਲੀ ਬੰਗਾਲੀ ਟਿੰਜ ਬਹੁਤ ਹੱਦ ਤਕ ਮਿਟ ਗਈ ਅਤੇ ਇਸ ਤਰ੍ਹਾਂ ਹਿੰਦੀ ਫਿਲਮ ਸੰਗੀਤ ਵਿਚਲੇ ਰਫ਼ੀ-ਤਲਤ-ਮੁਕੇਸ਼-ਮੰਨਾ ਡੇ-ਕਿਸ਼ੋਰ-ਹੇਮੰਤ-ਮਹਿੰਦਰ ਕਪੂਰ ਕਲੱਬ ਵਿਚ ਇਕ ਨਵੇਂ ਗਾਇਕ ਦਾ ਦਾਖ਼ਲਾ ਸੰਭਵ ਹੋਇਆ। ਸੁਬੀਰ ਸੇਨ ਨੇ 1957 ਤੋਂ ਲੈ ਕੇ 1970 ਤਕ ਤਕਰੀਬਨ ਤਿੰਨ ਦਰਜਨ ਹਿੰਦੀ ਗੀਤ ਗਏ। ਸ਼ੰਕਰ-ਜੈਕਿਸ਼ਨ ਦੀ ਜੋੜੀ ਦਾ ਉਨ੍ਹੀਂ ਦਿਨੀਂ ਚੰਗਾ ਬੋਲਬਾਲਾ ਸੀ ਅਤੇ ਦੋਵਾਂ ਨੇ ਸੁਬੀਰ ਨੂੰ ਸਰਪ੍ਰਸਤੀ ਵੀ ਬਖ਼ਸ਼ੀ, ਪਰ ਉਹ ਆਪਣਾ ਨਿਵੇਕਲਾ ਮੁਕਾਮ ਬਣਾਉਣ ਵਿਚ ਨਾਕਾਮਯਾਬ ਰਿਹਾ।

ਇਹ ਨਹੀਂ ਕਿ ਸੁਬੀਰ ਜਾਣ-ਬੁੱਝ ਕੇ ਹੇਮੰਤ ਕੁਮਾਰ ਦੀ ਨਕਲ ਕਰਦਾ ਸੀ। ਉਸ ਦੀ ਆਵਾਜ਼


ਸੁਬੀਰ ਸੇਨ

ਦਾ ਟਿੰਬਰ ਹੀ ਹੇਮੰਤ ਦੀ ਆਵਾਜ਼ ਵਾਲਾ ਸੀ। ਇਸ ਵਿਚ ਉਹੀ ਅਨੁਨਾਦੀ (ਗੂੰਜਣ ਵਾਲੀ) ਮਿਠਾਸ ਸੀ ਜੋ ਹੇਮੰਤ ਮੁਖ਼ਰਜੀ ਦੀ ਆਵਾਜ਼ ਵਿਚ ਸੀ। ਫ਼ਰਕ ਇਹ ਸੀ ਕਿ ਉਸ ਦੀ ਰੇਂਜ ਸੀਮਤ ਸੀ। ਜਿੱਥੇ ਹੇਮੰਤ-ਦਾ ਉੱਚੀਆਂ ਸੁਰਾਂ ਵਿਚ ਵੀ ਬੜੇ ਆਰਾਮ ਨਾਲ ਗਾ ਲੈਂਦੇ ਸਨ, ਉੱਥੇ ਸੁਬੀਰ ਦੀ ਆਵਾਜ਼ ਇਨ੍ਹਾਂ ਸੁਰਾਂ ਵਿਚ ਪਹੁੰਚ ਕੇ ਕੁਝ ਬਿਖਰਨੀ ਸ਼ੁਰੂ ਹੋ ਜਾਂਦੀ ਸੀ। ਇਸ ਦੀ ਮਿਸਾਲ ਫਿਲਮ 'ਰਾਹਗੀਰ' (1973) ਦਾ ਗੀਤ 'ਜਨਮ ਸੇ ਬੰਜਾਰਾ ਹੂੰ ਬੰਧੂ ਜਨਮ ਜਨਮ ਬੰਜਾਰਾ' ਹੈ। ਇਹ ਗੀਤ ਹੇਮੰਤ ਕੁਮਾਰ ਵੱਲੋਂ ਗਾਏ ਅਮਰ ਗੀਤਾਂ ਵਿਚੋਂ ਇਕ ਹੈ। ਸੁਬੀਰ ਨੇ ਇਹੀ ਗੀਤ ਹੇਮੰਤ ਕੁਮਾਰ ਦੇ ਚਲਾਣੇ ਮਗਰੋਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਰਿਕਾਰਡ ਕੀਤੀ ਐਲਬਮ ਲਈ ਗਾਇਆ। 'ਬੰਧੂ ਰੇ' ਦੇ ਆਲਾਪ ਦੌਰਾਨ ਉਹ ਸੁਰ ਛੱਡਦਾ ਜਾਪਦਾ ਹੈ।

ਇਹ ਸੁਬੀਰ ਦੀ ਖੁਸ਼ਕਿਸਮਤੀ ਸੀ ਕਿ ਹੇਮੰਤ ਕੁਮਾਰ ਨੇ ਉਸ ਦੀ ਆਵਾਜ਼ ਅੰਦਰਲੀ ਖ਼ੂਬਸੂਰਤੀ ਤੇ ਰੂਹਾਨੀ ਮਿਠਾਸ ਦੀ ਕਦਰ ਪਾਈ। ਉਨ੍ਹਾਂ ਨੇ ਆਪਣੇ ਸੰਗੀਤ ਨਿਰਦੇਸ਼ਨ ਹੇਠ ਦੋ ਬੰਗਲਾ ਫਿਲਮਾਂ ਵਿਚ ਸੁਬੀਰ ਤੋਂ 9 ਸੋਲੋ ਗੀਤ ਗਵਾਏ। ਇੰਝ ਹੀ 'ਹਮ ਭੀ ਨਟਖਟ ਇਨਸਾਨ ਹੈਂ' (1959) ਵਿਚ ਹੇਮੰਤ ਕੁਮਾਰ ਨੇ ਸੁਬੀਰ ਨੂੰ ਗੀਤਾ ਦੱਤ ਨਾਲ 'ਗੋਰੀ ਤੇਰੇ ਨਟਖਟ ਨੈਨਾ ਵਾਰ ਕਰੇਂ ਛੁਪ ਜਾਏਂ' ਵਰਗਾ ਖੂਬਸੂਰਤ ਡੂਏਟ ਗਾਉਣ ਦਾ ਮੌਕਾ ਦਿੱਤਾ। ਹੇਮੰਤ ਕੁਮਾਰ ਤੋਂ ਇਲਾਵਾ ਸੰਗੀਤਕਾਰ ਸਲਿਲ ਚੌਧਰੀ ਨੇ ਵੀ ਸੁਬੀਰ ਸੇਨ ਨੂੰ ਚੰਗੀ ਸਰਪ੍ਰਸਤੀ ਬਖ਼ਸ਼ੀ। ਦਰਅਸਲ, ਬੰਗਲਾ ਸੰਗੀਤ ਵਿਚ ਤਾਂ ਸੁਬੀਰ, ਸਲਿਲ ਚੌਧਰੀ ਦਾ ਚਹੇਤਾ ਗਾਇਕ ਰਿਹਾ ਜਿਸ ਤੋਂ ਉਹ 1980ਵਿਆਂ ਵਿਚ ਵੀ ਗੀਤ ਗਵਾਉਂਦੇ ਰਹੇ। ਸਲਿਲ ਚੌਧਰੀ ਦਾ ਸੁਪਰਹਿੱਟ ਗੀਤ 'ਪਾਗੋਲ ਹਵਾ' (1981) ਸੁਬੀਰ ਸੇਨ ਦੇ ਪੁਰਸੋਜ਼ ਗਲੇ ਲਈ ਸਦੀਵੀ ਤੋਹਫ਼ਾ ਸਾਬਤ ਹੋਇਆ।

1929 ਵਿਚ ਸੰਥਾਲ ਪਰਗਨਾ ਵਿਚ ਜਨਮੇ ਸੁਬੀਰ ਸੇਨ ਨੇ ਸਭ ਤੋਂ ਪਹਿਲਾਂ 1951 ਵਿਚ ਹਿੰਦੀ ਫਿਲਮ ਸੰਗੀਤ ਵਿਚ ਦਾਖਲੇ ਲਈ ਯਤਨ ਕੀਤਾ। ਉਸ ਨੇ ਸੰਗੀਤਕਾਰ ਅਨਿਲ ਬਿਸਵਾਸ ਦੇ ਬੈਟਨ ਹੇਠ ਗੀਤ ਰਿਕਾਰਡ ਵੀ ਕਰਵਾਇਆ ਪਰ ਇਹ ਰਿਕਾਰਡ ਕਦੇ ਰਿਲੀਜ਼ ਨਹੀਂ ਹੋਇਆ। 1957 ਵਿਚ 'ਮੰਜ਼ਿਲ ਵਹੀ' ਦੇ ਹਿੱਟ ਹੋਣ ਮਗਰੋਂ ਸ਼ੰਕਰ ਜੈਕਿਸ਼ਨ ਨੇ 'ਛੋਟੀ ਬਹਿਨ' (1959) ਵਿਚ ਸੁਬੀਰ ਦੀ ਆਵਾਜ਼ ਅੰਦਰਲੀ ਲੋਚ ਨੂੰ ਲਤਾ ਨਾਲ 'ਮੈਂ ਰੰਗੀਲਾ ਪਿਆਰ ਕਾ ਰਾਹੀ' ਡੂਏਟ ਵਿਚ ਬਾਖ਼ੂਬੀ ਵਰਤਿਆ। ਇਸੇ ਸਾਲ ਸੁਬੀਰ ਦਾ ਇਕ ਹੋਰ ਡੂਏਟ (ਕਮਲ ਬਾਰੋਟ ਨਾਲ) ਵੀ ਹਿੱਟ ਹੋਇਆ। ਇਹ ਸੀ 'ਦਿਲ ਲੇ ਕੇ ਜਾਤੇ ਹੋ ਕਹਾਂ' (ਓ ਤੇਰਾ ਕਿਆ ਕਹਿਨਾ)। 1961 ਸੁਬੀਰ ਸੇਨ ਲਈ ਸੁਨਹਿਰੀ ਵਰ੍ਹਾ ਸੀ। ਉਸ ਨੂੰ ਸ਼ੰਕਰ ਜੈਕਿਸ਼ਨ ਨੇ 'ਰੂਪ ਕੀ ਰਾਨੀ ਚੋਰੋਂ ਕਾ ਰਾਜਾ' ਵਿਚ ਗਾਉਣ ਦਾ ਮੌਕਾ ਦਿੱਤਾ ਅਤੇ 'ਆਸ ਕਾ ਪੰਛੀ' ਵਿਚ ਵੀ। ਇਨ੍ਹਾਂ ਦੋਵਾਂ ਫਿਲਮਾਂ ਵਿਚ ਉਸ ਨੇ ਸੋਲੋ ਵੀ ਗਾਏ ਅਤੇ ਦੋਗਾਣੇ ਵੀ। ਲਤਾ ਦੇ ਨਾਲ ਡੂਏਟ 'ਧੀਰੇ ਚਲੋ ਨਾ' ਰਾਜਿੰਦਰ ਕੁਮਾਰ ਅਤੇ ਵੈਜਯੰਤੀਮਾਲਾ ਉਤੇ ਫਿਲਮਾਇਆ ਗਿਆ। ਫਿਲਮ ਦਾ ਟਾਈਟਲ ਗੀਤ 'ਦਿਲ ਮੇਰਾ ਏਕ ਆਸ ਕਾ ਪੰਛੀ, ਉੜਤਾ ਹੈ ਨੀਲੇ ਗਗਨ ਮੇਂ' (ਹਸਰਤ ਜੈਪੁਰੀ) ਵੀ ਸੁਬੀਰ ਸੇਨ ਦੀ ਆਵਾਜ਼ ਵਿਚ ਸੀ। ਇੰਝ ਹੀ ਸੁਬੀਰ ਦਾ ਸੋਲੋ 'ਆਜਾ ਰੇ ਨੈਨ ਦਵਾਰੇ' (ਰੂਪ ਕੀ ਰਾਨੀ ਚੋਰੋਂ ਕਾ ਰਾਜਾ) ਵੀ ਨਿਹਾਇਤ ਖ਼ੂਬਸੂਰਤ ਹੈ ਜਿਸ ਨੂੰ ਸੰਗੀਤਕਾਰ ਸ਼ੰਕਰ ਨੇ ਰਾਗ ਅਲ੍ਹਈਆ ਬਿਲਾਵਲ ਵਿਚ ਸੁਰਬੱਧ ਕੀਤਾ ਅਤੇ ਫਿਰ ਪੱਛਮੀ ਆਰਕੈਸਟਰਾ ਦੇ ਫਿਊਜ਼ਨ ਰਾਹੀਂ ਨਿਵੇਕਲਾਪਣ ਬਖਸ਼ਿਆ।

ਸੁਬੀਰ ਦੇ ਕੁਝ ਹੋਰ ਯਾਦਗਾਰੀ ਗੀਤਾਂ ਵਿਚ 'ਬਹਾਰੇਂ ਲੁਟਾ ਕੇ ਨਜ਼ਾਰੇ ਦਿਖਾ ਕੇ', 'ਬੁਝ ਗਯਾ ਦਿਲ ਕਾ ਦੀਆ', 'ਗ਼ਰ ਤੁਮ ਬੁਰਾ ਨਾ ਮਾਨੋ ਤੋ', 'ਪਿਆਰ ਮੇਂ ਮਿਲਨਾ ਸਨਮ ਹੋਤਾ ਹੈ ਤਕਦੀਰ ਸੇ' ਅਤੇ 'ਅਬ ਤੋ ਐਸਾ ਲਗਤਾ ਹੈ' ਸ਼ੁਮਾਰ ਹਨ।

***(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)***


ਸਲਿਲ ਚੌਧਰੀ

### ਕੋਨੋ ਭਾਲੇ ਕੋਬਿਤਾਰ ...

*ਸੁਬੀਰ ਸੇਨ ਦੀ ਆਵਾਜ਼ ਵਿਚ ਮਸ਼ਹੂਰ ਬੰਗਲਾ ਗੀਤ 'ਕੋਨੋ ਭਾਲੇ ਕੋਬਿਤਾਰ' (ਕਿੰਨੀ ਵਧੀਆ ਕਵਿਤਾ) ਸਲਿਲ ਚੌਧਰੀ ਨੇ 1960ਵਿਆਂ ਵਿਚ ਰਿਕਾਰਡ ਕਰਵਾਇਆ ਸੀ। 1980ਵਿਆਂ ਵਿਚ ਉਨ੍ਹਾਂ ਨੇ ਇਹੀ ਗੀਤ ਆਪਣੀ ਬੇਟੀ ਅੰਤਰਾ ਚੌਧਰੀ ਦੀ ਆਵਾਜ਼ ਵਿਚ ਰਿਕਾਰਡ ਕਰਵਾਇਆ ਪਰ ਧੁਨ ਵੱਖਰੀ ਸੀ। ਜਦੋਂ ਇਸ ਬਾਰੇ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਜਵਾਬ ਸੀ, "ਮੈਂ ਸੁਬੀਰ ਦੀ ਸੁਰ-ਸਾਧਨਾ ਨਾਲ ਛੇੜਛਾੜ ਕਿਵੇਂ ਕਰ ਸਕਦਾਂ? ਜੋ ਉਹ ਗਾ ਗਿਆ, ਉਹ ਮੇਰੀ ਬੇਟੀ ਨਹੀਂ ਕਰ ਸਕਦੀ।" ਅਜਿਹੇ ਕਦਰਦਾਨਾਂ ਦੀ ਮੌਜੂਦਗੀ ਦੇ ਬਾਵਜੂਦ ਸੁਬੀਰ ਸੇਨ ਦਾ ਹਿੰਦੀ ਫਿਲਮ ਸੰਗੀਤ ਦੇ ਹਾਸ਼ੀਏ 'ਤੇ ਰਹਿਣਾ ਸੱਚਮੁੱਚ ਦੁਖਾਂਤ ਸੀ।*

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਦਸੰਬਰ ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-95



***ਸਦਾ ਸਲਾਮਤ ਸਦਾ ਸਲਾਮਤ, ਆਵਾਜ਼ ਅਸੀਸ ਦੀ ਆਵੇ।***
***ਪੰਧ ਹਮੇਸ਼ਾ ਪੈਰੀਂ ਹੋਵੇ, ਹੱਥੀਂ ਹਰਕਤ ਧਾਵੇ।***
***ਪੰਖੀਆਂ ਵਾਂਗੂ ਉਡਣ ਸੋਚਾਂ, ਉਡਣ ਇੱਦਾਂ ਚਾਅ,***
***ਸਾਵਣ ਦੇ ਵਿਚ ਨੱਚ-ਨੱਚ ਕੋਈ, ਮੋਰ ਜਿਉਂ ਪੈਲਾਂ ਪਾਵੇ।***

### ਕੈਪਸ਼ਨ ਮੁਕਾਬਲਾ-93



ਸਿਆਲਾਂ ਵਿਚ ਵੀ ਮੁੜ੍ਹਕਾ ਚੋਵੇ,
ਪਸ਼ੂਆਂ ਵਰਗੀ ਜੂਨ ਹੰਢਾਈਏ।
ਭਾਰੀਆਂ ਪੰਡਾਂ ਚੁੱਕ ਸਿਰਾਂ 'ਤੇ,
ਠੇਡੇ ਖਾਂਦੀਆਂ ਘਰ ਨੂੰ ਆਈਏ।
ਬਹਿ ਕੇ ਬਿੰਦ ਝੱਟ ਦਮ ਮਾਰੀਏ,
ਮਨ ਦੀਆਂ ਖੋਲ੍ਹ ਸੁਣਾਈਏ।
ਸਾਰ ਕਿਸੇ ਨਾ ਸਾਡੀ ਜਾਣੀ,
ਅੰਦਰੋ ਅੰਦਰੀ ਮਰਦੀਆਂ ਜਾਈਏ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਤੱਕਣੀ ਵਿਚੋਂ ਰੀਝਾਂ ਉਠਦੀਆਂ ਜਾਪਦੀਆਂ।
ਮਾਂਵਾਂ ਔਖੇ ਪੰਧ ਰੋਜ਼ਾਨਾ ਮਾਪਦੀਆਂ।
ਵਿਛੀ ਹੈ ਹਰਿਆਲੀ ਭਾਵੇਂ ਚਹੁੰ ਪਾਸੀਂ,
ਲੱਗੇ ਨਾ ਪਰ ਸੱਧਰਾਂ ਪੈਂਡਾ ਨਾਪਦੀਆਂ।
***-ਪਲਵਿੰਦਰ ਸਿੰਘ***
***ਮਿਲਪੀਟਸ, ਕੈਲੀਫੋਰਨੀਆ।***

---

ਕਿਵੇਂ ਮੰਜ਼ਿਲ 'ਤੇ ਪਹੁੰਚੀਏ
ਕਰਨ ਬੀਬੀਆਂ ਸਲਾਹ।
ਪੰਡਾਂ ਹੋਈਆਂ ਭਾਰੀਆਂ
ਤੱਕਣ ਟੈਂਪੂ ਦਾ ਰਾਹ।
ਅੱਚੋਤਾਈ ਲੱਗ ਰਹੀ
ਡੰਗਰ ਉਡੀਕਣ ਘਾਹ।
ਜਿਉਂ ਜਿਉਂ ਸੂਰਜ ਢਲਦਾ
ਜਾਵੇ ਸੁੱਕਦਾ ਸਾਹ।
ਸਮੇਂ ਨਾਜ਼ੁਕ ਆ ਗਏ
ਕਿਸੇ ਦਾ ਨਹੀਂ ਵਸਾਹ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

---

ਜ਼ਿੰਦਗੀ ਲੰਘ ਚੱਲੀ ਪੰਡਾਂ ਬਣ-ਬਣ ਕੇ।
ਨਾ ਹੀ ਲੱਗੀ ਹੇਕ ਤੇ ਨਾ ਝਾਂਜਰ ਛਣਕੇ।
ਪੈਂਡੇ ਹੋ ਗਏ ਬਿਖੜੇ ਪੈਰੀਂ ਪਹਾੜ ਪਏ,
ਸਾਹਾਂ ਦੀ ਇਹ ਪੂੰਜੀ, ਝੁਰੇ ਤਣ-ਤਣ ਕੇ।
***-ਜਸਵੀਰ ਚੰਡੀਗੜ੍ਹ***

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



COMMERCIAL GRADE SECURITY SOLUTIONS




# MORE THAN SECURITY

- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED ~~1549~~ $1349 +Tax

SPECIAL OFFER 8 CAMERAS INSTALLATION INCLUDED LED MONITOR INCLUDED ~~2749~~ $2349 +Tax

SPECIAL OFFER 12 CAMERAS INSTALLATION INCLUDED LED MONITOR INCLUDED ~~4249~~ $3749 +Tax

Vista CCTV TECHNOLOGY

Buy Online : www.ezchase.com
Email : commvision@sbcglobal.net
Call Sukhpal
661-586-5080



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ (ਕੈਲੀਫੋਰਨੀਆ)

## ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

GLOBAL MULTI SERVICES



ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਜ਼ਮੀਨਾਂ ਵੇਚ ਕੇ ਕੰਮ ਚਲਾ ਰਹੀ ਹੈ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਸਰਕਾਰ ਬੇਸ਼ੱਕ ਵਿਕਾਸ ਦੇ ਵੱਡੇ ਦਾਅਵੇ ਕਰ ਰਹੀ ਹੈ ਪਰ ਕਈ ਸਾਲਾਂ ਤੋਂ ਲਟਕੇ ਪ੍ਰਾਜੈਕਟ ਇਥੋਂ ਤੱਕ ਕਿ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵੀ ਸਰਕਾਰੀ ਜ਼ਮੀਨਾਂ ਵੇਚ ਕੇ ਦਿੱਤੀਆਂ ਜਾ ਰਹੀਆਂ ਹਨ। ਸੂਤਰਾਂ ਅਨੁਸਾਰ ਸਰਕਾਰ ਨੇ ਇਨ੍ਹਾਂ ਕੰਮਾਂ ਲਈ ਲੰਘੇ ਸਾਢੇ ਪੰਜ ਵਰ੍ਹਿਆਂ ਵਿਚ 1533 ਕਰੋੜ ਰੁਪਏ ਦੀ ਸਰਕਾਰੀ ਜਾਇਦਾਦ ਵੇਚ ਦਿੱਤੀ ਗਈ ਹੈ।

ਪੁੱਡਾ ਨੇ ਆਰ.ਟੀ.ਆਈ ਤਹਿਤ ਦਿੱਤੀ ਸੂਚਨਾ ਵਿਚ ਦੱਸਿਆ ਹੈ ਕਿ ਪੁੱਡਾ ਨੂੰ ਇਕ ਅਪਰੈਲ, 2007 ਤੋਂ 31 ਅਗਸਤ, 2013 ਤੱਕ ਸਰਕਾਰੀ ਸੰਪਤੀਆਂ ਦੀ ਵੇਚ ਵੱਟਤ ਤੋਂ 1533.79 ਕਰੋੜ ਰੁਪਏ ਦੀ ਆਮਦਨ ਹੋਈ ਹੈ। ਇਸ ਆਮਦਨ ਵਿਚ ਵੱਡਾ ਹਿੱਸਾ ਬਠਿੰਡਾ, ਪਟਿਆਲਾ, ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਵਿਚ ਵੇਚੀ ਸਰਕਾਰੀ ਸੰਪਤੀ ਦਾ ਹੈ। ਇਥੋਂ ਤੱਕ ਕਿ ਛੋਟੇ-ਛੋਟੇ ਕੰਮ ਵੀ ਜ਼ਮੀਨਾਂ ਤੋਂ ਹੋਈ ਕਮਾਈ ਨਾਲ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਹੀ ਯਾਦਗਾਰਾਂ ਦੀ ਉਸਾਰੀ ਵੀ ਸਰਕਾਰੀ ਜ਼ਮੀਨਾਂ ਵੇਚ ਕੇ ਕਰਨੀ ਪਈ ਹੈ।

ਸੂਚਨਾ ਮੁਤਾਬਕ ਮੁਲਾਜ਼ਮਾਂ ਦੇ ਬਕਾਏ ਵੀ ਵਿਕੀਆਂ ਜ਼ਮੀਨਾਂ ਦੀ ਆਮਦਨ ਨਾਲ ਕਲੀਅਰ ਕੀਤੇ ਗਏ ਹਨ। ਪੰਜਾਬ ਸਰਕਾਰ ਨੇ ਪਹਿਲੀ ਅਪਰੈਲ, 2007 ਤੋਂ 31 ਅਗਸਤ, 2013 ਤੱਕ ਵਿਕਾਸ ਕੰਮਾਂ 'ਤੇ 1072 ਕਰੋੜ ਰੁਪਏ ਦੀ ਸਰਕਾਰੀ ਜਾਇਦਾਦਾਂ ਵੇਚ ਕੇ ਕਮਾਈ ਰਕਮ




ਖਰਚ ਕੀਤੀ ਹੈ। ਇਸ ਸਮੇਂ ਦੌਰਾਨ 127 ਪ੍ਰਾਜੈਕਟ ਸਰਕਾਰੀ ਸੰਪਤੀ ਵੇਚਣ ਨਾਲ ਮੁਕੰਮਲ ਹੋਏ ਹਨ। ਹਾਸਲ ਵੇਰਵਿਆਂ ਮੁਤਾਬਕ ਪੰਜਾਬ ਸਰਕਾਰ ਵੱਲੋਂ ਜ਼ਮੀਨਾਂ ਵੇਚ ਕੇ 21.29 ਕਰੋੜ ਰੁਪਏ ਤਾਂ ਇਕੱਲੇ ਮੁੱਖ ਮੰਤਰੀ ਦੇ ਜ਼ਿਲ੍ਹੇ ਮੁਕਤਸਰ 'ਤੇ ਖਰਚ ਕੀਤੇ ਗਏ ਹਨ। ਸਰਕਾਰ ਨੇ ਸਰਕਾਰੀ ਸੰਪਤੀ ਵੇਚ ਕੇ ਹੀ ਚਾਰ ਬੰਦ ਪਈਆਂ ਖੰਡ ਮਿੱਲਾਂ ਦੇ ਮੁਲਾਜ਼ਮਾਂ ਦੇ 85.54 ਕਰੋੜ ਰੁਪਏ ਦੇ ਬਕਾਏ ਕਲੀਅਰ ਕੀਤੇ ਹਨ।

ਵੀ.ਆਈ.ਪੀਜ਼ ਦੀ ਸੁੱਖ ਸੁਵਿਧਾ ਵਾਸਤੇ ਸੰਪਤੀ ਵੇਚ ਕੇ ਨਵੇਂ ਰੈਸਟ ਹਾਊਸ ਵੀ ਬਣਾਏ ਜਾ ਰਹੇ ਹਨ। ਸਰਕਾਰ ਨੇ ਇਸ਼ਮੀਤ ਸਿੰਘ ਮੈਮੋਰੀਅਲ ਟਰੱਸਟ ਲੁਧਿਆਣਾ ਨੂੰ ਇਕ ਕਰੋੜ, ਹਰਪਾਲ ਟਿਵਾਣਾ ਮੈਮੋਰੀਅਲ ਸੁਸਾਇਟੀ ਨੂੰ ਇਕ ਕਰੋੜ ਤੇ ਸਮਾਰਕ ਆਫ਼ ਫਰੀਡਮ ਫਾਈਟਰਜ਼ ਜਲੰਧਰ ਨੂੰ ਅੱਠ ਕਰੋੜ ਰੁਪਏ ਵੇਚੀ ਗਈ ਸੰਪਤੀ ਦੀ ਆਮਦਨ ਵਿਚੋਂ ਜਾਰੀ ਕੀਤੇ ਹਨ। ਧਾਰਮਿਕ ਯਾਦਗਾਰਾਂ ਵੀ ਇਸੇ ਸੰਪਤੀ ਨਾਲ ਮੁਕੰਮਲ ਹੋ ਸਕੀਆਂ ਹਨ।

ਗੁਰਦਾਸਪੁਰ ਜ਼ਿਲ੍ਹੇ ਵਿਚ ਛੋਟਾ ਘੱਲੂਘਾਰਾ ਦੀ ਯਾਦਗਾਰ ਲਈ ਸਰਕਾਰ ਨੇ ਇਸ ਆਮਦਨ ਵਿਚੋਂ ਛੇ ਕਿਸ਼ਤਾਂ ਵਿਚ 11.50 ਕਰੋੜ ਰੁਪਏ ਜਾਰੀ ਕੀਤੇ ਹਨ। ਸੰਗਰੂਰ ਜ਼ਿਲ੍ਹੇ ਵਿਚ ਵੱਡੇ ਘੱਲੂਘਾਰਾ ਦੀ ਬਣਾਈ ਯਾਦਗਾਰ ਲਈ ਸਰਕਾਰ ਨੇ 11 ਕਰੋੜ ਰੁਪਏ ਵੀ ਇਨ੍ਹਾਂ ਫੰਡਾਂ ਵਿਚੋਂ ਹੀ ਖਰਚ ਕੀਤੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹਲਕਾ ਜਲਾਲਾਬਾਦ ਵਿਚ ਵੀ ਇਸੇ ਆਮਦਨ ਦਾ ਪੈਸਾ ਲੱਗ ਰਿਹਾ ਹੈ। ਸਰਕਾਰੀ ਪ੍ਰਾਜੈਕਟਾਂ ਲਈ ਜ਼ਮੀਨਾਂ ਐਕੁਆਇਰ ਕਰਨ ਵਾਸਤੇ ਵੀ ਸਰਕਾਰੀ ਸੰਪਤੀ ਵੇਚੀ ਗਈ ਹੈ।

# ਸੋਨੀਆ ਦੇ ਜਵਾਈ ਨਾਲ ਟੱਕਰ ਖੇਮਕਾ ਨੂੰ ਮਹਿੰਗੀ ਪਈ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਆਈ.ਏ.ਐਸ. ਅਧਿਕਾਰੀ ਅਸ਼ੋਕ ਖੇਮਕਾ ਨੂੰ ਚਾਰਜਸ਼ੀਟ ਜਾਰੀ ਕੀਤੀ ਹੈ। ਪਿਛਲੇ ਸਾਲ ਅਕਤੂਬਰ ਵਿਚ ਰਾਬਰਟ ਵਾਡਰਾ ਤੇ ਡੀ.ਐਲ.ਐਫ. ਵਿਚਾਲੇ ਹੋਏ ਜ਼ਮੀਨ ਦੇ ਸੌਦੇ ਨੂੰ ਰੱਦ ਕਰਨ ਦੇ ਸਿਲਸਿਲੇ ਵਿਚ ਉੱਚ ਅਧਿਕਾਰੀ ਵਿਰੁੱਧ ਇਹ ਦੋਸ਼ ਪੱਤਰ ਜਾਰੀ ਕੀਤਾ ਗਿਆ ਹੈ। ਭਾਜਪਾ ਤੇ ਇਨੈਲੋ ਦਾ ਕਹਿਣਾ ਹੈ ਕਿ 'ਇਮਾਨਦਾਰ' ਅਫਸਰ ਨੂੰ 'ਘੁਟਾਲੇ ਨੰਗੇ ਕਰਨ' ਦੀ ਸਜ਼ਾ ਦਿੱਤੀ ਜਾ ਰਹੀ ਹੈ। ਖੇਮਕਾ ਦੀ ਗ਼ੈਰਹਾਜ਼ਰੀ ਵਿਚ ਉਸ ਦੀ ਰਿਹਾਇਸ਼ 'ਤੇ ਇਹ ਦੋਸ਼ ਪੱਤਰ ਭੇਜਿਆ ਗਿਆ।



1991 ਬੈਚ ਦੇ ਆਈ.ਏ.ਐਸ. ਅਧਿਕਾਰੀ ਨੂੰ 15 ਦਿਨ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਗਿਆ ਹੈ। ਸਰਕਾਰੀ ਸੂਤਰਾਂ ਅਨੁਸਾਰ 7 ਸਫ਼ਿਆਂ ਦਾ ਦੋਸ਼ ਪੱਤਰ ਮੁੱਖ ਰੂਪ ਵਿਚ ਪ੍ਰਸ਼ਾਸਕੀ ਦੁਰਵਿਹਾਰ ਤੇ ਵਾਡਰਾ ਤੇ ਰਿਐਲਟੀ ਫਰਮ ਡੀ.ਐਲ.ਐਫ. ਦੇ ਵੱਕਾਰ ਨੂੰ ਢਾਹ ਲਾਉਣ ਬਾਰੇ ਹੈ। ਖੇਮਕਾ ਇਸ ਵੇਲੇ ਹਰਿਆਣਾ ਸਰਕਾਰ ਦੇ ਪੁਰਾਤੱਤਵ ਵਿਭਾਗ ਵਿਚ ਸਕੱਤਰ ਹਨ। ਅਧਿਕਾਰੀ 'ਤੇ ਸੌਦਾ ਰੱਦ ਕਰਨ ਮਗਰੋਂ ਮੀਡੀਆ ਵਿਚ ਜਾਣ, ਸਰਕਾਰ ਦੀ ਨੀਤੀ ਦੀ ਆਲੋਚਨਾ ਕਰਨ ਤੇ ਬਦਲੀ ਕੀਤੇ ਜਾਣ ਦੇ ਬਾਵਜੂਦ ਅਹੁਦੇ ਦਾ ਚਾਰਜ ਨਾ ਛੱਡਣ ਜਿਹੇ ਮੁੱਦੇ ਵੀ ਛੋਹੇ ਗਏ ਹਨ।

ਸੂਬਾਈ ਤੰਤਰ 'ਤੇ ਜਵਾਬੀ ਹਮਲਾ ਕਰਦਿਆਂ ਖੇਮਕਾ ਨੇ ਕਿਹਾ ਕਿ ਇਹ ਕਿੰਨੀ ਅਲੋਕਾਰ ਗੱਲ ਹੈ ਕਿ ਇਹ ਦੋਸ਼ ਪੱਤਰ ਉਸ ਦੀ ਗ਼ੈਰ-ਹਾਜ਼ਰੀ ਵਿਚ ਜਬਰੀ ਉਸ ਦੇ ਨਾਬਾਲਗ ਪੁੱਤਰ ਨੂੰ ਸੌਂਪਿਆ ਗਿਆ ਹੈ। ਹਰਿਆਣਾ ਦੀ ਮੁੱਖ ਵਿਰੋਧੀ ਪਾਰਟੀਆਂ ਭਾਜਪਾ ਤੇ ਇਨੈਲੋ ਨੇ ਖੇਮਕਾ ਨੂੰ ਦੋਸ਼ ਪੱਤਰ ਭੇਜਣ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਮਾਨਦਾਰ ਤੇ ਸਹੀ ਅਫਸਰ ਨੂੰ ਡਿਊਟੀ ਕਰਨ ਤੇ ਘੁਟਾਲੇ ਨੰਗੇ ਕਰਨ ਦੀ ਸਜ਼ਾ ਦਿੱਤੀ ਜਾ ਰਹੀ ਹੈ।

ਇਨੈਲੋ ਦੇ ਸੂਬਾਈ ਪ੍ਰਧਾਨ ਅਸ਼ੋਕ ਅਰੋੜਾ ਨੇ ਕਿਹਾ ਕਿ ਉਚ ਰੁਤਬਿਆਂ ਵਾਲੇ ਜ਼ੋਰਾਵਰਾਂ ਨਾਲ ਜੁੜੇ ਜ਼ਮੀਨ ਦੇ ਘੁਟਾਲੇ ਸਾਹਮਣੇ ਲਿਆਉਣ ਲਈ ਖੇਮਕਾ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਖੇਮਕਾ ਨੇ 15 ਅਕਤੂਬਰ, 2012 ਨੂੰ ਜ਼ਮੀਨ ਦਾ ਸੌਦਾ ਰੱਦ ਕਰ ਦਿੱਤਾ ਸੀ ਜੋ ਸੂਬਾ ਸਰਕਾਰ ਅਨੁਸਾਰ ਪ੍ਰਸ਼ਾਸਕੀ ਅਣਉਚਿਤਤਾ ਸੀ ਤੇ ਇਸ ਕਰਕੇ ਉਸ ਨੂੰ ਬਦਲ ਦਿੱਤਾ ਗਿਆ ਸੀ। ਸਰਕਾਰ ਨੇ ਖੇਮਕਾ 'ਤੇ ਇਕ ਖਾਸ ਸੌਦਾ ਇਕੱਲਾ ਕੱਢ ਕੇ ਰੱਦ ਕਰਨ ਦੇ ਵੀ ਦੋਸ਼ ਲਾਏ ਹਨ।

# ਵੈਟ ਰਿਫੰਡ ਘੁਟਾਲੇ ਵਿਚ ਫਸਣਗੇ ਕਈ ਸੀਨੀਅਰ ਅਫਸਰ

**ਚੰਡੀਗੜ੍ਹ:** ਸੀ.ਬੀ.ਆਈ. ਬਹੁਕਰੋੜੀ ਵੈਟ ਰਿਫੰਡ ਘੁਟਾਲੇ ਦੇ ਕੇਸ ਵਿਚ ਪੰਜਾਬ ਆਬਕਾਰੀ ਤੇ ਕਰ ਮਹਿਕਮੇ ਦੇ ਕਈ ਅਫਸਰਾਂ ਤੇ ਤਿੰਨ ਪ੍ਰਾਈਵੇਟ ਕੰਪਨੀਆਂ ਦੇ ਪ੍ਰਬੰਧਕਾਂ ਖ਼ਿਲਾਫ਼ ਮੁਢਲੀ ਜਾਂਚ ਕਰੇਗੀ। ਏਜੰਸੀ ਦੇ ਸੂਤਰਾਂ ਅਨੁਸਾਰ ਮੁਢਲੀ ਜਾਂਚ ਕਰਨ ਲਈ ਨਵੀਂ ਦਿੱਲੀ ਹੈੱਡਕੁਆਰਟਰਜ਼ ਤੋਂ ਪ੍ਰਵਾਨਗੀ ਮੰਗੀ ਗਈ ਹੈ।

## ਸੀ.ਬੀ.ਆਈ. ਕਰੇਗੀ ਜਾਂਚ

ਮੁਢਲੀ ਜਾਂਚ ਹੋਣ 'ਤੇ ਸੀਬੀਆਈ ਪੰਜਾਬ ਆਬਕਾਰੀ ਤੇ ਕਰ ਵਿਭਾਗ ਤੋਂ 500 ਕਰੋੜ ਰੁਪਏ ਦੇ ਵੈਟ ਰਿਫੰਡ ਘੁਟਾਲੇ ਮੁਤੱਲਕ ਰਿਕਾਰਡ ਹਾਸਲ ਕਰੇਗੀ। ਇਸ ਮਾਮਲੇ ਵਿਚ ਤਿੰਨ ਕੰਪਨੀਆਂ ਦੇ ਪ੍ਰਬੰਧਕਾਂ ਤੇ ਇਨ੍ਹਾਂ ਕੰਪਨੀਆਂ ਨੂੰ ਵੈਟ ਰਿਫੰਡ ਕਰਵਾਉਣ ਵਿਚ ਅਧਿਕਾਰੀਆਂ ਵੱਲੋਂ ਪ੍ਰਵਾਨਗੀ ਦੇਣ ਵਿਚ ਨਿਭਾਈ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਵੈਟ ਰਿਫੰਡ ਲੈਣ ਵਾਲੀਆਂ ਪੰਜਾਬ ਵਿਚ ਸਰਗਰਮ 5399 ਕੰਪਨੀਆਂ ਦੇ ਰਿਕਾਰਡ ਦੀ ਵੀ ਪੜਤਾਲ ਕੀਤੀ ਜਾਵੇਗੀ। ਜ਼ਕਿਰਯੋਗ ਹੈ ਕਿ ਲੁਧਿਆਣਾ ਆਧਾਰਤ ਤਿੰਨ ਕੰਪਨੀਆਂ ਯੌਰਕ ਇੰਟਰਨੈਸ਼ਨਲ, ਜਲਧਾਰਾ ਐਕਸਪੋਰਟਜ਼ ਤੇ ਤ੍ਰਿਮੂਰਤੀ ਹੌਜਰੀ ਨੇ ਸੂਬਿਆਂ ਤੇ ਬੰਗਲਾਦੇਸ਼ ਨੂੰ ਹੌਜਰੀ ਦਾ ਸਾਮਾਨ ਭਿਜਵਾਉਣ ਦਾ ਦਾਅਵਾ ਕਰਕੇ ਕਰੋੜ ਰੁਪਏ ਦਾ ਵੈਟ ਰਿਫੰਡ ਕਰਵਾ ਲਿਆ ਸੀ। ਅਸਲ ਵਿਚ ਨਾ ਕੋਈ ਸਾਮਾਨ ਵੇਚਿਆ ਗਿਆ ਤੇ ਨਾ ਹੀ ਮਾਲ ਪੰਜਾਬ ਤੋਂ ਬਾਹਰ ਭੇਜਿਆ ਗਿਆ।

ਇਸ ਘੁਟਾਲੇ 'ਤੇ ਆਬਕਾਰੀ ਤੇ ਕਰ ਮਹਿਕਮੇ ਦੀ ਨਜ਼ਰ ਪੈਣ ਤੋਂ ਬਾਅਦ ਆਰਥਿਕ ਚੌਕਸੀ ਯੂਨਿਟ ਕਾਇਮ ਕਰਕੇ ਮਾਮਲੇ ਦੀ ਜਾਂਚ ਕੀਤੀ ਗਈ ਤੇ ਸਿੱਟਾ ਕੱਢਿਆ ਗਿਆ ਕਿ ਫਰਜ਼ੀ ਤੌਰ 'ਤੇ ਮਾਲ ਬਾਹਰ ਭਿਜਵਾਇਆ ਦਿਖਾ ਕੇ ਜਾਅਲੀ ਬਿੱਲ ਤੇ ਬੋਗਸ ਟਰਾਂਸਪੋਰਟ ਰਸੀਦਾਂ ਦਾਖਲ ਕਰਾ ਦਿੱਤੀਆਂ ਗਈਆਂ ਸਨ। ਇਨ੍ਹਾਂ ਫਰਮਾਂ ਦੇ ਬਿੱਲਾਂ ਮੁਤਾਬਕ ਰੇਲ ਤੇ ਸੜਕ ਰਸਤੇ ਮਾਲ ਉਸੇ ਦਿਨ ਪੁੱਜ ਗਿਆ ਹਾਲਾਂਕਿ ਲੁਧਿਆਣਾ ਤੋਂ ਬੰਗਲਾਦੇਸ਼ ਦੀ ਸਰਹੱਦ 1800 ਕਿਲੋਮੀਟਰ ਦੂਰ ਪੈਂਦੀ ਹੈ। ਇਕ ਦਿਨ ਵਿਚ ਉਥੇ ਮਾਲ ਪਹੁੰਚਾਉਣ ਦਾ ਦਾਅਵਾ ਹੀ ਸ਼ੱਕੀ ਹੈ।

# ਉਦਯੋਗਾਂ ਲਈ ਕੰਨੀਆਂ ਕੱਸਣ ਲੱਗੀ ਬਾਦਲ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਨਵੀਂ ਸਨਅਤੀ ਨੀਤੀ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਪਰ ਉਦਯੋਗਪਤੀ ਅਜੇ ਵੀ ਨਾਰਾਜ਼ ਹਨ। ਉਦਯੋਗ ਮੰਤਰੀ ਮਦਨ ਮੋਹਨ ਮਿੱਤਲ ਨੇ ਦਾਅਵਾ ਕੀਤਾ ਹੈ ਕਿ ਇਸ ਨੀਤੀ ਰਾਹੀਂ ਸਨਅਤਾਂ ਨੂੰ ਰਿਆਇਤਾਂ ਦੇਣਾ ਤੇ ਕਾਰੋਬਾਰ ਕਰਨਾ ਆਸਾਨ ਬਣਾਉਣ ਤੇ ਅਗਲੇ ਦੋ ਸਾਲਾਂ ਵਿਚ ਰਾਜ ਦੇ ਇਕ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਇਆ ਜਾਏਗਾ। ਸ੍ਰੀ ਮਿੱਤਲ ਅਨੁਸਾਰ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ (ਪੀਬੀਆਈਪ.) ਦਾ ਸੀ.ਈ.ਓ. ਅਨਿਰੁਧ ਤਿਵਾੜੀ ਨੂੰ ਨਿਯੁਕਤ ਕੀਤਾ ਗਿਆ ਹੈ ਜੋ ਨਵੇਂ ਉਦਯੋਗਾਂ ਲਈ ਸਭ ਮਨਜ਼ੂਰੀਆਂ ਦੇਣ ਲਈ ਜ਼ਿੰਮੇਵਾਰ ਹੋਵੇਗਾ।

ਰਾਜ ਦੇ ਭੂਗੋਲਿਕ, ਆਰਥਿਕ ਤੇ ਮਾਰਕੀਟ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਵੱਲੋਂ ਕੁਝ ਖਾਸ ਖੇਤਰਾਂ 'ਤੇ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਇਨ੍ਹਾਂ ਖੇਤਰਾਂ ਵਿਚ ਟੈਕਸਟਾਈਲ, ਇੰਜਨੀਅਰਿੰਗ, ਸੂਚਨਾ ਤਕਨਾਲੋਜੀ, ਐਗਰੋ ਤੇ ਫੂਡ ਪ੍ਰੋਸੈਸਿੰਗ, ਸੈਰ ਸਪਾਟਾ, ਸਿਹਤ, ਇਨਫ੍ਰਾਸਟਰੱਕਚਰ, ਹੁਨਰ ਤੇ ਬਾਇਓ ਸਾਇੰਸਿਜ਼ ਸ਼ਾਮਲ ਹਨ। ਸ੍ਰੀ ਮਿੱਤਲ ਨੇ ਕਿਹਾ ਕਿ ਰਾਜ ਸਰਕਾਰ ਨੂੰ 30 ਤੋਂ ਜ਼ਿਆਦਾ ਕੰਪਨੀਆਂ ਨੇ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ ਵਿਚ 25000 ਕਰੋੜ ਤੋਂ 50,000 ਕਰੋੜ ਰੁਪਏ ਦੇ

## ਨਵੀਂ ਸਨਅਤੀ ਨੀਤੀ ਵਿਚ ਰਿਆਇਤਾਂ ਦੀ ਝੜੀ ਲਾਈ

ਨਿਵੇਸ਼ ਬਾਰੇ ਸਮਝੌਤੇ ਸਹੀਬੱਧ ਕਰਨ ਦੀ ਸਹਿਮਤੀ ਦਿੱਤੀ ਹੈ।

ਉਦਯੋਗਪਤੀ ਲਕਸ਼ਮੀ ਨਰਾਇਣ ਮਿੱਤਲ ਨੇ 2300 ਕਰੋੜ ਦੇ ਪੈਟਰੋਲੀਅਮ ਉਤਪਾਦਾਂ ਦੇ ਪ੍ਰੋਜੈਕਟ ਵਿਚ ਨਿਵੇਸ਼ ਕਰਨ ਦਾ ਪ੍ਰਸਤਾਵ ਦਿੱਤਾ ਹੈ। ਸਰਕਾਰ ਵੱਲੋਂ ਉਦਯੋਗਿਕ ਤਹਿਤ ਪਹਿਲੀ ਵਾਰ ਮੈਨੂਫੈਕਚਰਿੰਗ ਜਿਨ੍ਹਾਂ ਵਿਚ ਇਲੈਕਟ੍ਰਾਨਿਕਸ ਹਾਰਡਵੇਅਰ ਤੇ ਆਈ.ਟੀ. ਸੈਕਟਰ ਦੇ ਪ੍ਰਾਜੈਕਟ ਸ਼ਾਮਲ ਹਨ, ਨੂੰ 80 ਫੀਸਦੀ ਤੱਕ ਵੈਟ ਤੇ ਸੀ.ਐਸ.ਟੀ. ਰਿਆਇਤਾਂ ਐਲਾਨੀਆਂ ਗਈਆਂ ਹਨ। ਸੰਗਠਿਤ ਟੈਕਸਟਾਈਲ ਯੂਨਿਟਾਂ, ਐਗਰੋ ਤੇ ਫੂਡ ਪ੍ਰੋਸੈਸਿੰਗ ਖੇਤਰਾਂ ਵਿਚ 150 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਲਈ 90 ਫੀਸਦੀ ਤੱਕ ਰਿਆਇਤ ਐਲਾਨੀ ਗਈ ਹੈ।

ਉਦਯੋਗ ਮੰਤਰੀ ਨੇ ਦੱਸਿਆ ਕਿ ਲਘੂ ਤੇ ਦਰਮਿਆਨੀ ਸਨਅਤ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਸਰਕਾਰ ਵੱਲੋਂ ਪਹਿਲੀ ਵਾਰ ਮਾਨਤਾ ਪ੍ਰਾਪਤ ਸਨਅਤੀ ਪਾਰਕਾਂ/ਸਨਅਤੀ ਫੋਕਲ ਪੁਆਇੰਟਾਂ ਵਿਚ 1 ਤੋਂ 10 ਕਰੋੜ ਰੁਪਏ ਤੱਕ ਦੇ ਨਿਵੇਸ਼ ਲਈ ਵੈਟ, ਸੀ.ਐਸ.ਟੀ., ਬਿਜਲੀ ਕਰ, ਸਟੈਂਪ ਡਿਊਟੀ ਤੇ ਪ੍ਰਾਪਰਟੀ ਟੈਕਸ ਤੋਂ ਰਿਆਇਤਾਂ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਵੱਲੋਂ ਘੱਟ ਵਿਕਸਤ ਜ਼ਿਲ੍ਹਿਆਂ ਤੇ ਸਰਹੱਦੀ ਜ਼ਿਲ੍ਹਿਆਂ ਨੂੰ ਵਿਕਸਤ ਜ਼ਿਲ੍ਹਿਆਂ ਦੇ ਮੁਕਾਬਲੇ ਜ਼ਿਆਦਾ ਰਿਆਇਤਾਂ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਹੋਰ ਵੀ ਕਈ ਯੋਜਨਾਵਾਂ ਉਲੀਕੀਆਂ ਹਨ ਜਿਨ੍ਹਾਂ ਬਾਰੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ ਅਤੇ ਇਨ੍ਹਾਂ ਬਾਰੇ ਫੈਸਲਾ ਛੇਤੀ ਹੀ ਹੋ ਜਾਵੇਗਾ।

# ਬਾਦਲਾਂ ਦੀ ਸਿਰਫ 'ਆਪਣੇ' ਇਲਾਕਿਆਂ ਉਤੇ ਹੀ ਹੈ ਮਿਹਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਖਤਿਆਰੀ ਫੰਡ ਵੰਡਣ ਦੇ ਮਾਮਲੇ ਵਿਚ ਸਮੁੱਚੇ ਰਾਜ ਨੂੰ ਇਕ ਅੱਖ ਨਾਲ ਨਹੀਂ ਦੇਖਦੇ ਤੇ ਸਿਰਫ ਆਪਣੇ ਇਲਾਕਿਆਂ 'ਤੇ ਹੀ ਮਿਹਰਬਾਨ ਹਨ। ਇਨ੍ਹਾਂ ਸੀਨੀਅਰ ਆਗੂਆਂ ਨੇ ਸਰਕਾਰ ਦੇ ਪਹਿਲੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਆਪਣੇ ਜ਼ਿਲ੍ਹਿਆਂ ਨਾਲ ਸਬੰਧਤ ਖੇਤਰ ਤੋਂ ਬਾਹਰ ਜਾ ਕੇ ਗ੍ਰਾਂਟਾਂ ਵੰਡਣ ਵਿਚ ਕੰਜੂਸੀ ਦਿਖਾਈ ਹੈ।

ਗੈਰਸਰਕਾਰੀ ਸੰਸਥਾ 'ਹਿਊਮਨ ਐਮਪਾਵਰਮੈਂਟ ਲੀਗ ਆਫ ਪੰਜਾਬ' (ਹੈਲਪ) ਦੇ ਨੁਮਾਇੰਦੇ ਪਰਵਿੰਦਰ ਕਿੱਤਣਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਵਿਚ ਸਾਹਮਣੇ ਆਇਆ ਹੈ ਕਿ ਮੁੱਖ ਮੰਤਰੀ ਨੇ ਤਾਂ 90 ਫੀਸਦੀ ਤੋਂ ਜ਼ਿਆਦਾ ਪੈਸਾ ਆਪਣੇ ਜੱਦੀ ਜ਼ਿਲ੍ਹੇ ਮੁਕਤਸਰ ਤੇ ਵਿਧਾਨ ਸਭਾ ਹਲਕੇ ਲੰਬੀ ਵਿਚ ਹੀ ਵੰਡਿਆ ਹੈ। ਉਪ ਮੁੱਖ ਮੰਤਰੀ ਨੇ ਹਲਕਾ ਜਲਾਲਾਬਾਦ, ਜ਼ਿਲ੍ਹਾ ਮੁਕਤਸਰ ਤੇ ਆਪਣੀ ਪਤਨੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਪਾਰਲੀਮਾਨੀ ਹਲਕੇ ਤੋਂ ਬਾਹਰ ਜਾ



ਕੇ ਗ੍ਰਾਂਟਾਂ ਵੰਡਣ ਦੀ ਬਹੁਤ ਘੱਟ ਦਲੇਰੀ ਦਿਖਾਈ ਹੈ। ਪਰਮਿੰਦਰ ਸਿੰਘ ਢੀਂਡਸਾ ਨੇ ਵੀ ਅਖਤਿਆਰੀ ਫੰਡ ਦੀ ਵਰਤੋਂ ਦੇ ਮਾਮਲੇ ਵਿਚ ਆਪਣੇ ਆਪ ਨੂੰ ਸੰਗਰੂਰ ਜ਼ਿਲ੍ਹੇ ਤੱਕ ਹੀ ਮਹਿਦੂਦ ਰੱਖਿਆ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿੱਤੀ ਸਾਲ 2012-13 ਦੌਰਾਨ ਆਪਣੇ ਅਖਤਿਆਰੀ ਕੋਟੇ ਵਿਚੋਂ 9.03 ਕਰੋੜ ਰੁਪਏ ਵੰਡੇ। ਇਸ ਵਿਚੋਂ 14.71 ਲੱਖ ਰੁਪਏ ਬਠਿੰਡਾ ਜ਼ਿਲ੍ਹੇ ਦੇ ਹਿੱਸੇ ਆਏ ਤੇ ਬਾਕੀ ਦੀ ਰਾਸ਼ੀ ਮੁਕਤਸਰ ਜ਼ਿਲ੍ਹੇ ਦੇ ਪਿੰਡਾਂ ਵਿਚ ਹੀ ਵੰਡੀ ਗਈ। ਮੁੱਖ ਮੰਤਰੀ ਦੀ ਕਿਰਪਾ ਦ੍ਰਿਸ਼ਟੀ ਕੁਝ ਖਾਸ ਪਿੰਡਾਂ 'ਤੇ ਜ਼ਿਆਦਾ ਰਹੀ। ਇਸ ਸੂਚਨਾ ਮੁਤਾਬਕ ਮੁੱਖ ਮੰਤਰੀ ਵੱਲੋਂ ਆਪਣੇ ਹਲਕੇ ਦੇ ਪਿੰਡਾਂ ਨੂੰ ਗ੍ਰਾਂਟਾਂ ਦੇ ਖੁੱਲ੍ਹੇ ਗੱਫੇ ਦਿੱਤੇ ਜਾਂਦੇ ਹਨ ਤੇ ਦੂਜੇ ਜ਼ਿਲ੍ਹਿਆਂ ਵਿਚ ਹੱਥ ਘੁੱਟ ਲਿਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਚਲੰਤ ਮਾਲੀ ਸਾਲ ਦੌਰਾਨ 10 ਕਰੋੜ ਰੁਪਏ ਵਿਚੋਂ 1.81 ਕਰੋੜ ਰੁਪਏ ਗੁਰਦਾਸਪੁਰ ਜ਼ਿਲ੍ਹੇ ਦੇ 80 ਪਿੰਡਾਂ ਵਿਚ ਸੰਗਤ ਦਰਸ਼ਨ ਪ੍ਰੋਗਰਾਮਾਂ ਦੌਰਾਨ ਵੰਡੇ ਗਏ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਅਖਤਿਆਰੀ ਫੰਡ ਤਿੰਨ ਕਰੋੜ ਰੁਪਏ ਸਾਲਾਨਾ ਹੈ। ਇਸ ਵਿਚੋਂ ਲੰਘੇ ਵਿੱਤੀ ਵਰ੍ਹੇ ਦੌਰਾਨ ਉਪ ਮੁੱਖ ਮੰਤਰੀ ਨੇ ਆਪਣੇ ਵਿਧਾਨ ਸਭਾ ਹਲਕੇ ਨਾਲ ਸਬੰਧਤ ਜ਼ਿਲ੍ਹਾ ਫਾਜ਼ਿਲਕਾ ਵਿਚ 1.37 ਕਰੋੜ ਰੁਪਏ, ਮੁਕਤਸਰ ਜ਼ਿਲ੍ਹੇ ਵਿਚ 40 ਲੱਖ, ਬਠਿੰਡਾ ਜ਼ਿਲ੍ਹੇ ਵਿਚ 52.95 ਲੱਖ ਰੁਪਏ ਵੰਡੇ। ਚਲੰਤ ਮਾਲੀ ਸਾਲ ਦੌਰਾਨ ਵੀ ਉਪ ਮੁੱਖ ਮੰਤਰੀ ਨੇ 3 ਕਰੋੜ ਵਿਚੋਂ ਦੋ ਕਰੋੜ ਰੁਪਏ ਤੋਂ ਜ਼ਿਆਦਾ ਰਾਸ਼ੀ ਆਪਣੇ ਪਤਨੀ ਦੇ ਪਾਰਲੀਮਾਨੀ ਹਲਕੇ ਬਠਿੰਡਾ ਵਿਚ ਹੀ ਵੰਡੀ। ਫਾਜ਼ਿਲਕਾ ਦੇ ਹਿੱਸੇ 42.33 ਲੱਖ ਤੇ ਫਿਰੋਜ਼ਪੁਰ ਦੇ ਹਿੱਸੇ ਸਿਰਫ਼ 11 ਲੱਖ ਰੁਪਏ ਆਏ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਪਿਛਲੇ ਵਿੱਤੀ ਵਰ੍ਹੇ ਦੇ ਆਪਣੇ ਦੋ ਕਰੋੜ ਦੇ ਅਖਤਿਆਰੀ ਫੰਡ ਵਿਚੋਂ 1.95 ਕਰੋੜ ਰੁਪਏ ਦੀ ਗ੍ਰਾਂਟ ਸਿਰਫ਼ ਸੰਗਰੂਰ ਜ਼ਿਲ੍ਹੇ ਵਿਚ ਵੰਡੀ। ਮੁੱਖ ਮੰਤਰੀ ਵੱਲੋਂ ਸਾਲ 2007 ਤੋਂ 2012 ਤੱਕ ਦੇ ਸਮੇਂ ਦੌਰਾਨ 52 ਕਰੋੜ ਰੁਪਏ ਦੇ ਅਖਤਿਆਰੀ ਫੰਡ ਵਿਚੋਂ 66 ਫੀਸਦੀ ਪੈਸਾ ਮੁਕਤਸਰ ਜ਼ਿਲ੍ਹੇ ਨੂੰ ਦਿੱਤਾ ਗਿਆ ਹੈ। ਪਿੰਡ ਮਿੱਡੂ ਖੇੜਾ ਨੂੰ ਮੁੱਖ ਮੰਤਰੀ ਨੇ ਪਿਛਲੇ ਸਾਲ 29 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਹੈ। ਇਸੇ ਪਿੰਡ ਨੂੰ ਪਿਛਲੇ ਕਾਰਜਕਾਲ ਦੌਰਾਨ 34 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ। ਗ੍ਰਾਂਟਾਂ ਵੰਡਣ ਦੇ ਮਾਮਲੇ ਵਿਚ ਆਪਣੇ ਖੇਤਰ ਨੂੰ ਪਹਿਲ ਦੇਣ ਤੋਂ ਸਪਸ਼ਟ ਹੈ ਕਿ ਵਿਸ਼ੇਸ਼ ਵਿਅਕਤੀਆਂ ਲਈ ਗ੍ਰਾਂਟਾਂ ਦੇ ਮਾਮਲੇ ਵਿਚ ਪੰਜਾਬ ਦੇ ਬਾਕੀ ਖੇਤਰ ਤਰਜੀਹੀ ਨਹੀਂ ਹਨ।

ਮੁੱਖ ਮੰਤਰੀ ਵੱਲੋਂ ਸਾਲ 2007 ਤੋਂ 2012 ਤੱਕ ਦੇ ਸਮੇਂ ਦੌਰਾਨ 52 ਕਰੋੜ ਰੁਪਏ ਦੇ ਅਖਤਿਆਰੀ ਫੰਡ ਵਿਚੋਂ 66 ਫੀਸਦੀ ਪੈਸਾ ਮੁਕਤਸਰ ਜ਼ਿਲ੍ਹੇ ਨੂੰ ਦਿੱਤਾ ਗਿਆ ਹੈ। ਪਿੰਡ ਮਿੱਡੂ ਖੇੜਾ ਨੂੰ ਮੁੱਖ ਮੰਤਰੀ ਨੇ ਪਿਛਲੇ ਸਾਲ 29 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਹੈ। ਇਸੇ ਪਿੰਡ ਨੂੰ ਪਿਛਲੇ ਕਾਰਜਕਾਲ ਦੌਰਾਨ 34 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ। ਗ੍ਰਾਂਟਾਂ ਵੰਡਣ ਦੇ ਮਾਮਲੇ ਵਿਚ ਆਪਣੇ ਖੇਤਰ ਨੂੰ ਪਹਿਲ ਦੇਣ ਤੋਂ ਸਪਸ਼ਟ ਹੈ ਕਿ ਵਿਸ਼ੇਸ਼ ਵਿਅਕਤੀਆਂ ਲਈ ਗ੍ਰਾਂਟਾਂ ਦੇ ਮਾਮਲੇ ਵਿਚ ਪੰਜਾਬ ਦੇ ਬਾਕੀ ਖੇਤਰ ਤਰਜੀਹੀ ਨਹੀਂ ਹਨ।

# ਜਨਰਲ ਬਿਕਰਮ ਸਿੰਘ ਹੱਥ ਹੋਵੇਗੀ ਤਿੰਨਾਂ ਸੈਨਾਵਾਂ ਦੀ ਕਮਾਨ !



**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਤਿੰਨੇ ਸੈਨਾਵਾਂ ਦਾ ਇਕ ਸਾਂਝਾ ਮੁਖੀ ਨਿਯੁਕਤ ਕਰਨ ਦਾ ਫੈਸਲਾ ਲਿਆ ਹੈ ਤੇ ਕੌਮੀ ਰੱਖਿਆ ਦੇ ਸਵਾਲ 'ਤੇ ਜਦੋਂ ਵੀ ਕਦੇ ਲੋੜ ਪਵੇਗੀ ਤਾਂ ਸਰਕਾਰ ਉਨ੍ਹਾਂ ਨਾਲ ਰਾਬਤਾ ਕਰੇਗੀ। 'ਬਿਜ਼ਨਸ ਸਟੈਂਡਰਡ' ਵਿਚ ਛਪੀ ਰਿਪੋਰਟ ਮੁਤਾਬਕ ਫ਼ੌਜੀ ਕਮਾਂਡ ਤੇ ਰੱਖਿਆ ਮੰਤਰਾਲੇ ਤੋਂ ਸੰਕੇਤ ਮਿਲੇ ਹਨ ਕਿ ਥਲ ਸੈਨਾ ਦੇ ਮੁਖੀ ਜਨਰਲ ਬਿਕਰਮ ਸਿੰਘ ਨੂੰ ਅਗਲੇ ਮਹੀਨੇ ਚੀਫ਼ ਆਫ਼ ਸਟਾਫ ਕਮੇਟੀ (ਸੀ.ਓ.ਐਸ.ਸੀ) ਦਾ ਸਥਾਈ ਚੇਅਰਮੈਨ ਨਿਯੁਕਤ ਕੀਤਾ ਜਾ ਰਿਹਾ ਹੈ।

ਇਸ ਦੇ ਨਾਲ ਹੀ ਇਕਜੁੱਟ ਰੱਖਿਆ ਸਟਾਫ ਦੇ ਮੌਜੂਦਾ ਮੁਖੀ ਲੈਫਟੀਨੈਂਟ ਜਨਰਲ ਅਨਿਲ ਚੇਤ ਨੂੰ ਜਨਰਲ ਬਿਕਰਮ ਸਿੰਘ ਦੀ ਥਾਂ ਨਵਾਂ ਥਲ ਸੈਨਾ ਮੁਖੀ ਥਾਪਿਆ ਜਾ ਸਕਦਾ ਹੈ। ਸੀ.ਓ.ਐਸ.ਸੀ. ਦਾ ਸਥਾਈ ਚੇਅਰਮੈਨ ਥਲ, ਜਲ ਤੇ ਹਵਾਈ ਸੈਨਾ ਦੇ ਮੁਖੀਆਂ ਵਾਂਗੂ ਚਾਰ ਸਟਾਰ ਜਰਨੈਲ ਕਹਾਵੇਗਾ ਪਰ ਉਸ ਕੋਲ 2001 ਵਿਚ ਮੰਤਰੀ ਸਮੂਹ ਵੱਲੋਂ ਸੁਝਾਏ ਚੀਫ਼ ਆਫ਼ ਡਿਫੈਂਸ ਸਟਾਫ (ਸੀ.ਡੀ.ਐਸ) ਨਾਲੋਂ ਘੱਟ ਤਾਕਤਾਂ ਹੋਣਗੀਆਂ।

ਉਂਜ, ਇਸ ਨਿਯੁਕਤੀ ਨਾਲ ਪਿਛਲੇ ਸਾਲ ਕੌਮੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਨਰੇਸ਼ ਚੰਦਰ ਟਾਸਕ ਫੋਰਸ ਦੀ ਇਕ ਮੁੱਖ ਸਿਫਾਰਸ਼ ਪੂਰੀ ਹੋ ਜਾਵੇਗੀ। ਹਾਲਾਂਕਿ ਤਿੰਨੋਂ ਸੈਨਾਵਾਂ ਦੇ ਮੁਖੀਆਂ ਵਿਚੋਂ ਸਭ ਤੋਂ ਸੀਨੀਅਰ ਆਪਣੇ ਅਹੁਦੇ ਕਰਕੇ ਪਹਿਲਾਂ ਹੀ ਸੀ.ਓਐਸ.ਸੀ ਦਾ ਮੁਖੀ ਹੁੰਦਾ ਹੈ ਪਰ ਆਪਣੇ ਮੁੱਖ ਚਾਰਜ, ਸਟਾਫ ਤੇ ਨਿਜ਼ਾਮ ਦੀ ਘਾਟ ਕਰਕੇ ਇਹ ਅਹੁਦਾ ਕਾਗਜ਼ੀ ਮੰਨਿਆ ਜਾਂਦਾ। ਹੁਣ ਸੀ.ਓ.ਐਸ.ਸੀ. ਦੇ ਸਥਾਈ ਚੇਅਰਮੈਨ ਕੋਲ ਹੈੱਡਕੁਆਰਟਰ ਹੋਵੇਗਾ ਤੇ ਤਿੰਨੋਂ ਸੈਨਾਵਾਂ ਦਰਮਿਆਨ ਤਾਲਮੇਲ ਬਿਠਾਉਣ ਦੇ ਸਮਰੱਥ ਹੋਵੇਗਾ।

ਰਣਨੀਤਕ ਬਰਾਦਰੀ ਤੇ ਪ੍ਰਮੁੱਖ ਫੌਜੀ ਕਮਾਂਡਰਾਂ ਵੱਲੋਂ ਇਸ ਤਜਵੀਜ਼ ਦੀ ਪੂਰੀ ਹਮਾਇਤ ਕੀਤੀ ਜਾ ਰਹੀ ਹੈ ਤੇ ਸਰਕਾਰ ਨੂੰ ਇਸ ਵਿਚ ਹਰਜੇ ਵਾਲੀ ਕੋਈ ਗੱਲ ਨਜ਼ਰ ਨਹੀਂ ਆ ਰਹੀ ਜੋ ਕਿ ਕੌਮੀ ਸੁਰੱਖਿਆ ਦੇ ਮੁੱਦੇ 'ਤੇ ਨਰਮ ਰੁਖ਼ ਅਪਣਾਉਣ ਦੇ ਦੋਸ਼ਾਂ ਦਾ ਸਾਹਮਣਾ ਕਰਦੀ ਆ ਰਹੀ ਹੈ। ਲੰਘੀ 22 ਨਵੰਬਰ ਨੂੰ ਕੰਬਾਈਂਡ ਕਮਾਂਡਰਜ਼ ਕਾਨਫਰੰਸ ਵਿਚ ਹਵਾਈ ਸੈਨਾ ਦੇ ਮੁਖੀ ਐਨ.ਏ.ਕੇ ਬਰਾਊਨ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਮੌਜੂਦਗੀ ਵਿਚ ਕਿਹਾ ਸੀ ਕਿ ਤਿੰਨੋਂ ਸੈਨਾਵਾਂ ਦੇ ਮੁਖੀ ਸੀ.ਓ.ਐਸ.ਸੀ ਦੇ ਸਥਾਈ ਚੇਅਰਮੈਨ ਦੀ ਨਿਯੁਕਤੀ ਲਈ ਸਹਿਮਤ ਹੋ ਗਏ ਹਨ ਤੇ ਇਹ ਚੀਫ਼ ਆਫ਼ ਡਿਫੈਂਸ ਸਟਾਫ (ਸੀ.ਡੀ.ਐਸ) ਨਿਯੁਕਤ ਕਰਨ ਵੱਲ ਇਕ ਕਦਮ ਹੋਵੇਗਾ। ਪ੍ਰਧਾਨ ਮੰਤਰੀ ਨੇ ਵੀ ਆਪਣੇ ਭਾਸ਼ਣ ਵਿਚ ਇਸ ਤਜਵੀਜ਼ ਦਾ ਹੁੰਗਾਰਾ ਭਰਿਆ ਸੀ।

# ਖੇਡ ਸੰਸਥਾਵਾਂ 'ਚ ਸਿਆਸਤਦਾਨਾਂ ਦੀ ਦਾਦਾਗਿਰੀ ਤੋਂ ਸੁਪਰੀਮ ਕੋਰਟ ਖਫਾ



**ਨਵੀਂ ਦਿੱਲੀ:** ਖੇਡ ਸੰਸਥਾਵਾਂ 'ਤੇ ਸਿਆਸਤਦਾਨਾਂ ਤੇ ਵਪਾਰੀਆਂ ਦੇ ਕਬਜ਼ੇ ਉਤੇ ਸੁਪਰੀਮ ਕੋਰਟ ਨੇ ਡਾਢੀ ਨਾਰਾਜ਼ਗੀ ਜਤਾਈ ਹੈ। ਸਰਵਉੱਚ ਅਦਾਲਤ ਨੇ ਦੇਸ਼ ਵਿਚ ਹਾਕੀ ਦੇ ਨਿਘਾਰ 'ਤੇ ਫਿਕਰ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਖੇਡ ਸੰਸਥਾਵਾਂ ਦੀ ਕਮਾਨ ਖਿਡਾਰੀਆਂ ਦੇ ਹੱਥਾਂ ਵਿਚ ਹੋਣੀ ਚਾਹੀਦੀ ਹੈ। ਜਸਟਿਸ ਟੀ.ਐਸ ਠਾਕੁਰ ਤੇ ਜੇ. ਚੇਲਾਮੇਸ਼ਵਰ ਦੇ ਬੈਂਚ ਨੇ ਆਖਿਆ ਕਿ ਖੇਡਾਂ ਦੀ ਕਮਾਨ ਪ੍ਰਾਈਵੇਟ ਵਿਅਕਤੀਆਂ ਦੇ ਹੱਥਾਂ ਵਿਚ ਹੈ।

ਭਾਰਤ ਵਿਚ ਖੇਡਾਂ 'ਤੇ ਪ੍ਰਾਈਵੇਟ ਵਿਅਕਤੀਆਂ ਦਾ ਕਬਜ਼ਾ ਹੈ। ਇਹ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਖੇਡਾਂ ਦੇ ਪ੍ਰਬੰਧਕ ਉਹ ਲੋਕ ਬਣੇ ਹੋਏ ਹਨ ਜਿਨ੍ਹਾਂ ਦਾ ਖੇਡ ਨਾਲ ਕੋਈ ਵਜੋ-ਵਾਸਤਾ ਨਹੀਂ ਹੁੰਦਾ ਤੇ ਉਹ ਖੇਡ ਦੀ ਕੀਮਤ 'ਤੇ ਫੈਡਰੇਸ਼ਨਾਂ ਚਲਾਉਂਦੇ ਹਨ। ਸੁਪਰੀਮ ਕੋਰਟ ਵੱਲੋਂ ਭਾਰਤੀ ਹਾਕੀ ਫੈਡਰੇਸ਼ਨ ਦੀ ਅਪੀਲ 'ਤੇ ਸੁਣਵਾਈ ਦੌਰਾਨ ਇਹ ਮਨੋਭਾਵ ਸਾਂਝੇ ਕੀਤੇ। ਆਈ.ਐਚ.ਐਫ ਦਾ ਹਾਕੀ ਇੰਡੀਆ ਨਾਲ ਰੇੜਕਾ ਚੱਲ ਰਿਹਾ ਹੈ ਤੇ ਉਸ ਵੱਲੋਂ ਕੌਮਾਂਤਰੀ ਹਾਕੀ ਸੰਘ (ਐਫ.ਆਈ.ਐਚ) ਵੱਲੋਂ ਕੌਮਾਂਤਰੀ ਮੁਕਾਬਲਿਆਂ ਵਿਚ ਦੇਸ਼ ਦੀ ਨੁਮਾਇੰਦਗੀ ਲਈ ਦੋਵਾਂ ਸੰਘਾਂ ਵਿਚੋਂ ਕਿਸੇ ਨੂੰ ਮਾਨਤਾ ਦੇਣ ਬਾਰੇ ਚਲਾਈ ਜਾ ਰਹੀ ਕਾਰਵਾਈ 'ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਸੀ।

ਬੈਂਚ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਸਰਕਾਰ ਖੇਡਾਂ ਨੂੰ ਕੰਟਰੋਲ ਕਰਨ ਦੇ ਸਮਰੱਥ ਨਹੀਂ ਹੈ ਜਿਸ ਕਰਕੇ ਦੇਸ਼ ਵਿਚ ਖੇਡਾਂ 'ਤੇ ਕਾਬਜ਼ ਹੋਣ ਲਈ ਪ੍ਰਾਈਵੇਟ ਵਿਅਕਤੀਆਂ ਵੱਲੋਂ ਬਹੁਤ ਸਾਰੇ ਮੁਕੱਦਮੇ ਦਾਇਰ ਕੀਤੇ ਜਾਂਦੇ ਹਨ ਤੇ ਇਸ ਨਾਲ ਫੈਡਰੇਸ਼ਨਾਂ ਵਿਚ ਘੜਮੱਸ ਪਿਆ ਹੋਇਆ ਹੈ। ਆਈ.ਐਚ.ਐਫ ਦਾ ਥੋੜ੍ਹੀ ਦੇਰ ਤਰਕ ਸੁਣਨ ਤੋਂ ਬਾਅਦ ਬੈਂਚ ਨੇ ਪੁੱਛਿਆ ਕਿ ਫੈਡਰੇਸ਼ਨ ਦੀ ਅਗਵਾਈ ਕੌਣ ਕਰ ਰਿਹਾ ਹੈ ਤੇ ਕੀ ਇਸ ਵਿਚ ਕੋਈ ਓਲੰਪੀਅਨ ਹੈ? ਚੇਤੇ ਰਹੇ ਕਿ ਖੇਡ ਸੰਸਥਾਵਾਂ ਵਿਚ ਸਿਆਸੀ ਅਤੇ ਵਪਾਰਕ ਦਖਲ ਦਾ ਮੁੱਦਾ ਬਹੁਤ ਵਾਰ ਉਠਦਾ ਰਿਹਾ ਹੈ। ਚੋਟੀ ਦੇ ਖਿਡਾਰੀ ਕਹਿ ਚੁੱਕੇ ਹਨ ਕਿ ਖੇਡ ਸੰਸਥਾਵਾਂ ਦੀ ਇਨ੍ਹਾਂ ਲੋਕਾਂ ਤੋਂ ਮੁਕਤੀ ਚਾਹੀਦੀ ਹੈ ਪਰ ਸਿਆਸਤਦਾਨਾਂ ਅਤੇ ਵਪਾਰੀਆਂ ਦੀ ਭਾਰੂ ਲਾਬੀ ਕਾਰਨ ਇਹ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ।

# ਸੰਜੇ ਦੱਤ ਨੂੰ ਮਹੀਨੇ ਵਿਚ ਦੋ ਵਾਰ ਪੈਰੋਲ ਬਣੀ ਵਿਵਾਦ ਦਾ ਕਾਰਨ

**ਮੁੰਬਈ:** ਫਿਲਮ ਅਦਾਕਾਰ ਸੰਜੇ ਦੱਤ ਨੂੰ ਇਕ ਮਹੀਨੇ ਤੋਂ ਥੋੜ੍ਹਾ ਵੱਧ ਸਮੇਂ ਦੌਰਾਨ ਦੋ ਵਾਰ ਜੇਲ੍ਹ ਵਿਚੋਂ ਛੁੱਟੀ ਦੇਣ 'ਤੇ ਭਾਰੀ ਵਿਵਾਦ ਛਿੜ ਗਿਆ ਹੈ। ਪੂਣੇ ਦੀ ਯਰਵਦਾ ਜੇਲ੍ਹ ਵਿਚੋਂ ਇਸ ਤਰ੍ਹਾਂ ਛੁੱਟੀ ਦੇਣ ਦੇ ਮਾਮਲੇ ਦੀ ਸਰਕਾਰ ਨੇ ਜਾਂਚ ਦੇ ਹੁਕਮ ਦਿੱਤੇ ਹਨ। ਪੂਣੇ ਦੇ ਡਿਵੀਜ਼ਨਲ ਕਮਿਸ਼ਨਰ ਪ੍ਰਭਾਕਰ ਦੇਸ਼ਮੁਖ ਨੇ ਸੰਜੇ ਦੱਤ ਨੂੰ ਪੈਰੋਲ ਉੱਤੇ ਛੁੱਟੀ ਦੇਣ ਦੇ ਹੁਕਮ ਦਿੱਤੇ ਸਨ। ਸੰਜੇ ਦੱਤ ਗੈਰਕਾਨੂੰਨੀ ਤੌਰ ਉੱਤੇ ਹਥਿਆਰ ਰੱਖਣ ਦੇ ਦੋਸ਼ ਵਿਚ ਜੇਲ੍ਹ ਵਿਚ ਪੰਜ ਸਾਲ ਦੀ ਸਜ਼ਾ ਭੁਗਤ ਰਿਹਾ ਹੈ।

53 ਸਾਲਾ ਅਭਿਨੇਤਾ ਨੇ ਇਸ ਤੋਂ ਪਹਿਲਾਂ ਆਪਣੀ ਸਿਹਤ ਨੂੰ ਆਧਾਰ ਬਣਾ ਕੇ ਇਕ ਮਹੀਨਾ ਲੰਬੀ ਛੁੱਟੀ ਹਾਸਲ ਕੀਤੀ ਸੀ ਤੇ ਇਸ ਵਾਰ ਉਸ ਨੇ ਆਪਣੀ ਪਤਨੀ ਮਾਨਿਅਤਾ ਦੀ ਸਿਹਤ ਨੂੰ ਆਧਾਰ ਬਣਾ ਕੇ ਛੁੱਟੀ ਹਾਸਲ ਕੀਤੀ ਹੈ। ਇਸ ਦੌਰਾਨ ਅਖ਼ਬਾਰਾਂ ਨੇ ਇਕ ਫਿਲਮ ਦੇਖਣ ਤੇ ਇਕ ਵਿਸ਼ੇਸ਼ ਵਿਅਕਤੀ ਦੇ ਜਨਮ ਦਿਨ ਵਿਚ ਸ਼ਾਮਲ ਹੋਣ ਬਾਰੇ ਤਸਵੀਰਾਂ ਪ੍ਰਕਾਸ਼ਤ ਕਰਕੇ ਉਸ ਦੀ ਬਿਮਾਰੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਵਿਵਾਦ ਤੋਂ ਬਾਅਦ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਆਰ.ਆਰ ਪਾਟਿਲ ਨੇ ਸੰਜੇ ਦੱਤ ਨੂੰ ਛੁੱਟੀ ਦੇਣ ਦੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

# ਆਖਰ ਪੁਲਿਸ ਅੜਿੱਕੇ ਆਇਆ ਨਰਾਇਣ ਸਾਈਂ

**ਨਵੀਂ ਦਿੱਲੀ:** ਜਬਰ ਜਨਾਹ ਦੇ ਇਕ ਮਾਮਲੇ ਵਿਚ ਕਈ ਦਿਨ ਭਗੌੜੇ ਰਹੇ ਆਸਾਰਾਮ ਦੇ ਪੁੱਤਰ ਨਰਾਇਣ ਸਾਈਂ ਨੂੰ ਆਖਰ ਦਿੱਲੀ ਪੁਲਿਸ ਨੇ ਸਿੱਖ ਦੇ ਭੇਸ ਵਿਚ ਕੁਰੂਕਸ਼ੇਤਰ ਨੇੜੇ ਪਿੱਪਲੀ ਤੋਂ ਕਾਬੂ ਕਰ ਲਿਆ ਹੈ। ਪੁਲਿਸ ਨੇ ਉਸ ਦੇ ਤਿੰਨ ਸਹਿਯੋਗੀਆਂ ਹਨੂੰਮਾਨ, ਡਰਾਈਵਰ ਰਮੇਸ਼ ਤੇ ਇਕ ਨਾਬਾਲਗ ਨੂੰ ਵੀ ਨਾਲ ਹੀ ਗ੍ਰਿਫ਼ਤਾਰ ਕੀਤਾ ਗਿਆ। ਹਨੂੰਮਾਨ ਉਰਫ਼ ਕੌਸ਼ਲ ਠਾਕੁਰ ਨਰਾਇਣ ਸਾਈਂ ਨਾਲ ਨਾਮਜ਼ਦ ਹੈ ਤੇ ਪੁਲਿਸ ਨੇ ਉਸ ਉਪਰ ਇਕ ਲੱਖ ਰੁਪਏ ਦਾ ਇਨਾਮ ਐਲਾਨਿਆ ਹੋਇਆ ਸੀ। ਨਰਾਇਣ ਉਪਰ ਵੀ ਪੰਜ ਲੱਖ ਦਾ ਇਨਾਮ ਸੀ।



ਅਪਰਾਧ ਸ਼ਾਖਾ ਦੇ ਅਧਿਕਾਰੀਆਂ ਮੁਤਾਬਕ ਲੁਧਿਆਣਾ ਦੇ ਇਕ ਪਿੰਡ ਵਿਚ ਨਰਾਇਣ ਸਾਈਂ ਦੇ ਪਨਾਹ ਲਏ ਹੋਣ ਦੀ ਪੱਕੀ ਸੂਹ ਮਿਲੀ ਸੀ ਜਿਸ 'ਤੇ ਦਿੱਲੀ ਪੁਲਿਸ ਦੀ ਇਕ ਟੀਮ ਲੁਧਿਆਣਾ ਭੇਜੀ ਗਈ। ਸੂਤਰਾਂ ਮੁਤਾਬਕ ਜਦੋਂ ਤੱਕ ਪੁਲਿਸ ਉਸ ਤੱਕ ਪੁੱਜਦੀ ਉਦੋਂ ਤੱਕ ਆਸਾਰਾਮ ਦਾ ਪੁੱਤਰ ਦਿੱਲੀ ਲਈ ਤੁਰ ਪਿਆ। ਪੁਲਿਸ ਨੇ ਕਈ ਸਥਾਨਾਂ 'ਤੇ ਆਪਣੀਆਂ ਟੀਮਾਂ ਲਾਈਆਂ ਹੋਈਆਂ ਸਨ।

ਪੁਲਿਸ ਨੇ ਇਕ ਗੱਡੀ ਦਾ ਪਿੱਛਾ ਕਰਦੇ ਹੋਏ ਕਰੂਕਸ਼ੇਤਰ ਦੇ ਪਿੱਪਲੀ ਵਿਚ ਇਸ ਨੂੰ ਰੋਕ ਕੇ ਤਲਾਸ਼ੀ ਲਈ ਤੇ ਇਸ ਅੰਦਰ ਨਾਰੰਗੀ ਰੰਗ ਦੀ ਪੱਗ ਬੰਨ੍ਹੀ, ਜੀਨ ਤੇ ਸ਼ਰਟ, ਜਾਕੇਟ ਪਹਿਨੇ ਬੈਠਾ ਨੌਜਵਾਨ ਨਰਾਇਣ ਸਾਈਂ ਸੀ ਜਿਸ ਨੂੰ ਪੁਲਿਸ ਪਿਛਲੇ ਦੋ ਮਹੀਨੇ ਤੋਂ ਲੱਭ ਰਹੀ ਸੀ। ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤ ਵਿਚ ਲੈ ਲਿਆ। ਪੁਲਿਸ ਨੇ ਉਨ੍ਹਾਂ ਕੋਲੋਂ 2.61 ਲੱਖ ਰੁਪਏ, 6 ਮੋਬਾਈਲ, ਕਈ ਕੰਪਨੀਆਂ ਦੇ 'ਸਿਮ ਕਾਰਡ' ਤੇ ਵੱਡੀ ਮਾਤਰਾ ਵਿਚ ਸੁੱਕੇ ਮੇਵੇ ਵੀ ਬਰਾਮਦ ਕੀਤੇ ਹਨ।

# ਭਾਰਤ ਨੇ ਵਿਸ਼ਵ ਵਪਾਰ ਸੰਸਥਾ ਵਿਚ ਆਪਣੀ ਗੱਲ ਮੰਨਵਾਈ

**ਬਾਲੀ:** ਭਾਰਤ ਨੂੰ ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ) ਵਿਚ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਇਸ ਸੰਗਠਨ ਦੇ ਮੈਂਬਰ ਦੇਸ਼ ਮੀਟਿੰਗ ਵਿਚ ਮੁੱਖ ਰਵਾਇਤੀ ਫਸਲਾਂ 'ਤੇ ਸਬਸਿਡੀਆਂ ਜਾਰੀ ਰੱਖਣ, ਲੋੜ ਮੁਤਾਬਕ ਇਨ੍ਹਾਂ ਨੂੰ ਭੰਡਾਰ ਕਰਨ ਤੇ ਫਸਲਾਂ ਦੇ ਸਹਾਇਕ ਮੁੱਲ ਜਾਰੀ ਰੱਖਣ ਉਪਰ ਸਹਿਮਤ ਹੋ ਗਏ। ਇਸ ਸਮਝੌਤਾ ਖਰੜੇ ਮੁਤਾਬਕ ਕਿਸੇ ਵੀ ਦੇਸ਼ ਨੂੰ ਮੁੱਖ ਫਸਲਾਂ ਦੀਆਂ ਸਬਸਿਡੀਆਂ ਜਾਰੀ ਰੱਖਣ ਦੀ ਸੂਰਤ ਵਿਚ ਦੰਡ ਨਹੀਂ ਲੱਗੇਗਾ।

ਇਕ ਅਨੁਮਾਨ ਮੁਤਾਬਕ ਇਸ ਸਮਝੌਤੇ ਨਾਲ ਵਿਸ਼ਵ ਦਾ ਇਸ ਬਾਰੇ ਸਾਲਾਨਾ ਵਪਾਰ ਦਸ ਅਰਬ ਡਾਲਰ ਵਧਣ ਦੇ ਆਸਾਰ ਹਨ। ਇਸ ਸਮਝੌਤੇ ਨੂੰ ਨੇਪਰੇ ਚੜ੍ਹਾਉਣ ਵਿਚ ਵੱਡਾ ਰੋਲ ਨਿਭਾਉਣ ਵਾਲੇ ਭਾਰਤ ਦੇ ਵਣਜ ਤੇ ਸਨਅਤ ਮੰਤਰੀ ਅਨੰਦ ਸ਼ਰਮਾ ਨੇ ਖੁਸ਼ੀ ਜ਼ਾਹਿਰ ਕਰਦਿਆਂ ਇਸ ਨੂੰ ਭਾਰਤ ਲਈ ਬਹੁਤ ਵੱਡੀ ਸਫਲਤਾ ਕਰਾਰ ਦਿੱਤਾ ਹੈ। ਉਨ੍ਹਾਂ ਨੇ ਮੀਟਿੰਗ ਵਿਚ ਦੇਸ਼ ਦਾ ਪੱਖ ਪੇਸ਼ ਕਰਦਿਆਂ ਕਹਿ ਦਿੱਤਾ ਕਿ ਖੁਰਾਕੀ ਸਬਸਿਡੀਆਂ ਦੇਣੀਆਂ ਭਾਰਤ ਦਾ ਬੁਨਿਆਦੀ ਮਸਲਾ ਹੈ ਤੇ ਇਸ ਮੁੱਦੇ ਉਪਰ ਹਰਗਿਜ਼ ਨਹੀਂ ਝੁਕਿਆ ਜਾਏਗਾ।

ਸਮਝੌਤਾ ਖਰੜੇ ਮੁਤਾਬਕ, ਜਿਹੜਾ ਖੁਰਾਕ ਦੇ ਅਧਿਕਾਰ ਦੀ ਰੱਖਿਆ ਕਰੇਗਾ, ਨਾਲ ਭਾਰਤ ਨੂੰ 20 ਅਰਬ ਡਾਲਰ ਦੀ ਖੁਰਾਕੀ ਸੁਰੱਖਿਆ ਸਕੀਮ ਜਾਰੀ ਰੱਖਣ ਦੀ ਇਜਾਜ਼ਤ ਮਿਲ ਗਈ ਹੈ। ਵਿਕਾਸਸ਼ੀਲ ਦੇਸ਼ਾਂ ਨੂੰ ਫਸਲਾਂ




ਦਾ ਘੱਟੋ-ਘੱਟ ਸਮਰਥਨ ਮੁੱਲ ਮਿਥਣਾ ਜਾਰੀ ਰੱਖਣ ਦੀ ਇਜਾਜ਼ਤ ਵੀ ਮਿਲ ਗਈ ਹੈ।ਸ੍ਰੀ ਸ਼ਰਮਾ ਨੇ ਕਿਹਾ ਕਿ ਇਹ ਭਾਰਤੀ ਤੇ ਵਿਕਾਸਸ਼ੀਲ ਦੇਸ਼ਾਂ ਦੇ ਕਿਸਾਨਾਂ ਦੀ ਵੱਡੀ ਜਿੱਤ ਹੈ। ਇਸ ਨਾਲ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੀਆਂ ਖੁਰਾਕ ਸਕੀਮਾਂ ਜਾਰੀ ਰੱਖਣ ਲਈ ਲੋੜ ਮੁਤਾਬਕ ਅਨਾਜ ਭੰਡਾਰ ਕਰਨ ਦੀ ਇਜਾਜ਼ਤ ਹੋਵੇਗੀ। ਇਸ ਮੁੱਦੇ ਉਪਰ 2001 ਤੋਂ ਸਮਝੌਤਾ ਨੇਪਰੇ ਨਹੀਂ ਚੜ੍ਹ ਸਕਿਆ ਸੀ। ਸਾਰੀਆਂ ਮੁੱਖ ਰਵਾਇਤੀ ਫਸਲਾਂ ਦਾ ਸਬਸਿਡੀ ਖੁਰਾਕੀ ਸਕੀਮ ਲਈ ਭੰਡਾਰ ਕਰਨ ਉਪਰ ਮਿਕਦਾਰ ਦੀ ਕੋਈ ਪਾਬੰਦੀ ਨਹੀਂ ਹੋਏਗੀ।

ਇਸ ਲਈ ਇਹ ਫੈਸਲਾ ਗਰੀਬਾਂ ਦੇ ਬਹੁਤ ਹੱਕ ਵਿਚ ਹੈ। ਇਸ ਸੰਸਥਾ ਦੇ 159 ਦੇਸ਼ ਮੈਂਬਰ ਹਨ।

## ਆਖਰਕਾਰ ਸਿਰੇ ਚੜ੍ਹਿਆ ਵਿਸ਼ਵ ਵਪਾਰ ਸਮਝੌਤਾ

**ਬਾਲੀ:** ਵਿਸ਼ਵ ਵਪਾਰ ਸੰਸਥਾ ਆਖਰਕਾਰ ਅਹਿਮ ਇਤਿਹਾਸਕ ਸਮਝੌਤੇ ਉੱਤੇ ਪੁੱਜਣ ਵਿਚ ਕਾਮਯਾਬ ਹੋ ਗਈ ਹੈ, ਜਿਸ ਅਧੀਨ ਸੰਸਥਾ ਵਿਸ਼ਵ ਵਪਾਰ ਨੂੰ ਹੁਲਾਰਾ ਦੇਣ ਲਈ 10 ਖਰਬ ਅਮਰੀਕੀ ਡਾਲਰ ਦਾ ਨਿਵੇਸ਼ ਕਰੇਗੀ। 159 ਦੇਸ਼ਾਂ ਦੇ ਮੰਤਰੀਆਂ ਨੇ ਦੋਹਾਂ ਗੇੜ ਦੀ ਗੱਲਬਾਤ ਤੋਂ ਬਾਅਦ ਇਸ ਇਤਿਹਾਸਕ ਸਮਝੌਤੇ 'ਤੇ ਸਹੀ ਪਾ ਦਿੱਤੀ। ਪਿਛਲੇ ਸਾਲ ਤੋਂ ਚੱਲੀ ਇਸ ਗੱਲਬਾਤ ਦੌਰਾਨ ਐਨ ਆਖ਼ਰੀ ਮੌਕੇ ਕਿਊਬਾ ਤੇ ਤਿੰਨ ਹੋਰ ਲਾਤੀਨੀ ਅਮਰੀਕੀ ਮੁਲਕਾਂ ਨੇ ਵਿਰੋਧ ਕੀਤਾ ਪਰ ਵੱਖ-ਵੱਖ ਦੇਸ਼ਾਂ ਦੇ ਮੰਤਰੀ ਇਸ ਗੱਲਬਾਤ ਨੂੰ ਅੱਗੇ ਚਲਾਉਣ ਲਈ ਸਹਿਮਤ ਹੋ ਗਏ। ਇਸ 9ਵੀਂ ਪੱਧਰ ਦੀ ਗੱਲਬਾਤ ਦੌਰਾਨ ਸਮੁੱਚੇ ਬਾਲੀ ਪੈਕੇਜ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਇੰਡੋਨੇਸ਼ੀਆ ਦੇ ਵਪਾਰ ਮੰਤਰੀ ਗੀਤਾ ਵੀਰਜਵਾਨ ਨੇ ਕਿਹਾ ਕਿ ਇਹ ਵੱਡੀ ਇਤਿਹਾਸਕ ਪ੍ਰਾਪਤੀ ਹੈ ਪਰ ਦੌੜ ਅਜੇ ਮੁੱਕੀ ਨਹੀਂ ਹੈ। ਭਾਰਤ ਦੇ ਵਣਜ ਤੇ ਉਦਯੋਗ ਮੰਤਰੀ ਆਨੰਦ ਸ਼ਰਮਾ ਨੇ ਇਸ ਸਮਝੌਤੇ ਨੂੰ ਇਤਿਹਾਸਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੋਹਾ ਗੇੜ ਦੀ ਗੱਲਬਾਤ ਨੂੰ ਮੁੜ ਸੁਰਜੀਤ ਕਰਨ ਤੇ ਕਮੀਆਂ-ਪੇਸ਼ੀਆਂ ਦੂਰ ਕਰਨ ਵਿਚ ਭਾਰਤ ਨੇ ਅਹਿਮ ਰੋਲ ਅਦਾ ਕੀਤਾ ਹੈ।

# ਸਲਾਮਤੀ ਕੌਂਸਲ ਦੀ ਮੈਂਬਰੀ ਲਈ ਭਾਰਤ ਵੱਲੋਂ ਦਾਅਵਾ ਪੇਸ਼

**ਸੰਯੁਕਤ ਰਾਸ਼ਟਰ:** ਭਾਰਤ ਨੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿਚ ਆਪਣੇ ਕਾਰਜਕਾਲ ਦੇ ਖ਼ਾਤਮੇ ਮਗਰੋਂ ਫਿਰ 2021-2022 ਵਿਚ ਇਸ ਦਾ ਮੈਂਬਰ ਬਣਨ ਦਾ ਦਾਅਵਾ ਜਤਾ ਦਿੱਤਾ ਹੈ। ਇਸ ਤੋਂ ਪਹਿਲਾਂ ਅਫ਼ਗਾਨਿਸਤਾਨ ਨੇ ਭਾਰਤ ਦੇ ਹੱਕ ਵਿਚ ਆਪਣਾ ਦਾਅਵਾ ਛੱਡਿਆ ਹੈ ਤਾਂ ਹੀ ਭਾਰਤ ਇਹ ਕਾਰਵਾਈ ਕਰ ਸਕਿਆ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧ ਅਸ਼ੋਕ ਕੁਮਾਰ ਮੁਖਰਜੀ ਮੁਤਾਬਕ ਸਾਲ 2021-2022 ਦੌਰਾਨ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿਚ ਗ਼ੈਰਸਥਾਈ ਸੀਟ ਲਈ ਭਾਰਤ ਨੇ ਆਪਣੇ ਆਪ ਨੂੰ ਉਮੀਦਵਾਰ ਵਜੋਂ ਪੇਸ਼ ਕਰਦਿਆਂ ਦਾਅਵਾ ਜਤਾ ਦਿੱਤਾ ਹੈ। ਅਕਤੂਬਰ 2020 ਵਿਚ ਇਸ ਸੀਟ ਲਈ ਚੋਣ ਹੋਵੇਗੀ।

15 ਮੁਲਕੀ ਸਲਾਮਤੀ ਕੌਂਸਲ ਵਿਚ ਭਾਰਤ 2011-12 ਦੌਰਾਨ ਗ਼ੈਰਸਥਾਈ ਮੈਂਬਰ ਰਿਹਾ ਸੀ। 21 ਨਵੰਬਰ ਨੂੰ ਇਕ ਪੱਤਰ ਲਿਖ ਕੇ ਭਾਰਤ ਤੇ ਅਫ਼ਗਾਨਿਸਤਾਨ ਨੇ ਸੰਯੁਕਤ ਰਾਸ਼ਟਰ ਦੇ ਮੈਂਬਰ ਰਾਜਾਂ ਦੇ ਸਾਰੇ ਸਥਾਈ ਮਿਸ਼ਨਾਂ ਨੂੰ ਆਪਣੇ-ਆਪਣੇ ਫ਼ੈਸਲੇ ਤੋਂ ਜਾਣੂ ਕਰਵਾ ਦਿੱਤਾ ਸੀ। ਅਫ਼ਗਾਨਿਸਤਾਨ ਪਹਿਲਾਂ ਤਾਂ 2021-22 ਦੌਰਾਨ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦਾ ਮੈਂਬਰ ਬਣਨਾ ਚਾਹ ਰਿਹਾ ਸੀ ਪਰ ਮਗਰੋਂ ਭਾਰਤ ਨਾਲ 'ਦੁਵੱਲੀ ਚਰਚਾ' ਮਗਰੋਂ ਆਪਣੀ ਅੰਦਰੂਨੀ ਸਥਿਤੀ ਕਰਕੇ ਇਸ ਨੇ ਭਾਰਤ ਦੇ ਹੱਕ ਵਿਚ ਆਪਣੀ ਦਾਅਵੇਦਾਰੀ ਛੱਡਣ ਦਾ ਐਲਾਨ ਕੀਤਾ ਹੈ।

# ਟੈਕਨੀਕਲ ਯੂਨੀਵਰਸਿਟੀ ਵਾਲਾ ਇੰਦਰ ਕੁਮਾਰ ਗੁਜਰਾਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜਿਸ ਪੰਜਾਬ ਵਿਚ ਇੰਦਰ ਕੁਮਾਰ ਗੁਜਰਾਲ ਦਾ ਜਨਮ ਹੋਇਆ ਉਸ ਵਿਚ ਹਰਿਆਣਾ ਤੇ ਹਿਮਾਚਲ ਹੀ ਨਹੀਂ ਅਜੋਕਾ ਪਾਕਿਸਤਾਨੀ ਪੰਜਾਬ ਵੀ ਸ਼ਾਮਲ ਸੀ। ਉਸ ਦਾ ਵੱਸ ਚਲਦਾ ਤਾਂ ਉਸ ਨੇ ਅੱਜ ਵਾਲਾ ਨਿੱਕਾ ਜਿਹਾ ਪੰਜਾਬੀ ਸੂਬਾ ਨਹੀਂ ਸੀ ਬਣਨ ਦੇਣਾ ਜਿਸ ਵਾਸਤੇ ਅਕਾਲੀ ਦਲ ਨੇ ਲਗਾਤਾਰ ਸੰਘਰਸ਼ ਕੀਤਾ ਹੈ। ਫੇਰ ਵੀ ਉਸ ਦੀ ਵਡਿਤਣ ਸੀ ਕਿ 1997 ਵਿਚ ਦੇਸ਼ ਦਾ ਪ੍ਰਧਾਨ



ਇੰਦਰ ਕੁਮਾਰ ਗੁਜਰਾਲ

ਮੰਤਰੀ ਬਣਦੇ ਸਾਰ ਇਸ ਪੰਜਾਬ ਉਤੇ 85 ਸੌ ਕਰੋੜ ਰੁਪਏ ਦਾ ਰਿਣ ਹੀ ਮੁਆਫ ਨਹੀਂ ਕੀਤਾ ਸਗੋਂ ਜਲੰਧਰ ਸ਼ਹਿਰ ਵਿਚ ਗੁਜ਼ਾਰੇ ਆਪਣੀ ਜਵਾਨੀ ਦੇ ਦਿਨਾਂ ਦੀ ਯਾਦ ਵਿਚ ਇਸ ਨੂੰ ਸਾਇੰਸ ਸਿਟੀ ਵੀ ਪ੍ਰਦਾਨ ਕੀਤਾ। ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਣ ਵਾਲਾ ਉਹ ਪ੍ਰਥਮ ਪੰਜਾਬੀ ਹੀ ਨਹੀਂ ਉਧਰਲੇ ਜਿਹਲਮ ਜ਼ਿਲ੍ਹੇ ਦਾ ਜੰਮਪਲ ਹੋਣ ਕਾਰਨ ਇੱਕ ਸ਼ਰਨਾਰਥੀ ਪੰਜਾਬੀ ਵੀ ਸੀ। ਇਹ ਵੀ ਸਬੱਬ ਹੀ ਸੀ ਕਿ ਪਾਕਿਸਤਾਨ ਵਿਚ ਵੀ ਉਸ ਵੇਲੇ ਇਧਰਲੇ ਪੰਜਾਬ ਤੋਂ ਉਜੜ ਕੇ ਗਿਆ ਸ਼ਰਨਾਰਥੀ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਸੀ। ਉਹ ਦੋਨੋਂ ਗੰਭੀਰ ਤੋਂ ਗੰਭੀਰ ਸਮੱਸਿਆ ਵਿਚਾਰਨ ਸਮੇਂ ਇੱਕ ਦੂਜੇ ਨਾਲ ਪੰਜਾਬੀ ਵਿਚ ਗੱਲ ਕਰਦੇ ਸਨ। ਨਵਾਜ਼ ਸ਼ਰੀਫ ਦੇ ਹਾਂ-ਪੱਖੀ ਹੁੰਗਾਰੇ ਦਾ ਸਦਕਾ ਹੀ ਇੰਦਰ ਕੁਮਾਰ ਗੁਜਰਾਲ ਆਪਣੇ ਹੋਰ ਗਵਾਂਢੀ ਦੇਸ਼ਾਂ, ਬੰਗਲਾ ਦੇਸ਼ ਤੇ ਨਿਪਾਲ ਨਾਲ ਸੁਖਾਵੇਂ ਸਬੰਧ ਕਾਇਮ ਕਰ ਸਕਿਆ ਭਾਵੇਂ ਬੰਗਲਾ ਦੇਸ਼ ਨਾਲ ਗੰਗਾ ਦੇ ਪਾਣੀਆਂ ਦੀ ਵੰਡ ਵਾਲਾ ਤੀਹ ਸਾਲਾ ਅਹਿਦਨਾਮਾ ਕਰਨ ਵਿਚ ਸਮੇਂ ਦੇ ਮੁੱਖ ਮੰਤਰੀ ਜਿਉਤੀ ਬਾਸੂ ਨੂੰ ਮਨਾਉਣ ਸਮੇਂ ਉਸ ਦਾ ਜਵਾਨੀ ਉਮਰੇ ਖੱਬੀ ਸੋਚ ਨੂੰ ਪਰਨਾਏ ਹੋਣਾ ਵੀ ਕੰਮ ਆਇਆ। ਉਸ ਨੇ ਸ੍ਰੀਲੰਕਾ ਤੋਂ ਭਾਰਤੀ ਸ਼ਾਂਤੀ ਸੈਨਾ ਵਾਪਸ ਬੁਲਾ ਕੇ ਉਸ ਨਾਲ ਵੀ ਚੰਗੇ ਸਬੰਧ ਬਣਾਉਣ ਦਾ ਯਤਨ ਕੀਤਾ ਪਰ ਉਸ ਦੀ ਇਸ ਪਹਿਲਕਦਮੀ ਨੂੰ ਭਾਰਤੀ ਤਾਮਿਲਾਂ ਨੇ ਪਸੰਦ ਨਹੀਂ ਸੀ ਕੀਤਾ। ਇਹ ਮਾਮਲਾ ਕਿੰਨਾ ਗੁੰਝਲਦਾਰ ਸੀ ਇਸ ਦਾ ਅੰਦਾਜ਼ਾ ਸਿਨਹਾਲੀ ਸ੍ਰੀਲੰਕਨਾਂ ਦੀ ਉਥੋਂ ਦੇ ਤਾਮਿਲਾਂ ਨਾਲ ਹੁਣ ਤੱਕ ਚਲੀ ਆ ਰਹੀ ਖਟ ਪਟੀ ਤੋਂ ਲਗਾਇਆ ਜਾ ਸਕਦਾ ਹੈ।

ਜਿੱਥੋਂ ਤੱਕ ਰਿਣ ਮੁਆਫੀ ਦਾ ਸਬੰਧ ਹੈ ਕੇਂਦਰ ਦੀ ਸਰਕਾਰ ਦੇ ਸਾਹਮਣੇ ਵੱਡੀ ਉਲਝਣ ਇਹ ਸੀ ਕਿ ਇਹੋ ਜਿਹਾ ਰਿਣ ਪੰਜਾਬ ਵਾਂਗ ਆਸਾਮ, ਤ੍ਰਿਪੁਰਾ ਤੇ ਜੰਮੂ-ਕਸ਼ਮੀਰ ਦੇ ਸਿਰ ਵੀ ਸੀ ਜਿਹੜਾ ਉਨ੍ਹਾਂ ਰਾਜਾਂ ਨੂੰ ਅਤਿਵਾਦੀ ਤੇ ਵੱਖਵਾਦੀ ਅਨਸਰਾਂ ਉਤੇ ਕਾਬੂ ਪਾਉਣ ਲਈ ਦਿੱਤਾ ਗਿਆ ਸੀ। ਪਰ ਗੁਜਰਾਲ ਸਾਹਬ ਦੀ ਦਲੀਲ ਬਹੁਤ ਡੂੰਘੀ ਸੀ। ਇਹ ਕਿ ਉਨ੍ਹਾਂ ਰਾਜਾਂ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਓਨਾ ਬਲੀਦਾਨ ਨਹੀਂ ਸੀ ਦਿੱਤਾ ਜਿੰਨਾ ਪੰਜਾਬੀਆਂ ਨੇ। ਨਾ ਹੀ ਉਨ੍ਹਾਂ ਰਾਜਾਂ ਨੇ ਪੰਜਾਬ ਵਾਂਗ ਸੰਤਾਲੀ ਦੀ ਦੇਸ਼ ਵੰਡ ਸਮੇਂ ਜਾਨੀ ਤੇ ਮਾਲੀ ਨੁਕਸਾਨ ਬਰਦਾਸ਼ਤ ਕੀਤਾ ਸੀ। ਉਹ ਧੁਰ ਅੰਦਰ ਤੱਕ ਪੰਜਾਬੀ ਜਿਊੜਾ ਸੀ। ਇੰਦਰ ਕੁਮਾਰ ਗੁਜਰਾਲ ਦੀ ਪਹਿਲੀ ਬਰਸੀ ਸਮੇਂ ਪੰਜਾਬ ਸਰਕਾਰ ਨੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ ਨਾਂ ਬਦਲ ਕੇ ਇੰਦਰ ਕੁਮਾਰ ਗੁਜਰਾਲ ਟੈਕਨੀਕਲ ਯੂਨੀਵਰਸਿਟੀ ਰਖ ਕੇ ਪੰਜਾਬ ਪ੍ਰਤੀ ਉਸ ਹਸਤੀ ਦੀ ਸੁਹਿਰਦਤਾ ਦਾ ਮੁੱਲ ਪਾਇਆ ਹੈ।

ਇੰਦਰ ਕੁਮਾਰ ਗੁਜਰਾਲ ਮੇਰੇ ਪੱਤਰਕਾਰ ਮਿੱਤਰ ਸਤਿੰਦਰਾ ਸਿੰਘ ਦਾ ਨਿਕਟ ਵਰਤੀ ਸੀ। ਮੁਢਲੀਆਂ ਵਿਚ ਉਹ ਦੋਵੇਂ ਨਵੀਂ ਦਿੱਲੀ ਦੇ ਇੰਡੀਆ ਕਾਫੀ ਹਾਊਸ ਵਿਚ ਇਕ ਦੂਜੇ ਨੂੰ ਇੰਦਰ ਤੇ ਸੱਤੀ ਕਹਿ ਕੇ ਬੁਲਾਉਂਦੇ ਮੈਂ ਖੁਦ ਵੇਖੇ ਤੇ ਸੁਣੇ ਹਨ। ਮੈਂ ਬੇਹੱਦ ਮਿਲਾਪੜੇ ਸੁਭਾਅ ਦੀ ਇਸ ਹਸਤੀ ਤੋਂ ਭਾਪਾ ਪ੍ਰੀਤਮ ਸਿੰਘ ਦੇ ਮਹਿਰੌਲੀ ਵਾਲੇ ਨਵਯੁਗ ਫਾਰਮ ਵਿਚ ਇਆਪਾ ਸਨਮਾਨ ਵੀ ਪ੍ਰਾਪਤ ਕੀਤਾ। ਉਹ ਭਾਰਤ ਦਾ ਇੱਕੋ ਇੱਕ ਪ੍ਰਧਾਨ ਮੰਤਰੀ ਸੀ ਜਿਸ ਨੂੰ ਮੈਂ ਨਿਜੀ ਤੌਰ 'ਤੇ ਜਾਣਦਾ ਸਾਂ। ਉਹਦੇ ਨਾਲ ਮੇਰੀ ਆਖਰੀ ਮਿਲਣੀ ਅਜੀਤ ਸਮਾਚਾਰ ਗਰੁਪ ਦੇ ਕਿਸੇ ਸਮਾਗਮ ਉਤੇ ਜਲੰਧਰ ਵਿਚ ਹੋਈ ਸੀ। ਉਸ ਮਿਲਾਪੜੀ ਤੇ ਭੇਜਸਵੀ ਸ਼ਖਸੀਅਤ ਨੂੰ ਜਿੰਨੀ ਵਾਰੀ ਤੇ ਜਿਸ ਪ੍ਰਸੰਗ ਵਿਚ ਵੀ ਯਾਦ ਕੀਤਾ ਜਾਵੇ, ਮੈਨੂੰ ਬਹੁਤ ਚੰਗਾ ਲਗਦਾ ਹੈ।

**ਕਬੱਡੀ ਬਨਾਮ ਸਰਵਣ ਸਿੰਘ ਦਾ 'ਖੇਡ ਸੰਸਾਰ':** ਪੰਜਾਬ ਦੇ ਜੰਗਲ ਵਜੋਂ ਜਾਣੀ ਜਾਂਦੀ ਬਠਿੰਡਾ ਦੀ ਭੂਮੀ ਤੋਂ ਤੁਰੀ ਚੌਥੇ ਵਿਸ਼ਵ ਕਬੱਡੀ ਕੱਪ ਕਾਰਨ ਇਹ ਖੇਡ ਉਚੇਚੀ ਖਿੱਚ ਦਾ ਕਾਰਨ ਬਣੀ ਹੋਈ ਹੈ। ਪੰਜਾਬ ਦੇ ਦੱਸ ਵੱਖ ਵੱਖ ਸ਼ਹਿਰਾਂ ਦੇ ਅਖਾੜਿਆਂ ਵਿਚ ਲਿਜਾਣ ਵਾਲੀਆਂ ਡੀਲਕਸ ਬੱਸਾਂ ਹੀ ਮਾਣ ਨਹੀਂ। ਉਨ੍ਹਾਂ ਦੇ ਖੱਬੇ, ਸੱਜੇ ਤੇ ਪਿੱਛੇ ਕੱਬਡੀ ਦੀਆਂ ਉਤਮ ਤੇ ਦਿਲ ਖਿੱਚ ਤਸਵੀਰਾਂ ਦੇਖਣ ਨੂੰ ਪਿੰਡਾਂ ਦੇ ਵਸਨੀਕ ਲਾਈਨੀਂ ਲਾ ਕੇ ਖੜੇ ਹਨ। ਖੇਡਣ ਵਾਲੇ ਦੇਸ਼ਾਂ ਵਿਚ ਭਾਰਤ ਤੇ ਪਾਕਿਸਤਾਨ ਤੋਂ ਬਿਨਾਂ ਅਰਜਨਟਾਈਨਾ, ਸਿਆਰਾ ਲੀਓਨ, ਈਰਾਨ, ਅਮਰੀਕਾ, ਇੰਗਲੈਂਡ, ਕੈਨੇਡਾ, ਡੈਨਮਾਰਕ, ਕੀਨੀਆ, ਸਪੇਨ ਤੇ ਸਕਾਟਲੈਂਡ ਸਮੇਤ ਵੀਹ ਟੀਮਾਂ ਸ਼ਿਰਕਤ ਕਰ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਦਰਜਨ ਟੀਮਾਂ ਮਰਦਾਂ ਦੀਆਂ ਹਨ ਤੇ ਅੱਠ ਮਹਿਲਾਵਾਂ ਦੀਆਂ। ਚੇਤੇ ਰਹੇ, ਪਾਕਿਸਤਾਨ ਤੇ ਮੈਕਸੀਕੋ ਦੀਆਂ ਮਹਿਲਾ ਟੀਮਾਂ ਪਹਿਲੀ ਵਾਰ ਵਿਸ਼ਵ ਪੱਧਰ ਦੀ ਕਬੱਡੀ ਵਿਚ ਭਾਗ ਲੈ ਰਹੀਆਂ ਹਨ। ਭਾਰਤ ਦੇ ਗਭਰੂਆਂ ਤੇ ਮੁਟਿਆਰਾਂ ਲਈ ਪਾਕਿਸਤਾਨੀ ਯੁਵਤੀਆਂ ਵੀ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ। ਮੀਡੀਆ ਵਾਲੇ ਵੀ ਪਰਦੇ ਵਿਚ ਪਲੀਆਂ ਇਨ੍ਹਾਂ ਯੁਵਤੀਆਂ ਦਾ ਪ੍ਰਤੀਕਰਮ ਜਾਨਣ ਲਈ ਉਤਾਵਲੇ ਹਨ। ਸੋਲ੍ਹਾਂ ਮੈਂਬਰੀ ਟੀਮ ਦੀ ਕਪਤਾਨ ਮਦੀਹਾ ਲਤੀਫ ਤੇ ਕਬੱਡੀ ਦੀ ਉਸਤਾਨੀ ਆਇਸ਼ਾ ਕਾਜ਼ੀ ਪਾਕਿਸਤਾਨ ਵਿਚ ਮਹਿਲਾਵਾਂ ਨੂੰ ਮਿਲੀਆਂ ਨਵੀਆਂ ਖੁੱਲ੍ਹਾਂ ਤੇ ਬਰਾਬਰੀ ਦੇ ਵੇਰਵੇ ਬੜੇ ਚਾਅ ਨਾਲ ਦੇ ਰਹੀਆਂ ਹਨ। ਮੀਤ ਕਪਤਾਨ ਸੁਮੇਰਾ ਜ਼ਹੂਰ ਤੇ ਨੌਜਵਾਨ ਖਿਡਾਰਨ ਫਰੀਦਾ ਖਾਨੁਮ ਦੱਸ ਰਹੀਆਂ ਹਨ ਕਿ ਉਨ੍ਹਾਂ ਵਿਚੋਂ ਕੋਈ ਛਾਲਾਂ ਮਾਰਨ ਦੀ ਮਾਹਰ ਹੈ, ਕੋਈ ਦੌੜਨ ਦੀ ਤੇ ਕੋਈ ਭਾਰ ਚੁੱਕਣ ਦੀ। ਇਕੜ-ਦੁੱਕੜ ਖੇਡਾਂ ਖੇਡਣ ਵਾਲੀਆਂ ਇਹ ਬੀਬੀਆਂ ਪਹਿਲੀ ਵਾਰ ਕਬੱਡੀ ਟੀਮ ਵਿਚ ਭਾਰਤ ਆ ਕੇ ਅਤਿਅੰਤ ਖੁਸ਼ ਹਨ।



ਪ੍ਰਿੰ. ਸਰਵਣ ਸਿੰਘ

ਇਸ ਵਿਸ਼ਵ ਕੱਪ ਦੀ ਭਾਰਤ ਆਮਦ ਨੇ ਮੈਨੂੰ ਪੰਜ ਸਾਲ ਪਹਿਲਾਂ ਕੈਨੇਡਾ ਦੀ ਧਰਤੀ ਤੋਂ ਕੱਢੇ 'ਖੇਡ ਸੰਸਾਰ' ਰਸਾਲੇ ਦਾ ਕਬੱਡੀ ਅੰਕ ਚੇਤੇ ਕਰਵਾ ਦਿੱਤਾ ਹੈ ਜਿਸ ਦਾ ਸੰਪਾਦਕ ਮੇਰਾ ਮਿੱਤਰ ਪ੍ਰਿੰਸੀਪਲ ਸਰਵਣ ਸਿੰਘ ਸੀ। ਖੇਡਾਂ ਦੀ ਗੱਲ ਕਰਦਾ ਉਹ ਪੜ੍ਹਨ ਵਾਲੇ ਨੂੰ ਆਪਣੇ ਨਾਲ ਤੋਰ ਲੈਂਦਾ ਹੈ। ਉਹ ਅੱਜ ਕੱਲ ਮੁਕੰਦਪੁਰ (ਦੁਆਬਾ) ਆਇਆ ਹੋਇਆ ਹੈ। ਖੇਡ ਨੂੰ ਸਮਝਣ ਦਾ ਮਜ਼ਾ ਆ ਜਾਂਦਾ ਹੈ। ਹੋ ਸਕਦਾ ਹੈ ਉਹਦੇ ਕੋਲ ਉਸ ਅੰਕ ਦੀਆਂ ਕੁਝ ਕਾਪੀਆਂ ਹੋਣ। ਜੇ ਮਿਲ ਕੇ ਗੱਲਾਂ ਤੋਰ ਲਵੋ ਤਾਂ ਉਹਦੇ ਕੋਲ ਇਸ ਖੇਡ ਦੇ ਬੜੇ ਭੇਤ ਹਨ। ਖਾਸ ਕਰਕੇ ਪਾਕਿਸਤਾਨੀ ਪਹਿਲਕਦਮੀ ਦੇ! ਉਹ ਦੱਸੇਗਾ ਕਿ ਭਾਰਤ ਤੇ ਪਾਕਿਸਤਾਨ ਵਿਚ ਜਨਮੀ ਇਸ ਖੇਡ ਨੇ ਕਿਵੇਂ ਜਗਤ ਪ੍ਰਸਿੱਧੀ ਪ੍ਰਾਪਤ ਕੀਤੀ ਤੇ ਭਾਰਤ ਦੀ ਵਧੀਆ ਮਹਿਮਾਨ ਨਿਵਾਜ਼ੀ ਤੋਂ ਖਿਡਾਰੀ ਕਿੰਨੇ ਖੁਸ਼ ਹਨ। ਬਹੁਤਾ ਇਸ ਲਈ ਕਿ ਇਥੋਂ ਮਿਲਣ ਵਾਲੇ ਇਨਾਮ ਸਨਮਾਨ ਉਨ੍ਹਾਂ ਨੇ ਇਸ ਤੋਂ ਪਹਿਲਾਂ ਦੇਖੇ ਸੁਣੇ ਹੀ ਨਹੀਂ। ਅਸੀਂ ਪਾਕਿਸਤਾਨੀ ਖਿਡਾਰਨਾਂ ਦੇ ਪੰਜਾਬ ਆਉਣ ਉਤੇ ਉਨ੍ਹਾਂ ਨੂੰ ਉਚੇਚੀ ਜੀ ਆਇਆਂ ਨੂੰ ਕਹਿੰਦੇ ਹਾਂ। ਖਾਸ ਕਰਕੇ ਇਸ ਲਈ ਕਿ ਇਕੜ-ਦੁਕੜ ਖੇਡਾਂ ਦੀਆਂ ਮਾਹਿਰ ਉਨ੍ਹਾਂ ਖਿਡਾਰਨਾਂ ਨੇ ਡੈਨਮਾਰਕ ਦੀ ਮਹਿਲਾ ਟੀਮ ਦਾ ਡੱਟ ਕੇ ਮੁਕਾਬਲਾ ਕੀਤਾ ਹੈ।

ਮੈਂ ਪਾਕਿਸਤਾਨ ਤੇ ਭਾਰਤ ਦੇ ਆਮ ਲੋਕਾਂ ਦੀ ਇੱਕ ਦੂਜੇ ਦੇਸ਼ ਦੀ ਮਿੱਟੀ, ਰਸਮ ਰਿਵਾਜ, ਸਭਿਆਚਾਰ ਤੇ ਦਿੱਖ ਜਾਨਣ ਤੋਂ ਭਲੀ ਭਾਂਤ ਜਾਣੂ ਹਾਂ। ਸੰਨ ਸੰਤਾਲੀ ਦੀ ਵੱਢ-ਟੁੱਕ ਉਨ੍ਹਾਂ ਨੂੰ ਕਦੋਂ ਦੀ ਭੁੱਲ ਚੁੱਕੀ ਹੈ। ਵਿਦੇਸ਼ਾਂ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਯੂਰਪ ਦੇ ਪਾਕਿਸਤਾਨੀ ਵਸਨੀਕ ਦਾੜ੍ਹੀ ਪਗੜੀ ਵਾਲੇ ਸਿੱਖ ਨੂੰ ਵੇਖਦੇ ਸਾਰ ਗੱਜ ਕੇ ਸਤਿ ਸ੍ਰੀ ਅਕਾਲ ਕਹਿੰਦੇ ਹਨ ਤਾਂ ਸਿੱਖ ਉਨ੍ਹਾਂ ਦਾ ਜੱਫੀ ਪਾ ਕੇ ਆਦਰ ਕਰਦੇ ਹਨ। ਮੈਨੂੰ ਮੇਰੀ ਪਤਨੀ ਦਾ ਇਹ ਦੱਸਣਾ ਕਦੀ ਨਹੀਂ ਭੁੱਲਣਾ ਕਿ 1954 ਵਿਚ ਲਾਹੌਰ ਵਿਖੇ ਮੈਚ ਦੇਖਣ ਗਈ ਉਸ ਨੂੰ ਤੇ ਉਸ ਦੀ ਸਹੇਲੀ ਨੂੰ ਉਨ੍ਹਾਂ ਦੇ ਕੜੇ ਤੱਕ ਕੇ ਉਥੋਂ ਦੇ ਗੱਭਰੂ ਤੇ ਮੁਟਿਆਰਾਂ ਗੱਲਾਂ ਕਰਨ ਲਈ ਘੇਰ ਲੈਂਦੇ ਸਨ, ਇਹ ਕਹਿ ਕੇ ਕਿ ਉਨ੍ਹਾਂ ਦਾ ਸਿੱਖ ਕੁੜੀਆਂ ਨਾਲ ਗੱਲ ਕਰਨ ਨੂੰ ਜੀਅ ਕਰਦਾ ਹੈ। ਵਰਤਮਾਨ ਕਬੱਡੀ ਦੀ ਖੇਡ ਇਹੋ ਜਿਹੇ ਕਿੰਨੇ ਮੌਕੇ ਪੈਦਾ ਕਰੇਗੀ, ਸਮਾਂ ਦੱਸੇਗਾ।

**ਅੰਤਿਕਾ:** (ਈਸ਼ਵਰ ਚਿੱਤਰਕਾਰ)

ਤੂੰ ਖੁਸ਼ ਰਹੇਂ ਹਮੇਸ਼ਾ ਇਹ ਆਖਦੇ ਹੋਏ ਉਹ
ਬਿਰਹੋਂ ਦੀ ਅੱਗ ਸਾਡੀ ਝੋਲੀ 'ਚ ਪਾ ਗਏ ਨੇ।
ਰੰਗੀਨ ਹੈ ਉਨ੍ਹਾਂ ਤੋਂ ਇਤਿਹਾਸ ਜ਼ਿੰਦਗੀ ਦਾ
ਲੇਖੇ ਕਿਸੇ ਲਗਨ ਦੇ ਜੋ ਖੂਨ ਲਾ ਗਏ ਨੇ।



ਰਣਜੀਤ ਸਿੰਘ ਬ੍ਰਹਮਪੁਰਾ ਤੇ ਸਿਕੰਦਰ ਸਿੰਘ ਮਾਲੂਕਾ ਪਾਕਿਸਤਾਨੀ ਕੁੜੀਆਂ ਦੀ ਕਬੱਡੀ ਟੀਮ ਨਾਲ

# ਔਰਤ ਦਾ ਘਰ ਕਿਹੜਾ ਬਾਪ ਦਾ ਘਰ, ਪਤੀ ਦਾ ਜਾਂ...

## ਸੋਚ-ਵਿਚਾਰ

ਡਾ. ਅਜੀਤ ਸਿੰਘ ਕੋਟਕਪੂਰਾ
ਫੋਨ:585-305-0443

ਇਕ ਕਵਿਤਰੀ ਨੇ ਲਿਖਿਆ ਹੈ, "ਜਦੋਂ ਮੈਂ ਜੰਮੀ ਮੈਂ ਪਰਾਈ ਸਾਂ, ਜਦੋਂ ਮੈਂ ਵਡੀ ਹੋਈ ਮੈਂ ਪਰਾਈ ਸਾਂ, ਜਦੋਂ ਮੈਂ ਬਾਹਰ ਨਿਕਲੀ ਮੈਂ ਪਰਾਈ ਸਾਂ, ਮੈਨੂੰ ਘਰ ਵਿਚ ਛੁਪਾਇਆ ਮੈਂ ਪਰਾਈ ਸਾਂ, ਮੈਨੂੰ ਮੋਰਿਆਂ ਡਰਾਇਆ ਮੈਂ ਪਰਾਈ ਸਾਂ, ਮੇਰੇ ਉਠਣ-ਬੈਠਣ 'ਤੇ ਨਿਗਾਹਾਂ ਮੈਂ ਪਰਾਈ ਸਾਂ, ਮੇਰੀਆਂ ਨਿਗਾਹਾਂ 'ਤੇ ਨਿਗਾਹਾਂ ਮੈਂ ਪਰਾਈ ਸਾਂ, ਮੇਰੀ ਸਜ ਫਬ ਤੇ ਸ਼ਕ ਮੈਂ ਪਰਾਈ ਸਾਂ, ਮੈਂ ਲਾਲ ਚੂੜਾ ਪਹਿਨ ਤੇ ਪਚਰ ਆਪਣੇ ਘਰ ਪੁਜੀ ਮੈਂ ਪਰਾਈ ਸਾਂ, ਮੇਰੀ ਔਲਾਦ ਮਾਲਕ ਬਣੀ ਮੈਂ ਪਰਾਈ ਸਾਂ, ਅਤੇ ਹੁਣ ਤਕ ਪਰਾਈ ਹਾਂ।

ਜਦੋਂ ਤੂੰ ਜੰਮਿਆ ਤੂੰ ਮਾਲਕ ਸੀ, ਜਦੋਂ ਤੂੰ ਵਡਾ ਹੋਇਆ ਤੂੰ ਮਾਲਕ ਸੀ, ਜਦੋਂ ਤੂੰ ਬਾਹਰ ਨਿਕਲਿਆ ਤੂੰ ਮਾਲਕ ਸੀ, ਜਦੋਂ ਮੈਨੂੰ ਡਰਾਇਆ ਤੂੰ ਮਾਲਕ ਸੀ, ਜਦੋਂ ਤੂੰ ਡਰਾਇਆ ਤੂੰ ਮਾਲਕ ਸੀ, ਜਦੋਂ ਤੂੰ ਨਿਗਾਹ ਮਾਰੀ ਤੂੰ ਮਾਲਕ ਸੀ, ਜਦੋਂ ਤੂੰ ਨਿਗਾਹ ਲੜਾਈ ਤੂੰ ਮਾਲਕ ਸੀ, ਤੇਰੀ ਸਜ ਫਬ ਤੇ ਚਾਅ ਤੂੰ ਮਾਲਕ ਸੀ, ਜਦੋਂ ਤੂੰ ਘੋੜੀ ਚੜ੍ਹਿਆ ਵਾਗ ਸੰਭਾਲੀ ਡੋਲਾ ਲਿਆਇਆ ਤੂੰ ਮਾਲਕ ਸੀ, ਹੁਣ ਮੇਰੀ ਔਲਾਦ ਮਾਲਕ ਹੈ, ਮੈਂ ਪਰਾਈ ਸੀ ਤੇ ਹੁਣ ਤਕ ਪਰਾਈ ਹਾਂ।"

ਔਰਤ ਦੀ ਇਹ ਹਾਲਤ ਅੱਜ ਦੀ ਨਹੀਂ ਪੁਰਾਤਨ ਸਮੇਂ ਤੋਂ ਹੀ ਇਹੋ ਵਿਹਾਰ ਹੋ ਰਿਹਾ ਹੈ। ਔਰਤ ਮੰਡੀ ਵਿਚ ਵਿਕਿਆ ਕਰਦੀ ਸੀ। ਔਰਤ ਨੂੰ ਵਿਲਾਸ ਪੂਰਤੀ ਅਤੇ ਮਨ ਪਰਚਾਵੇ ਦਾ ਸਾਧਨ ਜਾਣਿਆ ਜਾਂਦਾ ਸੀ ਅਤੇ ਜਨਮ ਤੋਂ ਬਾਅਦ ਵਖ ਵਖ ਢੰਗਾਂ ਨਾਲ ਮਾਰ ਦਿਤਾ ਜਾਂਦਾ ਸੀ ਜਿਨ੍ਹਾਂ ਵਿਚ ਜ਼ਹਿਰ ਦੇ ਕੇ ਮਾਰ ਦੇਣਾ, ਗਰਦਨ ਘੁਟ ਕੇ ਮਾਰ ਦੇਣਾ, ਦਾਈ ਵਲੋਂ ਹੀ ਕਿਸੇ ਢੰਗ ਨਾਲ ਖਤਮ ਕਰਨਾ, ਅੱਕ ਦਾ ਦੁਧ ਦੇ ਕੇ ਮਾਰਨਾ, ਪਾਣੀ ਵਿਚ ਮੂਧੀ ਪਾ ਦੇਣਾ, ਸਿਆਲ ਵਿਚ ਠੰਡੇ ਥਾਂ ਪਾ ਦੇਣਾ ਜਾਂ ਗਰਮੀ ਵਿਚ ਗਰਮ ਥਾਂ 'ਤੇ ਮਲੂਕ ਜਿੰਦ ਨੂੰ ਪਾ ਕੇ ਖਤਮ ਕਰ ਦੇਣਾ।



ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿਚ ਕਿਹਾ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ॥'

ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਵੀ ਦਰਜ ਹੈ, 'ਸੀਲ ਖਾਨ ਕਨਿਆ ਇਕ ਹੋਵੇ ਨਹੀਂ ਤਾਂ ਮਾਂ ਗ੍ਰਹਿਸਥ ਵਿਗੋਵੇ।' ਰਾਜਾ ਗਜਪਤ ਸਿੰਘ ਦੇ ਘਰ ਪੈਦਾ ਹੋਈ ਲੜਕੀ ਨੂੰ ਕੁੱਜੇ ਵਿਚ ਪਾ ਕੇ ਧਰਤੀ ਵਿਚ ਦਬਾ ਦਿਤਾ ਗਿਆ ਸੀ ਅਤੇ ਜਦੋਂ ਇਕ ਸੰਤ ਮਹਾਤਮਾ ਉਸ ਰਾਹ ਗੁਜਰੇ ਤਾਂ ਉਨ੍ਹਾਂ ਨੇ ਰੋਣ ਦੀ ਆਵਾਜ਼ ਸੁਣ ਕੇ ਮਿੱਟੀ ਖੁਦਵਾਈ ਅਤੇ ਕੁੱਜਾ ਬਾਹਰ ਕੱਢ ਕੇ ਉਸ ਵਿਚੋਂ ਨੰਨ੍ਹੀ ਜਾਨ ਨੂੰ ਕੱਢਿਆ ਤੇ ਉਸ ਦੀ ਜਾਨ ਬਚਾਈ। ਉਸੇ ਲੜਕੀ ਦੀ ਕੁੱਖ ਵਿਚੋਂ ਮਹਾਂਬਲੀ ਰਣਜੀਤ ਸਿੰਘ ਪੈਦਾ ਹੋਇਆ। ਜੇਕਰ ਸੰਤ ਜੀ ਇਹ ਪਰਉਪਕਾਰ ਨਾ ਕਰਦੇ ਤਾਂ ਪੰਜਾਬ ਦਾ ਇਤਿਹਾਸ ਹੋਰ ਹੀ ਹੁੰਦਾ।

ਵਿਗਿਆਨ ਨੇ ਤਰੱਕੀ ਕੀਤੀ ਹੈ। ਅਲਟਰਾਸਾਊਂਡ ਮਸ਼ੀਨਾਂ ਰਾਹੀਂ ਅਸੀਂ ਗਰਭ ਵਿਚ ਹੀ ਦੇਖ ਸਕਦੇ ਹਾਂ ਕਿ ਨਵਾਂ ਬੱਚਾ ਲੜਕਾ ਹੈ ਜਾਂ ਲੜਕੀ। ਲੜਕੀ ਸਾਨੂੰ ਮਨਜ਼ੂਰ ਨਹੀਂ, ਇਸ ਲਈ ਉਸ ਨੂੰ ਗਰਭ ਵਿਚ ਹੀ ਖਤਮ ਕਰ ਦਿੰਦੇ ਹਾਂ। ਕੀ ਮਸ਼ੀਨ ਇਸ ਲਈ ਖੋਜੀ ਗਈ ਸੀ? ਨਹੀਂ! ਮਸ਼ੀਨ ਦਾ ਮਨੋਰਥ ਇਹ ਪਤਾ ਕਰਨਾ ਹੈ ਕਿ ਆਉਣ ਵਾਲੇ ਬੱਚੇ ਨੂੰ ਕੋਈ ਅਜਿਹੀ ਬਿਮਾਰੀ ਤਾਂ ਨਹੀਂ ਜਿਸ ਕਰਕੇ ਉਹ ਚੰਗਾ ਜੀਵਨ ਬਤੀਤ ਨਾ ਕਰ ਸਕੇ ਜਾਂ ਉਸ ਨੂੰ ਕੋਈ ਅਜਿਹਾ ਰੋਗ ਨਾ ਹੋਵੇ ਜਿਸ ਦਾ ਇਲਾਜ ਨਾ ਹੋ ਸਕਦਾ ਹੋਵੇ। ਅਜਿਹੇ ਵਿਚ ਉਸ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਇਲਾਜ ਕਰਕੇ ਰੋਗ ਮੁਕਤ ਕੀਤਾ ਜਾ ਸਕੇ। ਪਰ ਅਸੀਂ ਕੀ ਕਰ ਰਹੇ ਹਾਂ? ਲੜਕੀਆਂ ਤੋਂ ਨਿਜਾਤ ਪਾਉਣ ਲਈ ਮਾਦਾ ਭਰੂਣ ਹੱਤਿਆ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਔਰਤ ਪਰਮਾਤਮਾ ਦੀ ਖੂਬਸੂਰਤ ਅਤੇ ਸੋਹਲ ਸਿਰਜਣਾ ਹੈ ਜਿਸ ਵਿਚ ਸਿਰਜਣਹਾਰ ਨੇ ਪ੍ਰੇਮ-ਪਿਆਰ, ਹਮਦਰਦੀ ਅਤੇ ਮਿਠਾਸ ਕੁਟ ਕੁਟ ਕੇ ਭਰੀ ਹੈ। ਜੇ ਔਰਤ ਮਿਹਰਬਾਨ ਹੋ ਜਾਵੇ ਤਾਂ ਇਹ ਫਰਸ਼ ਤੋਂ ਅਰਸ਼ ਤਕ ਲੈ ਜਾਣ ਦੀ ਤਾਕਤ ਰੱਖਦੀ ਹੈ ਅਤੇ ਜੇ ਇਸ ਦਾ ਮਨ ਬੇਸਾਜ਼ ਹੋਵੇ ਤਾਂ ਅਰਸ਼ ਤੋਂ ਫਰਸ਼ ਉਪਰ ਵੀ ਸੁਟ ਸਕਦੀ ਹੈ। ਇਹ ਚੰਡੀ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ।

ਬਿਜਲਈ ਮੀਡੀਏ ਰਾਹੀਂ ਜੋ ਗੀਤ ਵਿਖਾਏ ਜਾਂ ਸੁਣਾਏ ਜਾ ਰਹੇ ਹਨ, ਉਸ ਦੀ ਵੰਨਗੀ ਸੁਣ/ਵੇਖ ਕੇ ਅੰਦਾਜ਼ਾ ਲੱਗ ਸਕਦਾ ਹੈ ਕਿ ਅਸੀਂ ਔਰਤਾਂ ਪ੍ਰਤੀ ਕਿੰਨੇ ਸੁਹਿਰਦ ਹਾਂ। ਜ਼ਰਾ ਨਜ਼ਰ ਮਾਰੋ,

ਕਰ ਦੂੰ ਗਜ ਵਰਗੀ
ਜੇ ਫੇਰ ਬਰਾਬਰ ਬੋਲੀ।
ਜਾਂ
ਉਹ ਦੇਖੋ ਸੜਕਾਂ 'ਤੇ
ਅੱਗ ਤੁਰੀ ਜਾਂਦੀ ਹੈ।
ਜਾਂ
ਹੋਇਆ ਕੀ ਜੇ ਨੱਚਦੀ ਦੀ ਬਾਂਹ ਫੜ੍ਹ ਲਈ
ਡਾਕਾ ਤਾਂ ਨੀਂ ਮਾਰਿਆ।

ਇਹ ਗੀਤਕਾਰ ਕੀ ਦੱਸਣਾ ਚਾਹੁੰਦੇ ਹਨ? ਗੀਤਕਾਰ ਨੂੰ ਇਹ ਨਹੀਂ ਪਤਾ ਕਿ ਬਾਂਹ ਫੜ੍ਹਨ ਦਾ ਅਰਥ ਕੀ ਹੈ? ਹੋਰ ਵੀ ਬਥੇਰੀਆਂ ਮਿਸਾਲਾਂ ਹਨ। ਜਦੋਂ ਮੀਡੀਆ ਵਿਚ ਔਰਤ ਦੇ ਸਰੀਰ ਨੂੰ ਅਸ਼ਲੀਲ ਢੰਗ ਨਾਲ ਵਿਖਾਇਆ ਜਾਂਦਾ ਹੈ ਅਤੇ ਭੁੱਖੀ ਨਜ਼ਰ ਉਸ ਦਾ ਪਿੱਛਾ ਕਰਦੀ ਹੈ, ਕੀ ਇਹ ਔਰਤ ਦਾ ਸਨਮਾਨ ਹੈ? ਜ਼ਰਾ ਸੋਚੋ, ਸਾਡੀ ਅਕਲ 'ਤੇ ਪਰਦਾ ਤਾਂ ਨਹੀਂ ਪੈ ਗਿਆ?

ਜੇ ਪੁੱਤਰ ਮਿਠੜੇ ਮੇਵੇ ਹਨ ਤਾਂ ਧੀਆਂ ਮਿਸ਼ਰੀ ਦੀਆਂ ਡਲੀਆਂ ਹਨ, ਮਿਠਾਸ ਵਿਚ ਕੋਈ ਅੰਤਰ ਨਹੀਂ ਹੈ। 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਕੁੜੀਆਂ ਤੇ ਮੁੰਡਿਆਂ ਦੇ ਅਨੁਪਾਤ ਵਿਚ ਕੋਈ ਸੁਧਾਰ ਹੋਇਆ ਨਹੀਂ ਦੱਸਦੇ। ਸਾਵਾਂ ਸਮਾਜ ਸਿਰਜਣ ਲਈ ਔਰਤਾਂ ਲਈ ਚੰਗੀ ਵਿਦਿਆ, ਉਸ ਨੂੰ ਆਤਮ ਨਿਰਭਰ ਬਣਾਉਣਾ, ਔਰਤਾਂ ਦੀ ਸੁਰੱਖਿਆ ਅਤੇ ਦਾਜ ਦੀ ਲਾਹਣਤ ਖਤਮ ਕਰਨਾ ਜ਼ਰੂਰੀ ਹੈ। ਦਾਜ ਦੇ ਲੋਭੀਆਂ ਨੂੰ ਸਖਤ ਸਜ਼ਾਵਾਂ ਦੇਣਾ ਜ਼ਰੂਰੀ ਹੈ। ਔਰਤ ਨੂੰ ਖੁਦ ਵੀ ਮੁਕਾਬਲਾ ਕਰਨਾ ਪਵੇਗਾ। ਸ਼ਹੀਦੇ ਆਜ਼ਮ ਭਗਤ ਸਿੰਘ ਨੇ ਕਿਹਾ ਸੀ,

ਦੇਹਰ (ਦੁਨੀਆ) ਸੇ ਕਿਓਂ ਖਫਾ ਰਹੇਂ,
ਦਰਖ (ਅਸਮਾਨ) ਕਾ ਕਿਓਂ ਗਿਲਾ ਕਰੇਂ।
ਸਾਰਾ ਜਹਾਂ ਅਦੂ (ਦੁਸ਼ਮਨ) ਸਹੀ,
ਆਓ ਮੁਕਾਬਲਾ ਕਰੇਂ।

ਸਮਾਜ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਧੀਆਂ ਤੇਰੇ ਦੁੱਖ ਵੰਡਣੇ, ਪੁੱਤਾਂ ਵੰਡਣਾ ਵਿਹੜਾ ਵੇ ਬਾਪੂ ਤੇਰਾ। ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ ਕਿ ਧੀਆਂ ਅਤੇ ਧ੍ਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ। ਇਕ ਹੋਰ ਕਵੀ ਨੇ ਲਿਖਿਆ ਹੈ,

ਧੀਆਂ ਧਨ ਬੇਗਾਨਾ ਹੁੰਦੀਆਂ ਨੇ,
ਮੈਂ ਬਚਪਨ ਤੋਂ ਇਹੋ ਸੁਣਦੀ ਆਈ।
ਸੋਚਿਆ ਸੀ ਇੱਕ ਦਿਨ
ਹੋਵੇਗਾ ਆਪਣਾ ਘਰ,
ਜੋ ਸਿਰਫ ਆਪਣਾ ਹੋਵੇਗਾ।
ਪਰ ਸਹੁਰੇ ਘਰ ਜਾ ਕੇ,
ਇੱਕ ਦਿਨ ਕਹਿੰਦੇ ਸੁਣਿਆ
ਸੱਸ ਆਪਣੀ ਨੂੰ,
'ਪੁੱਤ', ਇਹ ਤਾਂ ਬੇਗਾਨੀ ਧੀ ਹੈ,
ਤੂੰ ਤਾਂ ਆਪਣਾ ਸੀ।

ਇਸ ਲਈ ਇਹ ਜਰੂਰੀ ਹੈ ਕਿ ਔਰਤ ਨੂੰ ਅਜਿਹਾ ਮਾਹੌਲ ਦਿਤਾ ਜਾਵੇ ਕਿ ਉਹ ਸੋਚਣ ਲਈ ਮਜਬੂਰ ਨਾ ਹੋਵੇ ਕਿ ਉਸ ਦਾ ਘਰ ਕਿਹੜਾ ਹੈ-ਬਾਬਲ ਦਾ ਘਰ ਜਾਂ ਪਤੀ ਦਾ ਘਰ ਜਾਂ ਪੁੱਤਰ ਦਾ ਘਰ ਜਾਂ ਫਿਰ ਕੋਈ ਵੀ ਨਹੀਂ।

ਨੋਕ-ਝੋਕ



ਐਸ. ਅਸ਼ੋਕ ਭੌਰਾ

# ਰੱਬ ਭਲਾ ਕਿਤੇ ਗਲਤੀਆਂ ਨਹੀਂ ਕਰਦਾ?

*ਉਮਰ ਵਧਣ ਨਾਲ ਬੰਦਾ ਸਿਆਣਾ ਇਸ ਕਰ ਕੇ ਹੋ ਜਾਂਦਾ ਹੈ ਕਿ ਜ਼ਿੰਦਗੀ ਵਿਚ ਪਏ ਘਾਟੇ ਅਤੇ ਤਜਰਬਾ ਅਕਲ ਦੀਆਂ ਗੁਥਲੀਆਂ ਦੇ ਸਾਰੇ ਮੂੰਹ ਖੋਲ੍ਹ ਦਿੰਦੇ ਹਨ। ਇਸ ਉਮਰ ਵਿਚ ਝੋਰਾ ਇਸ ਕਰ ਕੇ ਨਹੀਂ ਪਿੱਛਾ ਛੱਡਦਾ ਕਿਉਂਕਿ ਹੰਭ ਚੁੱਕਾ ਸਰੀਰ ਤੀਲਾਂ ਦੀ ਡੱਬੀ ਨੂੰ ਵੀ ਧਨੁਸ਼ ਮਹਿਸੂਸ ਕਰ ਰਿਹਾ ਹੁੰਦਾ ਹੈ। ਉਹ ਹੋਰ ਵੀ ਉਦਾਸ ਇਸ ਕਰ ਕੇ ਹੋ ਜਾਂਦਾ ਹੈ ਕਿਉਂਕਿ ਜੁਆਨ ਸੋਚਣ ਲੱਗ ਪੈਂਦੇ ਹਨ ਕਿ ਬੁੜ੍ਹਾ ਅਗਿਆਨ ਤੇ ਪੁਰਾਣੇ ਜ਼ਮਾਨੇ ਦੀ ਕਥਾ ਕਰਨ ਲੱਗ ਪਿਆ ਹੈ। ਘੋੜੇ ਵੇਚ ਕੇ ਸੌਣ ਵਾਲੀ ਕਹਾਵਤ ਇਸ ਕਰ ਕੇ ਬਣੀ ਸੀ ਕਿ ਮਹਿੰਗੇ ਵਪਾਰ ਵਿਚ ਪੈਸੇ ਦਾ ਨਸ਼ਾ ਸਭ ਕੁਝ ਭੁਲਾ ਦਿੰਦਾ ਸੀ ਪਰ ਵਰਤਮਾਨ ਯੁੱਗ ਵਿਚ ਇਹ ਗੱਲ ਸਾਰੀ ਦੀ ਸਾਰੀ ਉਲਟ ਤੇ ਝੂਠੀ ਹੋ ਗਈ ਹੈ ਕਿਉਂਕਿ ਅੱਜਕੱਲ੍ਹ ਗਰੀਬ ਤਾਂ ਜ਼ਰੂਰਤ ਜਿੰਨਾ ਸੁਖਾਲਾ ਸੌਂ ਲੈਂਦਾ ਹੈ ਤੇ ਧਨਵਾਨ ਗੋਲੀਆਂ ਨਾਲ ਨੀਂਦ ਨੂੰ ਹਾਕਾਂ ਮਾਰਨ ਲੱਗਾ ਹੋਇਆ ਹੈ। ਜੋਗ ਅਤੇ ਰੱਬ ਨੂੰ ਮਿਲਾਉਣ ਦਾ ਕਾਰੋਬਾਰ ਇਸ ਕਰ ਕੇ ਪ੍ਰਫੁੱਲਤ ਹੋ ਰਿਹਾ ਹੈ ਤਾਂ ਕਿ ਰੱਬ ਨਾਲ ਹੱਥ ਤਾਂ ਮਿਲ ਹੀ ਜਾਵੇ ਪਰ ਨਾਲ-ਨਾਲ ਅਣ-ਕਮਾਇਆ ਧਨ ਵੀ ਬੋਰੀਆਂ ਭਰ ਕੇ ਘਰੇ ਡਿਗ ਪਵੇ। ਬੇਗਾਨੀਆਂ ਤੱਕਣ ਤੇ ਓਪਰੀਆਂ ਸੇਜਾਂ ਮਾਣਨ ਵਿਚ ਲੱਗੇ ਪਤੀ-ਪਤਨੀ ਵੀ ਆਥਣੇ ਘਰੇ ਆ ਕੇ ਇਕ ਦੂਜੇ ਪ੍ਰਤੀ ਵਫਾਦਾਰੀ ਦੀਆਂ ਕਸਮਾਂ ਖਾਣ ਨੂੰ ਇਖਲਾਕੀ ਫਰਜ਼ ਸਮਝਦੇ ਹਨ। ਹੀਰਾਂ ਚੁੱਪ ਕਰ ਕੇ ਅਤੇ ਰਾਂਝੇ ਰੌਲਾ ਪਾ ਕੇ ਮੁਹੱਬਤ ਦੀ ਬੇਸੁਰੀ ਬੀਨ ਨਾਲ ਇਸ਼ਕ ਦਾ ਨਾਗ ਕਾਬੂ ਕਰਨ ਵਿਚ ਲੱਗੇ ਹੋਏ ਹਨ। ਸਿਰਾਂ ਵਾਲਿਆਂ ਦੀ ਗਿਣਤੀ ਵਧ ਗਈ ਹੈ, ਦਿਮਾਗ ਵਾਲਿਆਂ ਦੀ ਲਗਾਤਾਰ ਘਟ ਰਹੀ ਹੈ; ਇਸੇ ਕਰ ਕੇ ਤਰਕ ਰੋ ਰਿਹਾ ਹੈ, ਵਹਿਮ ਹੱਸ ਰਿਹਾ ਹੈ, ਪਾਖੰਡ ਬੋਲੀਆਂ ਪਾ ਰਿਹਾ ਹੈ, ਵਿਸ਼ਵਾਸ ਕਤਲ ਹੋ ਰਿਹਾ ਹੈ, ਇਖਲਾਕ ਉਜੜ ਰਿਹਾ ਹੈ, ਦਿਲ ਖੋਟੇ ਸਿੱਕਿਆਂ ਦਾ ਸ਼ੁਦਾਈ ਹੋ ਗਿਆ ਹੈ, ਮਾਂ ਝੂਰ ਰਹੀ ਹੈ, ਭੈਣ ਵਿਲਕ ਰਹੀ ਹੈ, ਬਾਪੂ ਕੰਧਾਂ ਵਿਚ ਸਿਰ ਮਾਰ ਰਿਹਾ ਹੈ, ਪੁੱਤ ਪਿਉ ਉਤੇ ਹੱਥ ਚੁੱਕ ਰਿਹਾ ਹੈ, ਅਤੇ ਸਮਾਜ ਤੇ ਸੁਚੇਤ ਅਖਵਾਉਣ ਵਾਲੇ ਲੋਕ ਚੁੱਪ ਦਾ ਘੁੱਗੂ ਘੁੱਟ ਰਹੇ ਹਨ। ਸ਼ਾਇਦ ਇਸੇ ਕਰ ਕੇ ਰੱਬ ਆਪ-ਹੁਦਰੀਆਂ ਕਰਨ ਵਿਚ ਕੁਤਾਹੀ ਨਹੀਂ ਕਰ ਰਿਹਾ। ਜੇ ਬਹੁਤੇ ਡਾਕਟਰ ਇਹ ਸੋਚਣ ਲੱਗੇ ਹਨ ਕਿ ਧਰਮ ਰਾਜ ਜ਼ਿੰਦਗੀ ਦੇਣ ਵਾਲਾ ਹੁੰਦਾ ਕੌਣ ਹੈ? ਇਸ ਰੋਪੜੀ ਜਿੰਦੇ ਦੀ ਚਾਬੀ ਤਾਂ ਸਾਡੀ ਜੇਬ ਵਿਚ ਹੈ, ਪਰ ਦੁਰਘਟਨਾਵਾਂ ਵਧਣ ਨਾਲ ਇਹ ਨਹੀਂ ਲਗਦਾ ਕਿ ਰੱਬ ਡਾਕਟਰਾਂ ਨੂੰ ਦੰਦੀਆਂ ਚਿੜਾ ਰਿਹਾ ਹੈ। ਉਹ ਸਾਹਿਬ ਹਾਲੇ ਤੱਕ ਕਿਤੇ ਲੱਭਦਾ ਹੀ ਨਹੀਂ ਜਿਸ ਨੂੰ ਘੱਟੋ ਘੱਟ ਇਹ ਤਾਂ ਪੁੱਛਿਆ ਜਾਵੇ ਕਿ ਨੀਲੀ ਛੱਤ ਵਾਲੇ ਆਹ ਕੀ? ਇਹ ਕੀ? ਤੇ ਇੱਦਾਂ ਕਿਉਂ ਕਰਨ ਲੱਗਾ ਹੋਇਆ ਹੈ?*

ਕਈ ਵਾਰ ਇੱਦਾਂ ਲੱਗ ਰਿਹਾ ਹੁੰਦਾ ਹੈ ਕਿ ਜਾਗਣ ਤੋਂ ਪਹਿਲਾਂ ਹੀ ਮਨੁੱਖ ਨਹੀਂ ਸਗੋਂ ਰੱਬ ਹੀ ਸਭ ਕੁਝ ਲੁੱਟ ਕੇ ਲੈ ਗਿਆ ਹੈ ਤੇ ਫਿਰ ਜਦੋਂ ਹਮਲਾਵਰ ਥਾਣੇਦਾਰ ਹੋਵੇ ਤਾਂ ਰਿਪੋਰਟ ਕਿਥੇ ਲਿਖਾਈ ਜਾ ਸਕਦੀ ਹੈ। ਦੁਨੀਆਂ ਦੇ ਕੁਝ ਲੋਕ ਅਜਿਹੇ ਹਨ ਜਿਹੜੇ ਸੋਚਦੇ ਹਨ ਕਿ ਚਲੋ ਸੂਰਜ ਤਾਂ ਡੁੱਬ ਗਿਆ ਹੈ ਪਰ ਚੰਨ ਉਨ੍ਹਾਂ ਦੇ ਹੱਕ ਵਿਚ ਚੜ੍ਹੇਗਾ। ਸੁਪਨਾ ਇਹ ਵੀ ਪੂਰਾ ਨਹੀਂ ਹੁੰਦਾ ਕਿਉਂਕਿ ਚਾਨਣੀ ਰਾਤ ਨੂੰ ਕਾਲੇ ਬੱਦਲ ਹੀ ਸਾਰੀ ਰਾਤ ਅਸਮਾਨ ਘੇਰੀ ਰੱਖਦੇ ਹਨ। ਕਈਆਂ ਦੇ ਜ਼ਮਾਨਾ ਤਾਂ ਚਲੋ ਹੱਕ ਵਿਚ ਨਹੀਂ ਹੁੰਦਾ, ਉਹ ਆਪਣੇ ਆਪ ਦੇ ਹੱਕ ਵਿਚ ਹੁੰਦੇ ਹਨ, ਜਗਤ ਤਮਾਸ਼ਾ ਉਨ੍ਹਾਂ ਤੋਂ ਓਹਲੇ ਹੋ ਰਿਹਾ ਹੁੰਦਾ ਹੈ ਪਰ ਰੱਬ ਸੁੱਤੇ ਪਿਆਂ ਦਾ ਮੂੰਹ ਭੰਨਣ ਦੀ ਗੁਸਤਾਖੀ ਕਰ ਰਿਹਾ ਹੁੰਦਾ ਹੈ।

ਭਗਵਿਆਂ ਨਾਲ ਹੁਣ ਨਫ਼ਰਤ ਇਸ ਕਰ ਕੇ ਹੋ ਰਹੀ ਹੈ ਕਿ ਇਨ੍ਹਾਂ ਨੂੰ ਪਹਿਨਣ ਵਾਲੇ ਰੱਬ ਦਾ ਰੂਪ ਤਾਂ ਕੀ, ਬੰਦੇ ਵੀ ਨਹੀਂ ਰਹੇ। ਲੋਭ ਤਿਆਗਣ ਦਾ ਉਪਦੇਸ਼ ਦੇਣ ਵਾਲੇ, ਲੋਭੀਆਂ ਤੇ ਲੁਟੇਰਿਆਂ ਦੀ ਅਗਵਾਈ ਕਰ ਰਹੇ ਹਨ ਤਾਂ ਯਕੀਨ ਕਰੋ ਕਿ ਗੰਗਾ ਦੇ ਉਲਟ ਵਹਿਣ ਦੀ ਆਸ ਹੋਰ ਗੂੜ੍ਹੀ ਹੋ ਜਾਵੇਗੀ। ਜਿਸ ਯੁੱਗ ਵਿਚ ਮਾਂਵਾਂ ਉਤੇ ਧੀਆਂ ਦੀਆਂ ਹੱਤਿਆਵਾਂ ਦੇ ਮੁਕੱਦਮੇ ਚੱਲ ਰਹੇ ਹੋਣ, ਸ੍ਰਿਸ਼ਟੀ ਤੇ ਸੰਸਾਰ ਸੰਤੁਲਿਤ ਚੱਲਣ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਬੇਨਿਆਈਆਂ ਤੇ ਅਣਕਿਆਸੀਆਂ ਮੌਤਾਂ ਵੇਖ ਕੇ ਜੇ ਇਹ ਕਹਿ ਰਹੇ ਹਾਂ ਕਿ ਡਾਢੇ ਨੇ ਇਹਦੀ ਲਿਖੀ ਹੀ ਇੱਦਾਂ ਸੀ, ਤਾਂ ਇਹ ਵੀ ਮੰਨਣਾ ਪਵੇਗਾ ਕਿ ਲਿਖਣ ਵੇਲੇ ਡਾਢਾ ਵੀ ਪ੍ਰੇਸ਼ਾਨ ਜਿਹਾ ਹੀ ਹੋਵੇਗਾ। ਹੁਣ ਉਮਰ ਭੋਗਣ 'ਤੇ ਨਹੀਂ, ਉਮਰ ਦੇ ਅਰੰਭ ਹੁੰਦਿਆਂ ਹੀ ਵਿਧਮਾਤਾ ਹੋਣੀ ਹੱਥ ਸੁਨੇਹਿਆਂ ਦੇ ਪ੍ਰੇਮ ਪੱਤਰ ਭੇਜਣ ਵਿਚ ਰੁੱਝੀ ਹੋਈ ਹੈ।

ਜੰਗਲ ਵਿਚ ਬਘਿਆੜ ਨੇ ਸ਼ੇਰ ਮੂਹਰੇ ਹੱਥ ਜੋੜ ਕੇ ਕਿਹਾ, "ਜਨਾਬ, ਹੁਣ ਆਪਾਂ ਕੀ ਖਾਇਆ ਕਰਾਂਗੇ?"

"ਕਿਉਂ, ਗੱਲ ਕੀ ਹੋਈ?"

"ਭੇਡਾਂ ਵੀ ਅੱਖਾਂ ਵਿਖਾਉਣ ਲੱਗ ਪਈਆਂ ਹਨ।"

"ਮਿੱਤਰਾ! ਝੋਰਾ ਤਾਂ ਮੈਨੂੰ ਵੀ ਹੈ ਪਰ ਦੜ ਵੱਟ। ਹਕੂਮਤ ਤੇ ਜ਼ੋਰ ਦਾ ਨਸ਼ਾ ਜਦੋਂ ਉਤਰਦਾ ਹੈ ਤਾਂ ਹਾਲਾਤ ਇੱਦਾਂ ਦੇ ਹੀ ਬਣਦੇ ਹਨ। ਜਿਸ ਰਾਜ ਵਿਚ ਬਾਦਸ਼ਾਹ ਗਲਤੀਆਂ ਦੇ ਢੇਰ ਹੀ ਲਗਾਈ ਜਾਣ, ਗਰੀਬਾਂ ਦਾ ਲਹੂ ਪੀਣ ਦੇ ਸ਼ੌਕੀਨ ਬਣ ਜਾਣ ਤਾਂ ਵਕਤ ਆਉਂਦਾ ਹੀ ਹੈ ਕਿ ਰਾਜਿਆਂ ਨੂੰ ਕੁੱਤੇ ਘੜੀਸੀ ਫਿਰ ਰਹੇ ਹੁੰਦੇ ਹਨ। ਦੁਨੀਆਂ ਜਾਣ ਗਈ ਹੈ ਕਿ ਚੰਮ ਦੀਆਂ ਚਲਾਉਣ ਦਾ ਅਧਿਕਾਰ ਸਿਰਫ਼ ਰੱਬ ਨੂੰ ਹੀ ਹੁੰਦਾ ਹੈ।

ਜਿਸ ਮਨੁੱਖ ਦਾ ਜਵਾਨੀ ਵਿਚ ਕਿਸੇ ਨਾਲ ਵੀ ਪਿਆਰ ਨਾ ਹੋਵੇ, ਉਹ ਬੁਢਾਪੇ ਵਿਚ ਪੁਸਤਕਾਂ ਨੂੰ ਸਹੇਲੀਆਂ ਬਣਾ ਕੇ ਰੁਮਾਂਸ ਕਰ ਰਿਹਾ ਹੁੰਦਾ ਹੈ, ਪਰ ਉਨ੍ਹਾਂ ਬਦਕਿਸਮਤਾਂ ਨੂੰ ਕੀ ਕਹੀਏ ਜੋ ਚਰਖਾ ਚੱਲਣ ਤੋਂ ਪਹਿਲਾਂ ਹੀ ਤੰਦ ਦੇ ਲਪੇਟੇ ਜਾਣ ਦਾ ਉਲਾਂਭਾ ਦੇ ਕੇ ਚਲੋ ਰੱਬ ਦੇ ਮੰਦਰ ਵਿਚੋਂ ਤਾਂ ਨਹੀਂ, ਆਪਣੇ ਅੰਦਰੋਂ ਉਹਦੀ ਜੋਤ ਬੁਝਾਉਣ ਲਈ ਫੂਕਾਂ ਬਾਹਰ ਨੂੰ ਨਹੀਂ, ਅੰਦਰਵਾਰ ਮਾਰਨ ਵਿਚ ਲੱਗੇ ਹੋਣ!

ਸਿਆਣਾ ਸਮਝ ਕੇ ਮਾਪਿਆਂ ਨੇ ਉਹਦਾ ਨਾਂ ਤਾਂ ਗਿਆਨ ਸਿੰਘ ਰੱਖਿਆ ਸੀ ਪਰ ਉਹਦੇ ਨਾਲ ਰੱਬ ਕਰਦਾ ਕੀ ਰਿਹਾ? ਵਿਸ਼ਵਾਸ ਭਾਵੇਂ ਨਾ ਕਰਿਓ, ਪਰ ਹੈ ਇਹ ਪੂਰੇ ਦਾ ਪੂਰਾ ਸੱਚ...

ਵਾਹੀਯੋਗ ਜ਼ਮੀਨ ਤਾਂ ਸਿਰਫ਼ ਚਾਰ ਕੁ ਕਨਾਲਾਂ ਸੀ ਪਰ ਦਿਲ ਦਾ ਦੌਰਾ ਪੈ ਜਾਣ ਕਾਰਨ ਜਦੋਂ ਬਾਪੂ ਦੀ ਮੌਤ ਹੋਈ, ਤਾਂ ਗਿਆਨ ਸਿੰਘ ਨੂੰ ਦਸ ਕੁ ਜਮਾਤਾਂ ਪੜ੍ਹਿਆ ਹੋਣ ਕਾਰਨ ਤਰਸ ਦੇ ਆਧਾਰ 'ਤੇ ਬਿਜਲੀ ਬੋਰਡ ਵਿਚ ਨੌਕਰੀ ਮਿਲ ਗਈ; ਹਾਲਾਂਕਿ ਬਾਪੂ ਐਸ.ਡੀ.ਓ. ਦੇ ਅਹੁਦੇ 'ਤੇ ਕੰਮ ਕਰਦਾ ਸੀ। ਮਾਂ ਤਾਂ ਗਿਆਨ ਸਿੰਘ ਦੀ ਛੋਟੇ ਹੁੰਦੇ ਦੀ ਹੀ ਮਰ ਗਈ ਸੀ ਪਰ ਬਾਪੂ ਨੇ ਰੋਟੀ-ਟੁੱਕ ਦੇ ਦੁੱਖੋਂ ਪੁੱਤ 22ਵੇਂ ਸਾਲ ਵਿਚ ਹੀ ਵਿਆਹ ਲਿਆ ਸੀ। ਤੇ ਵਿਆਹ ਦੇ ਅਗਲੇ ਦੋ ਸਾਲਾਂ ਵਿਚ ਗਿਆਨ ਸਿੰਘ ਇਕ ਬੇਟੀ ਦਾ ਪਿਉ ਬਣ ਗਿਆ ਸੀ। ਇਉਂ ਬੇਸੁਰ ਹੋਏ ਜ਼ਿੰਦਗੀ ਦੇ ਸਾਜ਼ ਫਿਰ ਸੁਰੀਲੇ ਜਿਹੇ ਵੱਜਣ ਲੱਗ ਪਏ ਸਨ।

ਹਾਸਿਆਂ ਦੀ ਗਾਨੀ ਵਿਚ ਹੰਝੂਆਂ ਦੇ ਮਣਕੇ ਕਦੋਂ ਤੇ ਕੀਹਦੇ ਪਰੋਏ ਜਾਣ ਲੱਗ ਪੈਣ, ਇਹ ਭੇਤ ਤਾਂ ਉਪਰ ਵਾਲਾ ਆਪਣੇ ਕੋਲ ਹੀ ਰੱਖਦਾ ਹੈ ਪਰ ਗੁੱਟਾਂ ਵਿਚ ਦੀ ਹੌਕਿਆਂ ਦਾ ਕੰਗਣ ਪੈ ਜਾਵੇ ਤਾਂ ਇਹ ਉਪਰ ਵਾਲੇ ਦੀ ਧੱਕੇਸ਼ਾਹੀ ਲਗਦੀ ਹੈ। ਇਕ ਪੇਂਡੂ ਖੇਤਰ ਵਿਚ ਟ੍ਰਾਂਸਫਾਰਮਰ ਦੀ ਰਿਪੇਅਰ ਕਰਦਿਆਂ ਲਾਇਨਮੈਨ ਗਿਆਨ ਸਿੰਘ ਬਿਜਲੀ ਦੀ ਸਪਲਾਈ ਚੱਲ ਪੈਣ ਕਾਰਣ ਲੱਕ ਤੋਂ ਹੇਠਾਂ ਤੱਕ ਝੁਲਸਿਆ ਗਿਆ, ਤੇ ਇਉਂ ਜ਼ਿੰਦਗੀ ਲੀਹੋਂ ਹੀ ਨਹੀਂ ਲੱਥੀ, ਲਾਈਨ ਤੋਂ ਵੀ ਹਟ ਗਈ। ਉਹ ਲੰਬੇ ਇਲਾਜ ਪਿੱਛੋਂ ਜੀਵਨ ਦੀ ਗੱਡੀ ਤਾਂ ਖਿੱਚਣ ਲੱਗ ਪਿਆ ਪਰ ਉਂਜ ਪੂਰੇ ਦਾ ਪੂਰਾ ਨਕਾਰਾ ਹੋ ਗਿਆ। ਸਕੂਟਰਾਂ, ਮੋਟਰ ਸਾਈਕਲਾਂ 'ਤੇ ਦੌੜਦਾ ਜੀਵਨ ਬ੍ਰੇਕ ਫੇਲ੍ਹ ਹੋ ਜਾਣ ਵਾਂਗ ਮੁਥਾਜ ਹੋ ਗਿਆ। ਵਿਭਾਗੀ ਮਾਲੀ ਮਦਦ ਤਾਂ ਮਿਲ ਗਈ ਪਰ ਰੱਬ ਨੇ ਜ਼ਿੰਦਗੀ ਦਾ ਪੰਧ ਉਗੜਾ-ਦੁਘੜਾ ਹੋ ਗਿਆ। ਉਹ ਵੀਲ੍ਹਚੇਅਰ ਦਾ ਮੁਥਾਜ ਹੋ ਗਿਆ ਤੇ ਇਕਲੌਤੀ ਧੀ ਬਲਵਿੰਦਰ ਵਿਚੋਂ ਪੁੱਤ ਦੇ ਚਾਵਾਂ ਦਾ ਮੱਧਮ ਸੂਰਜ ਖਿੱਚ-ਧੂਹ ਕੇ ਧੁੱਪ-ਛਾਂ ਵਾਂਗ ਜਗਣ-ਬੁਝਣ ਲੱਗ ਪਿਆ।

ਹਾਲਾਤ ਇਹ ਬਣੇ ਕਿ ਗਰੀਬੀ ਗਲਾ ਘੁਟਣ ਲੱਗ ਪੈਂਦੀ ਤਾਂ ਕੋਈ ਗੱਲ ਨਹੀਂ ਸੀ; ਮੱਤ ਮਾਰਨ ਲੱਗ ਪਈ ਸੀ। ਘਰ ਦੀਆਂ ਕੰਧਾਂ ਬੌਣੀਆਂ ਹੋ ਗਈਆਂ ਸਨ ਪਰ ਬਲਵਿੰਦਰ ਕੋਠੇ ਜਿੱਡੀ ਨਹੀਂ, ਬਨੇਰਿਆਂ ਨੂੰ ਹੱਥ ਲਾਉਣ ਲੱਗ ਪਈ ਸੀ। ਉਧਰ ਵਕਤ ਨੇ ਪਰਮਾਣੂ ਬੰਬ ਵਾਂਗ ਠਾਹ ਦੇਣੀ ਹੁੱਝ ਗਿਆਨ ਸਿੰਘ ਦੀ ਵੱਖੀ ਵਿਚ ਹੋਰ ਮਾਰ ਦਿੱਤੀ। ਸ਼ੂਗਰ ਦੀ ਬਿਮਾਰੀ ਦਾ ਪਤਾ ਉਸ ਵੇਲੇ ਲੱਗਾ ਜਦੋਂ ਦੋਵੇਂ ਗੁਰਦੇ ਇਕੋ ਵੇਲੇ ਖਰਾਬ ਹੋ ਗਏ। ਸਵਰਗ ਦਾ ਭਰਮ ਤਾਂ ਚਲੋ ਟੁੱਟ ਹੀ ਗਿਆ ਸੀ ਤੇ ਸੱਧਰਾਂ ਦਾ ਸ਼ੀਸ਼ਾ ਉਹ ਚਿਹਰਾ ਦਿਖਾਉਣ ਲੱਗਾ ਜਿਵੇਂ ਇਮਾਨਦਾਰ ਤੇ ਬੀਬਾ ਬੰਦਾ ਗੁੱਸੇ ਨਾਲ ਸਾਰੇ ਦਾ ਸਾਰਾ ਭਰ ਗਿਆ ਹੋਵੇ।

ਉਧਰ ਗਿਆਨ ਸਿੰਘ ਦੀ ਪਤਨੀ ਬੰਸੋ ਨੂੰ ਲੱਗਾ ਸੀ ਕਿ ਚਲੋ ਪਹਾੜ ਤਾਂ ਡਿੱਗ ਪੈਂਦਾ, ਝੱਲ ਲੈਂਦੇ; ਹਿਮਾਲਾ ਪਰਬਤ ਆ ਪਿਆ ਸੀ ਤੇ ਉਹ ਪੂਰੀ ਤਰ੍ਹਾਂ ਹੇਠਾਂ ਆ ਗਏ ਸਨ। ਚਾਰ ਕਨਾਲਾਂ ਜ਼ਮੀਨ ਤੀਜੇ ਦਿਨ ਖ਼ੂਨ ਦੀ ਸਫਾਈ ਵਾਲੀ ਪ੍ਰਕ੍ਰਿਆ ਨੇ ਡਾਕਟਰਾਂ ਜ਼ਰੀਏ ਨਿਗਲ ਲਈ।

ਘਟਨਾ ਅੱਗੇ ਇਹ ਵਾਪਰੀ ਕਿ ਸਮਾਂ ਜਿਵੇਂ ਖਿੜ-ਖਿੜਾ ਕੇ ਹੱਸ ਪਿਆ ਹੋਵੇ। ਗਿਆਨ ਸਿੰਘ ਦੇ ਇਕ ਦੋਸਤ ਨੇ ਦੱਸ ਪਾਈ ਕਿ ਇਕ ਮੁੰਡਾ ਕੈਨੇਡਾ ਤੋਂ ਆਇਆ ਹੈ, ਕਿਉਂ ਨਾ ਬਲਵਿੰਦਰ ਨੂੰ ਡਾਲਰਾਂ ਵਾਲੀ ਗ੍ਰਹਿਸਥ ਦੀ ਗੱਡੀ ਵਿਚ ਬਿਠਾ ਦਿੱਤਾ ਜਾਵੇ। ਗੋਤ ਖਰੇ ਹੋਏ, ਮੁੰਡੇ ਨੂੰ ਕੁੜੀ ਪਸੰਦ ਆ ਗਈ ਤੇ ਬਲਵਿੰਦਰ ਨੇ ਵੀ ਰਾਜਿੰਦਰ ਨੂੰ ਰਾਜ ਕੁਮਾਰ ਸਮਝ ਕੇ ਸਿਰ 'ਹਾਂ' ਵਿਚ ਹਿਲਾ ਦਿੱਤਾ।

ਗਿਆਨ ਸਿੰਘ ਦੀਆਂ ਹੋਣੀ ਵੱਲੋਂ ਆਉਂਦੀਆਂ ਬੇਰੰਗ ਚਿੱਠੀਆਂ ਨੂੰ ਡਾਕਟਰਾਂ ਵੱਲੋਂ ਨਾਲੋ-ਨਾਲ ਤਸਦੀਕ ਕੀਤੇ ਜਾਣ ਕਰ ਕੇ, ਤੇ ਧੀ ਨੂੰ ਹੱਥੀਂ ਡੋਲੀ ਬਿਠਾਉਣ ਦੇ ਸੁਪਨਿਆਂ ਨੂੰ ਅਮਲੀ ਰੂਪ ਦੇਣ ਕਰ ਕੇ ਰਾਜਿੰਦਰ ਪੰਜਵੇਂ ਦਿਨ ਵਾਜੇ-ਗਾਜਿਆਂ ਨਾਲ ਜੰਞ ਲੈ ਕੇ ਆਣ ਢੁੱਕਿਆ ਤੇ ਦੋ ਬਿਸਤਰੇ ਇਕੋ ਵੇਲੇ ਬੰਨ੍ਹੇ ਜਾਣ ਲੱਗ ਪਏ। ਧੀ ਕੈਨੇਡਾ ਵੱਲ ਤੇ ਗਿਆਨ ਸਿੰਘ ਉਪਰ ਵਾਲੇ ਵੱਲ। ਬਲਵਿੰਦਰ ਤਾਂ ਜਹਾਜ਼ ਚੜ੍ਹ ਗਈ ਤੇ ਨਾਲ ਹੀ ਮੌਤ ਨੂੰ ਕਲਾਵੇ ਵਿਚ ਲੈ ਕੇ ਗਿਆਨ ਸਿੰਘ ਚੜ੍ਹਾਈ ਕਰ ਗਿਆ। ਬੰਸੋ ਫਿਰ 'ਕੱਲੀ ਹੀ ਘਰ ਦੀਆਂ ਕੰਧਾਂ ਨਾਲ ਉਦਾਸ ਗੀਤ ਗਾਉਣ ਲਈ ਟੁੱਟੇ ਸਾਜ਼ ਵਜਾਉਣ ਵਾਸਤੇ ਬੇਵੱਸ ਹੋ ਗਈ।

ਡੂਢ ਵਰ੍ਹਾ ਬੀਤਿਆ ਜਦੋਂ ਬਲਵਿੰਦਰ ਨੇ ਮਾਂ ਨੂੰ ਇਸ ਕਰ ਕੇ ਕਾਗਜ਼ ਭੇਜ ਦਿੱਤੇ ਕਿ ਉਹਦੇ ਹੋਣ ਵਾਲੇ ਬੱਚੇ ਦੀ ਉਹ ਸੰਭਾਲ ਕਰ ਲਵੇਗੀ ਤੇ ਇਉਂ ਛਿਲਾ ਪੂਰਾ ਹੋਣ ਤੋਂ ਬਾਅਦ ਉਹਨੂੰ ਕੰਮ 'ਤੇ ਜਾਣਾ ਸੁਖਾਲਾ ਹੋ ਜਾਵੇਗਾ। ਤੇ ਜਦੋਂ ਬੰਸੋ ਨੂੰ ਵੀਜ਼ਾ ਮਿਲਿਆ ਤਾਂ ਉਹਨੂੰ ਲੱਗਾ ਕਿ ਰੱਬ ਘੂਰ ਤਾਂ ਲੈਂਦੈ ਪਰ ਪਿਆਰ ਵੀ ਰੱਜ ਕੇ ਕਰਦੈ। ਖਰਬੂਜਿਆਂ ਦੀ ਵੇਲ ਮਾਰੂਥਲ ਵਿਚ ਉਗ ਤਾਂ ਪਈ ਸੀ ਪਰ ਸੁਆਦ ਲੈਣ ਲਈ ਗਿੱਦੜ ਕਲੋਲਾਂ ਕਰਨ ਲੱਗ ਪਏ। ਜਿੱਦਣ ਉਹਨੇ ਦਿੱਲੀ ਤੋਂ ਫਲਾਈਟ ਲੈਣੀ ਸੀ, ਸੋਚਦੀ ਤਾਂ ਸੀ ਕਿ ਚੱਲੋ ਬੱਸੇ ਬਹਿ ਕੇ ਚਲੇ ਜਾਵਾਂ ਪਰ ਇਕ ਰਿਸ਼ਤੇਦਾਰ ਨੇ ਉਹਨੂੰ ਗੱਡੀ ਵਿਚ ਦਿੱਲੀ ਛੱਡਣ ਦਾ ਪ੍ਰੋਗਰਾਮ ਬਣਾ ਲਿਆ। ਜਿਨ੍ਹਾਂ ਗੁਆਂਢੀਆਂ ਨੂੰ ਉਜੜੇ ਘਰ ਦੀਆਂ ਚਾਬੀਆਂ ਦਿੱਤੀਆਂ ਸਨ, ਉਨ੍ਹਾਂ ਨੇ ਤੇਲ ਚੋਇਆ ਤਾਂ ਜਦੋਂ ਬੰਸੋ ਨੇ ਖੰਡ ਦੀ ਚੁਟਕੀ ਮੂੰਹ ਵਿਚ ਪਾਈ ਤਾਂ ਉਹ ਬਾਗੋ-ਬਾਗ ਇਸ ਕਰ ਕੇ ਹੋ ਗਈ ਕਿ ਚੰਨ ਮੱਸਿਆ ਵਾਲੇ ਦਿਨ ਚੜ੍ਹਨ ਲੱਗਾ ਹੈ। ਗੱਡੀ ਬੰਸੋ ਨੂੰ ਲੈ ਕੇ ਦਿੱਲੀ ਵੱਲ ਚੱਲ ਪਈ ਪਰ ਕੈਨੇਡਾ ਤਾਂ ਕੀ, ਉਹ ਹਵਾਈ ਅੱਡੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਪਿੱਪਲੀ ਲਾਗੇ ਹਾਦਸੇ ਵਿਚ ਧੀ ਤੇ ਦੋਹਤੀ ਦਾ ਚਿਹਰਾ ਵੇਖਣ ਤੋਂ ਵਿਰਵੀ ਰਹਿ ਗਈ। ਖ਼ਬਰ ਪਿੰਡ ਪਹੁੰਚੀ ਕਿ ਬੰਸੋ ਦੁਰਘਟਨਾ ਵਿਚ ਮਾਰੀ ਗਈ ਹੈ। ਇਸ ਮਨਹੂਸ ਘਟਨਾ ਨਾਲ ਸਾਰਾ ਪਿੰਡ ਤਾਂ ਧਾਹੀਂ ਰੋਇਆ ਹੀ, ਸਗੋਂ ਵਸੀਵੇਂ 'ਤੇ ਬੈਠੇ ਕੁੱਤੇ ਵੀ ਕਈ ਦਿਨ ਚੀਕਾਂ ਮਾਰਦੇ ਰਹੇ।

ਇਉਂ ਰੱਬ ਦੇ ਰੰਗਾਂ ਦੀ ਤਸਵੀਰ ਜਿਵੇਂ ਵਿਚਕਾਰੋਂ ਕਿਸੇ ਮੂਰਖ ਨੇ ਪਾੜ ਦਿੱਤੀ ਹੋਵੇ, ਤੇ ਪਰੀਆਂ ਵਰਗੀ ਧੀ ਨੇਰ੍ਹਿਆਂ ਵਿਚ ਆਈ ਨ੍ਹੇਰੀ ਵਿਚ ਪਿੱਟ-ਸਿਆਪੇ ਕਰਨ ਲਈ ਮਜਬੂਰ ਹੋ ਗਈ। ਮਾਂ ਬਾਪ ਤੋਂ ਵਿਰਵੀਂ ਧੀ ਸੋਚਦੀ ਸੀ ਕਿ ਹੁਣ ਉਹ ਕਦੇ ਵਾਪਸ ਪੰਜਾਬ ਨਹੀਂ ਜਾਵੇਗੀ।

ਇੱਡੇ ਸਿਤਮ ਤੋਂ ਬਾਅਦ ਵੀ ਰੱਬ ਦਾ ਜਿਵੇਂ ਬੇਵਜ੍ਹਾ ਚੜ੍ਹਿਆ ਗੁੱਸਾ ਠੰਢਾ ਨਾ ਹੋਇਆ ਹੋਵੇ। ਬਲਵਿੰਦਰ ਦੀ ਧੀ ਹਾਲੇ ਮਸਾਂ ਸਵਾ ਕੁ ਸਾਲ ਦੀ ਹੋਈ ਹੋਵੇਗੀ ਕਿ ਉਹਦੀ ਜੀਵਨ ਸ਼ੈਲੀ ਵਿਚ ਰੌਣਕਾਂ ਭਰਨ ਵਾਲਾ ਵੀ ਰੱਬ ਨੇ ਖੋਹ ਲਿਆ। ਰਜਿੰਦਰ ਸਿੰਘ ਟਰੱਕ ਡਰਾਇਵਰ ਸੀ। ਨਸ਼ਿਆਂ ਤੋਂ ਕੋਹਾਂ ਦੂਰ। ਉਪਰੋਂ ਪੂਰਾ ਗੁਰਸਿੱਖ ਬਣ ਗਿਆ ਸੀ। ਅਮਰੀਕਾ ਨੂੰ ਟਰੱਕ ਲੈ ਕੇ ਜਾਂਦਿਆਂ ਭਾਣਾ ਤਾਂ ਵਰਤਿਆ ਹੀ, ਪਰ ਵਰਤਿਆ ਬੜਾ ਪੁੱਠਾ। ਪਹਾੜੀ ਹਲਕੇ ਵਿਚ ਉਹਦੀ ਅੱਖ ਲੱਗ ਜਾਣ ਕਾਰਨ ਅੱਖ ਉਪਰ ਵਾਲੇ ਨਾਲ ਮਿਲ ਗਈ। ਟਰੱਕ ਪਹਾੜੀ ਨਾਲ ਟਕਰਾ ਕੇ ਅੱਗ ਦੀ ਲਪੇਟ ਵਿਚ ਹੀ ਨਹੀਂ ਆਇਆ, ਸਗੋਂ ਸਿਖਰ ਇਹ ਹੋਈ ਕਿ ਜਿੰਦਾਂ ਕਿਸੇ ਦਾ ਮਰਨ ਤੋਂ ਪਹਿਲਾਂ ਹੀ ਸੰਸਕਾਰ ਕਰ ਦਿੱਤਾ ਗਿਆ ਹੋਵੇ।

ਤੇ ਬਲਵਿੰਦਰ ਦੇ ਮੁਕੱਦਰ 'ਬਰਮਾ' ਨੂੰ ਨਾਲ ਹੀ ਚਲੇ ਗਏ! ਬਿਨਾਂ ਪੱਤਿਆ ਵਾਲਾ ਦਰਖ਼ਤ ਤੂਫਾਨ ਚੁਪੇੜਾਂ ਖਾਣ ਲਈ ਮਜਬੂਰ ਹੋ ਗਿਆ!!

ਦੋ ਨਿਕੜੀਆਂ ਜਿੰਦਾਂ ਲੇਖ ਲਿਖਣ ਵਾਲੇ ਨੇ ਮਧੋਲ ਕੇ ਹੀ ਨਹੀਂ ਰੱਖ ਦਿੱਤੀਆਂ, ਸਗੋਂ ਸਰਕਾਰੀ ਸਹੂਲਤਾਂ ਅੱਗੇ ਗੋਡੇ ਟੇਕਣ ਲਈ ਲਾਚਾਰ ਬਣਾ ਦਿੱਤੀਆਂ। ਗੱਡੀ ਐਂ ਖਿੱਚਣੀ ਪੈ ਗਈ ਜਿਵੇਂ ਤੇਲ ਦੀ ਟੈਂਕੀ ਪਾਟ ਜਾਣ ਪਿਛੋਂ ਦੀ ਹਾਲਤ ਹੁੰਦੀ ਹੈ। ਫਿਰ ਕਈ ਵਰ੍ਹੇ ਬਲਵਿੰਦਰ ਦੀ ਸ਼ਾਮ ਹੌਕਿਆਂ ਨਾਲ ਪੈਂਦੀ ਰਹੀ, ਤੇ ਸਵੇਰ ਹੰਝੂਆਂ ਦੀ ਬੇਮੌਸਮੀ ਬਰਸਾਤ ਨਾਲ ਡਿੱਕੇ-ਡੋਲੇ ਖਾਂਦਿਆਂ ਚੜ੍ਹਦੀ ਰਹੀ।

ਫਿਰ ਉਹਨੂੰ ਮਸ਼ਵਰਿਆਂ ਦੀਆਂ ਮਹਿਫਲਾਂ ਵਿਚੋਂ ਸੁਝਾਵਾਂ ਦੀਆਂ ਆਵਾਜ਼ਾਂ ਉਠਣ ਲੱਗ ਪਈਆਂ। ਚਿਹਰੇ ਦੀ ਮੱਧਮ ਪੈਂਦੀ ਲਾਲੀ ਵੀ ਆਖਣ ਲੱਗ ਪਈ ਕਿ ਕਮਲੀਏ! ਪੰਚਰ ਹੋਈ ਗੱਡੀ ਨੂੰ 'ਕੱਲੀ-'ਕਹਿਰੀ ਨਾ ਖਿੱਚ! ਉਹਦੀਆਂ ਸਹੇਲੀਆਂ ਨੇ ਫਿਰ ਉਹ ਫੈਸਲਾ ਕਰਨ ਲਈ ਮਜਬੂਰ ਕਰ ਦਿੱਤਾ ਜੋ ਉਹ ਕਰਨਾ ਨਹੀਂ ਸੀ ਚਾਹੁੰਦੀ। ਉਹ ਚਾਰ ਵਰ੍ਹਿਆਂ ਦੀ ਧੀ ਨੂੰ ਲੈ ਕੇ ਨਾਨਕੇ ਪਿੰਡ ਆਈ, ਤੇ ਮਹੀਨੇ ਕੁ ਬਾਅਦ ਉਹਨੂੰ ਜੰਞ ਦਾ ਦੂਜੀ ਵਾਰ ਮੂੰਹ ਵਿਖਾ ਦਿੱਤਾ ਗਿਆ।

ਉਦਾਸ ਫਿਜ਼ਾ 'ਚ ਖੁਸ਼ੀ ਦੀਆਂ ਲਾਵਾਂ ਇਕ ਵਾਰ ਫਿਰ ਹੋ ਗਈਆਂ। ਮਨਤੇਜ ਨਾਲ ਨਵੇਂ ਖਿਆਲਾਂ ਦੀ ਗਠੜੀ ਲੈ ਕੇ ਉਹ ਲਤਾੜੀ ਜ਼ਿੰਦਗੀ ਨੂੰ ਫਿਰ ਖਿੱਚਣ ਵਿਚ ਸਫ਼ਲ ਹੋ ਗਈ। ਉਹਨੂੰ ਲੱਗਾ ਜਿਵੇਂ ਕੁਦਰਤ ਫਿਰ ਉਹਦੇ ਨਾਲ ਨਿਸ਼ੰਗ ਹੋ ਕੇ ਗਲ ਬਾਹਾਂ ਪਾ ਕੇ ਤੁਰ ਪਈ ਹੋਵੇ।

ਪੰਜਾਬ ਦੇ ਸਿਹਤ ਵਿਭਾਗ ਦੇ ਨਾਅਰੇ ਵਾਂਗ 'ਅਗਲਾ ਬੱਚਾ ਅਜੇ ਨਹੀਂ' ਸੋਚ ਕੇ ਉਹ ਸਮੇਂ ਨਾਲ ਹੇਰ ਫੇਰ ਤਾਂ ਕਰਦੀ ਰਹੀ ਕਿਉਂਕਿ ਡਾਕਟਰਾਂ ਨੇ ਬੱਚੀ ਦੇ ਜਨਮ ਵੇਲੇ ਕਿਹਾ ਸੀ, ਇੱਦਾਂ ਕਰਨਾ ਉਹਦੇ ਲਈ ਲਾਹੇਵੰਦ ਨਹੀਂ ਹੋਵੇਗਾ; ਪਰ ਭਾਰਤੀ ਸੰਸਕ੍ਰਿਤੀ ਵਿਚ ਗ੍ਰਸੇ ਸਮਾਜ ਨੂੰ ਉਹ ਮੂੰਹ ਖੋਲ੍ਹ ਕੇ ਆਖੇ ਕੀ! ਤੇ ਉਹ ਨਾ ਚਾਹੁੰਦਿਆਂ ਵੀ ਮਾਂ ਬਣੀ ਗਈ। ਬੇਟੇ ਨੇ ਜਨਮ ਲਿਆ, ਪਰ ਜਨਮ ਸਾਰ ਹੀ ਉਹ ਪਹਿਲਾਂ ਕੋਮਾ ਵਿਚ ਗਈ, ਤੇ ਫਿਰ ਕੁਝ ਦਿਨਾਂ ਬਾਅਦ ਡਾਕਟਰਾਂ ਦੇ ਸਿਰਤੋੜ ਸੰਘਰਸ਼ ਨਾਲ ਵੀ ਪਿੱਛੇ ਨਾ ਮੁੜ ਸਕੀ ਤੇ ਮੌਤ ਨੂੰ 'ਵਾਜਾਂ ਮਾਰਦੀ ਨੂੰ ਹੁੰਗਾਰਾ ਮਿਲ ਗਿਆ।

ਇਨਸਾਫਪਸੰਦ ਹੋਣ ਦੇ ਦਾਅਵੇਦਾਰ ਨੂੰ ਕੋਈ ਪੁੱਛ ਸਕਦੈ ਕਿ ਖਿਡੌਣਿਆਂ ਨਾਲ ਖੇਡਣ ਵਾਲੀ ਮਾਸੂਮ ਧੀ ਕੋਲੋਂ ਮਾਂ-ਬਾਪ ਅਤੇ ਬੇਟੇ ਤੋਂ ਮਾਂ ਕਿਉਂ ਖੋਹ ਲਈ?

ਲਗਦਾ ਨਹੀਂ, ਜੇ ਮੌਤ ਵਿਰੁੱਧ ਅਪੀਲ ਕਰਨ ਦੀ ਕੋਈ ਅਦਾਲਤ ਹੁੰਦੀ ਤਾਂ ਜੱਜ ਸਾਹਮਣੇ ਪੇਸ਼ੀ ਹੋਣ 'ਤੇ ਰੱਬ ਨੂੰ ਨੀਵੀਂ ਪਾ ਕੇ ਮੰਨਣਾ ਪੈਣਾ ਸੀ, 'ਗਲਤੀਆਂ ਕੌਣ ਨਹੀਂ ਕਰਦਾ'।

ਚੱਲੋ ਜੋ ਤੁਸੀਂ ਚਾਹੁੰਦੇ ਹੋ, ਉਵੇਂ ਨਾ ਹੋਵੇ ਪਰ ਇੱਦਾਂ ਵੀ ਤਾਂ ਰੱਬ ਨਾ ਕਰੇ। ਤ੍ਰਿੰਜਣਾਂ ਵਿਚ ਟੁੱਟੇ ਚਰਖੇ ਦਾ ਟਕਾ ਮੁੱਲ ਹੁੰਦਾ ਹੀ ਨਹੀਂ।

# ਮਰ ਜਾਣੇ ਜਿਉਣ ਜੋਗੇ

*(ਸਫਾ 14 ਦੀ ਬਾਕੀ)*

ਬਣ ਗਏ ਹਨ। ਸ਼ਾਇਦ ਗਿੱਧ ਕੂਚ ਕਰ ਗਏ ਹਨ, ਉਜਾੜਾਂ ਦੀ ਭਾਲ ਵਿਚ।

ਸ਼ੁਰੂ-ਸ਼ੁਰੂ ਵਿਚ ਆਈ ਨੂੰ ਪੰਜਾਬ ਦੇ ਕਾਂ ਮਹਾਂਰਾਸ਼ਟਰ ਦੇ ਕਾਂਵਾਂ ਨਾਲੋਂ ਘੱਟ ਕਾਲੇ ਲੱਗੇ ਸਨ। ਮੁੰਬਈ ਦੇ ਕਾਂ ਸ਼ਾਹ ਕਾਲੇ ਤੇ ਕੱਦਾਵਾਰ ਵੀ ਵਧੇਰੇ ਹਨ। ਉਨ੍ਹਾਂ ਦੀ ਕਾਂ-ਕਾਂ ਉਤਰੀ ਕਾਂਵਾਂ ਦੀ ਕਕਿਆਣ ਨਾਲੋਂ ਵਧੇਰੇ ਸੁਰੀਲੀ ਹੈ। ਇਧਰ ਦੇ ਕਾਂਵਾਂ ਦਾ ਸੰਘਾ ਖਰਾਸਿਆ ਜਿਹਾ ਲਗਦਾ ਹੈ। ਮੁਹਾਲੀ ਆਉਣ ਮਗਰੋਂ ਛੇਤੀ ਹੀ ਮੇਰਾ ਰੂਸ ਜਾਣ ਦਾ ਸਬੱਬ ਬਣ ਗਿਆ। ਨਵੰਬਰ ਦੀ ਠੰਢ ਸੀ। ਵੋਲਗਾ ਦਰਿਆ ਜੰਮਿਆ ਹੋਇਆ ਸੀ। ਸਾਰੇ ਮਾਸਕੋ 'ਚ ਮਸਾਂ ਦੋ ਕਾਂ ਹੀ ਤੱਕੇ, ਬਰਫ਼ੀਲੀ ਨਦੀ 'ਚੋਂ ਕੀੜੇ-ਮਕੌੜਿਆਂ ਲਈ ਠੂੰਗੇ ਮਾਰਦੇ। ਉਹ ਪੰਜਾਬੀ ਕਾਂਵਾਂ ਨਾਲੋਂ ਤਗੜੇ ਲੱਗੇ ਪਰ ਘੱਟ ਕਾਲੇ ਤੇ ਸੰਘਾ ਵੀ ਬੈਠਾ ਹੋਇਆ। ਇੰਜ ਕਿਉਂ?

ਧਰਤੀ, ਜਲਵਾਯੂ, ਖ਼ੁਰਾਕ ਜ਼ਰੂਰ ਸਾਰੇ ਰਲੇ-ਮਿਲੇ ਹੀ ਕਾਰਨ ਹੋਣੇ ਨੇ। ਮਹਾਂਰਾਸ਼ਟਰ ਦੀ ਕਾਲੀ ਮਿੱਟੀ, ਸਾਗਰ ਦਾ ਮਛੀਲਾ ਭੋਜਨ, ਗਗਨ ਚੁੰਬੀ ਨਾਰੀਅਲ ਅਤੇ ਤਾੜ ਦੇ ਫਲਾਂ ਲੱਦੇ ਬਿਰਛਾਂ ਦਾ ਖਾਜਾ, ਠਾਠਾਂ ਮਾਰਦੇ ਅਰਬ ਸਾਗਰ ਉਪਰੋਂ ਰੁਮਕਦੀਆਂ ਹਵਾਵਾਂ ਦਾ ਸੁਰ-ਨਾਦ। ਅਜਿਹੇ ਵਾਤਾਵਰਨ ਵਿਚ ਜਿਉਂਦੇ-ਵਿਚਰਦੇ ਕਾਂ ਸੁਰੀਲੇ ਕੀਕੂੰ ਨਾ ਹੋਣ? ਕਿਤੇ ਇਹੀ ਰਾਜ਼ ਤਾਂ ਨਹੀਂ ਕੌਤੁਕੀ ਕੰਠ ਵਾਲੀਆਂ ਮੰਗੇਸ਼ਕਰ ਭੈਣਾਂ ਦੇ ਸੁਰੀਲੇਪਣ ਦਾ? ਪੰਜਾਬ ਦੀਆਂ ਕੋਇਲਾਂ ਉਪਰ ਸਾਨੂੰ ਨਾਜ਼ ਹੈ ਪਰ ਕੋਈ ਵੀ ਪੰਜਾਬੀ ਇਸਤਰੀ-ਕੰਠ ਮਰਹੱਟਣ ਭੈਣਾਂ ਦੀ ਸੁਰ ਕੋਮਲਤਾ ਦਾ ਸਾਨੀ ਨਹੀਂ ਹੋ ਸਕਿਆ। ਦੂਜੇ ਪਾਸੇ ਭਾਰੇ ਭਰਵੇਂ ਮਰਦਾਵੇਂ ਘੜਾਂਗੇ ਵਾਲਾ ਵੀ ਕੋਈ ਕੇਦਾਰਨਾਥ ਸਹਿਗਲ, ਮੁਹੰਮਦ ਰਫ਼ੀ ਜਾਂ ਮੁਕੇਸ਼ ਹੀ ਹੋਇਆ ਹੈ। ਜਿਉਂ-ਜਿਉਂ ਅਸੀਂ ਸਾਗਰ ਤਟ ਤੋਂ ਉਤਰ ਵੱਲ ਆਂਦੇ ਜਾਂਦੇ ਹਾਂ, ਬਦਨ ਦੇ ਨਾਲ-ਨਾਲ ਆਵਾਜ਼ ਵੀ ਭਾਰੀ ਹੁੰਦੀ ਜਾਂਦੀ ਹੈ, ਜ਼ਨਾਨਾ ਵੀ ਤੇ ਮਰਦਾਨਾ ਵੀ। ਪੰਜਾਬ ਦਾ ਮਰਦਾਨਾ ਸੰਘਾ ਸਾਡੇ ਫਿਲਮ ਸੰਗੀਤ ਲਈ ਵਰਦਾਨ ਹੈ।

ਮੇਰੇ ਵਿਹੜੇ ਵਿਚ ਅੰਗੂਰਾਂ ਦੀ ਵੇਲ ਹੈ। ਹਰ ਸਾਲ ਅੰਗੂਰ ਲੱਗਣ ਤੋਂ ਪਹਿਲਾਂ-ਪਹਿਲਾਂ ਹੀ ਅਪਰੈਲ, ਮਈ ਵਿਚ ਬੁਲਬੁਲਾਂ ਉਸ ਵੇਲ ਉਪਰ ਆਲ੍ਹਣਾ ਪਾ ਲੈਂਦੀਆਂ ਹਨ। ਆਂਡੇ ਦੇ ਕੇ ਵਿਸਾਹ ਨਹੀਂ ਖਾਂਦੀਆਂ। ਅਸੀਂ ਆਪਣੇ ਹੀ ਵਿਹੜੇ ਵਿਚ ਪੈਰ ਪਾਈਏ ਸਹੀ, ਉਹ ਸਾਡੇ ਸਿਰਾਂ 'ਤੇ ਠੂੰਗੇ ਮਾਰਦੀਆਂ ਚੀਂ-ਚੀਂ ਕਰਦੀਆਂ ਬੇਚੈਨ ਹੋ ਜਾਂਦੀਆਂ ਹਨ। ਵਿਹੜੇ ਦੇ ਬਾਹਰ ਸਫੈਦੇ ਦੇ ਦੋ ਬਿਰਖ ਹਨ। ਬੁਲਬੁਲਾਂ ਉਨ੍ਹਾਂ ਉਪਰ ਬਹਿ ਕੇ ਆਪਣੇ ਬੋਟਾਂ ਦੀ ਰਾਖੀ ਕਰਦੀਆਂ ਹਨ। ਬੋਟਾਂ ਦੀ ਤਾਕ ਵਿਚ ਕੋਈ ਕਾਂ ਬਨੇਰੇ ਉਤੇ ਬੈਠਾ ਨਹੀਂ ਕਿ ਬੁਲਬੁਲਾਂ ਨੇ ਚੀਕ ਚਿਹਾੜੇ ਨਾਲ ਅਸਮਾਨ ਸਿਰ ਉਤੇ ਚੁੱਕਿਆ ਨਹੀਂ। ਮੈਂ ਦੌੜ-ਦੌੜ ਕੇ 'ਸ਼ੀ ਸ਼ੀ' ਕਰਦੀ ਕਾਂ ਉਡਾਂਦੀ ਹਾਂ ਤੇ ਫੇਰ ਕੂਕ ਉਠਦੀ ਹਾਂ: 'ਕਾਂ ਕਾਣੇ ਕਾਂ ਕਾਣੇ...' ਪਰ ਇਸ ਤੋਂ ਅੱਗੇ ਕੁਝ ਨਹੀਂ ਕਹਿ ਹੁੰਦਾ। ਮੇਰੇ ਅੰਦਰ ਦੀ ਮਾਈ ਕਾਕੀ ਬੋਲ ਪੈਂਦੀ ਹੈ, 'ਜਿਉਣ ਜੋਗੇ ਜਿਉਣ ਜੋਗੇ।'

ਪਉਣ ਪਾਣੀ, ਵਣ ਤ੍ਰਿਣ, ਜੀਵ ਜੰਤੂ, ਹਰ ਕੋਈ ਆਪਣੇ ਹੀ ਕਰਮ ਧਰਮ ਵਿਚ ਬੱਝਿਆ ਹੋਇਆ ਹੈ। ਜੇ ਘੋੜਾ ਘਾਹ ਨਾਲ ਦੋਸਤੀ ਕਰੇਗਾ ਤਾਂ ਕੀਕੂੰ ਜੀਵੇਗਾ? ਮੈਂ ਅੰਤਰ ਧਿਆਨ ਹੋ ਮਾਈ ਕਾਕੀ ਦੇ ਵਿਹੜੇ ਵਿਚ ਜਾ ਲੱਥਦੀ ਹਾਂ। ਕੀੜੀਆਂ ਦੀ ਕਤਾਰ ਜਾ ਰਹੀ ਹੈ ਚੀਨੀ ਦੀ ਢੇਰੀ ਵੱਲ। ਠੱਪ-ਟੱਪ ਕਰਦਾ ਕੋਈ ਕਾਂ ਆਉਂਦਾ ਹੈ ਤੇ ਇਕ-ਇਕ ਕਰ ਕੇ ਕੀੜੀਆਂ ਚੁਗਣ ਲਗਦਾ ਹੈ। ਚਿੜੀਆਂ ਦੇ ਬੋਟ ਮਸਾਂ ਚਚਿਆਉਂਦੇ ਹੀ ਨੇ ਕਿ ਕਾਂ ਉਨ੍ਹਾਂ ਉਤੇ ਝਪਟ ਪੈਂਦਾ ਹੈ। ਚਿੜੀਆਂ ਰੋਂਦੀਆਂ ਹਨ ਤੇ ਫੇਰ ਸ਼ਾਂਤ ਹੋ ਜਾਂਦੀਆਂ ਹਨ। ਮੁੜ ਨਵੇਂ ਆਲ੍ਹਣੇ ਲਈ ਤਿਣਕੇ ਬਟੋਰਦੀਆਂ, ਮੁੜ ਨਵੀਂ ਗ੍ਰਹਿਸਥੀ ਦੀ ਸ਼ੁਰੂਆਤ ਲਈ ਤਿਆਰ। ਤਿਆਰ-ਬਰ-ਤਿਆਰ। ਮੁੜ ਚਿੜੀ ਤੇ ਚਿੜਾ ਗੁਟਕ-ਗੁਟਕ ਚੁੰਝਾਂ ਲੜਾਂਦੇ ਕਲੋਲ ਕਰਦੇ ਨੇ। ਮਾਈ ਕਾਕੀ ਸਭ ਕੁਝ ਵੇਖਦੀ-ਭਾਖਦੀ ਕੀੜੀਆਂ ਨੂੰ ਖੰਡ ਪਾਈ ਜਾਂਦੀ ਹੈ, ਚਿੜੀਆਂ ਨੂੰ ਬਾਜਰਾ ਵੀ ਤੇ ਕਾਂਵਾਂ ਨੂੰ ਰੋਟੀ ਵੀ; ਉਸੇ ਤਰ੍ਹਾਂ ਸਿਮਰਨ ਕਰਦੀ, ਬਾਲਕਾਂ ਨੂੰ ਪ੍ਰਸ਼ਾਦ ਵੰਡਦੀ, ਸਿਰ ਪਲੋਸਦੀ, ਮੁਸ-ਮੁਸ ਅਸੀਸਾਂ ਦਿੰਦੀ। ਮੈਂ ਵਿਸਮਾਦੋ-ਵਿਸਮਾਦ ਹੋਈ ਬੋਲ ਉਠਦੀ ਹਾਂ, ਵਾਹ ਮਾਈ ਕਾਕੀ! ਸਦਕੇ! ਸੁਬ੍ਹਾਨ ਅੱਲਾ! ਕੁਰਬਾਨ!

# ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸਲੋਕ ਰਾਗ ਆਸਾ ਵਿਚ ਰਚੀ ਵਾਰ ਦਾ ਪਹਿਲਾ ਹੀ ਸਲੋਕ ਹੈ ਜੋ ਗੁਰੂ ਨਾਨਕ ਦੇਵ ਜੀ ਦਾ ਰਚਿਆ ਹੋਇਆ ਹੈ। ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਕਰਨ ਦੀ ਹਦਾਇਤ ਹੈ ਅਤੇ ਹਰ ਗੁਰੂ ਘਰ ਵਿਚ ਕੀਤਾ ਜਾਂਦਾ ਹੈ। ਬਚਪਨ ਤੋਂ ਹੀ ਕਿਸੇ ਅਖੰਡ ਪਾਠ ਵਕਤ, ਪਿੰਡ ਵਿਚ ਕਿਸੇ ਕੁੜੀ ਦੇ ਵਿਆਹ ਵਾਲੇ ਘਰ ਅਨੰਦ ਕਾਰਜ ਵਾਲੇ ਦਿਨ ਅੰਮ੍ਰਿਤ ਵੇਲੇ (ਉਦੋਂ ਵਿਆਹ ਘਰਾਂ ਵਿਚ ਹੁੰਦੇ ਸਨ, ਅਨੰਦ ਕਾਰਜ ਸਵੇਰੇ ਹੀ ਹੁੰਦੇ ਸਨ ਕਿਉਂਕਿ ਬਰਾਤ ਦਾ ਇੱਕ ਦਿਨ ਪਹਿਲਾਂ ਕੁੜੀ ਦੇ ਪਿੰਡ ਸ਼ਾਮ ਨੂੰ ਢੁਕਣ ਅਤੇ ਰਾਤ ਰਹਿਣ ਦਾ ਰਿਵਾਜ ਹੁੰਦਾ ਸੀ) ਆਸਾ ਦੀ ਵਾਰ ਦਾ ਕੀਰਤਨ ਸੁਣਨ ਨੂੰ ਮਿਲਦਾ ਰਿਹਾ ਹੈ। ਆਸਾ ਦੀ ਵਾਰ ਪ੍ਰਤੀ ਕਮਾਲ ਦੀ ਗੱਲ ਬਚਪਨ ਤੋਂ ਹੀ ਦੇਖੀ ਹੈ ਜੋ ਇਹ ਸੀ ਕਿ ਪਿੰਡਾਂ ਦੇ ਸਿੱਧੇ-ਸਾਦੇ ਰਾਗੀਆਂ ਦੇ ਕੀਰਤਨ ਸਮੇਂ ਪਿੰਡ ਦੇ ਸਿੱਧੇ ਸਾਦੇ ਅਨਪੜ੍ਹ ਬਜ਼ੁਰਗ ਵੀ ਵਾਰੀ ਵਾਰੀ ਇਸ ਦੇ ਸਲੋਕਾਂ ਦਾ ਉਚਾਰਨ ਕਰਦੇ। ਉਦੋਂ ਤਾਂ ਸ਼ਾਇਦ ਇਸ ਗੱਲ ਦੀ ਸਮਝ ਨਹੀਂ ਸੀ ਪਰ ਹੁਣ ਇਸ ਬਾਣੀ ਦੇ ਲੋਕ ਮਨਾਂ ਵਿਚ ਵਸੇ ਹੋਣ ਦੀ ਅਤੇ ਮਨ ਨੂੰ ਅੰਮ੍ਰਿਤ ਵੇਲੇ ਸੁਚੇਤ ਕਰਨ ਦੀ ਗੱਲ ਕੁਝ ਕੁਝ ਪੱਲੇ ਪੈਂਦੀ ਹੈ।

ਅੰਮ੍ਰਿਤ ਵੇਲੇ ਮਨੁੱਖ ਦਾ ਮਨ ਵੈਸੇ ਹੀ ਪ੍ਰਭੂ ਰੰਗ ਵਿਚ ਰੰਗਿਆ ਹੁੰਦਾ ਹੈ ਅਤੇ ਆਸਾ ਦੀ ਵਾਰ ਦੇ ਸਲੋਕ ਮਨੁੱਖ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਤੋਂ ਮਨ ਵਿਚ ਖਾਸ ਕਿਸਮ ਦੀ ਜਾਗ੍ਰਿਤੀ ਅਤੇ ਚੇਤਨਾ ਪੈਦਾ ਕਰਦੇ ਹਨ। ਸ਼ਾਇਦ ਇਸੇ ਲਈ ਉਸ ਵੇਲੇ ਦੇ ਆਮ ਸਧਾਰਨ ਸਿੱਖਾਂ ਨੂੰ ਵੀ ਇਹ ਸਲੋਕ ਯਾਦ ਹੁੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਗੁਰੂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਗੁਰੂ ਦੀ ਅਗਵਾਈ ਤੋਂ ਬਿਨਾਂ ਮਨੁੱਖ ਨੂੰ ਸਹੀ ਜੀਵਨ-ਜਾਚ ਆ ਹੀ ਨਹੀਂ ਸਕਦੀ। ਗੁਰੂ ਹੀ ਅਜਿਹੀ ਹਸਤੀ ਹੈ ਜੋ ਮਨੁੱਖ ਨੂੰ ਸਹੀ ਰਸਤੇ 'ਤੇ ਚੱਲਣ ਦਾ ਵੱਲ ਦੱਸਦਾ ਹੈ,

ਬਲਿਹਾਰੀ ਗੁਰ ਆਪਣੇ<br>
ਦਿਉਹਾੜੀ ਸਦਵਾਰ॥<br>
ਜਿਨਿ ਮਾਣਸ ਤੇ ਦੇਵਤੇ<br>
ਕੀਏ ਕਰਤ ਨ ਲਾਗੀ ਵਾਰ॥੧॥<br>
(ਸਲੋਕੁ ਮਹਲਾ 1, ਪੰਨਾ 462)

ਗੁਰਮਤਿ ਦਰਸ਼ਨ ਵਿਚ ਮਨੁੱਖ ਨੂੰ ਪਰਮਾਤਮਾ ਦੀ ਅੰਸ਼ ਪ੍ਰਵਾਨ ਕੀਤਾ ਗਿਆ ਹੈ ਅਰਥਾਤ ਮਨੁੱਖ ਦਾ ਸਿਰਜਣਹਾਰ ਅਕਾਲ ਪੁਰਖ ਹੈ ਜਿਸ ਨੇ ਮਨੁੱਖ ਦੀ ਸਿਰਜਣਾ ਆਪਣੇ ਆਪ ਤੋਂ ਕੀਤੀ ਹੈ। ਇਸ ਲਈ ਮਨੁੱਖ ਵਿਚ ਵੀ ਉਸ ਪਰਮਾਤਮਾ ਦੀ ਜੋਤਿ ਵਿਆਪਕ ਹੈ, ਮਨੁੱਖ ਵਿਚ ਵੀ ਦੈਵੀ ਅੰਸ਼ ਮੌਜੂਦ ਹੈ। ਗੁਰੂ ਵਿਚ ਇਹ ਸਮਰੱਥਾ ਹੈ ਕਿ ਮਨੁੱਖ ਨੂੰ ਉਹ ਰਸਤਾ ਦਿਖਾ ਸਕੇ ਜਿਸ 'ਤੇ ਚੱਲਦਿਆਂ ਉਹ ਆਪਣੇ ਅੰਦਰਲੇ ਦੈਵਤਵ ਨੂੰ ਜਗਾ ਸਕੇ। ਇਸ ਤਰ੍ਹਾਂ ਗੁਰੂ ਮਨੁੱਖ ਨੂੰ ਮਨੁੱਖ ਤੋਂ ਦੇਵਤਾ ਬਣਾ ਦਿੰਦਾ ਹੈ ਅਤੇ ਅਜਿਹਾ ਕਰਦਿਆਂ ਉਸ ਨੂੰ ਬਿਲਕੁਲ ਵੀ ਦੇਰ ਨਹੀਂ ਲੱਗਦੀ। ਇਸ ਤੋਂ ਅਗਲਾ ਸਲੋਕ ਗੁਰੂ ਅੰਗਦ ਦੇਵ, ਦੂਸਰੀ ਨਾਨਕ ਜੋਤਿ ਦਾ ਹੈ।

ਗੁਰਮਤਿ ਦਰਸ਼ਨ ਵਿਚ ਮਨੁੱਖ ਲਈ ਜਿਹੜੇ ਬਹੁਤ ਹੀ ਲਾਜ਼ਮ ਗੁਣ ਗੁਰੂ ਸਾਹਿਬਾਨ ਨੇ ਦੱਸੇ ਹਨ, ਉਨ੍ਹਾਂ ਵਿਚ ਇੱਕ ਗੁਣ ਹੈ 'ਗਿਆਨ' ਅਤੇ ਗਿਆਨ ਚਾਨਣ ਹੈ, ਰੋਸ਼ਨੀ ਹੈ ਜਿਸ ਤੋਂ ਬਿਨਾਂ ਮਨੁੱਖ ਦਾ ਮਨ ਅਤੇ ਦਿਮਾਗ-ਦੋਵੇਂ ਹਨੇਰੇ ਵਿਚ ਹਨ। ਗੁਰੂ ਗਿਆਨ ਦਾ ਸੋਮਾ ਹੈ ਜਿਸ ਤੋਂ ਇਹ ਚਾਨਣ ਪ੍ਰਾਪਤ ਹੁੰਦਾ ਹੈ। ਸੂਰਜ ਅਤੇ ਚੰਦਰਮਾ ਨੂੰ ਚਾਨਣ ਦੇ ਸੋਮੇ ਮੰਨਿਆ ਗਿਆ ਹੈ। ਜਦੋਂ ਸੂਰਜ ਚੜ੍ਹਦਾ ਹੈ ਤਾਂ ਰਾਤ ਖ਼ਤਮ ਹੋ ਜਾਂਦੀ ਹੈ, ਦੁਨੀਆਂ ਰੋਸ਼ਨੀ ਨਾਲ ਚਮਕ ਉਠਦੀ ਹੈ। ਇਸੇ ਤਰ੍ਹਾਂ ਚੰਦਰਮਾ ਦੇ ਚੜ੍ਹਨ ਨਾਲ ਹਨੇਰੀ ਰਾਤ ਚਾਨਣੀ ਰਾਤ ਵਿਚ ਬਦਲ ਜਾਂਦੀ ਹੈ। ਇਸੇ ਤੱਥ ਵੱਲ ਇਸ਼ਾਰਾ ਕਰਦਿਆਂ ਗੁਰੂ ਅੰਗਦ ਦੇਵ ਫਰਮਾਉਂਦੇ ਹਨ ਕਿ ਜੇ ਸੌ ਚੰਦਰਮਾ ਵੀ ਚੜ੍ਹ ਪੈਣ ਅਤੇ ਹਜ਼ਾਰ ਸੂਰਜ ਚੜ੍ਹ ਪੈਣ (ਜਿਨ੍ਹਾਂ ਦੇ ਚੜ੍ਹਨ ਨਾਲ ਸੰਸਾਰ ਰੋਸ਼ਨ ਹੋ ਜਾਂਦਾ ਹੈ) ਪਰ ਜੇ ਗਿਆਨ ਦਾ ਚਾਨਣ ਦੇਣ ਵਾਲਾ ਗੁਰੂ ਨਹੀਂ ਹੈ ਤਾਂ ਇੰਨਾ ਚਾਨਣ ਹੋਣ ਦੇ ਬਾਵਜੂਦ ਅਗਿਆਨ ਦਾ ਡੂੰਘਾ ਹਨੇਰਾ ਦੂਰ ਨਹੀਂ ਹੁੰਦਾ,

ਜੇ ਸਉ ਚੰਦਾ ਉਗਵਹਿ<br>
ਸੂਰਜ ਚੜਹਿ ਹਜਾਰ॥<br>
ਏਤੇ ਚਾਨਣ ਹੋਦਿਆਂ<br>
ਗੁਰ ਬਿਨੁ ਘੋਰ ਅੰਧਾਰ॥੨॥<br>
(ਮਹਲਾ 2, ਪੰਨਾ 463)

ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਮਤਿ ਵਿਚ ਗਿਆਨ ਸਹੀ ਜਾਂ ਗਲਤ ਨਹੀਂ ਹੁੰਦਾ। ਗੁਰਮਤਿ ਅਨੁਸਾਰ ਜੋ ਸਹੀ ਹੈ-ਉਹ ਗਿਆਨ ਹੈ, ਜੋ ਸਹੀ ਜਾਂ ਸੱਚਾ ਨਹੀਂ-ਉਹ ਅਗਿਆਨ ਹੈ। ਗਿਆਨ ਚਾਨਣ ਹੈ ਅਤੇ ਅਗਿਆਨ ਅੰਧੇਰਾ ਹੈ। ਗਿਆਨ ਦੀ ਪ੍ਰਾਪਤੀ ਦੀ ਜ਼ਰੂਰਤ ਗੁਰੂ ਹੀ ਪੂਰੀ ਕਰ ਸਕਦਾ ਹੈ। ਪਰ ਕੁਝ ਮਨੁੱਖ ਅਜਿਹੇ ਵੀ ਹੁੰਦੇ ਹਨ ਜੋ ਆਪਣੇ ਆਪ ਨੂੰ ਬਹੁਤ ਚਤੁਰ ਕਹਾਉਂਦੇ ਹਨ ਅਤੇ ਗੁਰੂ ਦੀ ਲੋੜ ਨਹੀਂ ਸਮਝਦੇ। ਅਜਿਹੇ ਮਨੁੱਖਾਂ ਬਾਰੇ ਗੁਰੂ ਨਾਨਕ ਸਾਹਿਬ ਨੇ ਅਗਲੇ ਹੀ ਸਲੋਕ ਵਿਚ ਦੱਸਿਆ ਹੈ ਕਿ ਜੋ ਮਨੁੱਖ ਗੁਰੂ ਨੂੰ ਚੇਤੇ ਨਹੀਂ ਕਰਦੇ ਆਪਣੇ ਆਪ ਵਿਚ ਚਤੁਰ ਬਣਦੇ ਹਨ, ਸਿਆਣੇ ਬਣੇ ਹੋਏ ਹਨ ਉਹ ਤਿਲ ਦੇ ਉਸ ਬੂਟੇ ਵਾਂਗ ਹਨ ਜਿਸ ਨੂੰ ਕੋਈ ਫਲ ਨਹੀਂ ਪੈਂਦਾ। ਫਲ ਨਾ ਪੈਣ ਕਰਕੇ ਜਦੋਂ ਫਸਲ ਕੱਟੀ ਜਾਂਦੀ ਹੈ ਤਾਂ ਕਿਸਾਨ ਅਜਿਹੇ ਬੂਟੇ ਨੂੰ ਖੇਤ ਵਿਚ ਹੀ ਸੁੰਨਾ ਛੱਡ ਦਿੰਦਾ ਹੈ। ਉਹ ਉਥੇ ਗਲ-ਸੜ ਕੇ ਸੁਆਹ ਹੋ ਜਾਂਦਾ ਹੈ। ਅਜਿਹੇ ਬੂਆੜ ਤਿਲਾਂ ਦੇ ਬੂਟੇ ਨੂੰ ਫੁੱਲ ਵੀ ਪੈਂਦੇ ਹਨ ਅਤੇ ਫਲ ਵੀ ਲੱਗਦੇ ਹਨ ਪਰ ਉਨ੍ਹਾਂ ਫਲਾਂ ਵਿਚ ਸੁਆਹ ਭਰੀ ਹੁੰਦੀ ਹੈ। ਕਿਸੇ ਕੰਮ ਦੇ ਨਾ ਹੋਣ ਕਰਕੇ ਉਨ੍ਹਾਂ ਦਾ ਮਾਲਕ ਉਨ੍ਹਾਂ ਨੂੰ ਸੁੰਨੇ ਖੇਤ ਵਿਚ ਹੀ ਛੱਡ ਦਿੰਦਾ ਹੈ। ਬਿਨਾ ਗੁਰੂ ਤੋਂ ਮਨੁੱਖ ਦੀ ਵੀ ਇਹੀ ਹਾਲਤ ਹੁੰਦੀ ਹੈ,

ਨਾਨਕ ਗੁਰੂ ਨ ਚੇਤਨੀ<br>
ਮਨਿ ਆਪਣੈ ਸੁਚੇਤ॥<br>
ਛੁਟੇ ਤਿਲ ਬੂਆੜ ਜਿਉ<br>
ਸੁੰਞੇ ਅੰਦਰਿ ਖੇਤ॥<br>
ਖੇਤੈ ਅੰਦਰਿ ਛੁਟਿਆ<br>
ਕਹੁ ਨਾਨਕ ਸਉ ਨਾਹ॥<br>
ਫਲੀਅਹਿ ਫੁਲੀਅਹਿ ਬਪੁੜੇ ਭੀ<br>
ਤਨ ਵਿਚਿ ਸੁਆਹ॥੩॥<br>
(ਮਹਲਾ 1, ਪੰਨਾ 463)

ਇਨ੍ਹਾਂ ਤਿੰਨ ਸਲੋਕਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਮਤਿ ਵਿਚ ਗੁਰੂ ਨੂੰ ਮਨੁੱਖ ਨੂੰ ਰਸਤਾ ਦਿਖਾਉਣ ਵਾਲਾ ਅਤੇ ਗਿਆਨ ਦਾ ਸੋਮਾ ਮੰਨਿਆ ਗਿਆ ਹੈ। ਗੁਰੂ ਦੀ ਅਗਵਾਈ ਵਿਚ ਹੀ ਮਨੁੱਖ ਗਿਆਨ ਪ੍ਰਾਪਤ ਕਰ ਸਕਦਾ ਹੈ ਅਤੇ ਸਹੀ ਮਾਰਗ 'ਤੇ ਚੱਲ ਸਕਦਾ ਹੈ। ਇਨ੍ਹਾਂ ਤਿੰਨ ਸਲੋਕਾਂ ਤੋਂ ਬਾਅਦ ਪਹਿਲੀ ਪਉੜੀ ਵਿਚ ਦੱਸਿਆ ਗਿਆ ਹੈ ਕਿ ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਹੈ ਅਤੇ ਆਪ ਹੀ ਆਪਣਾ ਨਾਮਣਾ ਬਣਾਇਆ ਹੈ।

ਇਸੇ ਨੂੰ ਮੂਲ ਮੰਤਰ ਵਿਚ 'ਸੈਭੰ' ਕਿਹਾ ਗਿਆ ਹੈ, ਜਿਸ ਦਾ ਅਰਥ ਹੈ ਕਿ ਉਹ ਅਕਾਲ ਪੁਰਖ ਜੋ ਇਸ ਸੰਸਾਰ ਦਾ ਕਰਤਾ ਪੁਰਖ ਹੈ, ਉਸ ਨੇ ਆਪਣੀ ਰਚਨਾ ਆਪ ਹੀ ਆਪਣੇ ਆਪ ਤੋਂ ਕੀਤੀ ਹੈ। ਫਿਰ ਉਸ ਨੇ ਹੀ ਆਪਣੀ ਕੁਦਰਤਿ ਸਾਜੀ ਹੈ ਅਰਥਾਤ ਇਸ ਬ੍ਰਹਿਮੰਡ ਦੀ, ਸੰਸਾਰ ਦੀ ਆਪਣੇ ਆਪ ਤੋਂ ਰਚਨਾ ਕੀਤੀ ਹੈ। ਇਸ ਕੁਦਰਤਿ ਦੀ ਰਚਨਾ ਕਰਕੇ ਉਹ ਇਸ ਵਿਚ ਆਸਣ ਜਮਾ ਕੇ ਬੈਠ ਗਿਆ ਅਰਥਾਤ ਉਹ ਆਪਣੀ ਕੁਦਰਿਤ ਵਿਚ ਆਪ ਸਮਾਇਆ ਹੋਇਆ ਹੈ। ਉਸ ਦੀ ਹੋਂਦ ਕੁਦਰਤਿ ਦੇ ਜ਼ੱਰੇ ਜ਼ੱਰੇ ਵਿਚ ਹੈ ਅਤੇ ਇਸ ਕੁਦਰਤਿ ਵਿਚ ਵਿਆਪਕ ਹੋ ਕੇ ਉਹ ਸੰਸਾਰ ਦਾ ਤਮਾਸ਼ਾ ਦੇਖਣ ਬੈਠ ਗਿਆ। ਉਹ ਕਰਤਾ ਪੁਰਖ ਹੀ ਇਸ ਸੰਸਾਰ ਨੂੰ ਬੇਅੰਤ ਕਿਸਮ ਦੀਆਂ ਦਾਤਾਂ ਦੇਣ ਵਾਲਾ ਹੈ ਅਤੇ ਆਪ ਹੀ ਇਸ ਨੂੰ ਸਾਜਣ ਵਾਲਾ ਹੈ। ਉਹ ਨਿਹਾਲ ਹੋ ਕੇ, ਤੁਠ ਕੇ ਜੀਆਂ ਤੇ ਆਪਣੀਆਂ ਦਾਤਾਂ ਦੀ ਬਖਸ਼ਿਸ਼ ਕਰਦਾ ਹੈ। ਉਹ ਸਭ ਨੂੰ ਜਾਨਣ ਵਾਲਾ ਹੈ, ਸਭ ਨੂੰ ਜਾਣਦਾ ਹੈ। ਉਹ ਆਪ ਹੀ ਜੀਆਂ ਨੂੰ ਸਰੀਰ ਅਤੇ ਜਿੰਦ ਦਿੰਦਾ ਹੈ ਅਤੇ ਜਦੋਂ ਚਾਹੇ ਉਦੋਂ ਆਪ ਹੀ ਇਸ ਸਰੀਰ ਅਤੇ ਜਿੰਦ ਨੂੰ ਵਾਪਸ ਲੈ ਲੈਂਦਾ ਹੈ,

ਆਪੀਨੈ ਆਪੁ ਸਾਜਿਓ<br>
ਆਪੀਨੈ ਰਚਿਓ ਨਾਉ॥<br>
ਦੁਯੀ ਕੁਦਰਤਿ ਸਾਜੀਐ<br>
ਕਰਿ ਆਸਣੁ ਡਿਠੋ ਚਾਉ॥ (ਪੰਨਾ 463)

ਆਮ ਤੌਰ 'ਤੇ ਧਰਮ ਸ਼ਾਸਤਰਾਂ ਵਿਚ ਇਸ ਸੰਸਾਰ ਨੂੰ ਝੂਠਾ ਕਿਹਾ ਗਿਆ ਹੈ। ਹਿੰਦੂ ਸ਼ਾਸਤਰਾਂ, ਖਾਸ ਕਰਕੇ ਵੇਦਾਂਤ ਵਿਚ ਸੰਸਾਰ ਨੂੰ ਭਰਮ ਕਿਹਾ ਹੈ ਜਿਸ ਦੀ ਕੋਈ ਹੋਂਦ ਨਹੀਂ ਹੈ ਪਰ ਮਾਇਆ ਕਾਰਨ ਇਹ ਨਜ਼ਰ ਆਉਂਦਾ ਹੈ। ਗੁਰਬਾਣੀ ਅਨੁਸਾਰ ਇਹ ਸੰਸਾਰ ਭਰਮ ਨਹੀਂ ਹੈ, ਇਹ ਇੱਕ ਠੋਸ ਹਕੀਕਤ ਹੈ। ਇਹ ਸੰਸਾਰ ਸੱਚਾ ਹੈ। ਸੱਚੇ ਦਾ ਅਰਥ ਹੈ ਕਿ ਇਸ ਸੰਸਾਰ ਦੀ ਹੋਂਦ ਹੈ ਕਿਉਂਕਿ ਇਸ ਦੀ ਰਚਨਾ ਉਸ ਅਕਾਲ ਪੁਰਖ ਨੇ ਆਪਣੇ ਆਪ ਤੋਂ ਕੀਤੀ ਹੈ, ਜਿਸ ਦਾ ਜ਼ਿਕਰ ਉਪਰ ਪਉੜੀ ਵਿਚ ਕੀਤਾ ਗਿਆ ਹੈ। ਇਸ ਦੇ ਸੱਚ ਹੋਣ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਕਰਦੇ ਹਨ।

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਹ ਬ੍ਰਹਿਮੰਡ, ਖੰਡ ਇਹ ਸੰਸਾਰ ਦਾ ਜੋ ਸਿਲਸਿਲਾ ਚੱਲ ਰਿਹਾ ਹੈ ਇਹ ਸੱਚਾ ਹੈ। ਉਸ ਦੇ ਸਿਰਜੇ ਹੋਏ ਲੋਕ ਅਤੇ ਬੇਅੰਤ ਅਕਾਰ ਸੱਚੇ ਹਨ, ਇਨ੍ਹਾਂ ਦੀ ਹੋਂਦ ਹੈ, ਉਸ ਦੇ ਕੰਮ ਅਤੇ ਸਾਰੀਆਂ ਵਿਚਾਰਾਂ ਦੀ ਵੀ ਸਦੀਵੀ ਹੋਂਦ ਹੈ। ਉਸ ਅਕਾਲ ਪੁਰਖ ਦੀ ਪਾਤਿਸ਼ਾਹੀ, ਉਸ ਦਾ ਦਰਬਾਰ ਸਭ ਅਟੱਲ ਹਨ, ਉਸ ਦਾ ਹੁਕਮ ਅਤੇ ਫੁਰਮਾਨ ਸੱਚਾ ਹੈ, ਸਦੀਵੀ ਹੈ। ਉਸ ਕਰਤਾ ਪੁਰਖ ਦੀਆਂ ਬਖਸ਼ਿਸ਼ਾਂ ਵੀ ਸੱਚੀਆਂ ਹਨ ਅਤੇ ਬਖਸ਼ਿਸ਼ਾਂ ਦੇ ਨਿਸ਼ਾਨ ਵੀ ਹਮੇਸ਼ਾ ਲਈ ਕਾਇਮ ਹਨ। ਲੱਖਾਂ ਕਰੋੜਾਂ ਜੀਵ ਉਸ ਦਾ ਸਿਮਰਨ ਕਰ ਰਹੇ ਹਨ, ਉਹ ਵੀ ਸੱਚੇ ਹਨ। ਇਹ ਸਾਰੇ ਜੀਵ ਅਕਾਲ ਪੁਰਖ ਦੇ ਜ਼ੋਰ ਅਤੇ ਤਾਣ ਵਿਚ ਹਨ ਅਰਥਾਤ ਉਨ੍ਹਾਂ ਦੀ ਹਸਤੀ, ਉਨ੍ਹਾਂ ਦਾ ਆਸਰਾ ਅਕਾਲ ਪੁਰਖ ਹੈ। ਉਸ ਦੀ ਸਿਫਤ-ਸਾਲਾਹ ਕਰਨੀ ਉਸ ਦਾ ਇੱਕ ਅਟੱਲ ਸਿਲਸਿਲਾ ਹੈ, ਇਹ ਸਾਰੀ ਰਚਨਾ ਉਸ ਦਾ ਇੱਕ ਨਾ ਮੁੱਕਣ ਵਾਲਾ ਪ੍ਰਬੰਧ ਹੈ।

ਗੁਰੂ ਨਾਨਕ ਅਨੁਸਾਰ ਜਿਹੜੇ ਜੀਵ ਉਸ ਸਦਾ ਰਹਿਣ ਵਾਲੇ ਕਰਤਾ ਪੁਰਖ ਨੂੰ ਸਿਮਰਦੇ ਹਨ, ਉਹ ਭੀ ਉਸ ਦਾ ਰੂਪ ਹਨ, ਪਰ ਜੋ ਜੰਮਣ ਮਰਨ ਦੇ ਗੇੜ ਵਿਚ ਪਏ ਹਨ, ਜਿਨ੍ਹਾਂ ਨੇ ਆਪਣੇ ਜੋਤਿ ਸਰੂਪ ਹੋਣ ਦਾ ਹਾਲੇ ਅਨੁਭਵ ਨਹੀਂ ਕੀਤਾ ਉਹ ਕੱਚੇ ਹਨ,

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥<br>
ਸਚੇ ਤੇਰੇ ਲੋਅ ਸਚੇ ਆਕਾਰ॥<br>
ਸਚੇ ਤੇਰੇ ਕਰਣੇ ਸਰਬ ਬੀਚਾਰ॥<br>
(ਪੰਨਾ 463)

ਸੰਸਾਰ ਦੇ ਸੱਚਾ ਹੋਣ ਦਾ ਅਰਥ ਹੈ ਕਿ ਇਹ ਸੰਸਾਰ ਭਰਮ-ਮੂਲਕ ਨਹੀਂ ਹੈ। ਇਸ ਦੀ ਹੋਂਦ ਇੱਕ ਸੱਚਾਈ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਸੰਸਾਰਕ ਪਾਸਾਰ ਉਸ ਹਸਤੀ ਵਾਲੇ ਅਕਾਲ ਪੁਰਖ ਦਾ ਹੀ ਪਾਸਾਰ ਹੈ, ਇਸ ਲਈ ਇਸ ਦੀ ਵੀ ਹਸਤੀ ਹੈ। ਜਿਹੋ ਜਿਹੇ ਕਾਰਨ ਤੋਂ ਕੋਈ ਕਾਰਜ ਪੈਦਾ ਹੁੰਦਾ ਹੈ, ਉਹ ਕਾਰਜ ਵੀ ਉਸ ਕਾਰਨ ਵਰਗਾ ਹੀ ਹੁੰਦਾ ਹੈ। ਇਸ ਸੰਸਾਰ ਦਾ ਕਾਰਨ ਉਹ ਅਕਾਲ ਪੁਰਖ ਆਪ ਹੈ, ਜੋ ਸੱਚਾ ਹੈ। ਫਿਰ ਸੱਚੇ ਕਾਰਨ ਤੋਂ ਝੂਠਾ ਕਾਰਜ ਕਿਸ ਤਰ੍ਹਾਂ ਪੈਦਾ ਹੋ ਸਕਦਾ ਹੈ? ਇਸ ਸੰਸਾਰ ਦਾ ਸਿਲਸਿਲਾ ਸਥਾਈ ਹੈ ਪਰ ਇਹ ਸੰਸਾਰ ਨਾਸ਼ਵੰਤ ਹੈ ਕਿਉਂਕਿ ਇਹ ਪੈਦਾ ਕੀਤਾ ਹੋਇਆ ਹੈ। ਜੋ ਚੀਜ਼ ਪੈਦਾ ਹੁੰਦੀ ਹੈ ਉਸ ਨੇ ਇੱਕ ਦਿਨ ਬਿਨਸਣਾ ਵੀ ਹੁੰਦਾ ਹੈ। ਸਮੁੱਚੇ ਰੂਪ ਵਿਚ ਇਸ ਕੁਦਰਤਿ ਦਾ ਇੱਕ ਸਦੀਵੀ ਅਟੱਲ ਪ੍ਰਬੰਧ ਹੈ, ਜੋ ਚਲਦਾ ਰਹਿੰਦਾ ਹੈ ਪਰ ਇਹ ਪ੍ਰਬੰਧ ਚਲਾਇਮਾਨ ਹੈ ਅਰਥਾਤ ਇਸ ਵਿਚ ਸਮੇਤ ਮਨੁੱਖ ਅਤੇ ਬਨਸਪਤੀ ਦੇ ਸਾਰੇ ਜੀਵ-ਜੰਤੂ ਨਾਸ਼ਵੰਤ ਹਨ।

ਮੂਲ ਮੰਤਰ ਵਿਚ ਉਸ ਅਕਾਲ ਪੁਰਖ ਦੀ ਸਦੀਵੀ ਹੋਂਦ ਨੂੰ ਦਰਸਾਉਣ ਲਈ ਉਸ ਨੂੰ 'ਸਤਿਨਾਮ' ਕਿਹਾ ਗਿਆ ਹੈ। ਸਤਿ ਤੋਂ ਭਾਵ ਹੈ ਕਿ ਉਸ ਦੀ ਹਸਤੀ ਹੈ। ਇਥੇ ਅਗਲੇ ਸਲੋਕ ਵਿਚ ਗੁਰੂ ਨਾਨਕ ਉਸ ਪਰਮਾਤਮਾ ਦੀ ਸਿਫਤ-ਸਾਲਾਹ ਦੱਸਦੇ ਹਨ ਕਿ ਉਸ ਪਰਮਾਤਮਾ ਦੀ ਸਿਫਤ ਨਹੀਂ ਕੀਤੀ ਜਾ ਸਕਦੀ ਜਿਸ ਦਾ ਨਾਮ ਵੱਡਾ ਹੈ। ਇਹ ਉਸ ਦਾ ਗੁਣ ਹੈ ਕਿ ਉਸ ਦਾ ਨਾਮ ਸਦਾ ਅਟੱਲ, ਸਦੀਵੀ ਹੈ। ਉਸ ਦਾ ਆਸਣ ਸਦਾ ਅਟੱਲ ਹੈ ਇਹ ਉਸ ਦੀ ਵੱਡੀ ਸਿਫਤ ਹੈ। ਇਹ ਉਸ ਅਕਾਲ ਪੁਰਖ ਦਾ ਗੁਣ ਹੈ ਕਿ ਉਹ ਸਾਰੇ ਪ੍ਰਾਣੀਆਂ ਦੀਆਂ ਅਰਦਾਸਾਂ ਨੂੰ ਜਾਣਦਾ ਹੈ ਅਤੇ ਹਰ ਇੱਕ ਦੇ ਦਿਲ ਦੀ ਗੱਲ ਨੂੰ ਸਮਝਦਾ ਹੈ ਅਰਥਾਤ ਉਹ ਜਾਣੀ-ਜਾਣ ਹੈ। ਇਹ ਵੀ ਉਸ ਦੀ ਇੱਕ ਵੱਡੀ ਵਡਿਆਈ ਹੈ ਕਿ ਉਹ ਕਿਸੇ ਨੂੰ ਪੁੱਛ ਕੇ ਜਾਂ ਕਿਸੇ ਦੀ ਸਲਾਹ ਲੈ ਕੇ ਦਾਤਾਂ ਦੀ ਬਖਸ਼ਿਸ਼ ਨਹੀਂ ਕਰਦਾ, ਆਪ ਹੀ ਜੀਵਾਂ ਨੂੰ ਬੇਅੰਤ ਦਾਤਾਂ ਦਿੰਦਾ ਹੈ। ਉਸ ਵਰਗੀ ਹਸਤੀ ਕਿਸੇ ਹੋਰ ਦੀ ਨਹੀਂ ਹੈ। ਉਸ ਨੇ ਇਸ ਸੰਸਾਰ ਦੀ ਰਚਨਾ ਆਪਣੇ ਹੁਕਮ ਵਿਚ ਕੀਤੀ ਹੈ, ਇਸ ਲਈ ਉਸ ਦੀ ਬੇਅੰਤ ਕੁਦਰਤਿ ਦਾ ਬਿਆਨ ਨਹੀਂ ਕੀਤਾ ਜਾ ਸਕਦਾ (ਇਸੇ ਨੂੰ ਜਪੁਜੀ ਸਾਹਿਬ ਵਿਚ 'ਕਰਤੇ ਕੈ ਕਰਣੈ ਨਾਹੀ ਸੁਮਾਰੁ' ਕਿਹਾ ਹੈ),

ਵਡੀ ਵਡਿਆਈ ਜਾ ਵਡਾ ਨਾਉ॥<br>
ਵਡੀ ਵਡਿਆਈ ਜਾ ਨਿਹਚਲ ਥਾਉ॥<br>
(ਪੰਨਾ 463)

ਅਗਲੇ ਸਲੋਕ ਵਿਚ ਗੁਰੂ ਅੰਗਦ ਦੇਵ ਇਸੇ ਸਿਧਾਂਤ ਦੀ ਪ੍ਰੋੜਤਾ ਵਿਚ ਉਸ ਕਰਤਾ ਪੁਰਖ ਦੀ ਸਿਫਤ-ਸਾਲਾਹ ਕਰਦੇ ਹੋਏ ਇਸ ਸੰਸਾਰ ਨੂੰ ਉਸ ਅਕਾਲ ਪੁਰਖ ਦਾ ਨਿਵਾਸ ਸਥਾਨ ਕਹਿੰਦੇ ਹਨ। ਉਹ ਇਸ ਜਗਤ ਨੂੰ ਸੱਚੇ ਪਰਮਾਤਮਾ ਦੀ 'ਕੋਠੜੀ' ਕਹਿੰਦੇ ਹਨ ਜਿਸ ਵਿਚ ਉਹ ਸੱਚਾ ਵੱਸ ਰਿਹਾ ਹੈ। ਇਹ ਉਸ ਦੇ ਰਹਿਣ ਦੀ ਥਾਂ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ 'ਸੱਚੇ' ਦੇ ਰਹਿਣ ਦੀ ਥਾਂ ਝੂਠੀ ਕਿਵੇਂ ਹੋ ਸਕਦੀ ਹੈ?

ਇਸ ਸੰਸਾਰ ਵਿਚ ਉਸ ਦੇ ਵਰਤ ਰਹੇ ਹੁਕਮ ਦੀ ਗੱਲ ਕਰਦਿਆਂ ਅੱਗੇ ਦੱਸਦੇ ਹਨ ਕਿ ਉਹ ਆਪਣੇ ਹੁਕਮ ਵਿਚ ਹੀ ਇਸ ਭਵ-ਸਾਗਰ ਸੰਸਾਰ ਤੋਂ ਬੰਦਿਆਂ ਨੂੰ ਪਾਰ ਲੈ ਜਾਂਦਾ ਹੈ, ਆਪਣੇ ਚਰਨ-ਕੰਵਲਾਂ ਦੀ ਪ੍ਰੀਤ ਬਖਸ਼ਿਸ਼ ਕਰਦਾ ਹੈ ਅਤੇ ਹੁਕਮ ਵਿਚ ਹੀ ਡੋਬ ਦਿੰਦਾ ਹੈ। ਭਾਵ ਕਈ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਮਾਇਆ ਦੇ ਮੋਹ ਤੋਂ ਨਿਰਲੇਪ ਕਰ ਦਿੰਦਾ ਹੈ ਅਤੇ ਕਈ ਜੀਵਾਂ ਨੂੰ ਮਾਇਆ ਵਿਚ ਹੀ ਫਸਾਈ ਰੱਖਦਾ ਹੈ। ਇਹ ਗੱਲ ਬਿਆਨ ਕਰ ਸਕਣਾ ਮੁਸ਼ਕਿਲ ਹੈ ਕਿ ਕਰਤਾ ਪੁਰਖ ਰੱਬ ਕਿਸ ਦਾ ਬੇੜਾ ਪਾਰ ਲਾਉਂਦਾ ਹੈ। ਜਿਸ 'ਤੇ ਮਿਹਰ ਕਰਦਾ ਹੈ, ਜਿਸ ਕਿਸਮਤ ਵਾਲੇ ਨੂੰ ਚਾਨਣ ਬਖ਼ਸ਼ਦਾ ਹੈ, ਉਸ ਨੂੰ ਗੁਰੂ ਰਾਹੀਂ ਇਸ ਗੱਲ ਦੀ ਸਮਝ ਪੈਂਦੀ ਹੈ ਅਰਥਾਤ ਉਸ ਦੇ ਹੁਕਮ ਨੂੰ ਸਮਝਣ ਲਈ ਗੁਰੂ ਦੀ ਲੋੜ ਪੈਂਦੀ ਹੈ, ਗੁਰੂ ਨਾਲ ਮਿਲਾਪ ਰੱਬ ਦੀ ਮਿਹਰ ਸਦਕਾ ਹੁੰਦਾ ਹੈ,

ਇਹੁ ਜਗੁ ਸਚੈ ਕੀ ਹੈ ਕੋਠੜੀ<br>
ਸਚੇ ਕਾ ਵਿਚਿ ਵਾਸੁ॥<br>
ਇਕਨ੍ਹਾ ਹੁਕਮਿ ਸਮਾਇ ਲਏ<br>
ਇਕਨ੍ਹਾ ਹੁਕਮੇ ਕਰੇ ਵਿਣਾਸੁ॥<br>
ਇਕਨ੍ਹਾ ਭਾਣੈ ਕਢਿ ਲਏ<br>
ਇਕਨ੍ਹਾ ਮਾਇਆ ਵਿਚਿ ਨਿਵਾਸੁ॥<br>
ਏਵ ਭਿ ਆਖਿ ਨ ਜਾਪਈ<br>
ਜਿ ਕਿਸੈ ਆਣੈ ਰਾਸਿ॥<br>
ਨਾਨਕ ਗੁਰਮੁਖਿ ਜਾਣੀਐ<br>
ਜਾ ਕਉ ਆਪਿ ਕਰੇ ਪਰਗਾਸੁ॥<br>
(ਪੰਨਾ 463)

(ਚਲਦਾ)

## ਪਾਰਬ੍ਰਹਮੁ ਹੋਆ ਸਹਾਈ...

ਗੁਰਬਾਣੀ ਗਿਆਨ

**ਸੋਰਠ ਮਹਲਾ ੫**<br>
ਪਾਰਬ੍ਰਹਮੁ ਹੋਆ ਸਹਾਈ<br>
ਕਥਾ ਕੀਰਤਨੁ ਸੁਖਦਾਈ॥<br>
ਗੁਰ ਪੂਰੇ ਕੀ ਬਾਣੀ<br>
ਜਪਿ ਅਨਦੁ ਕਰਹੁ ਨਿਤ ਪ੍ਰਾਣੀ॥੧॥<br>
ਹਰਿ ਸਾਚਾ ਸਿਮਰਹੁ ਭਾਈ॥<br>
ਸਾਧਸੰਗਿ ਸਦਾ ਸੁਖੁ ਪਾਈਐ<br>
ਹਰਿ ਬਿਸਰਿ ਨ ਕਬਹੂ ਜਾਈ॥ਰਹਾਉ॥<br>
ਅੰਮ੍ਰਿਤ ਨਾਮੁ ਪਰਮੇਸਰੁ ਤੇਰਾ<br>
ਜੋ ਸਿਮਰੈ ਸੋ ਜੀਵੈ॥<br>
ਜਿਸ ਨੋ ਕਰਮਿ ਪਰਾਪਤਿ ਹੋਵੈ<br>
ਸੋ ਜਨੁ ਨਿਰਮਲੁ ਥੀਵੈ॥੨॥<br>
ਬਿਘਨ ਬਿਨਾਸਨ ਸਭਿ ਦੁਖ ਨਾਸਨ<br>
ਗੁਰ ਚਰਣੀ ਮਨੁ ਲਾਗਾ॥<br>
ਗੁਣ ਗਾਵਤ ਅਚੁਤ ਅਬਿਨਾਸੀ<br>
ਅਨਦਿਨੁ ਹਰਿ ਰੰਗਿ ਜਾਗਾ॥੩॥<br>
ਮਨ ਇਛੇ ਸੇਈ ਫਲ ਪਾਏ<br>
ਹਰਿ ਕੀ ਕਥਾ ਸੁਹੇਲੀ॥<br>
ਆਦਿ ਅੰਤਿ ਮਧਿ ਨਾਨਕ ਕਉ<br>
ਸੋ ਪ੍ਰਭੁ ਹੋਆ ਬੇਲੀ॥

ਸ੍ਰੀ ਗੁਰੂ ਅਰਜਨ ਦੇਵ ਬਖਸ਼ਿਸ਼ ਕਰਦੇ ਆਖਦੇ ਹਨ-ਹੇ ਭਾਈ! ਜਦ ਉਹ ਮਿਹਰਵਾਨ ਪ੍ਰਭ ਜੀ ਮਿਹਰਾਂ ਵਿਚ ਆ ਕੇ ਜੀਵ ਦੀ ਸਹਾਇਤਾ ਕਰਦਾ ਹੈ; ਕਥਾ ਕੀਰਤਨੁ ਸੁਖਦਾਈ, ਤਾਂ ਫਿਰ ਇਸ ਜੀਵ ਨੂੰ ਸਤਿਸੰਗ ਵਿਚ ਬੈਠ ਕੇ ਕਥਾ ਅਤੇ ਕੀਰਤਨ ਸੁਖਦਾਇਕ ਲਗਣ ਲਗ ਜਾਂਦੇ ਹਨ। ਗੁਰ ਪੂਰੇ ਕੀ ਬਾਣੀ, ਭਾਵ ਹੇ ਜੀਵ! ਤੂੰ ਸਦਾ ਹੀ ਪੂਰੇ ਗੁਰੂ ਦੀ ਬਾਣੀ ਰਾਹੀਂ ਪ੍ਰਭੂ ਸਿਫਤ ਸਲਾਹ ਕਰਿਆ ਕਰ; ਜਪਿ ਅਨਦੁ ਕਰਹੁ ਨਿਤ ਪ੍ਰਾਣੀ, ਭਾਵ ਹੇ ਭਾਈ! ਬਾਣੀ ਪੜ੍ਹ ਕੇ ਤੈਨੂੰ ਆਤਮਿਕ ਅਨੰਦ ਮਿਲੇਗਾ।

ਹਰਿ ਸਾਚਾ ਸਿਮਰਹੁ ਭਾਈ॥<br>
ਸਾਧਸੰਗਿ ਸਦਾ ਸੁਖੁ ਪਾਈਐ<br>
ਹਰਿ ਬਿਸਰਿ ਨ ਕਬਹੂ ਜਾਈ॥ਰਹਾਉ॥

ਅੱਗੇ ਸਤਿਗੁਰ ਪਿਤਾ ਜੀ ਆਖਦੇ ਹਨ- ਹਰਿ ਸਾਚਾ ਸਿਮਰਹੁ ਭਾਈ, ਭਾਵ ਹੇ ਜੀਵ! ਉਹ ਪਰਮੇਸਰ ਜੋ ਸਦਾ ਹੀ ਅਟੱਲ ਤੇ ਕਾਇਮ ਰਹਿਣ ਵਾਲਾ ਹੈ, ਉਸ ਨੂੰ ਹਰ ਸਮੇਂ ਹਰ ਵੇਲੇ ਹੀ ਯਾਦ ਕਰਿਆ ਕਰੋ ਅਤੇ ਉਸ ਦੇ ਨਾਮ ਦਾ ਸਿਮਰਨ ਭੀ ਕੀਤਾ ਕਰੋ। ਸਾਧਸੰਗਿ ਸਦਾ ਸੁਖੁ ਪਾਈਐ, ਹੇ ਭਾਈ! ਜਦੋਂ ਜੀਵ ਸਾਧ-ਸੰਗਤ ਵਿਚ ਬੈਠ ਕੇ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦਾ ਹੈ ਤਾਂ ਉਸ ਨੂੰ ਸਦਾ ਲਈ ਹੀ ਆਤਮਿਕ ਅਨੰਦ ਪ੍ਰਾਪਤ ਹੋ ਜਾਂਦਾ ਹੈ; ਹਰਿ ਬਿਸਰਿ ਨ ਕਬਹੂ ਜਾਈ, ਭਾਵ ਸਤਿਸੰਗੀ ਜੀਵ ਨੂੰ ਫਿਰ ਪ੍ਰਭੂ ਕਦੇ ਵੀ ਭੁੱਲਦਾ ਨਹੀਂ।

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ<br>
ਜੋ ਸਿਮਰੈ ਸੋ ਜੀਵੈ॥<br>
ਜਿਸ ਨੋ ਕਰਮਿ ਪਰਾਪਤਿ ਹੋਵੈ<br>
ਸੋ ਜਨੁ ਨਿਰਮਲੁ ਥੀਵੈ॥੨॥

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ, ਭਾਵ ਹੇ ਜਗਤ ਦੇ ਮਾਲਕ ਸੋਹਣੇ ਪ੍ਰਭ ਜੀਓ! ਤੇਰਾ ਨਾਮ ਰੂਪੀ ਅੰਮ੍ਰਿਤ ਤਾਂ ਆਤਮਿਕ ਜੀਵਨ ਦੇਣ ਵਾਲਾ ਹੈ; ਜੋ ਸਿਮਰੈ ਸੋ ਜੀਵੈ, ਭਾਵ ਹੇ ਮੇਰੇ ਮਿਹਰਬਾਨ ਪ੍ਰਭ ਜੀਓ! ਜੋ ਜੀਵ ਤੇਰੇ ਨਾਮ ਦਾ ਸਿਮਰਨ ਕਰਦਾ ਹੈ, ਉਹ ਫਿਰ ਉਚਾ ਆਤਮਿਕ ਜੀਵਨ ਪ੍ਰਾਪਤ ਕਰ ਲੈਂਦਾ ਹੈ; ਜਿਸ ਨੋ ਕਰਮਿ ਪਰਾਪਤਿ ਹੋਵੈ, ਭਾਵ ਹੇ ਮਿਹਰਾਂ ਦੇ ਮਾਲਕ ਪ੍ਰਭ ਜੀ! ਜਿਸ ਜੀਵ ਨੂੰ ਤੇਰੀ ਕ੍ਰਿਪਾ ਸਦਕਾ ਤੇਰਾ ਨਾਮ ਮਿਲ ਜਾਂਦਾ ਹੈ; ਸੋ ਜਨੁ ਨਿਰਮਲੁ ਥੀਵੈ, ਭਾਵ ਉਹ ਜੀਵ ਤੇਰੀ ਹੀ ਕ੍ਰਿਪਾ ਸਦਕਾ ਨਿਰਮਲ ਸੁਚੇ ਜੀਵਨ ਵਾਲਾ ਬਣ ਜਾਂਦਾ ਹੈ।

ਬਿਘਨ ਬਿਨਾਸ ਸਭਿ ਦੁਖ ਨਾਸਨ<br>
ਗੁਰ ਚਰਣੀ ਮਨੁ ਲਾਗਾ॥<br>
ਗੁਣ ਗਾਵਤ ਅਚੁਤ ਅਬਿਨਾਸੀ<br>
ਅਨਦਿਨੁ ਹਰਿ ਰੰਗਿ ਜਾਗਾ॥੩॥

ਬਿਘਨ ਬਿਨਾਸ ਸਭਿ ਦੁਖ ਨਾਸਨ, ਭਾਵ ਹੇ ਭਾਈ! ਜਿਨ੍ਹਾਂ ਵਡਭਾਗੇ ਜੀਵਾਂ ਦਾ; ਗੁਰ ਚਰਣੀ ਮਨੁ ਲਾਗਾ, ਭਾਵ ਗੁਰੂ ਦੇ ਸੋਹਣੇ ਚਰਨਾਂ ਵਿਚ ਮਨ ਜੁੜ ਗਿਆ, ਉਨ੍ਹਾਂ ਦੇ ਉਚੇ-ਸੁਚੇ ਜੀਵਨ ਦੀਆਂ ਸਾਰੀਆਂ ਹੀ ਦੁਖ-ਤਕਲੀਫਾਂ ਤੇ ਮੁਸ਼ਕਿਲਾਂ ਦੂਰ ਹੋ ਗਈਆਂ ਕਿਉਂਕਿ ਗੁਰੂ ਦੀ ਬਖ਼ਸ਼ਿਸ਼ ਨਾਲ ਜੀਵ ਦੇ ਸਾਰੇ ਦੁਖ-ਕਲੇਸ਼ ਮੁਕ ਜਾਂਦੇ ਹਨ। ਗੁਣ ਗਾਵਤ ਅਚੁਤ ਅਬਿਨਾਸੀ, ਭਾਵ ਜੋ ਜੀਵ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ, ਉਹ ਮੋਹ ਦੀ ਨੀਂਦ ਵਿਚ ਜਾਗ ਪਏ ਤੇ ਪ੍ਰਭੂ ਰੰਗ ਵਿਚ ਸਦਾ ਲਈ ਰੰਗੇ ਗਏ।

ਮਨ ਇਛੇ ਸੇਈ ਫਲ ਪਾਏ<br>
ਹਰਿ ਕੀ ਕਥਾ ਸੁਹੇਲੀ॥<br>
ਆਦਿ ਅੰਤਿ ਮਧਿ ਨਾਨਕ ਕਉ<br>
ਸੋ ਪ੍ਰਭੁ ਹੋਆ ਬੇਲੀ॥

ਗੁਰਦੇਵ ਆਖਦੇ ਹਨ-ਮਨ ਇਛੇ ਸੇਈ ਫਲ ਪਾਏ, ਭਾਵ ਜੋ ਜੀਵ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜ ਕੇ ਉਹਦੇ ਗੁਣਾਂ ਦਾ ਗਾਇਨ ਕਰਦੇ ਹਨ, ਉਨ੍ਹਾਂ ਨੂੰ ਮਨਚਾਹੇ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ; ਹਰਿ ਕੀ ਕਥਾ ਸੁਹੇਲੀ, ਫਿਰ ਉਨ੍ਹਾਂ ਨੂੰ ਹਰੀ ਨਾਮ ਦੀ ਚਰਚਾ ਅਤਿ ਸੁਖਦਾਈ ਲਗਦੀ ਹੈ; ਆਦਿ ਅੰਤਿ ਮਧਿ ਨਾਨਕ ਕਉ, ਭਾਵ ਇਹ ਨਾਨਕ ਆਖਦਾ ਹੈ ਕਿ ਆਦਿ ਸ਼ੁਰੂ ਤੇ ਮਧ ਵਿਚਕਾਰ ਵੀ, ਅਤੇ ਅਖੀਰ ਤਕ ਵੀ; ਸੋ ਪ੍ਰਭੁ ਹੋਆ ਬੇਲੀ, ਉਹ ਮਿਹਰਬਾਨ ਜਗਤ ਪਿਤਾ ਨਾਨਕ ਦਾ ਸਦਾ ਲਈ ਸਾਥੀ ਬਣ ਗਿਆ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ<br>
ਫੋਨ: 916-687-3536

# ਮੈਕਾਲਿਫ ਦੀ ਘਾਲਣਾ ਦਾ ਇਹ ਫਲ!

**ਮੈਕਾਲਿਫ ਦੀ ਸੌਵੀਂ ਬਰਸੀ-4**



*ਅੰਗਰੇਜ਼ ਵਿਦਵਾਨ ਮੈਕਸ ਆਰਥਰ ਮੈਕਾਲਿਫ (10 ਸਤੰਬਰ 1841-15 ਮਾਰਚ 1913) 1862 ਵਿਚ ਆਈ. ਸੀ. ਐਸ. ਅਫਸਰ ਬਣਿਆ ਅਤੇ ਫਰਵਰੀ 1864 ਵਿਚ ਪੰਜਾਬ ਆਇਆ। ਉਹ 1893 ਵਿਚ ਆਈ. ਸੀ. ਐਸ. ਅਫਸਰ ਵਜੋਂ ਰਿਟਾਇਰ ਹੋਇਆ। ਉਹ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰ ਕੇ ਇੰਨਾ ਨਿਹਾਲ ਹੋਇਆ ਕਿ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਯੂਰਪ ਵਿਚ ਪੁੱਜਦਾ ਕਰਨ ਲਈ ਇਸ ਦਾ ਅੰਗਰੇਜ਼ੀ 'ਚ ਤਰਜਮਾ ਕਰਨਾ ਅਰੰਭਿਆ। ਉਸ ਨੂੰ ਇਸ ਮਾਮਲੇ ਵਿਚ ਉਸ ਦੇ ਆਪਣੇ ਈਸਾਈ ਭਾਈਚਾਰੇ ਵਲੋਂ ਵਿਰੋਧ ਦਾ ਸਾਹਮਣਾ ਤਾਂ ਕਰਨਾ ਹੀ ਪਿਆ, ਸਿੱਖ ਭਾਈਚਾਰੇ ਨੇ ਵੀ ਉਸ ਦੇ ਰਾਹ ਵਿਚ ਕਈ ਤਰ੍ਹਾਂ ਦੀਆਂ ਅੜਿਚਣਾਂ ਡਾਹੀਆਂ। ਅੱਜ ਗੁਰੂ ਗ੍ਰੰਥ ਸਾਹਿਬ ਦੇ ਤਰਜਮੇ ਕਰ ਕੇ ਸਿੱਖ ਪੰਥ ਵਿਚ ਉਹਦਾ ਬਹੁਤ ਇੱਜ਼ਤ-ਮਾਣ ਹੈ। ਮੈਕਾਲਿਫ ਦੀ ਸੌਵੀਂ ਬਰਸੀ ਮੌਕੇ ਉਘੇ ਕਹਾਣੀਕਾਰ ਤੇ ਪੱਤਰਕਾਰ (ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ) ਗੁਰਬਚਨ ਸਿੰਘ ਭੁੱਲਰ ਵੱਲੋਂ ਲਿਖੀ ਲੇਖ ਲੜੀ ਦੀ ਚੌਥੀ ਅਤੇ ਆਖਰੀ ਕਿਸ਼ਤ ਛਾਪ ਰਹੇ ਹਾਂ। -ਸੰਪਾਦਕ*

ਮੈਕਾਲਿਫ ਜਦੋਂ ਆਪਣੀ ਛੇ-ਜਿਲਦੀ ਅੰਗਰੇਜ਼ੀ ਪੁਸਤਕ 'ਦਿ ਸਿੱਖ ਰਿਲੀਜਨ' ਲੈ ਕੇ ਹਿੰਦੁਸਤਾਨ ਪਰਤਿਆ, ਉਹਨੂੰ ਪਤਾ ਲੱਗਿਆ ਕਿ ਨੇੜ-ਭਵਿੱਖ ਵਿਚ ਰਾਵਲਪਿੰਡੀ ਵਿਚ ਸਿੱਖ ਵਿਦਿਅਕ ਕਾਨਫਰੰਸ ਹੋਣ ਵਾਲੀ ਹੈ। ਉਹਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਉਹਨੂੰ ਲਗਿਆ ਜਿਵੇਂ ਪੜ੍ਹੇ-ਲਿਖੇ ਸਿੱਖਾਂ ਦਾ ਇਹ ਇਕੱਠ ਉਹਦੇ ਭਾਗਾਂ ਨੂੰ ਹੀ ਜੁੜ ਰਿਹਾ ਹੋਵੇ। ਉਹਦੇ ਉਤਸ਼ਾਹ ਦਾ ਕਾਰਨ ਇਹ ਵੀ ਸੀ ਕਿ ਉਹ ਸਿੱਖਾਂ ਕੋਲ ਕਿਸੇ ਮਾਇਕ ਜਾਂ ਹੋਰ ਸਹਾਇਤਾ ਦੀ ਮੰਗ ਨਾਲ ਨਹੀਂ ਸੀ ਜਾ ਰਿਹਾ। ਉਹਦੇ ਲਈ ਇਹ ਦੌਰ ਲੰਘ ਚੁੱਕਿਆ ਸੀ। ਆਪਣੀ ਜਾਇਦਾਦ ਦਾ ਇਕ ਹਿੱਸਾ ਵੇਚ ਕੇ ਉਹਨੇ ਛਪਾਈ ਸਮੇਂ ਦੇ ਆਪਣੇ ਖਰਚੇ ਨਿਭਾ ਲਏ ਸਨ। ਹੁਣ ਉਹਨੂੰ ਮਾਇਆ ਦੀ ਨਹੀਂ, ਮਨਜ਼ੂਰੀ ਦੀ ਲੋੜ ਸੀ। ਉਹਦਾ ਉਦੇਸ਼ ਬੜਾ ਸਰਲ-ਸਾਧਾਰਨ ਤੇ ਸੌਖਾ ਸੀ। ਬੱਸ ਸਿੱਖ ਉਹਦੀ ਘਾਲਣਾ ਉਤੇ ਪ੍ਰਵਾਨਗੀ ਅਤੇ ਪ੍ਰਸ਼ੰਸਾ ਦੀ ਮੋਹਰ ਲਾ ਦੇਣ! ਉਹਨੂੰ ਮਾਣ ਸੀ ਕਿ ਨਾਲੋ-ਨਾਲ ਸਮਰੱਥ ਵਿਅਕਤੀਆਂ ਦੀ ਨਿਰਖ-ਪਰਖ ਵਿਚੋਂ ਲੰਘਿਆ ਹੋਣ ਸਦਕਾ ਉਹਦੇ ਕੀਤੇ ਅਨੁਵਾਦ ਉਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕੇਗਾ। ਉਹਦੇ ਅਨੁਵਾਦ ਵਿਚ ਕਾਵਿਕਤਾ ਜਾਂ ਭਾਸ਼ਾਈ ਉਡਾਣ ਦੀ ਕੁਛ ਕਸਰ ਦਾ ਜ਼ਿਕਰ ਕਰਨ ਵਾਲੇ ਵੀ ਇਹ ਸਮਝਦੇ ਸਨ ਕਿ ਸਿੱਖਾਂ ਦੀ ਸ਼ਰਧਾ-ਭਾਵਨਾ ਬਾਰੇ ਪੂਰੀ ਤਰ੍ਹਾਂ ਸਚੇਤ ਰਹਿੰਦਿਆਂ ਅਤੇ ਮੂਲ ਦੇ ਵੱਧ ਤੋਂ ਵੱਧ ਅਨੁਸਾਰ ਰਹਿੰਦਿਆਂ ਇਹ ਵਧੀਆ ਅਨੁਵਾਦ ਹੈ। ਬਹੁਤ ਸਾਰੇ ਸਿੱਖ ਵਿਦਵਾਨਾਂ ਨੂੰ ਇਹ ਸੰਤੋਖ ਵੀ ਸੀ ਕਿ ਮੈਕਾਲਿਫ ਨੇ ਕਥਾ-ਵਿਆਖਿਆ ਦੀ ਮੌਖਿਕ ਪਰੰਪਰਾ ਨੂੰ, ਜਿਸ ਕਾਰਨ ਗਿਆਨ ਦੀਆਂ ਗੱਲਾਂ ਕਈ ਵਾਰ ਸਮੇਂ ਦੀ ਧੁੰਦ ਵਿਚ ਗੁਆਚ ਹੀ ਜਾਂਦੀਆਂ ਸਨ, ਕਲਮਬੰਦ ਕਰਨ ਦਾ ਪਹਿਲੀ ਵਾਰ ਉਦਮ ਕੀਤਾ ਸੀ।



**ਗੁਰਬਚਨ ਸਿੰਘ ਭੁੱਲਰ**
ਫੋਨ: 91-11-65736868
bhullargs@gmail.com

ਉਹਨੂੰ ਯਕੀਨ ਸੀ ਕਿ ਉਹਦੀ ਇਹ ਮੰਗ ਏਨੀ ਨਿਰਵਿਵਾਦ ਹੈ ਕਿ ਇਸ ਨੂੰ ਮੰਨੇ ਜਾਣ ਵਿਚ ਕੋਈ ਰੁਕਾਵਟ ਨਹੀਂ ਆਉਣ ਲੱਗੀ। ਉਹਦੀ ਸੁਹਿਰਦਤਾ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਅਨੁਵਾਦ ਦੇ ਆਪਣੇ ਕੰਮ ਦਾ ਆਕਾਰ ਦੇਖਦਿਆਂ 1893 ਵਿਚ ਉਹਨੇ ਨੌਕਰੀ ਤੋਂ ਅਸਤੀਫਾ ਇਸ ਕਾਰਨ ਦਿੱਤਾ ਸੀ ਤਾਂ ਜੋ ਉਹ ਆਪਣਾ ਪੂਰਾ ਸਮਾਂ ਇਧਰ ਲਾ ਸਕੇ ਅਤੇ ਸਿੱਖ ਧਰਮ ਦੇ ਮੰਨਣ ਵਾਲਿਆਂ ਨੂੰ ਇਹ ਅਨਮੋਲ ਸੁਗਾਤ ਖਾਲਸੇ ਦੀ ਸਿਰਜਣਾ ਦੀ 200ਵੀਂ ਵਰ੍ਹੇਗੰਢ ਸਮੇਂ 1899 ਵਿਚ ਭੇਟ ਕਰ ਸਕੇ। ਇਹ ਅਨੁਵਾਦ ਵਿਚ ਆਉਂਦੀਆਂ ਰਹੀਆਂ ਅਣਕਿਆਸੀਆਂ ਮੁਸ਼ਕਲਾਂ ਅਤੇ ਵੱਸੋਂ ਬਾਹਰੀਆਂ ਆਰਥਕ ਤੰਗੀਆਂ ਸਨ ਜਿਨ੍ਹਾਂ ਨੇ ਉਹਦੀ ਇਹ ਇੱਛਾ ਪੂਰੀ ਨਾ ਹੋਣ ਦਿੱਤੀ। ਦਸ-ਬਾਰਾਂ ਸਾਲ ਪਛੜ ਕੇ ਹੀ ਸਹੀ, ਆਖਰ ਉਹਦੀ ਰੀਝ ਤੇ ਮਨੋਕਾਮਨਾ ਪੂਰੀ ਹੋਣ ਲੱਗੀ ਸੀ, ਉਹਦੇ ਲਈ ਇਹ ਕੋਈ ਛੋਟੀ ਗੱਲ ਨਹੀਂ ਸੀ।

1911 ਵਾਲੀ ਸਿੱਖ ਵਿਦਿਅਕ ਕਾਨਫਰੰਸ ਦੀਆਂ ਤਾਰੀਖਾਂ ਤੈਅ ਹੋਈਆਂ ਤਾਂ ਮੈਕਾਲਿਫ ਨੇ ਪ੍ਰਬੰਧਕਾਂ ਨੂੰ ਆਪਣੇ ਪਹੁੰਚਣ ਦੀ ਤਾਰ ਸਮੇਂ ਸਿਰ ਭੇਜ ਦਿੱਤੀ। ਇਸ ਅਗੇਤੀ ਸੂਚਨਾ ਦੇ ਬਾਵਜੂਦ ਉਹਨੂੰ ਸਟੇਸ਼ਨ ਤੋਂ ਲੈਣ ਕੋਈ ਨਾ ਪਹੁੰਚਿਆ। ਉਹਦੇ ਸਾਰੇ ਕਾਰਜ ਵਿਚ ਭਾਈ ਕਾਨ੍ਹ ਸਿੰਘ ਤੋਂ ਇਲਾਵਾ ਜਿਸ ਦੂਜੇ ਸਿੱਖ ਆਗੂ ਤੇ ਵਿਦਵਾਨ ਨੇ ਲਗਾਤਾਰ ਮਦਦ ਕੀਤੀ ਸੀ, ਉਹ ਸੀ ਭਗਤ ਲਛਮਣ ਸਿੰਘ। ਮੈਕਾਲਿਫ ਨੇ ਟਾਂਗਾ ਲਿਆ ਤੇ ਭਗਤ ਜੀ ਦੇ ਨਿਵਾਸ ਪੁੱਜ ਗਿਆ। ਪ੍ਰਿੰਸੀਪਲ ਤੇਜਾ ਸਿੰਘ ਸਵੈਜੀਵਨੀ 'ਆਰਸੀ' ਵਿਚ ਇਸ ਸਾਰੀ ਘਟਨਾ ਦਾ ਦੁਖਦਾਈ ਹਾਲ ਖੋਲ੍ਹ ਕੇ ਲਿਖਦੇ ਹਨ ਅਤੇ ਇਹਦੇ ਇਕ ਇਕ ਵੇਰਵੇ ਦੇ ਪੂਰਨ ਸੱਚ ਦੇ ਸਬੂਤ ਵਜੋਂ ਇਹ ਵੀ ਸਪੱਸ਼ਟ ਕਰਦੇ ਹਨ ਕਿ "ਇਹ ਸਾਰੀ ਗੱਲ ਮੈਨੂੰ ਭਗਤ ਜੀ ਦੀ ਜ਼ਬਾਨੀ ਮਲੂਮ ਹੋਈ ਸੀ।" ਭਗਤ ਜੀ ਮੈਕਾਲਿਫ ਨੂੰ ਅਚਾਨਕ ਪੁੱਜਿਆ ਦੇਖ ਕੇ ਹੈਰਾਨ ਰਹਿ ਗਏ ਕਿਉਂਕਿ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਉਹਦੇ ਆਉਣ ਦੀ ਕੋਈ ਜਾਣਕਾਰੀ ਹੀ ਨਹੀਂ ਸੀ ਦਿੱਤੀ। ਤੇਜਾ ਸਿੰਘ ਲਿਖਦੇ ਹਨ, "ਰਾਤ ਦੋਹਾਂ ਨੇ ਗੱਲਾਂ ਕਰਦਿਆਂ ਕੱਟੀ। ਮੈਕਾਲਿਫ ਨੇ ਆਪਣੇ ਆਉਣ ਦਾ ਸਬੱਬ ਇਹ ਦੱਸਿਆ ਕਿ ਸਰਕਾਰ ਆਪਣਾ ਵਾਅਦਾ ਮੁਕਰ ਗਈ ਹੈ। ਮੈਂ ਸਰਕਾਰ ਤੋਂ ਰੁਪਿਆ ਲੈਣੋਂ ਨਾਂਹ ਕਰ ਦਿੱਤੀ ਹੈ। ਸਿੱਖਾਂ ਕੋਲੋਂ ਵੀ ਮੈਂ ਰੁਪਿਆ ਨਹੀਂ ਮੰਗਦਾ। ਮੈਂ ਕੇਵਲ ਇਹ ਚਾਹੁੰਦਾ ਹਾਂ ਕਿ ਕਾਨਫਰੰਸ ਇਸ ਕੰਮ ਦੀ ਪ੍ਰਸ਼ੰਸਾ ਦਾ ਮਤਾ ਪਾਸ ਕਰ ਦੇਵੇ ਅਤੇ ਇਸ ਕਿਤਾਬ ਦੀ ਵਿਕਰੀ ਲਈ ਸਿੱਖਾਂ ਪਾਸ ਸਿਫਾਰਸ਼ ਕਰੇ।"



ਭਗਤ ਲਛਮਣ ਸਿੰਘ

*1911 ਵਾਲੀ ਸਿੱਖ ਵਿਦਿਅਕ ਕਾਨਫ਼ਰੰਸ ਦੀਆਂ ਤਾਰੀਖਾਂ ਤੈਅ ਹੋਈਆਂ ਤਾਂ ਮੈਕਾਲਿਫ਼ ਨੇ ਪ੍ਰਬੰਧਕਾਂ ਨੂੰ ਆਪਣੇ ਪਹੁੰਚਣ ਦੀ ਤਾਰ ਸਮੇਂ ਸਿਰ ਭੇਜ ਦਿੱਤੀ। ਇਸ ਅਗੇਤੀ ਸੂਚਨਾ ਦੇ ਬਾਵਜੂਦ ਉਹਨੂੰ ਸਟੇਸ਼ਨ ਤੋਂ ਲੈਣ ਕੋਈ ਨਾ ਪਹੁੰਚਿਆ। ਉਹਦੇ ਸਾਰੇ ਕਾਰਜ ਵਿਚ ਭਾਈ ਕਾਨ੍ਹ ਸਿੰਘ ਤੋਂ ਇਲਾਵਾ ਜਿਸ ਦੂਜੇ ਸਿੱਖ ਆਗੂ ਤੇ ਵਿਦਵਾਨ ਨੇ ਮਦਦ ਕੀਤੀ ਸੀ, ਉਹ ਸੀ ਭਗਤ ਲਛਮਣ ਸਿੰਘ। ਮੈਕਾਲਿਫ਼ ਨੇ ਟਾਂਗਾ ਲਿਆ ਤੇ ਭਗਤ ਜੀ ਦੇ ਨਿਵਾਸ ਪੁੱਜ ਗਿਆ। ਭਗਤ ਜੀ ਮੈਕਾਲਿਫ਼ ਨੂੰ ਅਚਾਨਕ ਪੁੱਜਿਆ ਦੇਖ ਕੇ ਹੈਰਾਨ ਰਹਿ ਗਏ ਕਿਉਂਕਿ ਪ੍ਰਬੰਧਕਾਂ ਨੇ ਉਹਨਾਂ ਨੂੰ ਉਹਦੇ ਆਉਣ ਦੀ ਕੋਈ ਜਾਣਕਾਰੀ ਹੀ ਨਹੀਂ ਸੀ ਦਿੱਤੀ।*



ਮੈਕਾਲਿਫ਼

ਭਗਤ ਜੀ ਨੇ ਇਸ ਨੂੰ ਮਾਮੂਲੀ ਜਿਹੀ ਗੱਲ ਕਿਹਾ ਅਤੇ ਬੜੇ ਭਰੋਸੇ ਨਾਲ ਆਖਿਆ ਕਿ ਭਲਕੇ ਉਹ ਆਪ ਇਸ ਭਾਵ ਦਾ ਮਤਾ ਸਬਜੈਕਟਸ ਕਮੇਟੀ ਵਿਚ ਪੇਸ਼ ਕਰਨਗੇ ਅਤੇ ਪਾਸ ਕਰਵਾ ਲੈਣਗੇ। ਪਰ ਕਮੇਟੀ ਨੇ ਭਗਤ ਜੀ ਦਾ ਇਹ ਮਤਾ ਪਾਸ ਕਰਨੋਂ ਇਨਕਾਰ ਕਰ ਦਿੱਤਾ। ਜਦੋਂ ਮੈਕਾਲਿਫ ਨੂੰ ਆਸ ਦੇ ਬਿਲਕੁਲ ਉਲਟ ਅਚਾਨਕ ਇਹ ਜਾਣਕਾਰੀ ਭਗਤ ਜੀ ਤੋਂ ਮਿਲੀ, ਉਹਦੇ ਮਨ ਦੀ ਹਾਲਤ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ। ਉਹ ਟੁੱਟੇ ਹੋਏ ਦਿਲ ਨਾਲ ਰਾਵਲਪਿੰਡੀ ਛਾਉਣੀ ਦੇ ਆਪਣੇ ਹੋਟਲ ਦੇ ਕਮਰੇ ਵਿਚ ਉਦਾਸ-ਨਿਰਾਸ ਇਕੱਲਾ ਜਾ ਬੈਠਾ। ਖਾਣਾ ਖਾਣ ਵਾਸਤੇ ਵੀ ਉਹ ਹੋਟਲ ਦੇ ਹਾਲ ਵਿਚ ਨਹੀਂ ਗਿਆ। ਸਾਥੀ ਅੰਗਰੇਜ਼ ਪਹਿਲਾਂ ਹੀ ਉਹਨੂੰ 'ਸਿੱਖ ਬਣਿਆ' ਆਖ ਕੇ ਚੰਗਾ ਨਹੀਂ ਸਨ ਸਮਝਦੇ। ਹੁਣ ਸਿੱਖਾਂ ਨੇ ਵੀ ਉਹਨੂੰ ਕੱਖੋਂ ਹੌਲਾ ਕਰ ਦਿੱਤਾ ਸੀ। ਉਹਨੂੰ ਇਹ ਵੀ ਡਰ ਸੀ ਕਿ ਜਦੋਂ ਇਹ ਖਬਰ ਅੰਗਰੇਜ਼ ਅਧਿਕਾਰੀਆਂ ਤੱਕ ਪੁੱਜ ਗਈ, ਉਹ ਕਿਸ ਮੂੰਹ ਨਾਲ ਉਨ੍ਹਾਂ ਦੇ ਮਿਹਣਿਆਂ ਦਾ ਟਾਕਰਾ ਕਰ ਸਕੇਗਾ! ਉਹਦਾ ਇਹ ਕਾਰਜ ਉਹਨੂੰ ਪਹਿਲਾਂ ਵੀ ਕਈ ਅੰਗਰੇਜ਼ਾਂ ਨਾਲ ਟਕਰਾਉ ਵਿਚ ਲਿਆਉਂਦਾ ਰਿਹਾ ਸੀ ਪਰ ਉਦੋਂ ਉਸ ਦੇ ਝੁਕਣ ਦਾ ਕੋਈ ਕਾਰਨ ਨਹੀਂ ਸੀ। ਹੁਣ ਹੌਸਲਾ ਉਹਦਾ ਸਾਥ ਛੱਡ ਗਿਆ ਸੀ।

ਇਸੇ ਮਾਨਸਿਕ ਹਾਲਤ ਵਿਚ ਉਹ ਵਲਾਇਤ ਪਰਤ ਗਿਆ। ਉਹਦੇ ਨਾਲ ਬੱਸ ਉਹਦਾ ਪੰਜਾਬੀ ਸੇਵਕ ਮੁਹੰਮਦ ਸੀ। 15 ਮਾਰਚ 1913 ਨੂੰ ਲੰਡਨ ਵਿਚ ਉਹ ਪੂਰਾ ਹੋ ਗਿਆ। ਆਪਣੀ ਬਾਕੀ ਜਾਇਦਾਦ ਰਿਸ਼ਤੇਦਾਰਾਂ ਦੇ ਨਾਂ ਕਰਨ ਲੱਗਿਆਂ ਉਹ ਇਕ ਹਿੱਸਾ ਮੁਹੰਮਦ ਦੇ ਨਾਂ ਕਰਨਾ ਵੀ ਨਹੀਂ ਭੁੱਲਿਆ। ਸ਼ਾਇਦ ਈਸਾਈ ਰਹਿ ਕੇ, ਭਾਵ ਸਿੰਘ ਸਜੇ ਬਿਨਾਂ ਸਿੱਖ ਧਰਮ ਲਈ ਕੀਤੇ ਵੱਡੇ ਕਾਰਜ ਦਾ ਮੁੱਲ ਮੈਕਾਲਿਫ ਤੋਂ ਅਜੇ ਮੌਤ ਨਾਲ ਵੀ ਦਿੱਤਾ ਨਹੀਂ ਸੀ ਜਾ ਸਕਿਆ। ਪੰਜਾਬੀਆਂ ਦੀ ਇਕ ਬੜੀ ਭੈੜੀ ਗਾਲ਼ ਹੈ, ਤੇਰਾ ਮੁਰਦਾ ਖਰਾਬ ਹੋਵੇ! ਅਜੇ ਮੈਕਾਲਿਫ ਦਾ ਮੁਰਦਾ ਖਰਾਬ ਹੋਣਾ ਬਾਕੀ ਸੀ!

ਉਹਦੀ ਦੇਹ ਸਮੇਟਣ ਦੀ ਸੂਚਨਾ ਦੇ ਜਵਾਬ ਵਿਚ ਈਸਾਈਆਂ ਦਾ ਕਹਿਣਾ ਸੀ ਕਿ ਇਹ ਤਾਂ ਕਦੋਂ ਦਾ ਆਪਣਾ ਮੂਲ ਧਰਮ ਤਿਆਗ ਕੇ ਸਿੱਖ ਬਣ ਚੁੱਕਿਆ ਸੀ। ਸ਼ਾਇਦ ਉਨ੍ਹਾਂ ਦਾ ਇਹ ਵਿਚਾਰ ਕਈ ਅੰਗਰੇਜ਼ ਲੇਖਕਾਂ ਦੀਆਂ ਉਨ੍ਹਾਂ ਲਿਖਤਾਂ ਦੇ ਆਧਾਰ ਉਤੇ ਬਣਿਆ ਸੀ ਜਿਨ੍ਹਾਂ ਵਿਚ ਉਹ ਆਖਦੇ ਰਹੇ ਸਨ ਕਿ ਮੈਕਾਲਿਫ ਨੇ ਤਾਂ 1860ਵਿਆਂ ਵਿਚ ਹੀ ਸਿੱਖ ਧਰਮ ਧਾਰਨ ਕਰ ਲਿਆ ਸੀ। ਉਹਦਾ ਸਿੱਖ ਧਰਮ ਦੀ ਖੋਜ ਅਤੇ ਉਨ੍ਹਾਂ ਦੇ ਧਰਮ ਗ੍ਰੰਥ ਦੇ ਅਨੁਵਾਦ ਦਾ ਕਾਰਜ ਹੱਥ ਲੈਣਾ ਅਜਿਹੇ ਲੇਖਕਾਂ ਲਈ ਸਿੱਖ ਬਣ ਜਾਣਾ ਸੀ। ਕਿਸੇ ਦਾ ਇਹ ਮੱਤ ਅਗਿਆਨ ਕਾਰਨ ਹੋ ਸਕਦਾ ਹੈ ਤੇ ਕਿਸੇ ਦਾ ਸ਼ਰਾਰਤ ਕਾਰਨ! ਇਸੇ ਪ੍ਰਕਾਰ ਉਥੋਂ ਦੇ ਉਸ ਸਮੇਂ ਦੇ ਥੋੜ੍ਹੇ ਜਿਹੇ ਸਿੱਖਾਂ ਦਾ ਕਹਿਣਾ ਸੀ ਕਿ ਉਹ ਕੇਸਾਧਾਰੀ ਸਿੱਖ ਨਹੀਂ ਸੀ ਜਿਸ ਕਰਕੇ ਅਸੀਂ ਉਹਦਾ ਸਸਕਾਰ ਨਹੀਂ ਕਰਾਂਗੇ। ਸ਼ਾਇਦ ਉਨ੍ਹਾਂ ਨੂੰ ਬਾਕਾਇਦਾ ਅੰਮ੍ਰਿਤ ਛਕ ਕੇ ਉਹਦਾ ਪੰਜ-ਕੱਕਾਰੀ ਨਾ ਹੋਣਾ ਤਾਂ ਦਿਸਦਾ ਸੀ ਪਰ ਸਿੱਖ ਧਰਮ ਲਈ ਉਹਦੀ ਅਥਾਹ ਸ਼ਰਧਾ ਤੇ ਅਨਮੋਲ ਸੇਵਾ ਨਹੀਂ ਸੀ ਦਿਸਦੀ। ਹੋ ਸਕਦਾ ਹੈ, ਉਹ ਇਹ ਵੀ ਸੋਚਦੇ ਹੋਣ ਕਿ ਜਦੋਂ ਸਾਡੇ ਹਾਕਮਾਂ ਦਾ ਧਰਮ ਇਹਦੀ ਮਿੱਟੀ ਸਮੇਟਣ ਲਈ ਤਿਆਰ ਨਹੀਂ, ਅਸੀਂ ਇਹ ਕੰਮ ਕਰ ਕੇ ਉਨ੍ਹਾਂ ਦੇ ਉਲਟ ਚੱਲਣ ਦਾ ਪੰਗਾ ਕਿਉਂ ਲਈਏ! ਅੱਗੇ ਭਗਤ ਲਛਮਣ ਸਿੰਘ ਦਾ ਦੱਸਿਆ ਤੇ ਪ੍ਰਿੰਸੀਪਲ ਤੇਜਾ ਸਿੰਘ ਦਾ ਲਿਖਿਆ ਹੀ ਪੜ੍ਹ ਲਵੋ, "ਅੰਤ ਫੈਸਲਾ ਇਹ ਹੋਇਆ ਕਿ ਮੈਕਾਲਿਫ ਦਾ ਸਰੀਰ ਤਾਬੂਤ ਵਿਚ ਪਾ ਕੇ ਪੰਜ ਮਿੰਟ ਲਈ ਕਬਰ ਵਿਚ ਰਖਿਆ ਜਾਵੇ, ਅਤੇ ਉਪਰੰਤ ਦਾਹ ਦਿੱਤਾ ਜਾਵੇ। ਸੋ ਇਉਂ ਹੀ ਕੀਤਾ ਗਿਆ।"

ਪੰਜਾਬ ਵਿਚ ਇਹ ਸੋਗੀ ਖਬਰ ਭਾਈ ਕਾਨ੍ਹ ਸਿੰਘ ਨੂੰ ਮੁਹੰਮਦ ਦੀ ਚਿੱਠੀ ਰਾਹੀਂ ਪਹੁੰਚੀ। ਇਹ ਚਿੱਠੀ ਸਵਰਗੀ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਕਾਗਜ਼-ਪੱਤਰ ਵਿਚ ਸ਼ਾਮਲ ਹੈ। ਲਗਦਾ ਹੈ, ਉਹ ਪੰਜਾਬੀ ਤੇ ਉਰਦੂ ਪੱਖੋਂ ਕੋਰਾ ਹੀ ਸੀ ਜਿਸ ਕਰਕੇ ਉਹਨੇ ਅਜਿਹੀ ਓਪਰੀ ਤੇ ਬੇਤੁਕੀ ਅੰਗਰੇਜ਼ੀ ਦਾ ਸਹਾਰਾ ਲਿਆ ਜੋ ਉਥੋਂ ਦੇ ਸਮਾਜ ਵਿਚ ਗੱਲ ਸਮਝਣ-ਸਮਝਾਉਣ ਦੇ ਮੰਤਵ ਨਾਲ ਉਹਨੇ ਰੋਜ਼ ਰੋਜ਼ ਦੇ ਕਾਰ-ਵਿਹਾਰ ਸਮੇਂ ਸੁਤੇਸਿਧ ਹੀ ਸਿੱਖੀ ਸੀ। ਉਹਦੀ ਅੰਗਰੇਜ਼ੀ ਦਾ ਇਹ ਹਾਲ ਸੀ ਕਿ ਉਹਨੇ ਟੂਡੇ ਅਤੇ ਟੂਨਾਈਟ ਦੇ ਟੂ ਨੂੰ ਟੀ ਓ ਲਿਖਣ ਦੀ ਥਾਂ ਟੀ ਡਵਲਯੂ ਓ ਲਿਖਿਆ ਹੋਇਆ ਸੀ। ਚਿੱਠੀ ਦੇ ਮੂਲ ਰੂਪ ਨੂੰ ਪੰਜਾਬੀ ਵਿਚ ਪੇਸ਼ ਕਰਨਾ ਹੈ ਤਾਂ ਅਸੰਭਵ ਪਰ ਉਹ ਕੁਛ ਇਉਂ ਹੈ, "1913 ਮਾਰਚ ਅੱਜ ਸ਼ੁੱਕਰਵਾਰ 21 ਸਰ ਪਿਆਰੇ ਮਿਸਟਰ ਕਾਨ੍ਹ ਸਿੰਘ ਗੁੱਡ ਮਾਰਨਿੰਗ ਬਹੁਤ ਚੰਗੇਰੇ ਦਿਸਦੇ ਹੋ ਤੁਸੀਂ ਮੈਨੂੰ ਅਫ਼ਸੋਸ ਹੈ ਤੁਸੀਂ ਹੁਣ ਪਿਆਰਾ ਮਿੱਤਰ ਬਹੁਤ ਚੰਗਾ ਪਿਆਰਾ ਹਿੰਦੁਸਤਾਨ ਨਹੀਂ ਆਊ ਤੇ ਮੈਨੂੰ ਅਫਸੋਸ ਹੈ ਸਨਿਚਰਵਾਰ 15 ਅੱਜ ਰਾਤ ਆਖਰੀ ਵਾਰ ਹੁਣ 8 ਬੱਜ ਕੇ 10 ਮਿੰਟ ਹੋਏ ਹਨ ਗੁਆ ਲਏ ਸਰ ਪਿਆਰੇ ਗੁਆ ਲਏ ਮਿਸਟਰ ਮੈਕਾਲਿਫ ਸੁੱਤੇ ਲੰਡਨ ਹੁਣ ਤੇ ਮੈਨੂੰ ਅਫਸੋਸ ਹੈ...!" (1913 ਮਾਰਚ ਟੂਡੇ ਫਰਾਈਡੇ 21 ਸਰ ਡੀਅਰ ਮਿਸਟਰ ਕਾਨ੍ਹ ਸਿੰਘ ਗੁੱਡ ਮਾਰਨਿੰਗ ਮੱਚ ਬੈਟਰ ਯੂ ਲੁੱਕ ਆਈ ਐਮ ਸੌਰੀ ਯੂ ਨਾਊ ਡੀਅਰ ਫਰੈਂਡ ਵੈਰੀ ਗੁੱਡ ਡੀਅਰ ਨਾਟ ਕਮ ਇੰਡੀਆ ਐਂਡ ਆਈ ਐਮ ਸੌਰੀ ਸੈਚਰਡੇ 15 ਟੂਨਾਈਟ ਲਾਸਟ ਟਾਈਮ ਇਟ ਇਜ਼ 8 ਓਕਲਾਕ ਪਾਸਟ 10 ਮਿਨਟਸ ਲੌਸਟ ਸਰ ਡੀਅਰ ਲੌਸਟ ਮਿਸਟਰ ਮੈਕਾਲਿਫ਼ ਏ ਸਲੀਪ ਲੰਡਨ ਨਾਊ ਐਂਡ ਆਈ ਐਮ ਸੌਰੀ...)। ਇਸ ਚਿੱਠੀ ਵਿਚ ਮੁਹੰਮਦ ਨੇ ਇਹ ਵੀ ਲਿਖਿਆ ਕਿ ਅੰਤਲਾ ਸਵਾਸ ਲੈਣ ਤੋਂ ਕੇਵਲ ਦਸ ਮਿੰਟ ਪਹਿਲਾਂ ਮੈਕਾਲਿਫ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ!

ਮੌਤ ਦੀ, ਖਾਸ ਕਰਕੇ ਉਹਦੀ ਮਿੱਟੀ ਖੁਆਰ ਹੋਣ ਦੀ ਖਬਰ ਨਾਲ ਉਹਦੇ ਕੰਮ ਦਾ ਸਿੱਖ ਧਰਮ ਲਈ ਸਦੀਵੀ ਮਹੱਤਵ ਸਮਝਣ ਵਾਲੇ ਪੰਜਾਬੀਆਂ ਨੂੰ, ਖਾਸ ਕਰਕੇ ਉਸ ਨਾਲ ਕੰਮ ਕਰ ਚੁੱਕੇ ਵਿਦਵਾਨਾਂ ਨੂੰ ਭਾਰੀ ਦੁੱਖ ਹੋਣਾ ਸੁਭਾਵਿਕ ਸੀ। ਕੁਛ ਸੱਜਣਾਂ ਨੇ ਮਿਲ ਕੇ ਫੈਸਲਾ ਕੀਤਾ ਕਿ ਉਹਦੀ ਯਾਦ ਵਿਚ 'ਮੈਕਾਲਿਫ ਮੈਮੋਰੀਅਲ ਫੰਡ' ਸ਼ੁਰੂ ਕਰ ਕੇ ਕੇਂਦਰੀ ਲਾਇਬਰੇਰੀ ਕਾਇਮ ਕੀਤੀ ਜਾਵੇ। ਇਸ ਮੰਤਵ ਲਈ ਫੰਡ ਇਕੱਠਾ ਕੀਤਾ ਜਾਣ ਲੱਗਿਆ ਤਾਂ ਬੜੇ ਜਤਨਾਂ ਦੇ, ਸਗੋਂ ਤੇਜਾ ਸਿੰਘ ਜੀ ਦੇ ਸ਼ਬਦਾਂ ਵਿਚ 'ਸਾਡੀਆਂ ਹਜ਼ਾਰ ਲਿਲ੍ਹਕਣੀਆਂ ਦੇ' ਬਾਵਜੂਦ ਮਸਾਂ ਕੋਈ ਦੋ ਕੁ ਹਜ਼ਾਰ ਰੁਪਇਆ ਇਕੱਠਾ ਹੋਇਆ। ਲਾਇਬਰੇਰੀ ਦਾ ਇਰਾਦਾ ਛੱਡ ਕੇ ਇਹ ਰਕਮ ਪੰਜਾਬ ਯੂਨੀਵਰਸਿਟੀ ਲਾਹੌਰ ਨੂੰ ਸੌਂਪ ਦੇਣ ਬਾਰੇ ਸੋਚਿਆ ਗਿਆ ਜੋ ਹਰ ਸਾਲ ਵਿਆਜ ਨਾਲ ਮੈਕਾਲਿਫ ਦੇ ਨਾਂ ਦਾ ਲੇਖ ਮੁਕਾਬਲਾ ਕਰਵਾ ਕੇ ਜੇਤੂ ਵਿਦਿਆਰਥੀ ਨੂੰ ਤਮਗਾ ਭੇਟ ਕਰ ਦਿਆ ਕਰੇ। ਇਕ ਸ਼ਰਤ ਇਹ ਰੱਖੀ ਗਈ ਕਿ ਮੁਕਾਬਲਾ ਕੇਵਲ ਸਿੱਖ ਵਿਦਿਆਰਥੀਆਂ ਤੱਕ ਸੀਮਤ ਰੱਖਿਆ ਜਾਵੇ। ਯੂਨੀਵਰਸਿਟੀ ਨੇ ਇਹ ਧਰਮ-ਆਧਾਰਤ ਸ਼ਰਤ ਮੰਨਣ ਤੋਂ ਨਾਂਹ ਕਰ ਦਿੱਤੀ।

ਤੇਜਾ ਸਿੰਘ ਜੀ ਦਸਦੇ ਹਨ, "ਥੋੜੇ ਚਿਰ ਪਿਛੋਂ ਮੈਂ ਅੰਮ੍ਰਿਤਸਰ ਚਲਾ ਗਿਆ, ਅਤੇ ਇਹ ਰੁਪਇਆ ਖਾਲਸਾ ਕਾਲਜ ਨੂੰ ਦਿੱਤਾ ਗਿਆ। ਉਥੇ ਹੁਣ ਇਸ ਫੰਡ ਦੇ ਸੂਦ ਵਿਚੋਂ ਹਰ ਸਾਲ ਸੌ ਰੁਪਏ ਦਾ ਤਕਮਾ ਇਕ ਚੰਗਾ ਲੇਖ ਲਿਖਣ ਲਈ ਦਿੱਤਾ ਜਾਂਦਾ ਹੈ।" ਉਸ ਸਮੇਂ ਤੱਕ ਵੀ ਇਹ ਰਕਮ 3,245 ਰੁਪਏ ਤੱਕ ਹੀ ਪੁੱਜ ਸਕੀ ਸੀ! ਦਿਲਚਸਪ ਗੱਲ ਇਹ ਹੈ ਕਿ ਇਸ ਫੰਡ ਦੀ ਵਰਤਮਾਨ ਹਾਲਤ ਜਾਨਣ ਦੇ ਜਤਨਾਂ ਤੋਂ ਕੁਛ ਵੀ ਹੱਥ-ਪੱਲੇ ਨਹੀਂ ਪਿਆ। ਸੁਣਿਆ ਹੈ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਾਸਪੈਕਟਸ ਵਿਚ ਹਰ ਸਾਲ ਮੱਖੀ ਉਤੇ ਮੱਖੀ ਮਾਰਦਿਆਂ ਮੈਕਾਲਿਫ ਇਨਾਮ ਬਾਰੇ ਛਾਪ ਦਿੱਤਾ ਜਾਂਦਾ ਹੈ, ਪਰ ਇਹ ਇਨਾਮ ਨਾ ਤਾਂ ਦਿੱਤਾ ਜਾ ਰਿਹਾ ਹੈ ਅਤੇ ਨਾ ਹੀ ਫੰਡ ਦੀ ਵਰਤਮਾਨ ਸਥਿਤੀ ਤੇ ਉਹਦੀ ਰਕਮ ਬਾਰੇ ਉਥੇ ਕਿਸੇ ਨੂੰ ਕੋਈ ਜਾਣਕਾਰੀ ਹੈ।

**(ਸਮਾਪਤ)**

## ਮਾਈਕ! ਮਾਈਕ!

ਮਾਈਕ ਬਲੀ ਲੋਕੋ! ਮਾਈਕ ਬਲੀ ਲੋਕੋ!
ਏਸ ਮਾਈਕ ਨੇ ਦੁਨੀਆਂ ਹੈ ਛਲੀ ਲੋਕੋ!
ਸਿਤਾਰੇ ਕਈਆਂ ਦੇ ਇਹ ਬੁਲੰਦ ਕਰਦਾ,
ਪਰ ਕਈਆਂ ਨੂੰ ਜਾਵੇ ਇਹ ਦਲੀ ਲੋਕੋ।

ਇੰਦਰ ਦੇਵ ਵੀ ਕੁੱਕੜੂੰ-ਘੜੂੰਅ ਰਾਹੀਂ,
ਸੀ ਅਹੱਲਿਆ ਗੌਤਮ ਦੀ ਛਲੀ ਲੋਕੋ।
ਰੰਗ ਕਈਆਂ ਦੇ ਸੂਹੇ ਸੁਰਖ ਕਰਦਾ,
ਫੇਰੇ ਕਈਆਂ 'ਤੇ ਚਿੱਟੜੀ ਕਲੀ ਲੋਕੋ।

ਰੁਤਬੇ ਲੀਡਰੀ ਦੇ ਮਾਈਕ ਬਖਸ਼ਦਾ ਏ
ਕਰਦਾ ਹੈ ਮਸ਼ਹੂਰ ਗਲੀ ਗਲੀ ਲੋਕੋ।
ਜਿਨ੍ਹਾਂ ਉਪਰ ਇਹ ਜ਼ਰਾ ਕਰੋਪ ਹੋਵੇ,
ਸਮਝੋ ਉਨ੍ਹਾਂ ਦੀ ਲੀਡਰੀ ਟਲੀ ਲੋਕੋ।

ਤਾਕਤ ਏਸ ਦੀ ਇੰਜ ਪਈ ਜਾਪਦੀ ਏ,
ਜਿਉਂ ਲੰਮਾ ਪਥਰੀਲਾ ਜਿਹਾ ਖਲੀ ਲੋਕੋ।
ਪਰਮ ਮਿੱਤਰ ਹੈ ਮਾਈਕ ਪ੍ਰਬੰਧਕਾਂ ਦਾ
ਯਾਰੀ ਉਨ੍ਹਾਂ ਨਾਲ ਏਸ ਦੀ ਭਲੀ ਲੋਕੋ।

## ਸਿਆਸਤ ਧਰਮ ਸਥਾਨਾਂ ਦੀ

ਕਾਰਨ ਦੁਸ਼ਮਣੀ ਦਾ ਐਪਰ ਜਦੋਂ ਬਣਦਾ,
ਅਗਨੀ ਈਰਖਾ ਦੀ ਜਾਵੇ ਬ.ਲੀ ਲੋਕੋ।
ਜਦੋਂ ਹੋ ਹਮਲਾਵਰ ਇਹ ਝਪਟਦਾ ਏ,
ਬੁੱਕਦਾ ਆਵੇ ਕਰਦਾ ਅਲੀ ਅਲੀ ਲੋਕੋ।

ਵਿਧਾਨ ਸਭਾਵਾਂ ਤੇ ਸੰਸਦ ਦੇਸ਼ ਦੀ ਵਿਚ,
ਮਚਵਾਉਂਦਾ ਮਾਈਕ ਹੀ ਹੈ ਖਲਬਲੀ ਲੋਕੋ।
ਧਰਮ ਅਸਥਾਨਾਂ ਦੇ ਵਿਚ ਵੀ ਟੁਣਕਦਾ ਏ,
ਜਿਵੇਂ ਛਰੀਂਹ ਦੀ ਛਣਕਦੀ ਫ.ਲੀ ਲੋਕੋ।

ਲੱਗੇ ਮਾਈਕ-ਰੇਸ ਜੇਕਰ ਪ੍ਰਬੰਧਕਾਂ ਦੀ,
ਬਣੇ ਨਿਆਰੀ ਜਿਹੀ ਖੇਡ ਜ਼ਲਜ਼ਲੀ ਲੋਕੋ।
ਹਰ ਪ੍ਰਬੰਧਕ ਹੀ ਰੇਸ ਵਿਚ ਤੇਜ਼ ਦੌੜੇ,
ਚਾਹੇ ਪਕੜਨਾ ਮਾਈਕ ਪਲੋ-ਪਲੀ ਲੋਕੋ।

ਮਾਈਕ ਬਲੀ ਲੋਕੋ! ਮਾਈਕ ਬਲੀ ਲੋਕੋ!
ਏਸ ਮਾਈਕ ਨੇ ਦੁਨੀਆਂ ਹੈ ਛਲੀ ਲੋਕੋ!

**-ਪ੍ਰੋਫੈਸਰ ਸੁਖਚੈਨ ਸਿੰਘ**
**ਫੋਨ : 832-232-8389**

ਕਹਾਣੀ

# ਲੰਗੂਰ

**ਸੁਰਜੀਤ ਸਿੰਘ ਪੰਛੀ**
ਫੋਨ: 661-827-8256

ਗੁਰਜੰਟ ਸਿੰਘ ਤੇ ਹਰਦੇਵ ਸਿੰਘ ਦਾ ਭਾਰਤ ਵਿਚ ਟਰੱਕਾਂ ਦਾ ਕਾਰੋਬਾਰ ਸੀ। ਤਿੰਨ ਟਰੱਕ ਗੁਰਜੰਟ ਦੇ ਨਾਂ ਅਤੇ ਦੋ ਹਰਦੇਵ ਦੇ ਨਾਂ ਸਨ। ਜਿੱਧਰ ਦਾ ਵੀ ਭਾਰ ਮਿਲ ਜਾਂਦਾ, ਉਧਰ ਨੂੰ ਗੇੜਾ ਲਾ ਲੈਂਦੇ। ਕਦੇ ਸੂਰਤ ਦੀ ਬੰਦਰਗਾਹ, ਕਦੇ ਕਲਕੱਤਾ ਤੇ ਕਦੇ ਗੁਹਾਟੀ। ਗੁਰਜੰਟ ਆਪਣੇ ਨਾਂ ਵਾਂਗ ਚੰਟ ਵੀ ਸੀ। ਗੱਲਾਂ ਬਹੁਤ ਆਉਂਦੀਆਂ ਸਨ। ਦੂਜੇ ਨੂੰ ਤਾਂ ਉਹ ਬੋਲਣ ਹੀ ਨਹੀਂ ਸੀ ਦਿੰਦਾ।

ਗੁਰਜੰਟ ਆਪਣੀ ਹੱਡ ਬੀਤੀ ਕਹਿ ਕੇ ਕਹਾਣੀ ਸੁਣਾ ਰਿਹਾ ਸੀ, ਇੱਕ ਵਾਰੀ ਉਹ ਤੇ ਉਹਦਾ ਡਰਾਈਵਰ ਜੀਤੂ ਟਰੱਕ ਲੈ ਕੇ ਗੁਹਾਟੀ ਗਏ। ਮੁੜਦਿਆਂ ਇਕ ਢਾਬੇ 'ਤੇ ਰੋਟੀ ਖਾਣ ਬਹਿ ਗਏ। ਥੋੜ੍ਹੀ ਦੂਰ ਪਹਾੜ 'ਤੇ ਕਾਫ਼ੀ ਲੰਗੂਰ ਬੈਠੇ ਸਨ। ਢਾਬੇ ਵਾਲੇ ਨੇ ਵੀ ਲੰਗੂਰ ਸੰਗਲੀ ਪਾ ਕੇ ਬੰਨ੍ਹਿਆ ਹੋਇਆ ਸੀ। ਮੈਂ ਢਾਬੇ ਵਾਲੇ ਨੂੰ ਪੁੱਛਿਆ, ਪਹਾੜ ਤਾਂ ਸੁੱਕੇ ਦਿਸਦੇ ਨੇ, ਇਹ ਕੀ ਖਾਂਦੇ ਨੇ? ਉਸ ਨੇ ਦੱਸਿਆ ਕਿ ਪਹਾੜ ਦੇ ਪਰਲੇ ਪਾਸੇ ਬਹੁਤ ਕੁਝ ਹੈ। ਪਹਾੜਾਂ 'ਤੇ ਇਨ੍ਹਾਂ ਦੇ ਖਾਣ ਲਈ ਸ਼ਿਲਾਜੀਤ ਮਿਲਦੀ ਹੈ, ਖਾ ਕੇ ਇਹ ਬਹੁਤ ਤਕੜੇ ਹਨ। ਛਾਲਾਂ ਮਾਰ ਕੇ ਇਕ ਰੁੱਖ ਤੋਂ ਦੂਜੇ 'ਤੇ ਜਾਂਦੇ ਸਾਰਾ ਦਿਨ ਕਲੋਲਾਂ ਕਰਦੇ ਫਿਰਦੇ ਹਨ।

ਡਰਾਈਵਰ ਜੀਤੂ ਨੇ ਕਿਹਾ, "ਇਹ ਲੰਗੂਰ ਮੈਨੂੰ ਦੇ ਦੇ। ਕੀ ਲੈਣੈ ਇਹਦਾ?"

ਢਾਬੇ ਵਾਲਾ ਕਹਿੰਦਾ, "ਤੂੰ ਲੈ ਜਾਣੈ ਲੈ ਜਾ। ਮੈਂ ਤਾਂ ਇਹਦਾ ਕੀ ਲੈਣੈ। ਹੋਰ ਫੜ ਲੂੰ ਪਰ ਤੈਥੋਂ ਇਹ ਰੱਖਿਆ ਨ੍ਹੀਂ ਜਾਣਾ। ਇਹ ਸ਼ਿਲਾਜੀਤ ਖਾਂਦੈ। ਤੈਨੂੰ ਮਿਲਣੀ ਨ੍ਹੀਂ।"

ਜੀਤੂ ਨੇ ਫੇਰ ਪੁੱਛਿਆ, "ਇਹ ਫੀਮ ਖਾ ਲਿਆ ਕਰੂ?"

ਢਾਬੇ ਵਾਲੇ ਨੇ ਦੱਸਿਆ, "ਫੀਮ ਤਾਂ ਇਹ ਅੱਧਾ ਤੋਲਾ ਖਾਊ, ਤੂੰ ਕਿੱਥੋਂ ਖੁਆ ਦੇਵੇਂਗਾ?"

ਮੈਂ ਵੀ ਜੀਤੂ ਨੂੰ ਟੋਕਿਆ, "ਸਾਲਿਆ, ਤਨਖਾਹ ਨਾਲ ਤਾਂ ਤੇਰਾ ਗੁਜ਼ਾਰਾ ਨ੍ਹੀਂ ਹੁੰਦਾ। ਤੂੰ ਇਹਨੂੰ ਪਤੰਦਰ ਨੂੰ ਫੀਮ ਕਿੱਥੋਂ ਖਵਾਏਂਗਾ? ਤੂੰ ਡਰਾਈਵਰੀ ਕਰੇਂਗਾ ਕਿ ਇਹਨੂੰ ਸਾਂਭੇਂਗਾ?"

"ਚਾਚਾ, ਮੈਂ ਸਾਂਭ ਲੂੰ। ਤੂੰ ਪੰਜਾਬ ਵਿਚ ਦੇਖੀਂ ਰੁਪਈਏ ਬਣਦੇ।" ਜੀਤੂ ਦੇ ਦਿਮਾਗ ਵਿਚ ਕੋਈ ਸਕੀਮ ਸੀ।

"ਸਾਲਿਆ, ਇਹ ਰੁਪਈਏ ਬਣਾਊ ਕਿ ਖਾਊ?"

"ਚਾਚਾ, ਤੂੰ ਚਿੰਤਾ ਕਿਉਂ ਕਰਦੈਂ। ਜਦੋਂ ਘਰੇ ਲਿਜਾ ਕੇ ਬੰਨ੍ਹਿਆ ਤਾਂ ਲੋਕਾਂ ਹਨੂੰਮਾਨ ਕਹਿ ਕੇ ਪੂਜਾ ਸ਼ੁਰੂ ਕਰ ਦੇਣੀ ਐ। ਨੋਟਾਂ ਦੇ, ਫਲਾਂ ਦੇ ਢੇਰ ਲੱਗ ਜਾਇਆ ਕਰਨਗੇ। ਤੂੰ ਜਲਬਾ ਦੇਖੀਂ।"

"ਚੰਗਾ, ਲੈ ਚੱਲ।" ਮੈਂ ਵੀ ਕਹਿ ਦਿੱਤਾ। ਜੀਤੂ ਨੇ ਉਸ ਨੂੰ ਬਿਸਕੁਟ 'ਤੇ ਰੱਖ ਕੇ ਅਫੀਮ ਖਵਾ ਦਿੱਤੀ। ਲੰਗੂਰ ਦੀ ਸੰਗਲੀ ਫੜ ਕੇ ਟਰੱਕ 'ਤੇ ਚੜ੍ਹਾ ਲਿਆ ਤੇ ਪਾਸੇ ਦੀ ਐਂਗਲਾਰਨ ਨਾਲ ਸੰਗਲ ਬੰਨ੍ਹ ਦਿੱਤਾ। ਟਰੱਕ ਭਾਰ ਨਾਲ ਲੱਦਿਆ ਹੋਇਆ ਸੀ। ਜਿਥੇ ਕਿਤੇ ਵੀ ਰੋਟੀ ਖਾਣ ਜਾਂ ਚਾਹ ਪੀਣ ਲਈ ਠਹਿਰਦੇ, ਜੀਤੂ ਲੰਗੂਰ ਨੂੰ ਵੀ ਕਦੇ ਕੇਲਾ, ਕਦੇ ਬ੍ਰੈਡ ਤੇ ਕਦੇ ਬਿਸਕੁਟ ਖਵਾ ਦਿਆ ਕਰੇ। ਰਾਹ ਵਿਚ ਇੱਕ ਢਾਬਾ ਸੀ। ਜੀਤੂ ਨੂੰ ਪਤਾ ਸੀ ਕਿ ਢਾਬੇ ਵਾਲਾ ਅਫੀਮ ਵੀ ਵੇਚਦਾ ਸੀ। ਉਹਨੇ ਇਕ ਪਾ ਅਫੀਮ ਲੈ ਲਈ। ਸਵੇਰ ਵੇਲੇ ਜੀਤੂ ਆਪ ਥੋੜ੍ਹੀ ਜਿਹੀ ਖਾ ਲਿਆ ਕਰੇ ਤੇ ਲੰਗੂਰ ਨੂੰ ਵੀ ਖਵਾਇਆ ਕਰੇ। ਚੌਥੇ ਕੁ ਦਿਨ ਮੋਗੇ ਪਹੁੰਚ ਗਏ। ਜੀਤੂ ਜਦੋਂ ਲੰਗੂਰ ਨੂੰ ਲਈ ਆਪਣੇ ਘਰ ਜਾ ਰਿਹਾ ਸੀ ਤਾਂ ਬੱਚੇ ਰੌਲਾ ਪਾਉਂਦੇ ਉਸ ਦੇ ਮਗਰ ਹੋ ਲਏ। ਬਾਜ਼ਾਰ 'ਚ ਜਿਹੜਾ ਵੀ ਬ੍ਰਾਹਮਣ, ਬਾਣੀਆਂ ਦੇਖੇ, ਹੱਥ ਜੋੜ ਸਿਰ ਨਿਵਾ ਮੱਥਾ ਟੇਕੇ ਤੇ ਕਹੇ 'ਜੈ ਹਨੂੰਮਾਨ!' ਘਰ ਆ ਕੇ ਬੰਨ੍ਹਿਆ ਹੀ ਸੀ ਕਿ ਬੱਚਿਆਂ ਦਾ ਤਾਂ ਮੇਲਾ ਹੀ ਲੱਗ ਗਿਆ। ਜੀਤੂ ਨੇ ਬੱਚਿਆਂ ਨੂੰ ਬਹੁਤ ਝਿੜਕਿਆ ਪਰ ਕਦੋਂ ਹਟਦੇ ਹਨ। ਜਦੋਂ ਉਹ ਉਹਨੂੰ ਛੇੜਨ ਤਾਂ ਉਹ ਘੀਂ-ਘੀਂ ਕਰਦਾ ਉਨ੍ਹਾਂ ਵੱਲ ਦੰਦੀਆਂ ਜਿਹੀਆਂ ਕੱਢੇ। ਮਾਈਆਂ ਨੂੰ ਪਤਾ ਲੱਗਿਆ, ਉਹ ਵੀ ਕੇਲੇ ਤੇ ਫਲ ਲੈ ਕੇ ਆ ਗਈਆਂ। ਮੱਥੇ ਟੇਕਣ। ਫਲਾਂ ਨਾਲ ਇਕ ਰੁਪਈਆ ਮੱਥਾ ਵੀ ਟੇਕਣ। ਸ਼ਾਮ ਤੱਕ ਪੰਜਾਹ-ਸੱਠ ਰੁਪਈਏ ਬਣ ਗਏ।

ਅਗਲੀ ਸਵੇਰ ਟਰੱਕ ਵਿਚ ਲੱਦਿਆ ਭਾਰ ਤਰਨ ਤਾਰਨ ਪੁੱਜਦਾ ਕਰਨਾ ਸੀ। ਜੀਤੂ ਲੰਗੂਰ ਲੈ ਕੇ ਸਵੇਰੇ ਹੀ ਆ ਗਿਆ। ਰੋਟੀ ਖਾ ਕੇ ਅਸੀਂ ਚੱਲ ਪਏ। ਲੰਗੂਰ ਟਰੱਕ 'ਤੇ ਬੰਨ੍ਹਿਆ ਹੋਇਆ ਸੀ। ਜਦੋਂ ਅਸੀਂ ਹਰੀ ਕੇ ਪੱਤਣ ਪੁੱਜੇ ਤਾਂ ਟੋਲ ਟੈਕਸ ਭਰਨ ਲਈ ਜੀਤੂ ਨੇ ਟਰੱਕ ਪਾਸੇ ਕਰ ਕੇ ਲਾ ਦਿੱਤਾ। ਅਸੀਂ ਦਫ਼ਤਰ ਵਿਚ ਟੋਲ ਟੈਕਸ ਭਰਨ ਚਲੇ ਗਏ। ਤਰਨ ਤਾਰਨ ਦਾ ਕੋਈ ਡਾਕਟਰ ਕਾਰ ਵਿਚ ਆਇਆ। ਉਹਦੀ ਕਾਰ 'ਤੇ ਬਿਸਤਰਾ ਬੰਨ੍ਹਿਆ ਹੋਇਆ ਸੀ। ਸ਼ਾਇਦ ਕਿਸੇ ਸੈਰ-ਸਪਾਟੇ ਜਾਂ ਕੈਂਪ 'ਤੇ ਜਾ ਰਿਹਾ ਹੋਊ। ਉਹਨੇ ਆਪਣੀ ਕਾਰ ਟਰੱਕ ਦੇ ਨੇੜੇ ਖੜ੍ਹੀ ਕੀਤੀ। ਲੰਗੂਰ ਟਪੂਸੀ ਮਾਰ ਕੇ ਕਾਰ 'ਤੇ ਜਾ ਬੈਠਾ। ਡਾਕਟਰ ਨੇ ਦੇਖਿਆ ਕਿ ਇਹ ਤਾਂ ਬਿਸਤਰੇ ਨੂੰ ਪਾੜੂ। ਉਹਨੇ ਸ਼ੀਸ਼ਾ ਨੀਵਾਂ ਕਰ ਅਦਰੋਂ ਹੀ 'ਹਾਤ-ਹੂਤ' ਕੀਤੀ ਪਰ ਉਹ ਹਿੱਲਿਆ ਹੀ ਨਾ। ਜਦੋਂ ਡਾਕਟਰ ਨੇ ਬਾਹਰ ਨਿਕਲਣ ਲਈ ਵਿੰਡੋ ਨੂੰ ਹੱਥ ਪਾਇਆ ਤਾਂ ਉਸ ਦੇ ਹੱਥ 'ਤੇ ਦੰਦੀ ਵੱਢੀ। ਇੰਨੇ ਨੂੰ ਇੱਕ ਬੰਦਾ ਹੱਥ ਵਿਚ ਸੋਟੀ ਫੜੀ ਆਇਆ ਤੇ ਲੰਗੂਰ ਵੱਲ ਉੱਗਰੀ ਤਾਂ ਉਹ ਟਰੱਕ 'ਤੇ ਚੜ੍ਹ ਗਿਆ।

ਉਪਰ ਬੈਠਾ ਲੰਗੂਰ ਲੋਕਾਂ ਵੱਲ ਦੰਦੀਆਂ ਕੱਢੇ ਤੇ ਘੀਂ-ਘੀਂ ਕਰੇ। ਕਈਆਂ ਲਈ ਤਾਂ ਇਹ ਮਦਾਰੀ ਦੇ ਤਮਾਸ਼ੇ ਵਾਲੀ ਗੱਲ ਸੀ। ਉਹ ਖੁਸ਼ ਹੋ ਰਹੇ ਸਨ। ਇੰਨੇ ਨੂੰ ਅਸੀਂ ਵੀ ਟੋਲ ਟੈਕਸ ਭਰ ਕੇ ਆ ਗਏ। ਡਾਕਟਰ ਨੇ ਟਰੱਕ ਦਾ ਨੰਬਰ ਨੋਟ ਕਰ ਲਿਆ ਸੀ। ਉਹ ਸਾਨੂੰ ਬੁਰਾ ਭਲਾ ਕਹਿਣ ਲੱਗਾ। ਅਸੀਂ ਕਿਹਾ ਕਿ ਅਸੀਂ ਕਿਹੜਾ ਸਿਖਾਇਆ ਸੀ ਕਿ ਤੇਰੇ ਦੰਦੀਆਂ ਵੱਢੇ। ਤੈਂ ਇਹਨੂੰ ਛੇੜਿਆ ਹੋਊ, ਤਾਂ ਹੀ ਇਹਨੇ ਦੰਦੀਆਂ ਵੱਢੀਆਂ। ਡਾਕਟਰ ਨੇ ਸਾਡਾ ਨਾਂ-ਪਤਾ ਟੋਲ ਟੈਕਸ ਵਾਲਿਆਂ ਤੋਂ ਪਤਾ ਕਰ ਲਿਆ ਤੇ ਉਥੋਂ ਹੀ ਵਾਪਸ ਤਰਨ ਤਾਰਨ ਆ ਗਿਆ। ਥਾਣੇ ਰਪਟ ਵੀ ਲਿਖਾ ਦਿੱਤੀ।

ਅਸੀਂ ਭਾਰ ਲਾਹ ਕੇ ਮੋਗੇ ਆ ਗਏ। ਜੀਤੂ ਉਹਨੂੰ ਵਿਹੜੇ ਵਿਚ ਬੰਨ੍ਹ ਦਿਆ ਕਰੇ। ਲਾਲੇ-ਲਾਲੀਆਂ ਦਾ ਤਾਂ ਤਾਂਤਾ ਹੀ ਬੱਝਿਆ ਰਿਹਾ ਕਰੇ। ਸਿਉ ਆਦਿ ਰੱਖ ਕੇ ਉਹਨੂੰ ਮੱਥਾ ਟੇਕਿਆ ਕਰਨ। ਜੀਤੂ ਦੀ ਗੱਲ ਸੱਚੀ ਸੀ ਕਿ ਪੰਜਾਬ ਵਿਚ ਇਹ ਰੱਖਣਾ ਕੀ ਔਖੈ! ਉਧਰ ਤਰਨ ਤਾਰਨ ਪੁਲਿਸ ਨੇ ਕੇਸ ਐਸ.ਡੀ.ਐਮ. ਦੇ ਭੇਜ ਦਿੱਤਾ। ਐਸ.ਡੀ.ਐਮ. ਨੇ ਤੀਜੇ ਦਿਨ ਮੇਰੇ ਅਤੇ ਜੀਤੂ ਦੇ ਨਾਂ ਸੰਮਨ ਤਾਮੀਲ ਕਰਵਾਉਣ ਵਾਸਤੇ ਅਰਦਲੀ ਭੇਜ ਦਿੱਤਾ। ਅਰਦਲੀ ਮੇਰੇ ਘਰ ਆ ਗਿਆ, ਮੈਂ ਟਰੱਕ ਦਾ ਮਾਲਕ ਜੁ ਸੀ। ਅਰਦਲੀ ਨੇ ਸਤਿ ਸ੍ਰੀ ਅਕਾਲ ਕਹੀ ਤੇ ਪੁੱਛ ਲਿਆ, "ਇਹ ਗੁਰਜੰਟ ਸਿੰਘ ਦਾ ਹੀ ਘਰ ਹੈ?"

ਮੈਂ ਕਿਹਾ, "ਹਾਂ ਜੀ, ਆਓ ਲੰਘ ਆਓ।" ਅਰਦਲੀ ਨੂੰ ਨਾਲ ਵਾਲੀ ਕੁਰਸੀ 'ਤੇ ਬਿਠਾ ਕੇ ਪੁੱਛਿਆ, "ਦੱਸੋ, ਕਿਵੇਂ ਦਰਸ਼ਨ ਦਿੱਤੇ?"

"ਮੈਂ ਤਰਨ ਤਾਰਨ ਦੇ ਐਸ.ਡੀ.ਐਮ. ਦੇ ਦਫ਼ਤਰੋਂ ਅਰਦਲੀ ਹਾਂ। ਆਹ ਤੁਹਾਡੇ ਸੰਮਨ ਨੇ।" ਉਹਨੇ ਆਪਣੀ ਜਾਣ-ਪਛਾਣ ਦੇ ਨਾਲ-ਨਾਲ ਆਉਣ ਦਾ ਮੰਤਵ ਵੀ ਦੱਸ ਦਿੱਤਾ।

"ਸੰਮਨ!" ਮੈਂ ਹੈਰਾਨੀ ਨਾਲ ਮੱਥੇ 'ਤੇ ਵਲ ਪਾ ਕੇ ਕਿਹਾ।

"ਹਾਂ ਜੀ। ਇਹ ਤੁਹਾਡੇ ਤੇ ਤੁਹਾਡੇ ਡਰਾਈਵਰ ਦੇ ਨਾਂ ਸੰਮਨ ਹਨ। ਡਾਕਟਰ ਨੇ ਤੁਹਾਡੇ 'ਤੇ ਕੇਸ ਕਰ ਦਿੱਤਾ ਹੈ ਕਿ ਤੁਹਾਡੇ ਲੰਗੂਰ ਨੇ ਉਸ ਦੇ ਹੱਥ 'ਤੇ ਦੰਦ ਮਾਰੇ ਹਨ। ਸੰਮਨ ਤੁਹਾਡੇ ਤੇ ਜੀਤੂ ਡਰਾਈਵਰ ਦੇ ਨਾਂ ਹਨ। ਪੇਸ਼ੀ ਪੰਦਰਾਂ ਤਰੀਕ ਦੀ ਹੈ। ਤੁਸੀਂ ਤੇ ਜੀਤੂ ਨੇ ਲੰਗੂਰ ਲੈ ਕੇ ਤਰਨ ਤਾਰਨ ਕਚਹਿਰੀ ਵਿਚ ਹਾਜ਼ਰ ਹੋ ਜਾਣਾ।"

"ਭਾਈ ਸਾਹਿਬ, ਮੈਂ ਕੰਜਰ ਦੇ ਜੀਤੂ ਨੂੰ ਬਥੇਰਾ ਸਮਝਾਇਆ, ਬਈ ਸਾਲਿਆ ਦੱਸ ਤੈਂ ਇਸ ਤੋਂ ਜੂੰਆਂ ਕਢਾਉਣੀਆਂ ਨੇ। ਮੇਰੇ ਸਾਲੇ ਨੇ ਇਕ ਨਾ ਮੰਨੀ। ਕੇਸ ਦਾ ਖਰਚਾ ਪੈ ਗਿਆ। ਪਤਾ ਨਹੀਂ ਟਰੱਕ ਦੇ ਕਿੰਨੇ ਕੁ ਗੇੜੇ ਮਰਨਗੇ।"

ਅਰਦਲੀ ਕਹਿੰਦਾ, "ਘਬਰਾਓ ਨਾ, ਪੰਦਰਾਂ ਤਰੀਕ ਨੂੰ ਆ ਜਾਇਓ।"

ਮੈਂ ਮੱਲੋ-ਮੱਲੀ ਪੰਜਾਹ ਦਾ ਨੋਟ ਉਸ ਨੂੰ ਫੜਾ ਦਿੱਤਾ ਤੇ ਉਹ ਚਲਿਆ ਗਿਆ।

ਘੰਟੇ ਕੁ ਪਿੱਛੋਂ ਜੀਤੂ ਆ ਗਿਆ। ਟਰੱਕ 'ਤੇ ਲੋਡ ਲੱਦਣ ਜਾਣਾ ਸੀ ਗੁਹਾਟੀ ਦਾ। ਮੈਨੂੰ ਉਸ 'ਤੇ ਗੁੱਸਾ ਚੜ੍ਹਿਆ ਹੋਇਆ ਸੀ। ਮੈਂ ਕਿਹਾ, "ਆਹ ਚੱਕ ਸਾਲਿਆ ਲੰਗੂਰਾਂ ਦਿਆ ਸੰਮਨ। ਹੁਣ ਪੇਸ਼ੀਆਂ ਭੁਗਤ ਕਚਹਿਰੀਆਂ ਵਿਚ। ਐਸ.ਡੀ.ਐਮ. ਸੁਣਿਐ ਸਾਲਾ ਬਹੁਤ ਅੜਬ ਐ। ਜੇਲ੍ਹ ਦੀ ਸੈਰ ਕਰਵਾਊ। ਟਰੱਕ ਦਾ ਕੰਮ ਵੀ ਰੁਕ ਜੂ। ਉਹਨੇ ਤੇਰੇ ਪਿਉ ਨੇ ਬਖ਼ਸ਼ਣਾ ਨ੍ਹੀਂ। ਉਹ ਡਾਕਟਰ ਵੀ ਭੈਣ ਦੇਣਾ ਕਿਹੜਾ ਮਾੜਾ-ਧੀੜੈ। ਕੰਜਰ ਦਿਆ ਪੁੱਤਾ, ਦੱਸ ਇਸ ਪਿਉ ਤੋਂ ਕੀ ਲੈਣਾ ਸੀ? ਜਾਹ ਜਾ ਕੇ ਦਿਆਲੇ ਨੂੰ ਕਹਿ ਕੇ ਆ... ਗੇੜਾ ਲੈਜੂ।"

ਜੀਤੂ ਤਾਂ ਕੁਸਕਿਆ ਈ ਨਾ। ਉਹ ਬਹੁਤ ਸ਼ਰਮਿੰਦਾ ਸੀ, ਕਹਿਣ ਲੱਗਾ, "ਸਰਦਾਰ ਜੀ, ਤੁਸੀਂ ਨਾ ਘਬਰਾਓ। ਮੈਂ ਸਭ ਆਪਣੇ ਸਿਰ ਲੈ ਲੂੰ। ਜੋ ਕੁਛ ਹੋਊ, ਆਪੇ ਕੱਟ ਲੂੰ।"

ਮੈਂ ਸਿਰ ਧੁਣੀ ਜਾਵਾਂ ਤੇ ਜੀਤੂ ਨੂੰ ਹਰ ਗੱਲ ਨਾਲ ਮਾਂ ਭੈਣ ਦੀਆਂ ਗਾਲ੍ਹਾਂ ਕੱਢੀ ਜਾਵਾਂ। ਰਾਤ-ਦਿਨ ਲੰਗੂਰ ਘੀਂ-ਘੀਂ ਕਰਦਾ ਦਿਖਾਈ ਦੇਵੇ। ਕਦੇ ਐਸ.ਡੀ.ਐਮ. ਦੀ ਕਚਹਿਰੀ ਤੇ ਕਦੇ ਜੇਲ੍ਹ ਦੀਆਂ ਸੀਖਾਂ ਵਾਲੀਆਂ ਕੋਠੜੀਆਂ ਮੁੜ-ਘਿੜ ਅੱਖਾਂ ਅੱਗੇ ਆਉਣ।

ਜੀਤੂ ਦੇ ਘਰ ਲੰਗੂਰ ਦੇਖਣ ਵਾਲੇ ਬੱਚਿਆਂ ਦਾ ਮੇਲਾ ਲੱਗਿਆ ਰਹੇ। ਜੀਤੂ ਲਈ ਲੰਗੂਰ ਘਾਟੇ ਵਾਲਾ ਸੌਦਾ ਤਾਂ ਨਹੀਂ ਸੀ ਪਰ ਕਚਹਿਰੀ ਵਾਲਾ ਸਿਆਪਾ ਖਰਾਬ ਸੀ। ਚੌਦਾਂ ਤਰੀਕ ਨੂੰ ਅਸੀਂ ਦੋ-ਦੋ ਕੁੜਤੇ-ਪਜਾਮੇ, ਕੱਛੇ ਅਤੇ ਦੁਪੱਟੇ ਝੋਲਿਆਂ ਵਿਚ ਤੁੰਨ ਲਏ। ਦੂਜੇ ਦਿਨ ਸਵੇਰੇ ਹੀ ਅਸੀਂ ਝੋਲੇ ਗਲਾਂ ਵਿਚ ਪਾ, ਕੰਬਲਾਂ ਦੀ ਬੁੱਕਲ ਮਾਰ ਅਤੇ ਲੰਗੂਰ ਨੂੰ ਲੈ ਬੱਸ ਅੱਡੇ 'ਤੇ ਪਹੁੰਚੇ। ਅੰਮ੍ਰਿਤਸਰ ਜਾਣ ਵਾਲੀ ਬੱਸ ਲੱਗੀ ਖੜ੍ਹੀ ਸੀ। ਅਸੀਂ ਡਰਾਈਵਰ ਦੀ ਸੀਟ ਦੇ ਪਿੱਛੇ ਤਿੰਨ ਸਵਾਰੀਆਂ ਵਾਲੀ ਸੀਟ 'ਤੇ ਬੈਠ ਗਏ। ਲੰਗੂਰ ਸ਼ੀਸ਼ੇ ਵਾਲੇ ਪਾਸੇ, ਉਹਦੇ ਨਾਲ ਜੀਤੂ ਤੇ ਫੇਰ ਮੈਂ। ਜਿਹੜੀ ਵੀ ਕੋਈ ਸਵਾਰੀ ਚੜ੍ਹੇ, ਲੰਗੂਰ ਉਹਨੂੰ ਦੇਖੇ। ਸਵਾਰੀ ਝੱਟ ਬੱਸ 'ਚੋਂ ਉਤਰ ਜਾਵੇ। ਜਦੋਂ ਬੱਸ ਚੱਲਣ ਦਾ ਸਮਾਂ ਹੋਇਆ ਤਾਂ ਕੰਡਕਟਰ ਬੱਸ ਖਾਲੀ ਦੇਖ ਕੇ ਕਹੇ, "ਚੱਲੋ ਸਮਾਂ ਹੋ ਚੱਲਿਐ,



ਬੈਠੋ ਵਿਚ ਫਿਰ ਚੱਲੀਏ।"

ਸਵਾਰੀਆਂ ਕਹਿੰਦੀਆਂ, "ਦੇਖ ਤਾਂ ਸਹੀ, ਅੰਦਰ ਮਦਾਰੀ ਲੰਗੂਰ ਲਈ ਬੈਠੇ ਆ। ਜਦੋਂ ਅੰਦਰ ਜਾਨੇ ਆਂ ਤਾਂ ਲੰਗੂਰ ਅੱਖਾਂ ਕੱਢਦੈ। ਜਿਹਦੇ ਉਹਨੇ ਪੂਛ ਮਾਰੀ ਤਾਂ ਉਹ ਤਾਂ ਸਿੱਧਾ ਸੁਰਗਾਂ ਨੂੰ ਜਾਊ।" ਸਵਾਰੀਆਂ ਹੱਸ ਰਹੀਆਂ ਸਨ।

ਕੰਡਕਟਰ ਸਾਡੇ ਕੋਲ ਆ ਕੇ ਕਹਿੰਦਾ, "ਉਤਰੋ ਥੱਲੇ, ਸਾਡੀਆਂ ਤਾਂ ਸਵਾਰੀਆਂ ਨ੍ਹੀਂ ਚੜ੍ਹਦੀਆਂ ਡਰਦੀਆਂ। ਥੋਡੀ ਖਾਤਰ ਬੱਸ ਖਾਲੀ ਲੈਜੀਏ।" ਕੰਡਕਟਰ ਦੇ ਬੋਲਾਂ ਵਿਚ ਰੋਅਬ ਸੀ।

"ਕੰਡਕਟਰ ਸਾਹਿਬ, ਇਹ ਤਾਂ ਸਾਡੇ ਕੋਲ ਬੈਠੈ। ਜੇ ਦੇਖਦੈ ਤਾਂ ਕੀ ਐ... ਉਨ੍ਹਾਂ ਨੂੰ ਤਾਂ ਕੁਛ ਨ੍ਹੀਂ ਕਹਿੰਦਾ।" ਜੀਤੂ ਨੇ ਤਰਲੇ ਜਿਹੇ ਨਾਲ ਕਿਹਾ।

"ਇਹਦਾ ਕੋਈ ਵਿਸਾਹ ਐ... ਸਾਲਾ ਸ਼ੇਰ ਜਿੱਡੈ। ਜੇ ਕਿਸੇ ਨੂੰ ਵੱਢ ਲਿਆ ਤਾਂ ਤੇਰਾ ਕੁਛ ਨ੍ਹੀਂ ਜਾਣਾ, ਮੈਂ ਗਰੀਬ ਮਾਰਿਆ ਜਾਊਂ। ਮਾਲਕ ਨੇ ਮੈਨੂੰ ਨੌਕਰੀਉਂ ਕੱਢ ਦੇਣੈ।" ਕੰਡਕਟਰ ਨੂੰ ਆਪਣੀ ਨੌਕਰੀ ਦੀ ਚਿੰਤਾ ਸੀ।

ਅਖੀਰ ਕੰਡਕਟਰ ਇਸ ਗੱਲ 'ਤੇ ਮੰਨ ਗਿਆ ਕਿ ਤਿੰਨ ਟਿਕਟਾਂ ਕਟਵਾਓ ਤੇ ਇਕ ਜਣਾ ਇਹਨੂੰ ਲੈ ਕੇ ਛੱਤ 'ਤੇ ਬੈਠੋ। ਅਸੀਂ ਤਿੰਨ ਟਿਕਟਾਂ ਕਟਵਾ ਲਈਆਂ। ਜੀਤੂ ਲੰਗੂਰ ਨੂੰ ਲੈ ਕੇ ਬਾਹਰ ਨਿਕਲ ਆਇਆ। ਜਦੋਂ ਉਹ ਉਪਰ ਚੜ੍ਹਨ ਲੱਗਿਆ ਤਾਂ ਲੰਗੂਰ ਤਾਂ ਉਸ ਤੋਂ ਮੂਹਰੇ ਫਟਾਫਟ ਉਪਰ ਚੜ੍ਹ ਗਿਆ। ਸਿਆਲ ਦੀ ਠੰਢੀ ਹਵਾ ਬੱਸ ਦੀ ਚਾਲ ਨਾਲ ਹੋਰ ਵੀ ਠੰਢੀ ਲੱਗੇ ਤੇ ਜੀਤੂ ਦੇ ਸਰੀਰ ਨੂੰ ਕੰਬਲ ਵਿਚ ਜੰਮਾਉਂਦੀ ਜਾਵੇ। ਲੰਗੂਰ ਨੂੰ ਖਵਾਈ ਹੋਈ ਅਫੀਮ ਤੇ ਪਹਿਲਾਂ ਖਾਧੀ ਸ਼ਿਲਾਜੀਤ, ਲੰਗੂਰ ਨੂੰ ਠੰਢ ਕੁਛ ਨਾ ਕਹੇ। ਜੀਤੂ ਨੇ ਆਸੇ-ਪਾਸੇ ਤੋਂ ਕੰਬਲ ਚੰਗੀ ਤਰ੍ਹਾਂ ਕੱਸਿਆ ਹੋਇਆ ਸੀ। ਸਿਰਫ਼ ਅੱਖਾਂ ਹੀ ਨੰਗੀਆਂ ਸਨ। ਜਿਥੇ ਕਿਸੇ ਬੱਸ ਸਟਾਪ 'ਤੇ ਬੱਸ ਖੜ੍ਹੇ, ਲੋਕ ਤੇ ਬੱਚੇ ਲੰਗੂਰ ਦੇਖ-ਦੇਖ ਖੁਸ਼ ਹੋਣ। ਬੱਚੇ ਤਾੜੀਆਂ ਮਾਰਨ ਤੇ ਹਾਤ-ਹੂਤ ਕਰਨ। ਲੰਗੂਰ ਸਿਰ ਘੁਮਾ-ਘੁਮਾ ਕੇ ਉਨ੍ਹਾਂ ਵੱਲ ਵੇਖੇ। ਮੈਂ ਮਨ ਵਿਚ ਜੀਤੂ ਨੂੰ ਗਾਲ੍ਹਾਂ ਕੱਢੀ ਜਾਵਾਂ, 'ਸਾਲਿਆ, ਇਹਨੂੰ ਲਿਆਂਦੇ ਬਿਨਾਂ ਝਾੜਾ ਨ੍ਹੀਂ ਸੀ ਉਤਰਦਾ। ਹੁਣ ਜਦੋਂ ਜੇਲ੍ਹ ਵਿਚ ਟੱਟੀਆਂ ਨਿਕਲੀਆਂ, ਤੈਨੂੰ ਫੇਰ ਪਤਾ ਲੱਗੂ ਇਹਨੂੰ ਪਿਉ ਨੂੰ ਲਿਆਉਣਾ ਦਾ।'

ਤਰਨ ਤਾਰਨ ਰਿਕਸ਼ੇ ਵਿਚ ਕਚਹਿਰੀਆਂ ਪੁੱਜੇ ਤਾਂ ਸਾਡੇ ਗਲਾਂ ਵਿਚ ਝੋਲੇ ਤੇ ਲੰਗੂਰ ਦੇਖ ਕੇ ਹਰ ਕੋਈ ਸਾਨੂੰ ਲੰਗੂਰ ਦੇ ਤਮਾਸ਼ੇ ਵਾਲੇ ਹੀ ਸਮਝੇ। ਜਿਹੜਾ ਵੀ ਦੇਖੇ, ਉਹੀ ਕਹੇ, "ਆ ਗਏ ਬਈ ਲੰਗੂਰ ਵਾਲੇ।" ਮੈਨੂੰ ਇਉਂ ਲੱਗੇ ਜਿਵੇਂ ਕਚਹਿਰੀਆਂ ਵਿਚ ਕਿਸੇ ਨੇ ਸਾਡੇ ਆਉਣ ਬਾਰੇ ਡੌਂਡੀ ਪਿਟਵਾ ਦਿੱਤੀ ਹੋਵੇ। ਐਸ.ਡੀ.ਐਮ. ਦੇ ਦਫ਼ਤਰ ਵਿਚ ਵੀ ਰੌਲੀ ਪੈ ਗਈ, "ਆ'ਗੇ ਲੰਗੂਰ ਵਾਲੇ। ਆ'ਗੇ ਲੰਗੂਰ ਵਾਲੇ।" ਜਿਹੜਾ ਅਰਦਲੀ ਸੰਮਨ ਲੈ ਕੇ ਗਿਆ ਸੀ, ਉਹ ਵੀ ਆ ਗਿਆ। ਉਹਨੇ ਸਾਨੂੰ ਵੇਟਿੰਗ ਰੂਮ ਵਿਚ ਬਿਠਾ ਦਿੱਤਾ। ਅਸੀਂ ਤਾਂ ਕੁਰਸੀਆਂ 'ਤੇ ਬੈਠਣਾ ਹੀ ਸੀ, ਲੰਗੂਰ ਵੀ ਕੁਰਸੀ 'ਤੇ ਚੜ੍ਹ ਕੇ ਬੈਠ ਗਿਆ। ਅਰਦਲੀ ਨੇ ਐਸ.ਡੀ.ਐਮ. ਨੂੰ ਖ਼ਬਰ ਕਰ ਦਿੱਤੀ।

ਵਕੀਲ ਸਾਡੇ ਆਲੇ-ਦੁਆਲੇ ਗੇੜੇ ਕੱਢਣ ਕਿ ਅਸੀਂ ਕੇਸ ਲੜਨ ਲਈ ਵਕੀਲ ਕਰ ਲਈਏ। ਇਕ ਬੁੱਢਾ ਵਕੀਲ ਆਇਆ। ਉਹਨੇ ਸਾਨੂੰ ਤਮਾਸ਼ੇ ਵਾਲੇ ਸਮਝ ਕੇ ਸਾਡੇ ਨਾਲ ਹਮਦਰਦੀ ਪ੍ਰਗਟਾਈ ਅਤੇ ਸਮਝਾਇਆ, "ਵਕੀਲ ਕਰਨ ਦੀ ਕੋਈ ਲੋੜ ਨ੍ਹੀਂ। ਮੈਂ ਥੋਡੇ ਨਾਲ ਚੱਲੂੰ, ਲੈਣਾ ਵੀ ਕੁਛ ਨ੍ਹੀਂ। ਜੇ ਐਸ.ਡੀ.ਐਮ. ਨੇ ਪੁੱਛਿਆ ਤਾਂ ਮੈਂ ਕਹਿ ਦੂੰ ਕਿ ਮੈਂ ਇਨ੍ਹਾਂ ਦਾ ਵਕੀਲ ਆਂ।"

ਐਸ.ਡੀ.ਐਮ. ਨੇ ਫੋਨ ਕਰ ਕੇ ਡਾਕਟਰ ਬੁਲਾ ਲਿਆ। ਸਾਨੂੰ ਪੇਸ਼ੀ ਲਈ ਅਰਦਲੀ ਨੇ 'ਵਾਜ਼ ਮਾਰੀ, "ਡਾਕਟਰ ਬਨਾਮ ਲੰਗੂਰ ਹਾਜ਼ਰ ਹੋ।"

ਮੈਂ ਅਰਦਲੀ ਨੂੰ ਕਿਹਾ, "ਤੈਂ ਲੰਗੂਰ ਨੂੰ 'ਵਾਜ਼ ਮਾਰੀ ਐ। ਆਹ ਫੜ ਸੰਗਲੀ ਤੇ ਇਹਨੂੰ ਲੈ ਜਾ।" ਉਹ ਹੱਥ ਬੰਨ੍ਹ ਕੇ ਕਹੇ, "ਮਾਫ਼ ਕਰ ਦਿਓ। ਅਸਲ 'ਚ ਤੁਹਾਨੂੰ ਹੀ 'ਵਾਜ਼ ਮਾਰੀ ਐ।"

"ਤੇਰਾ ਦਮਾਗ ਖ਼ਰਾਬ ਲਗਦੈ। ਅਸੀਂ ਤੈਨੂੰ ਲੰਗਰੂ ਦਿਸਦੇ ਆਂ।" ਮੈਂ ਥੋੜ੍ਹਾ ਗੁੱਸਾ ਦਿਖਾਉਂਦਿਆਂ ਕਿਹਾ।

"ਸਾਹਬ ਮਾਫ਼ ਕਰੋ। ਗਲਤੀ ਹੋ'ਗੀ।" ਉਹ ਡਰ ਗਿਆ ਸੀ ਕਿ ਐਸ.ਡੀ.ਐਮ. ਨੂੰ ਇਹ ਗੱਲ ਦੱਸ ਨਾ ਦੇਣ। ਅਸੀਂ ਅੰਦਰ ਗਏ। ਐਸ.ਡੀ.ਐਮ. ਨੂੰ ਸਲੂਟ ਮਾਰੇ। ਲੰਗੂਰ ਸਾਡੇ ਬਰਾਬਰ ਖੜ੍ਹਾ ਜਦੋਂ ਡਾਕਟਰ ਵੱਲ ਦੇਖਿਆ ਕਰੇ, ਤਾਂ ਡਾਕਟਰ ਦੂਜੇ ਪਾਸੇ ਮੂੰਹ ਮੋੜ ਲਿਆ ਕਰੇ। ਐਸ.ਡੀ.ਐਮ. ਵੀ ਸਾਨੂੰ ਦੇਖ ਕੇ ਹੱਸ ਪਿਆ।

"ਗੁਰਜੰਟ ਸਿੰਘ, ਇਹ ਗੱਲ ਤਾਂ ਅਸੀਂ ਸਮਝਦੇ ਆਂ ਕਿ ਜਾਨਵਰ ਕਿਹੜਾ ਸਿਖਾਇਆ ਹੋਇਆ ਸੀ। ਨਾਲੇ ਤੁਸੀਂ ਕਿਹੜਾ ਕੋਲ ਸੀ। ਇਹ ਤਾਂ ਅਚਾਨਕ ਹੋ ਗਿਆ। ਹਾਂ ਜੀ, ਡਾਕਟਰ ਸਾਹਿਬ ਤੁਹਾਡੀ ਕੀ ਰਾਏ ਹੈ।"

"ਮੈਜਿਸਟਰੇਟ ਸਾਹਿਬ, ਮੇਰੀ ਸਲਾਹ ਤਾਂ ਲੰਗੂਰ ਨੂੰ ਕੋਠੀ ਵਿਚ ਕੁਝ ਦਿਨ ਰੱਖਣ ਦੀ ਐ।" ਡਾਕਟਰ ਨੇ ਆਪਣੀ ਗੱਲ ਦੱਸੀ।

ਮੈਂ ਤਾਂ ਅੰਦਰੋਂ ਅੰਦਰ ਖੁਸ਼! ਚਲੋ ਫਾਹਾ ਵੱਢਿਆ ਜਾਊ ਪਰ ਫ਼ਿਕਰ ਇਹ ਵੀ ਕਿ ਸਾਨੂੰ ਜੇਲ੍ਹ ਦੀਆਂ ਸੀਖਾਂ ਜ਼ਰੂਰ ਦਿਖਾਊ।

ਮੈਂ ਡਾਕਟਰ ਵੱਲ ਦੇਖਦਿਆਂ ਕਿਹਾ, "ਡਕਾਟਰ ਸਾਹਿਬ, ਸਾਨੂੰ ਲੰਗੂਰ ਦੇਣ ਤੋਂ ਕੋਈ ਇਤਰਾਜ਼ ਨ੍ਹੀਂ ਭਾਵੇਂ ਕੁਛ ਦਿਨਾਂ ਦੀ ਥਾਂ ਹਮੇਸ਼ਾ ਲਈ ਲੈ ਜਾਓ, ਪਰ ਰੱਖਣਾ ਔਖੈ। ਇਹ ਹਰ ਰੋਜ਼ ਅੱਧਾ ਤੋਲਾ ਅਫੀਮ ਖਾਂਦੈ, ਫਲ ਫਰੂਟ ਖਾਂਦੈ, ਬਿਸਕੁਟ ਖਾਂਦੈ। ਹਾਂ, ਇਕ ਗੱਲ ਹੋਰ, ਜਦੋਂ ਇਹ ਕੋਠੀ ਵਿਚ ਬੱਚਿਆਂ ਨੇ ਦੇਖ ਲਿਆ, ਉਥੇ ਮੇਲਾ ਲੱਗ ਜਾਣੈ। ਉਨ੍ਹਾਂ ਨੇ ਹਾਤ-ਹੂਤ ਕਰਨੀ ਐ ਤੇ ਤੁਹਾਨੂੰ ਆਰਾਮ ਨ੍ਹੀਂ ਕਰਨ ਦੇਣਾ। ਲੋਕਾਂ ਨੂੰ ਪਤਾ ਲੱਗ ਗਿਆ ਤਾਂ ਥਾਲੀਆਂ ਵਿਚ ਫਲ ਰੱਖ ਕੇ ਪੂਜਾ ਕਰਨ ਵਾਲਿਆਂ ਦੀ ਲਾਈਨ ਲੱਗੀ ਰਹਿਣੀ ਐ।"

ਐਸ.ਡੀ.ਐਮ. ਅਫੀਮ ਖਾਣ ਵਾਲੀ ਗੱਲ ਸੁਣ ਕੇ ਹੱਸ ਪਿਆ। ਮੇਰੇ ਮਨ ਨੂੰ ਚੈਨ ਜਿਹਾ ਆਇਆ ਕਿ ਹੁਣ ਇਹ ਜੇਲ੍ਹ ਨ੍ਹੀਂ ਭੇਜਦਾ।

ਡਾਕਟਰ ਕਹਿੰਦਾ, "ਮੈਂ ਇਹਨੂੰ ਘਰ ਰੱਖ ਕੇ ਇਹ ਦੇਖਣੈ ਕਿ ਕਿਤੇ ਹਲਕਿਆ ਹੋਇਆ ਤਾਂ ਨ੍ਹੀਂ। ਜੇ ਹਲਕਿਆ ਹੋਇਆ ਤਾਂ 20 ਦਿਨਾਂ ਵਿਚ ਮਰ'ਜੂ ਤੇ ਮੈਂ ਹਲਕਾਅ ਦੇ ਟੀਕੇ ਲਵਾ ਲੂੰ। ਜੇ ਇਹਨੂੰ ਕੁਝ ਨਾ ਹੋਇਆ ਤਾਂ ਟੀਕੇ ਨਾ ਲਵਾਊਂ।"

"ਗੁਰਜੰਟ ਸਿਆਂ, ਦੱਸ ਕਿਵੇਂ ਕਰਨੀ ਐਂ?" ਮੈਜਿਸਟਰੇਟ ਨੇ ਮੇਰੇ ਕੋਲੋਂ ਪੁੱਛਿਆ।

ਮੈਂ ਜੀਤੂ ਵੱਲ ਦੇਖ ਕੇ ਕਿਹਾ, "ਕਿਵੇਂ ਸਲਾਹ ਐ?"

"ਮੇਰੀ ਸਲਾਹ ਤੇਰੇ ਨਾਲ ਈ ਐ।" ਜੀਤੂ ਵੀ ਖੁਸ਼ ਸੀ, ਜਾਨ ਛੁੱਟੀ ਲਾਖੋਂ ਪਾਏ।

ਮੈਂ ਕਿਹਾ, "ਮੈਜਿਸਟਰੇਟ ਸਾਹਿਬ, ਸਾਨੂੰ ਕੋਈ ਇਤਰਾਜ਼ ਨ੍ਹੀਂ। ਡਾਕਟਰ ਸਾਹਿਬ ਭਾਵੇਂ ਹਮੇਸ਼ਾ ਲਈ ਰੱਖ ਲੈਣ।"

"ਨਹੀਂ, ਨਹੀਂ... ਬੱਸ 20 ਦਿਨ ਰੱਖ ਕੇ ਹੀ ਦੇਖਣੈ ਕਿ ਹਲਕਿਆ ਹੋਇਆ ਤਾਂ ਨ੍ਹੀਂ।" ਡਾਕਟਰ ਵੀ ਰੱਖਣਾ ਨ੍ਹੀਂ ਸੀ ਚਾਹੁੰਦਾ।

ਮੈਂ ਕਿਹਾ, "ਡਾਕਟਰ ਸਾਹਿਬ, ਅਫੀਮ ਮੰਗਵਾ ਲਓ। ਤੁਹਾਨੂੰ ਖਵਾ ਕੇ ਦਿਖਾ ਦਿਆਂਗੇ।"

ਐਸ.ਡੀ.ਐਮ. ਡਾਕਟਰ ਦਾ ਮਿੱਤਰ ਸੀ। ਉਹ ਕਹਿੰਦਾ, "ਤੁਸੀਂ ਡਾਕਟਰ ਸਾਹਿਬ ਦੀ ਕੋਠੀ ਪਹੁੰਚੋ। ਸਭ ਪ੍ਰਬੰਧ ਕਰਦੇ ਆਂ। ਮੈਂ ਵੀ ਉਥੇ ਔਨੈਂ।"

ਕਚਹਿਰੀ ਵਿਚ ਬੈਠੇ ਕਲਰਕ, ਅਰਦਲੀ, ਵਕੀਲ ਤੇ ਤਰੀਕਾਂ ਭੁਗਤਣ ਆਏ ਹੋਰ ਲੋਕ ਸਾਡੀਆਂ ਗੱਲਾਂ ਸੁਣ-ਸੁਣ ਹੈਰਾਨ ਹੋ ਰਹੇ ਸਨ। ਸਾਨੂੰ ਡਾਕਟਰ ਨੇ ਕੋਠੀ ਦਾ ਪਤਾ ਲਿਖਵਾ ਦਿੱਤਾ। ਡਾਕਟਰ ਨੇ ਸਾਡੇ ਕੋਠੀ ਪਹੁੰਚਣ ਬਾਰੇ ਫੋਨ ਕਰ ਕੇ ਘਰ ਵਾਲੀ ਨੂੰ ਦੱਸ ਦਿੱਤਾ ਸੀ। ਜਦੋਂ ਅਸੀਂ ਕੋਠੀ ਪਹੁੰਚੇ, ਚੌਕੀਦਾਰ ਬਾਹਰਲਾ ਗੇਟ ਨਾ ਖੋਲ੍ਹੇ। ਅਸੀਂ ਬਥੇਰਾ ਕਿਹਾ ਕਿ ਸਾਨੂੰ ਡਾਕਟਰ ਸਾਹਿਬ ਨੇ ਭੇਜਿਆ ਹੈ। ਉਹ ਕਹੇ, "ਕੋਠੀ ਵਿਚ ਮਦਾਰੀਆਂ ਦਾ ਕੀ ਕੰਮ?" ਆਵਾਜ਼ ਸੁਣ ਕੇ ਡਾਕਟਰ ਦੀ ਪਤਨੀ ਬਾਹਰ ਆਈ ਤੇ ਉਹਨੇ ਚੌਕੀਦਾਰ ਨੂੰ ਦਰਵਾਜ਼ਾ ਖੋਲ੍ਹਣ ਲਈ ਕਿਹਾ। ਜੀਤੂ ਨੇ ਲੰਗੂਰ ਨੂੰ ਬਾਹਰ ਦਰਖ਼ਤ ਨਾਲ ਬੰਨ੍ਹ ਦਿੱਤਾ। ਲੰਗੂਰ ਤਾਂ ਦੂਰ-ਦੂਰ ਤੱਕ ਪਹਿਲਵਾਨਾਂ ਵਾਂਗੂੰ ਗੇੜੇ ਦਿੰਦਾ ਫਿਰੇ। ਡਾਕਟਰਨੀ ਨੇ ਸਾਨੂੰ ਚਾਹ-ਪਾਣੀ ਪੁੱਛਿਆ ਤੇ ਫਿਰ ਨੌਕਰ ਹੱਥ ਸਿਉ ਕੱਟ-ਸਵਾਰ ਕੇ ਸਾਡੇ ਲਈ ਭੇਜੇ। ਦੋ-ਤਿੰਨ ਫਾੜੀਆਂ ਜੀਤੂ ਨੇ ਲੰਗੂਰ ਵੱਲ ਵਗਾਹ ਦਿੱਤੀਆਂ। ਉਹ ਤਾਂ ਫਾੜੀ ਨੂੰ ਥੱਲੇ ਡਿੱਗਣ ਹੀ ਨਾ ਦੇਵੇ ਤੇ ਮੂੰਹ ਵਿਚ ਹੀ ਬੁੱਚ ਲਵੇ।

ਐਸ.ਡੀ.ਐਮ. ਨੇ ਅਰਦਲੀ ਨੂੰ ਭੇਜ ਕੇ ਠਾਣੇ ਵਿਚੋਂ ਪਾਈਆ ਕੁ ਅਫੀਮ ਮੰਗਵਾ ਲਈ। ਉਹ ਵੀ ਕੋਠੀ ਪਹੁੰਚ ਗਿਆ। ਚਾਹ ਆ ਗਈ। ਅਸੀਂ ਚਾਹ ਪੀਤੀ ਤੇ ਬਿਸਕੁਟ ਵੀ ਖਾਧੇ। ਲੰਗੂਰ ਨੂੰ ਵੀ ਖਵਾ ਦਿੱਤੇ। ਇਕ ਪਿਆਲੀ ਚਾਹ ਦੀ ਮੰਗਵਾ ਕੇ ਲੰਗੂਰ ਨੂੰ ਪਿਲਾ ਦਿੱਤੀ। ਮੈਜਿਸਟਰੇਟ ਲੰਗੂਰ ਨੂੰ ਚੀਜ਼ਾਂ ਖਾਂਦਿਆਂ ਦੇਖ-ਦੇਖ ਹੈਰਾਨ ਹੋਈ ਜਾਵੇ। ਉਹਨੇ ਜੀਤੂ ਨੂੰ ਅਫੀਮ ਦਾ ਡਲਾ ਫੜਾ ਕੇ ਲੰਗੂਰ ਨੂੰ ਖਵਾਉਣ ਲਈ ਕਿਹਾ। ਜੀਤੂ ਨੇ ਅੱਧਾ ਕੁ ਤੋਲਾ ਅਫੀਮ ਤੋੜੀ ਤੇ ਬਿਸਕੁਟ 'ਤੇ ਲਾ ਕੇ ਡਾਕਟਰ ਨੂੰ ਕਿਹਾ, "ਡਾਕਟਰ ਸਾਹਿਬ, ਤੁਸੀਂ ਖਵਾਓ। ਇਹ ਸਮਝ ਜਾਊ ਤੇ ਤੁਹਾਡੇ 'ਤੇ ਧਿਜ ਜਾਊ। ਬਾਕੀ ਦੇ ਦਿਨ ਤੁਸੀਂ ਹੀ ਖਵਾਉਣੀ ਐਂ।"

ਡਾਕਟਰ ਨੇ ਜੀਤੂ ਤੋਂ ਅਫੀਮ ਫੜ ਕੇ ਲੰਗੂਰ ਵਲ ਹੱਥ ਕੀਤਾ। ਲੰਗੂਰ ਨੇ ਬਹੁਤ ਸਾਵਧਾਨੀ ਨਾਲ ਬਿਸਕੁਟ ਫੜ ਕੇ ਮੂੰਹ ਵਿਚ ਪਾ ਲਿਆ। ਮੈਜਿਸਟਰੇਟ ਕਹੇ, "ਇਹ ਐਨੀ ਅਫੀਮ ਖਾ ਕੇ ਮਰੂ ਨ੍ਹੀਂ?"

ਮੈਂ ਕਿਹਾ, "ਮੈਜਿਸਟਰੇਟ ਸਾਹਿਬ, ਇੰਨੀ

***(ਬਾਕੀ ਅਗਲੇ ਸਫੇ 'ਤੇ)***



# ਰਾਜਮੋਹਨ ਗਾਂਧੀ ਦਾ ਪੰਜਾਬ

## 2

**ਰਾਜਮੋਹਨ ਗਾਂਧੀ ਨੇ ਅੰਗਰੇਜ਼ੀ ਵਿਚ ਪੰਜਾਬ ਦਾ ਇਤਿਹਾਸ ਲਿਖਿਆ ਹੈ, ਨਾਮ ਹੈ: ਪੰਜਾਬ: ਏ ਹਿਸਟਰੀ ਫਰਾਮ ਔਰੰਗਜ਼ੇਬ ਟੂ ਮਾਊਂਟਬੈਟਨ। ਕੋਈ ਗੁਜਰਾਤੀ ਲੇਖਕ ਪੰਜਾਬ ਦਾ ਇਤਿਹਾਸ ਲਿਖੇਗਾ, ਉਹ ਵੀ ਸ਼ਾਨਦਾਰ ਇਤਿਹਾਸ!... ਕਿਤਾਬ ਵਿਚਲਾ ਪੰਜਾਬ ਮੁਗਲ ਪੰਜਾਬ ਹੈ ਤੇ ਬਾਅਦ ਵਿਚ ਉਹੀ ਅੰਗਰੇਜ਼ੀ ਪੰਜਾਬ ਕਹਾਇਆ ਜਿਸ ਦੀਆਂ ਹੱਦਾਂ ਦਿੱਲੀ ਤੋਂ ਪੇਸ਼ਾਵਰ ਤੱਕ ਸਨ। ਦਿੱਲੀ ਪੰਜਾਬ ਦਾ ਇਕ ਜ਼ਿਲਾ ਸੀ ਜੋ ਅੰਬਾਲਾ ਡਿਵੀਜ਼ਨ ਵਿਚ ਪੈਂਦਾ ਸੀ।... ਇਸ ਵਿਚ ਪੁਰਾਣੇ ਅਤੇ ਨਵੇਂ ਇਤਿਹਾਸਕਾਰਾਂ ਦੀ ਸਮੱਗਰੀ ਦਾ ਸਰਵੇਖਣ ਹੈ। ਲੇਖਕ ਨੇ 1947 ਤੋਂ ਪਿਛੋਂ ਪਾਕਿਸਤਾਨੀ ਇਤਿਹਾਸਕਾਰਾਂ ਵਲੋਂ ਲਿਖਿਆ ਪੰਜਾਬ ਦਾ ਇਤਿਹਾਸ ਪੜ੍ਹਿਆ ਹੈ, ਇੰਟਰਵਿਊ ਕੀਤੀਆਂ ਹਨ, ਲਾਹੌਰ ਆਰਕਾਈਵਜ਼ ਤੋਂ ਲੈ ਕੇ ਲੰਡਨ ਆਰਕਾਈਵਜ਼ ਤਕ ਖਰੜੇ ਵਾਚੇ ਹਨ।**






**ਹਰਪਾਲ ਸਿੰਘ ਪੰਨੂ**

ਫੋਨ: 91-94642-51454

ਮਹਾਰਾਣੀ ਵਿਕਟੋਰੀਆ ਕੋਲ ਮਹਾਰਾਜਾ ਦਲੀਪ ਸਿੰਘ ਵਿਰੁਧ ਸ਼ਿਕਾਇਤ ਲਾਈ ਗਈ ਕਿ 19 ਸਾਲਾ ਦਲੀਪ ਸਿੰਘ 1857 ਦੇ ਗਦਰ ਖਿਲਾਫ ਬਿਆਨ ਜਾਰੀ ਨਹੀਂ ਕਰਦਾ। ਮਹਾਰਾਣੀ ਨੇ ਕਿਹਾ, ਪਰਦੇਸ ਵਿਚ ਜਲਾਵਤਨੀ ਭੁਗਤ ਰਿਹਾ ਗੱਦੀਓਂ ਲੱਥਾ ਪੰਜਾਬੀ ਸ਼ਾਹਿਜ਼ਾਦਾ ਭਾਰਤੀਆਂ ਖਿਲਾਫ ਬਿਆਨ ਦੇਵੇ, ਇਹ ਤੁਸੀਂ ਕਿਵੇਂ ਸੋਚ ਲਿਆ?

ਪੰਜਾਬ ਦੀ ਸਾਰੀ ਫੌਜ ਦਿੱਲੀ ਦਾ ਗਦਰ ਦਬਾਉਣ ਲਈ ਚਲੀ ਗਈ, ਕੇਵਲ ਇਕ ਹਜ਼ਾਰ ਸਿਪਾਹੀ ਪਿਛੇ ਰਹੇ ਕਿਉਂਕਿ ਬਿਮਾਰ ਸਨ। ਪੰਜਾਬੀਆਂ ਦੀ ਲੀਡਰਸ਼ਿਪ ਹੀ ਨਹੀਂ ਰਹੀ ਸੀ, ਸੋ ਪੰਜਾਬ ਸ਼ਾਂਤ ਰਿਹਾ।

ਗਦਰ ਦਬਾਉਣ ਬਾਅਦ ਅੰਗਰੇਜ਼ਾਂ ਨੇ ਜਾਤ/ਕਬੀਲੇ 'ਤੇ ਆਧਾਰਤ ਫੌਜੀ ਰਜਮੈਂਟਾਂ ਖੜ੍ਹੀਆਂ ਕੀਤੀਆਂ, ਸਿੱਖ ਰਜਮੈਂਟ, ਜਾਟ ਰਜਮੈਂਟ, ਰੋਹੇਲਾ ਰਜਮੈਂਟ, ਪਠਾਣ ਰਜਮੈਂਟ ਆਦਿਕ ਤਾਂ ਕਿ ਇਕ ਬਗਾਵਤ ਕਰ ਦੇਵੇ ਤਾਂ ਦੂਜੀ ਰਜਮੈਂਟ ਉਸ ਨੂੰ ਭੁੰਨਣ ਵਾਸਤੇ ਤਿਆਰ ਰਹੇ।

ਅੰਗਰੇਜ਼ਾਂ ਨੇ ਸਮਝ ਲਿਆ ਕਿ ਪੰਜਾਬੀ ਲੜਾਕੂ ਸੁਭਾਅ ਦਾ ਹੈ। ਜੇ ਇਸ ਨੂੰ ਆਪਣੀ ਫੌਜ ਵਿਚ ਭਰਤੀ ਕਰ ਕੇ ਲੜਾਈਏ ਤਾਂ ਠੀਕ, ਨਹੀਂ ਤਾਂ ਇਹ ਸਾਡੇ ਖਿਲਾਫ ਹਥਿਆਰ ਚੁਕੇਗਾ। ਸੰਨ 1900 ਤੱਕ ਸਾਰੇ ਭਾਰਤ ਵਿਚਲੀ ਅੱਧੀ ਫੌਜ ਪੰਜਾਬੀਆਂ ਦੀ ਸੀ। ਸਾਲ 1881 ਤੋਂ 1921 ਤੱਥ ਪੰਜਾਬੀ ਮੁਸਲਮਾਨਾਂ ਦੀ ਵਸੋਂ 47% ਤੋਂ ਵਧ ਕੇ 51%, ਹਿੰਦੂ ਗਿਣਤੀ ਘਟ ਕੇ 43% ਤੋਂ 35% ਤੇ ਸਿੱਖ ਗਿਣਤੀ 8% ਤੋਂ ਵਧ ਕੇ 12.4% ਹੋ ਗਈ। ਪੰਜਾਬੀਆਂ ਨੂੰ ਵਫਾਦਾਰ ਰੱਖਣ ਲਈ ਅੰਗਰੇਜ਼ਾਂ ਨੇ ਨਹਿਰਾਂ ਖੋਦ ਕੇ ਮੁਰੱਬੇ ਵੰਡੇ ਤਾਂ ਬਾਬਾ ਖੇਮ ਸਿੰਘ ਬੇਦੀ ਕੋਲ 8 ਹਜ਼ਾਰ ਏਕੜ ਜ਼ਮੀਨ ਹੋ ਗਈ। ਉਮਰ ਹਯਾਤ ਖਾਨ ਟਿਵਾਣਾ ਕਦੀ ਰਣਜੀਤ ਸਿੰਘ ਦਾ ਵਫਾਦਾਰ ਰਿਹਾ ਸੀ ਪਰ 1857 ਦੇ ਗਦਰ ਵਿਚ ਉਸ ਨੇ ਅੰਗਰੇਜ਼ਾਂ ਦੀ ਖੁਸ਼ੀ ਹਾਸਲ ਕਰਨ ਲਈ ਸੈਨਿਕ ਦਿਤੇ ਤੇ ਜਗੀਰਾਂ ਪ੍ਰਾਪਤ ਕੀਤੀਆਂ। ਇਨ੍ਹਾਂ ਟਿਵਾਣਿਆਂ ਨੇ ਪੰਜਾਬ ਵਿਚ ਰਾਜ ਕੀਤਾ। ਇਹ ਮੁਸਲਿਮ ਲੀਗ ਨਾਲ ਨਹੀਂ, ਸਰ ਛੋਟੂ ਰਾਮ ਦੀ ਯੂਨੀਅਨਿਸਟ ਪਾਰਟੀ ਵਿਚ ਸ਼ਾਮਲ ਸਨ।

ਮੰਦਾ ਆਇਆ, ਸੋਕੇ ਦੇਖੇ, ਕਾਲ ਪਏ, ਕਿਸਾਨ ਆੜ੍ਹਤੀਆਂ ਦੇ ਕਰਜ਼ਈ ਹੋ ਗਏ, ਵਿਆਜ ਵਿਚ ਜ਼ਮੀਨਾਂ ਵਿਕਣ ਲੱਗੀਆਂ। ਦੁਖੀ ਕਿਸਾਨ ਆੜ੍ਹਤੀਆਂ ਨੂੰ ਕਤਲ ਕਰਨ ਤੇ ਵਹੀਆਂ ਨੂੰ ਅੱਗਾਂ ਲਾਉਣ ਲੱਗੇ; ਤਦ ਛੋਟੂ ਰਾਮ ਦੇ ਉਦਮ ਸਦਕਾ ਬਿਲ ਪਾਸ ਹੋਇਆ ਕਿ ਆੜ੍ਹਤੀਆ ਕਰਜ਼ੇ ਦੀ ਅਦਾਇਗੀ ਵਾਸਤੇ ਕਿਸਾਨ ਦੀ ਜ਼ਮੀਨ, ਘਰ ਅਤੇ ਬਲਦਾਂ ਦੀ ਜੋੜੀ ਨਹੀਂ ਖਰੀਦ ਸਕਦਾ। ਇਹ ਬਹੁਤ ਵੱਡੀ ਰਾਹਤ ਮੰਨੀ ਗਈ ਸੀ।

ਗਾਂਧੀ ਜੀ ਨੇ ਦੇਸ਼ਵਾਸੀਆਂ ਅੱਗੇ ਅਪੀਲ ਕੀਤੀ ਕਿ 6 ਅਪਰੈਲ 1919 ਨੂੰ ਰੋਲਟ ਐਕਟ ਵਿਰੁਧ ਸ਼ਾਂਤਮਈ ਰੋਸ ਪ੍ਰਗਟ ਕੀਤਾ ਜਾਵੇ, ਪ੍ਰਾਰਥਨਾ ਕਰੋ, ਰਖ ਸਕੋ ਤਾਂ ਵਰਤ ਰੱਖੋ। ਪੰਜਾਬੀਆਂ ਨੂੰ ਸ਼ਾਂਤਮਈ ਰੋਸ ਦਾ ਕੀ ਪਤਾ? ਪੰਜਾਬ ਵਿਚ ਹਿੰਸਾ ਭੜਕ ਪਈ, ਅਗਜ਼ਨੀ ਹੋਈ, 6 ਅਪਰੈਲ ਨੂੰ ਬੈਂਕ ਲੁਟੇ ਗਏ। ਡਾਕਖਾਨੇ, ਰੇਲਵੇ ਸਟੇਸ਼ਨ ਸਾੜ ਦਿਤੇ। ਪੁਲਸੀਆਂ ਵੱਲ ਗੋਲੀਆਂ ਚਲਾ ਦਿਤੀਆਂ। ਪੰਜ ਗੋਰੇ ਅਫਸਰ ਕਤਲ ਕੀਤੇ। ਸ਼ੇਰਵੁਡ ਨਾਮ ਦੀ ਗੋਰੀ ਆਪਣਾ ਸਕੂਲ ਬੰਦ ਕਰ ਕੇ ਆ ਰਹੀ ਸੀ, ਘੇਰ ਕੇ ਬਦਸਲੂਕੀ ਕੀਤੀ। ਮਹਾਤਮਾ ਗਾਂਧੀ ਨੇ ਪਛਤਾਵਾ ਕਰਦਿਆਂ ਕਿਹਾ, ਮੈਥੋਂ ਹਿਮਾਲਾ ਜਿਡੀ ਗਲਤੀ ਹੋਈ। ਜਿਨ੍ਹਾਂ ਨੂੰ ਅੰਦੋਲਨ ਦੀ ਸਿਖਿਆ ਨਹੀਂ ਮਿਲੀ, ਮੈਂ ਉਨ੍ਹਾਂ ਤੋਂ ਕੀ ਆਸ ਕਰ ਬੈਠਾ! ਓਡਵਾਇਰ ਪੰਜਾਬ ਦਾ ਗਵਰਨਰ ਸੀ। ਉਸ ਨੇ ਕਿਹਾ, "ਇਨ੍ਹਾਂ ਜਾਹਲ ਲੋਕਾਂ ਨੂੰ ਮੈਂ ਅਜਿਹਾ ਸਬਕ ਸਿਖਾਵਾਂਗਾ ਕਿ ਭੁਲਣਗੇ ਨਹੀਂ।" 13 ਅਪਰੈਲ ਵਿਸਾਖੀ 1919 ਨੂੰ ਜਲ੍ਹਿਆਂਵਾਲੇ ਬਾਗ ਵਿਚ ਪੰਜਾਬੀਆਂ ਨੂੰ ਆਖਰ ਸਬਕ ਸਿੱਖਾ ਦਿਤਾ।

9 ਅਪਰੈਲ ਨੂੰ ਮਹਾਤਮਾ ਗਾਂਧੀ ਅਤੇ ਸੈਫ-ਉਦ-ਦੀਨ ਕਿਚਲੂ ਨੇ ਸ਼ਾਂਤੀ ਦੀ ਅਪੀਲ ਕਰਨ ਲਈ ਪੰਜਾਬ ਆਉਣਾ ਸੀ। ਦੋਹਾਂ ਨੂੰ ਗ੍ਰਿਫਤਾਰ ਕਰ ਕੇ ਮਾਲ ਗੱਡੀ ਵਿਚ ਬਿਠਾ ਕੇ ਵਾਪਸ ਭੇਜ ਦਿਤਾ। ਉਧਰ ਓਡਵਾਇਰ ਨੇ ਫੌਜਾਂ ਨੂੰ ਕਿਹਾ, ਜਦੋਂ ਹੁਕਮ ਮਿਲੇ ਕਿ ਗੋਲੀ ਚਲਾਉ, ਹਵਾਈ ਫਾਇਰ ਨਹੀਂ ਕਰਨਾ।

ਡਾਇਰ ਪੁਲਿਸ ਅਫਸਰ ਸੀ। ਜਲ੍ਹਿਆਂਵਾਲੇ ਕਾਂਡ ਬਾਰੇ ਲਿਖਿਆ, "ਅੰਮ੍ਰਿਤਸਰ ਸ਼ਹਿਰ ਸ਼ਾਂਤ ਕਰ ਦਿਤਾ, ਪਰਿੰਦਾ ਖੰਭ ਨਹੀਂ ਪਟਕਦਾ ਸੀ। ਕੁਤੇ ਤੇ ਗਿਰਝਾਂ ਲਾਸ਼ਾਂ ਚੂੰਡਦੇ ਰਹੇ।"

13 ਅਪਰੈਲ ਅਹਿਮਦਾਬਾਦ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਪੰਜਾਬ ਵਿਚਲੀ ਹਿੰਸਾ ਦਾ ਜ਼ਿਕਰ ਕਰਦਿਆਂ ਕਿਹਾ, "ਜੇ ਗੋਰਿਆਂ ਦੇ ਕਤਲਾਂ ਨਾਲ ਸਵਰਾਜ ਮਿਲਣਾ ਹੈ, ਮੈਨੂੰ ਅਜਿਹੇ ਸਵਰਾਜ ਦੀ ਕੋਈ ਜ਼ਰੂਰਤ ਨਹੀਂ।" ਜਦੋਂ ਗਾਂਧੀ ਨੂੰ ਜਲ੍ਹਿਆਂਵਾਲਾ ਬਾਗ ਕਾਂਡ ਦੀ ਨਿਖੇਧੀ ਕਰਨ ਲਈ ਕਿਹਾ ਤਾਂ ਉਸ ਨੇ ਜ਼ਿਦ ਕੀਤੀ ਕਿ ਉਹ ਪੰਜਾਬੀਆਂ ਵਲੋਂ ਗੋਰਿਆਂ ਦੀ ਹੱਤਿਆਂ ਦੀ ਨਿਖੇਧੀ ਵੀ ਕਰੇਗਾ। ਉਸ ਨੂੰ ਅਜਿਹਾ ਕਰਨ ਤੋਂ ਹਟਣ ਲਈ ਮਨਾਇਆ ਗਿਆ, ਤਾਂ ਵੀ ਇਹ ਪੰਕਤੀ ਉਸ ਨੇ ਲਿਖ ਹੀ ਦਿਤੀ, "ਜੇ ਸਰਕਾਰ ਪਾਗਲ ਹੋ ਜਾਏ, ਅਸੀਂ ਪਾਗਲ ਨਹੀਂ ਹੋਵਾਂਗੇ। ਪਾਗਲਪਣ ਦਾ ਜਵਾਬ ਜੇ ਸਿਆਣਪ ਅਤੇ ਸ਼ਾਂਤੀ ਨਾਲ ਦਿਆਂਗੇ ਤਾਂ ਜਿੱਤ ਸਾਡੀ ਹੋਵੇਗੀ।"

ਅੰਗਰੇਜ਼ਾਂ ਨੇ ਤੁਰਕੀ ਵਿਰੁਧ ਜੰਗ ਛੇੜ ਦਿਤੀ ਤਾਂ ਦੁਨੀਆਂ ਭਰ ਦੇ ਮੁਸਲਮਾਨ ਬੇਚੈਨ ਹੋ ਗਏ। ਮੱਕਾ, ਮਦੀਨਾ, ਕਰਬਲਾ, ਨਜਫ, ਜੇਰੂਸਲਮ ਸਭ ਅੰਗਰੇਜ਼ਾਂ ਦੇ ਕਬਜ਼ੇ ਵਿਚ: ਮੁਸਲਿਮ ਲੀਗ ਦੇ ਲੀਡਰ ਸ਼ੌਕਤ ਅਲੀ ਨੇ ਅੰਮ੍ਰਿਤਸਰ ਵਿਚ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ਜਦੋਂ ਹਿੰਦੂ, ਤੁਰਕੀ ਦੇ ਮਸਲੇ ਵਿਚ ਮੁਸਲਮਾਨਾਂ ਦਾ ਸਮਰਥਨ ਕਰ ਰਹੇ ਹਨ ਤਾਂ ਕੀ ਮੁਸਲਮਾਨਾਂ ਨੂੰ ਨਹੀਂ ਚਾਹੀਦਾ ਉਹ ਗਊ ਹੱਤਿਆ ਨਾ ਕਰਨ? ਮੁਸਲਮਾਨਾਂ ਨੇ ਈਦ ਦਿਹਾੜੇ ਗਊ ਹੱਤਿਆ ਨਹੀਂ ਕੀਤੀ।

ਗੋਰਖਪੁਰ ਨੇੜੇ ਚੌਰੀ ਚੌਰਾ ਵਿਚ 4 ਹਜ਼ਾਰ ਹਿੰਦੂ ਮੁਸਲਮਾਨਾਂ ਦੇ ਹਜੂਮ ਨੇ 22 ਸਿਪਾਹੀਆਂ ਦੇ ਵਢ ਵਢ ਕੇ ਟੋਟੇ ਕਰ ਦਿਤੇ। ਗਾਂਧੀ ਨੇ ਆਪਣਾ ਅੰਦੋਲਨ ਵਾਪਸ ਲੈ ਲਿਆ, ਵਾਰਦਾਤ ਦੀ ਨਿਖੇਧੀ ਕੀਤੀ। ਗਾਂਧੀ ਦੀ ਭਰਪੂਰ ਆਲੋਚਨਾ ਹੋਈ, ਲਾਜਪਤ ਰਾਇ ਨੇ ਜੇਲ੍ਹ ਵਿਚੋਂ 70 ਪੰਨਿਆ ਦਾ ਗੁਸੈਲਾ ਖਤ ਲਿਖਿਆ, ਕੋਈ ਅਸਰ ਨਹੀਂ। ਦੇਸ਼ ਵਿਰੁਧ ਬਗਾਵਤ ਕਰਨ ਦਾ ਦੋਸ਼ ਲਾ ਕੇ ਗਾਂਧੀ ਨੂੰ 6 ਸਾਲ ਦੀ ਸਜ਼ਾ ਕਰ ਦਿਤੀ। ਲਾਲਾ ਲਾਜਪਤ ਰਾਇ ਪਹਿਲਾ ਕਾਂਗਰਸੀ ਸੀ ਜਿਸ ਨੇ ਬੰਗਾਲ ਅਤੇ ਪੰਜਾਬ ਦੀ ਵੰਡ ਦਾ ਮਤਾ ਰੱਖਿਆ ਤੇ ਪਾਸ ਕਰਵਾਇਆ ਕਿਉਂਕਿ ਜੇ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਰਾਜ ਵਿਚ ਰਹਿਣਾ ਪੈ ਗਿਆ, ਉਸ ਨਾਲੋਂ ਤਾਂ ਚੰਗਾ ਹੈ ਅੰਗਰੇਜ਼ ਹੀ ਰਾਜ ਕਰਨ।

1925 ਵਿਚ ਰਾਸ਼ਟਰੀ ਸਵੈ ਸੇਵਕ ਸੰਘ ਸਥਾਪਤ ਕੀਤਾ ਗਿਆ ਜਿਸ ਦਾ ਉਦੇਸ਼ ਹਥਿਆਰਬੰਦ ਹੋਣਾ ਸੀ; ਅੰਗਰੇਜ਼ਾਂ ਵਿਰੁਧ ਨਹੀਂ, ਮੁਸਲਮਾਨਾਂ ਵਿਰੁਧ। ਜਦੋਂ 23 ਮਾਰਚ 1931 ਨੂੰ ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦਿਤੀ ਗਈ, ਦੇਸ਼ ਹਿੱਲ ਗਿਆ। ਬੇਸ਼ਕ ਭਗਤ ਸਿੰਘ ਪੰਜਾਬੀਆਂ ਦਾ ਹੀਰੋ ਬਣ ਗਿਆ ਪਰ ਉਸ ਦੀ ਨੌਜਵਾਨ ਭਾਰਤ ਸਭਾ ਨੂੰ ਹੁੰਗਾਰਾ ਨਹੀਂ ਮਿਲਿਆ। ਭਗਤ ਸਿੰਘ ਪਿਛੋਂ ਜਾ ਕੇ ਹਿੰਸਾ ਦੇ ਵਿਰੁਧ ਹੋ ਗਿਆ ਤੇ ਕਿਹਾ ਕਿ ਬੰਬ ਸੁਟਣ ਦੀ ਘਟਨਾ ਨਾ ਕੇਵਲ ਫਜ਼ੂਲ ਸੀ ਸਗੋਂ ਨੁਕਸਾਨਦਾਇਕ ਵੀ ਸੀ।

ਗੋਰੀ ਸਰਕਾਰ ਨੇ ਕਮਿਊਨਲ ਐਵਾਰਡ ਲਿਆਂਦਾ ਜਿਸ ਅਨੁਸਾਰ ਪੰਜਾਬ ਅਸੈਂਬਲੀ ਵਿਚ ਸਿੱਖਾਂ ਨੂੰ 18% ਸੀਟਾਂ ਦਿੱਤੀਆਂ, ਮੰਗ 30% ਦੀ ਸੀ ਪਰ ਜੋ ਮਿਲਿਆ ਉਹ ਕਾਫੀ ਸੀ ਕਿਉਂਕਿ ਆਬਾਦੀ ਤੋਂ ਵਧੀਕ ਮਿਲ ਗਿਆ। ਡਾ. ਸਤਪਾਲ ਚੁਪ ਕਰ ਗਿਆ ਕਿਉਂਕਿ ਮੁਸਲਮਾਨਾਂ ਨੂੰ ਵੀ ਐਵਾਰਡ ਪਸੰਦ ਆਇਆ; ਫਲਸਰੂਪ, ਪੰਜਾਬ, ਕਾਂਗਰਸ ਤੋਂ ਹੋਰ ਦੂਰ ਚਲਾ ਗਿਆ ਕਿਉਂਕਿ ਕਾਂਗਰਸ ਨੇ ਐਵਾਰਡ ਰੱਦ ਕਰ ਦਿਤਾ।

ਡਾ. ਮੁਹੰਮਦ ਇਕਬਾਲ ਕਦੀ ਅੰਗਰੇਜ਼ਾਂ ਦੇ ਖਿਲਾਫ ਨਹੀਂ ਹੋਇਆ। ਉਸ ਉਤੇ ਬੜਾ ਦਬਾਉ ਪਿਆ ਕਿ ਸਰ ਦਾ ਖਿਤਾਬ ਵਾਪਸ ਕਰੋ, ਉਸ ਨੇ ਨਹੀਂ ਕੀਤਾ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਅੰਗਰੇਜ਼ਾਂ ਦਾ ਜ਼ੋਰ ਸੀ। ਉਸ ਦੇ ਮੁਕਾਬਲੇ ਅੰਗਰੇਜ਼ਾਂ ਵਿਰੁਧ ਮੁਸਲਿਮ ਯੂਥ ਨੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਖੜ੍ਹੀ ਕਰ ਦਿੱਤੀ। ਗਾਂਧੀ ਨੇ ਇਕਬਾਲ ਨੂੰ ਲਿਖਿਆ, ਜਾਮੀਆ ਮਿਲੀਆ ਤੁਹਾਡਾ ਇੰਤਜ਼ਾਰ ਕਰ ਰਹੀ ਹੈ, ਆਓ, ਇਸ ਦੇ ਪਹਿਲੇ ਰੈਕਟਰ ਵਜੋਂ ਜ਼ਿੰਮੇਵਾਰੀ ਸੰਭਾਲੋ। ਇਕਬਾਲ ਨੇ ਇਨਕਾਰ ਕਰ ਦਿੱਤਾ। ਇਕਬਾਲ ਦਾ ਫੈਸਲਾ ਅੰਗਰੇਜ਼ਾਂ ਨਾਲ ਮਿਲ ਕੇ ਚੱਲਣ ਦਾ ਸੀ। ਪਾਕਿਸਤਾਨ ਅੰਗਰੇਜ਼ ਦੇਣਗੇ ਨਾ ਕਿ ਕਾਂਗਰਸ। ਜੇ ਪਾਕਿਸਤਾਨ ਚਾਹੀਦੈ ਤਾਂ ਅੰਗਰੇਜ਼ਾਂ ਦੇ ਇਥੇ ਰਹਿਣ ਜਾਂ ਚਲੇ ਜਾਣ ਨਾਲ ਫਰਕ ਨਹੀਂ ਪੈਂਦਾ; ਪਾਕਿਸਤਾਨ, ਕੇਵਲ ਪਾਕਿਸਤਾਨ। 175 ਮੈਂਬਰੀ ਪੰਜਾਬ ਵਿਧਾਨ ਸਭਾ ਦੀ ਚੋਣ ਵਿਚ ਮੁਸਲਮਾਨਾਂ ਨੂੰ 48%, ਹਿੰਦੂਆਂ ਨੂੰ 24% ਅਤੇ ਸਿੱਖਾਂ ਨੂੰ 18% ਸੀਟਾਂ ਮਿਲੀਆਂ। 1937 ਦੀ ਚੋਣ ਵਿਚ ਯੂਨੀਅਨਿਸਟ ਪਾਰਟੀ 95 ਸੀਟਾਂ ਨਾਲ ਜਿੱਤੀ, ਮੁਸਲਿਮ ਲੀਗ ਨੂੰ ਕੇਵਲ ਦੋ ਸੀਟਾਂ 'ਤੇ ਜਿੱਤ ਨਸੀਬ ਹੋਈ ਤੇ ਕਾਂਗਰਸ ਨੂੰ 28 ਸੀਟਾਂ ਮਿਲੀਆਂ। ਬਾਕੀ ਆਜ਼ਾਦ ਉਮੀਦਵਾਰ ਜਿੱਤੇ।

ਜਿਨਾਹ ਦੀ ਚੜ੍ਹਤ ਦੇਖ ਕੇ ਪੰਡਿਤ ਨਹਿਰੂ ਨੇ ਬਿਆਨ ਦਿੱਤਾ, ਜਿਨਾਹ ਫਿਰਕਾਪ੍ਰਸਤੀ ਨੂੰ ਹਵਾ ਦੇ ਰਿਹੈ। ਮੁਸਲਿਮ ਲੀਗ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੀ ਪਾਰਟੀ ਹੈ, ਆਮ ਮੁਸਲਮਾਨ ਉਸ ਨਾਲ ਨਹੀਂ ਹਨ। ਜਿਨਾਹ ਨੇ ਬਿਆਨ ਦਿੱਤਾ, ਨਹਿਰੂ ਨਿੱਕਾ ਬੱਚਾ ਹੈ ਜਿਸ ਨੇ ਵੱਡਾ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਉਸ ਦੀ ਖੁਰਲੀ ਕਾਂਗਰਸ ਪਾਰਟੀ ਹੈ ਪਰ ਉਸ ਦੀ ਇਧਰ ਉਧਰ ਮੂੰਹ ਮਾਰਨ ਦੀ ਆਦਤ ਹੈ। ਨਹਿਰੂ ਦਾ ਬਿਆਨ ਆਇਆ, ਕਾਂਗਰਸ ਵਿਚ ਇਕ ਦੋ ਨਹੀਂ, ਅਣਗਿਣਤ ਮੁਸਲਮਾਨ ਹਨ ਜਿਹੜੇ ਹਜ਼ਾਰਾਂ ਜਿਨਾਹਾਂ ਨੂੰ ਰਸਤਾ ਦਿਖਾਉਣਗੇ।



ਮੁਹੰਮਦ ਅਲੀ ਜਿਨਾਹ

ਨਹਿਰੂ ਦੇ ਬਿਆਨ ਨੇ ਜਿਨਾਹ ਨੂੰ ਪੱਕਾ ਮੁਸਲਮਾਨ ਲੀਡਰ ਬਣਾ ਦਿੱਤਾ। ਦੂਜਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਪੰਜਾਬ ਦੇ ਪ੍ਰੀਮੀਅਰ (ਪ੍ਰਧਾਨ ਮੰਤਰੀ) ਸਿਕੰਦਰ ਹਯਾਤ ਖਾਨ ਨੇ ਅੰਗਰੇਜ਼ਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਜ਼ਾਰਾਂ ਦੀ ਗਿਣਤੀ ਵਿਚ ਸਿਪਾਹੀ ਭਰਤੀ ਕਰ ਕੇ ਦਏਗਾ।



**ਮਹਾਰਾਣੀ ਵਿਕਟੋਰੀਆ ਕੋਲ ਮਹਾਰਾਜਾ ਦਲੀਪ ਸਿੰਘ ਵਿਰੁਧ ਸ਼ਿਕਾਇਤ ਲਾਈ ਗਈ ਕਿ 19 ਸਾਲਾ ਦਲੀਪ ਸਿੰਘ 1857 ਦੇ ਗਦਰ ਖਿਲਾਫ ਬਿਆਨ ਜਾਰੀ ਨਹੀਂ ਕਰਦਾ। ਮਹਾਰਾਣੀ ਨੇ ਕਿਹਾ, ਪਰਦੇਸ ਵਿਚ ਜਲਾਵਤਨੀ ਭੁਗਤ ਰਿਹਾ ਗੱਦੀਓਂ ਲੱਥਾ ਪੰਜਾਬੀ ਸ਼ਾਹਿਜ਼ਾਦਾ ਭਾਰਤੀਆਂ ਖਿਲਾਫ ਬਿਆਨ ਦੇਵੇ, ਇਹ ਤੁਸੀਂ ਕਿਵੇਂ ਸੋਚ ਲਿਆ?**

ਕਾਂਗਰਸ ਨੇ ਕਿਹਾ, ਯੁੱਧ ਤੋਂ ਬਾਅਦ ਦੇ ਅੰਗਰੇਜ਼ ਆਪਣੀ ਯੋਜਨਾ ਦੱਸਣ, ਅਸੀਂ ਮਦਦ ਬਾਰੇ ਫਿਰ ਫੈਸਲਾ ਕਰਾਂਗੇ। ਜਿਨਾਹ ਨੇ ਕਿਹਾ, ਮੁਸਲਿਮ ਲੀਗ ਦੀ ਸਲਾਹ ਬਗੈਰ ਅੰਗਰੇਜ਼ ਭਵਿੱਖ ਦੇ ਭਾਰਤੀ ਸੰਵਿਧਾਨ ਦਾ ਫੈਸਲਾ ਹਰਗਿਜ਼ ਨਾ ਕਰਨ। ਸੁਭਾਸ਼ ਚੰਦਰ ਬੋਸ ਪਹਿਲਾਂ 1938 ਵਿਚ, ਫਿਰ 1939 ਵਿਚ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ। ਉਸ ਨੇ ਐਲਾਨ ਕੀਤਾ, ਕੋਈ ਭਾਰਤੀ ਅੰਗਰੇਜ਼ਾਂ ਦੀ ਮਦਦ ਨਹੀਂ ਕਰੇਗਾ। ਸੰਸਾਰ ਯੁੱਧ ਵਿਚ ਨਾ ਪੈਸਾ ਦਿਆਂਗੇ, ਨਾ ਬੰਦੇ ਨਾ ਹੋਰ ਸਾਧਨ। ਫਲਸਰੂਪ ਗਾਂਧੀ ਦੇ ਹੁਕਮ ਅਨੁਸਾਰ ਬੋਸ ਨੂੰ ਕਾਂਗਰਸ ਵਿਚੋਂ ਕੱਢ ਦਿੱਤਾ ਗਿਆ। ਸਿਕੰਦਰ ਹਯਾਤ ਖਾਨ ਨੇ ਗਵਰਨਰ ਪੰਜਾਬ ਹੈਨਰੀ ਕਰੀਕ ਨੂੰ ਕਿਹਾ, ਮੈਂ ਹਫਤੇ ਵਿਚ ਪੰਜ ਲੱਖ ਸਿਪਾਹੀ ਦੇ ਸਕਦਾ ਹਾਂ।

ਕਿਸਾਨ ਪਰਜਾ ਪਾਰਟੀ ਵਲੋਂ ਚੁਣਿਆ ਬੰਗਾਲ ਦਾ ਪ੍ਰੀਮੀਅਰ ਲਾਹੌਰ ਆਇਆ ਤੇ ਐਲਾਨ ਕੀਤਾ, ਬੰਗਾਲ ਵਿਚ ਬਹੁਗਿਣਤੀ ਮੁਸਲਮਾਨਾਂ ਵਾਲੇ ਇਲਾਕਿਆਂ ਉਪਰ ਰਾਜ ਕਰਨ ਦਾ ਹੱਕ ਕੇਵਲ ਮੁਸਲਮਾਨਾਂ ਨੂੰ ਮਿਲੇ, ਮੇਰਾ ਇਹ ਫੈਸਲਾ ਹੈ। ਮਹਾਤਮਾ ਗਾਂਧੀ ਨੇ ਬਿਆਨ ਦਿੱਤਾ, ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਵਿਚ ਫਰਕ ਕੀ ਹੈ? ਕੀ ਸਾਰੇ ਉਹੀ ਪਾਣੀ ਨਹੀਂ ਪੀਂਦੇ? ਇਕੋ ਹਵਾ ਵਿਚ ਸਾਹ ਨਹੀਂ ਲੈਂਦੇ? ਇਹ ਬਿਆਨ ਮਹਿਜ਼ ਬਿਆਨ ਸੀ ਜਦੋਂ ਕਿ ਰੇਲਵੇ ਸਟੇਸ਼ਨਾਂ ਉਪਰ ਰੱਖੇ ਘੜਿਆਂ ਉਪਰ ਲਿਖਿਆ ਹੁੰਦਾ ਸੀ; ਮੁਸਲਮਾਨ ਪਾਣੀ, ਹਿੰਦੂ ਪਾਣੀ। ਸਿੱਖ, ਹਿੰਦੂ ਘੜੇ ਦਾ ਪਾਣੀ ਪੀਂਦੇ ਸਨ। ਸਰ ਸੁੰਦਰ ਸਿੰਘ ਮਜੀਠੀਆ ਦਾ ਬਿਆਨ ਛਪਿਆ, ਪੰਜਾਬ ਸਿੱਖਾਂ ਦੇ ਹਵਾਲੇ ਕਰੋ। ਇਹੋ ਹਾਲ ਬਾਅਦ ਵਿਚ ਮਾਸਟਰ ਤਾਰਾ ਸਿੰਘ ਦਾ ਹੋਇਆ ਜਿਸ ਨੇ ਮੁਸਲਿਮ ਲੀਗ ਦਾ ਝੰਡਾ ਪਾੜ ਦਿੱਤਾ। ਤਾਣੀ ਇੰਨੀ ਉਲਝੀ ਕਿ ਕਮਿਊਨਿਸਟਾਂ ਨੇ ਵੀ ਇਕ ਵਾਰ ਸਿੱਖ ਹੋਮਲੈਂਡ ਦੀ ਮੰਗ ਦਾ ਸਮਰਥਨ ਕੀਤਾ। ਸਿਕੰਦਰ ਹਯਾਤ ਖਾਨ ਅਤੇ ਸਿੱਖ ਲੀਡਰਸ਼ਿਪ ਨੂੰ ਲੋਕਤੰਤਰ ਦੀ ਕੋਈ ਸਮਝ ਨਹੀਂ ਸੀ, ਉਹ ਭੂਤਕਾਲ ਵਿਚ ਰਹਿ ਰਹੇ ਸਨ। ਸਿਕੰਦਰ ਹਯਾਤ ਮਹਾਨ ਮੁਗਲ ਹਕੂਮਤ ਦੇਖ ਰਿਹਾ ਸੀ, ਸਿੱਖ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੇਖ ਰਹੇ ਸਨ, ਜਿਨਾਹ ਵਰਤਮਾਨ ਅਤੇ ਭਵਿੱਖ ਦੇਖ ਰਿਹਾ ਸੀ। ਜਿੱਤ ਉਸ ਦੀ ਹੋਈ ਜਿਸ ਨੇ ਭਵਿੱਖ ਦੇਖਿਆ।

ਆਖਰ ਵਿਚ ਖਿਚ-ਧੂਹ ਇਸ ਵਾਸਤੇ ਹੋਈ ਕਿ ਸਿੱਖ ਪਾਕਿਸਤਾਨ ਵਿਚ ਰਹਿਣ ਕਿ ਹਿੰਦੁਸਤਾਨ ਵਿਚ। ਉਨ੍ਹਾਂ ਦਾ ਆਪਣਾ ਕੋਈ ਥਾਂ ਨਹੀਂ ਸੀ। ਸਿੱਖ ਅਤੇ ਮੁਸਲਮਾਨ ਸੰਸਾਰ ਯੁੱਧ ਵਿਚ ਅੰਗਰੇਜ਼ਾਂ ਦੇ ਹੱਕ ਵਿਚ ਲੜਨ ਲਈ ਵੱਡੀ ਗਿਣਤੀ ਵਿਚ ਇਸ ਕਰ ਕੇ ਭਰਤੀ ਹੋਏ ਕਿਉਂਕਿ ਹਥਿਆਰਾਂ ਦੀ ਲੋੜ ਪਏਗੀ, ਇਕ ਦੂਜੇ ਨੂੰ ਵੱਢਣ ਲਈ। ਇਹ ਹਥਿਆਰ 1947 ਵਿਚ ਕੰਮ ਆਏ। ਗਾਜਰਾਂ ਮੂਲੀਆਂ ਵਾਂਗ ਬੰਦੇ ਨੇ ਬੰਦੇ ਵੱਢੇ। ਸਿੱਖਾਂ ਨੂੰ ਸਿੱਖੀ ਵਿਸਰ ਗਈ, ਮੁਸਲਮਾਨ ਦੀਨ ਭੁੱਲ ਗਏ। ਦੇਸ ਵੰਡ ਵੇਲੇ ਆਰ.ਐਸ.ਐਸ. ਦੀ ਪੰਜਾਬ ਵਿਚ 47 ਹਜ਼ਾਰ ਦੀ ਭਰਤੀ ਸੀ, ਲੀਗ ਦੇ ਗਾਰਡਾਂ ਦੀ ਗਿਣਤੀ 23 ਹਜ਼ਾਰ, ਸਿੱਖਾਂ ਦੀ ਇਉਂ ਕੋਈ ਫੌਜ ਨਹੀਂ ਸੀ ਕਿਉਂਕਿ ਸਾਰੇ ਸਿੱਖ ਹੀ ਆਪਣੇ ਆਪ ਨੂੰ ਗੁਰੂ ਦੀ ਫੌਜ ਸਮਝਦੇ ਸਨ, ਫਿਰ ਭਰਤੀ ਕਿਸ ਵਾਸਤੇ? ਲੁਹਾਰਾਂ ਦੀਆਂ ਅਹਿਰਨਾਂ 'ਤੇ ਦਾਤੀ ਰੰਬਿਆਂ ਦੀ ਥਾਂ ਗੰਡਾਸੇ ਅਤੇ ਬਰਛੇ ਢਲਣ ਲੱਗੇ। ਲੀਗ ਨੇ ਔਰਤਾਂ ਨੂੰ ਵੀ ਹਥਿਆਰਬੰਦ ਕਰ ਲਿਆ। ਹਿੰਸਾ ਦੀ ਸ਼ੁਰੂਆਤ ਪੰਜਾਬ ਨਾਲੋਂ ਪਹਿਲਾਂ ਬੰਗਾਲ ਵਿਚ ਹੋਈ। ਪੰਜਾਬ ਵਿਚ 70% ਪੁਲਿਸ ਫੋਰਸ ਮੁਸਲਮਾਨਾਂ ਦੀ ਸੀ, ਸਿੱਖਾਂ ਦਾ ਦੀ ਬਣੇਗਾ? ਗੋਰੀ ਸਰਕਾਰ ਵੀ ਉਲਝੀ ਪਈ ਸੀ। ਰਾਸ਼ਟਰੀ ਸਵੈ ਸੇਵਕ ਸੰਘ ਦਾ ਮੁਖੀ ਗੋਵਲਕਰ ਪੰਜਾਬ ਵਿਚ ਆਇਆ। ਉਸ ਨੇ ਹਿੰਦੂਆਂ ਸਿੱਖਾਂ ਨੂੰ ਕਿਹਾ, ਤਿਆਰ ਰਹੋ। ਮੁਸਲਮਾਨਾਂ ਨਾਲ ਹਥਿਆਰਬੰਦ ਯੁੱਧ ਹੋਏਗਾ। ਖਿਜ਼ਰ ਹਯਾਤ ਖਾਨ ਨੇ ਆਰ.ਐਸ.ਐਸ. ਅਤੇ ਮੁਸਲਿਮ ਲੀਗ ਦੀ ਗਾਰਦ ਉਪਰ ਪਾਬੰਦੀ ਲਾ ਦਿੱਤੀ। ਆਰ.ਐਸ.ਐਸ. ਖਾਮੋਸ਼ ਹੋ ਗਈ ਪਰ ਮੁਸਲਿਮ ਗਾਰਦ ਨਹੀਂ ਝੁਕੀ। ਖਿਜ਼ਰ ਨੂੰ ਜਿਨਾਹ ਨਾਲ ਸਮਝੌਤਾ ਕਰਨਾ ਪਿਆ। ਅੰਮ੍ਰਿਤ ਛਕ ਕੇ ਧੜਾ ਧੜ ਸਿੱਖ ਨਿਹੰਗ ਹੋ ਗਏ ਕਿਉਂਕਿ ਨਿਹੰਗਾਂ ਨੂੰ

(ਬਾਕੀ ਅਗਲੇ ਸਫੇ 'ਤੇ)

ਹਥਿਆਰਬੰਦ ਹੋਣ ਦੀ ਆਗਿਆ ਸੀ। ਅਕਾਲ ਫੌਜ ਤਿਆਰ ਹੋ ਗਈ। ਪਰਿਵਾਰ ਦੇ ਇਕ ਬੱਚੇ ਨੇ ਖਿਜ਼ਰ ਹਯਾਤ ਨੂੰ ਕਿਹਾ, ਮੇਰੇ ਦੋਸਤ ਮੈਨੂੰ ਕਹਿੰਦੇ ਨੇ ਤੇਰਾ ਤਾਇਆ ਮੁਸਲਮਾਨ ਨਹੀਂ। ਖਰਾ ਮੁਸਲਮਾਨ ਖਿਜ਼ਰ ਸ਼ੱਕ ਵਿਚ ਘਿਰ ਗਿਆ। ਜਿਨਾਹ ਜਿਹੜਾ ਕਿਹਾ ਕਰਦਾ ਸੀ, ਮੈਂ ਕਿੱਧਰ ਦਾ ਮੁਸਲਮਾਨ ਹਾਂ, ਮੁਸਲਮਾਨਾਂ ਦਾ ਲੀਡਰ ਹੋ ਗਿਆ।

ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ, ਅਸੀਂ ਜਪਾਨੀਆਂ ਅਤੇ ਨਾਜ਼ੀਆਂ ਵਾਂਗ ਆਤਮਹੱਤਿਆ ਤੱਕ ਕਰ ਲਵਾਂਗੇ ਪਰ ਪਾਕਿਸਤਾਨ ਵਿਚ ਮੁਸਲਮਾਨਾਂ ਦੀ ਗੁਲਾਮੀ ਨਹੀਂ ਝੱਲਾਂਗੇ। ਮਾਰਚ 1947 ਵਿਚ ਕਤਲਾਂ ਦੀ ਸ਼ੁਰੂਆਤ ਹੋ ਗਈ। ਸੈਫ-ਉਦ-ਦੀਨ ਕਿਚਲੂ ਮੁਲਤਾਨ ਆਪਣੇ ਰਸੂਖ ਵਾਲੇ ਦੋਸਤ ਕਲਿਆਣ ਦਾਸ ਦੇ ਘਰ ਮਹਿਮਾਨ ਵਜੋਂ ਠਹਿਰਿਆ ਹੋਇਆ ਸੀ। ਕਲਿਆਣ ਦਾਸ ਦਾ ਸਾਰਾ ਪਰਿਵਾਰ ਵੱਢ ਦਿੱਤਾ। ਕਿਚਲੂ ਨੂੰ ਨੰਗਾ ਕਰ ਕੇ ਦੇਖਿਆ ਕਿ ਉਸ ਨੇ ਸੁੰਨਤ ਕਰਵਾਈ ਹੋਈ ਹੈ, ਸੋ ਛੱਡ ਦਿੱਤਾ। ਵਾਇਸਰਾਇ ਦੇ ਜਹਾਜ਼ ਵਿਚ ਸਫਰ ਕਰਦੇ ਜੈਨਕਿਨਜ਼ ਨੇ ਛੇ ਪਿੰਡ ਰਾਵਲਪਿੰਡੀ ਨੇੜੇ 9 ਮਾਰਚ ਨੂੰ ਅੱਗ ਵਿਚ ਸੜਦੇ ਦੇਖੇ।

ਅੰਗਰੇਜ਼ਾਂ ਨੇ ਦੱਸ ਦਿੱਤਾ ਸੀ ਕਿ ਉਹ ਜਾ ਰਹੇ ਹਨ। ਉਨ੍ਹਾਂ ਨੂੰ ਆਪਣੇ ਬਾਲ ਬੱਚਿਆਂ ਦੀ ਜਾਨ ਦਾ ਫਿਕਰ ਸੀ, ਭਾਰਤੀਆਂ ਦਾ ਫਿਕਰ ਕਿਸ ਨੂੰ ਸੀ? ਇਕ ਵਾਰ ਅੰਗਰੇਜ਼ਾਂ ਨੇ ਇਹ ਵੀ ਸੋਚਿਆ ਕਿ ਮਾਰਸ਼ਲ ਲਾਅ ਲਾ ਕੇ ਨਰ-ਸੰਘਾਰ ਰੋਕਿਆ ਜਾਵੇ; ਫਿਰ ਇਹ ਸੋਚ ਕੇ ਕਿ ਮੁਸਲਮਾਨ ਸਮਝਣਗੇ, ਇਹ ਪਾਕਿਸਤਾਨ ਬਣਨ ਖਿਲਾਫ ਪਲੈਨ ਹੈ, ਇਸ ਕਰ ਕੇ ਉਹ ਵੀ ਅੰਗਰੇਜ਼ਾਂ ਦੇ ਖਿਲਾਫ ਹੋ ਜਾਣਗੇ, ਚੁਪ ਹੋ ਗਏ। ਜੱਟ ਜਾਣੇ ਜਾਂ ਬਿੱਜੂ, ਆਪਾਂ ਨੂੰ ਕੀ। ਥੱਕੇ ਹਾਰੇ ਗਵਰਨਰ ਪੰਜਾਬ ਨੇ ਹਉਕਾ ਲੈਂਦਿਆ ਕਿਹਾ- ਸਿਤਮ ਹੈ, ਪੰਜਾਬੀ ਮੁਸਲਮਾਨ ਬੰਬਈ ਨਿਵਾਸੀ ਜਿਨਾਹ ਦਾ ਹੁਕਮ ਮੰਨ ਰਹੇ ਹਨ; ਉਹ ਜਿਨਾਹ ਜਿਸ ਨੂੰ ਪੰਜਾਬ ਦੇ ਹਾਲਾਤ ਦੀ ਏ.ਬੀ.ਸੀ. ਦਾ ਪਤਾ ਨਹੀਂ।



*ਗਾਂਧੀ ਨੂੰ ਜਲ੍ਹਿਆਂਵਾਲਾ ਬਾਗ ਕਾਂਡ ਦੀ ਨਿਖੇਧੀ ਕਰਨ ਲਈ ਕਿਹਾ ਤਾਂ ਉਸ ਨੇ ਜ਼ਿਦ ਕੀਤੀ ਕਿ ਉਹ ਪੰਜਾਬੀਆਂ ਵਲੋਂ ਗੋਰਿਆਂ ਦੀ ਹੱਤਿਆਂ ਦੀ ਨਿਖੇਧੀ ਵੀ ਕਰੇਗਾ। ਉਸ ਨੂੰ ਅਜਿਹਾ ਕਰਨ ਤੋਂ ਹਟਣ ਲਈ ਮਨਾਇਆ ਗਿਆ, ਤਾਂ ਵੀ ਇਹ ਪੰਕਤੀ ਉਸ ਨੇ ਲਿਖ ਹੀ ਦਿਤੀ, "ਜੇ ਸਰਕਾਰ ਪਾਗਲ ਹੋ ਜਾਏ, ਅਸੀਂ ਪਾਗਲ ਨਹੀਂ ਹੋਵਾਂਗੇ। ਪਾਗਲਪਣ ਦਾ ਜਵਾਬ ਜੇ ਸਿਆਣਪ ਅਤੇ ਸ਼ਾਂਤੀ ਨਾਲ ਦਿਆਂਗੇ ਤਾਂ ਜਿੱਤ ਸਾਡੀ ਹੋਵੇਗੀ।"*

11 ਅਪਰੈਲ ਨੂੰ ਗਾਂਧੀ ਨੇ ਮਾਊਂਟਬੈਟਨ ਨੂੰ ਪੱਤਰ ਲਿਖਿਆ, ਕਾਂਗਰਸ ਵਿਚ ਮੇਰੀ ਕੋਈ ਸੁਣਵਾਈ ਨਹੀਂ, ਕੇਵਲ ਬਾਦਸ਼ਾਹ ਖਾਨ ਮੇਰੀ ਹਾਂ ਵਿਚ ਹਾਂ ਮਿਲਾਉਂਦਾ ਹੈ।

ਜਿਨਾਹ ਨਾਲ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਗੱਲਬਾਤ ਤਾਂ ਕੀਤੀ, ਜਿਨਾਹ ਨੇ ਸਾਰੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਪਰ ਕਿਸੇ ਨੂੰ ਇਕ ਦੂਜੇ ਉਪਰ ਇਤਬਾਰ ਨਹੀਂ ਸੀ। ਦੰਗੇ ਸ਼ੁਰੂ ਹੋ ਗਏ। ਜਿਨਾਹ ਨੇ 23 ਜੂਨ 1947 ਨੂੰ ਲਾਰਡ ਮਾਉਂਟਬੈਟਨ ਨੂੰ ਕਿਹਾ, ਹਿੰਸਾ ਬੰਦ ਕਰਵਾਉ, ਬੇਸ਼ਕ ਮੁਸਲਮਾਨਾਂ ਉਪਰ ਗੋਲੀਆਂ ਦਾਗ ਦਿਉ ਪਰ ਇਹ ਫਸਾਦ ਬੰਦ ਹੋਣ। ਦੇਸ਼ ਛੱਡ ਕੇ ਜਾਂਦੀ ਸਰਕਾਰ ਨੂੰ ਦੰਗਿਆਂ ਦਾ ਕੀ ਦਰਦ? ਆਰ.ਐਸ.ਐਸ. ਨੇ ਪਹਿਲਾਂ ਲਾਹੌਰ, ਫਿਰ ਅੰਮ੍ਰਿਤਸਰ ਵਿਚ ਕਤਲੇਆਮ ਕੀਤਾ। ਪੂਰਬੀ ਪੰਜਾਬ ਦੇ ਸਿੱਖ ਸੋਚਣ ਲੱਗੇ ਕਿ ਜਿਵੇਂ ਹਿੰਦੂ-ਸਿੱਖਾਂ ਨੂੰ ਪੱਛਮੀ ਪੰਜਾਬ ਵਿਚੋਂ ਖਤਮ ਕਰ ਕੇ ਸਫਾਇਆ ਕਰ ਦਿੱਤਾ ਹੈ, ਇਵੇਂ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਦਾ ਸਫਾਇਆ ਕੀਤਾ ਜਾਵੇ।

ਆਲ ਇੰਡੀਆ ਕਾਂਗਰਸ ਕਮੇਟੀ ਨੂੰ ਵੰਡ ਦਾ ਮਤਾ ਪਾਸ ਕਰਨਾ ਪਿਆ। ਇਕ ਮੈਂਬਰ ਦਸਦਾ ਹੈ, ਸੋਗ ਮਤੇ ਨੂੰ ਛੱਡ ਕੇ ਹਰ ਮੀਟਿੰਗ ਵਿਚ ਵਿਚਾਰ-ਵਟਾਂਦਰਾ, ਸ਼ੋਰ-ਸ਼ਰਾਬਾ ਹੁੰਦਾ ਸੀ। ਦੇਸ਼ ਵੰਡ ਦਾ ਮਤਾ ਪੂਰਨ ਖਾਮੋਸ਼ੀ ਨਾਲ ਪਾਸ ਹੋ ਗਿਆ। ਪੂਰਬੀ ਪੰਜਾਬ ਨੇ ਹਿੰਦੁਸਤਾਨ ਨਾਲ ਰਹਿਣ ਦਾ ਫੈਸਲਾ ਕੀਤਾ। ਵੰਡ ਵੇਲੇ ਪੰਜ ਤੋਂ ਅੱਠ ਲੱਖ ਕਤਲਾਂ ਦਾ ਅਤੇ ਇਕ ਤੋਂ ਡੇਢ ਕਰੋੜ ਲੋਕਾਂ ਦੇ ਉਜੜਨ ਬਾਰੇ ਅੰਕੜੇ ਹਨ।

ਰਾਜਮੋਹਨ ਇਕ ਅਧਿਆਇ ਕਤਲੋਗਾਰਤ ਬਾਰੇ ਲਿਖਦਾ ਹੈ, ਇਕ ਅਧਿਆਇ ਮਨੁੱਖੀ ਹਮਦਰਦੀ ਉਪਰ ਹੈ, ਘੋਰ ਸੰਕਟ ਵਿਚ ਕਿਤੇ ਕਿਤੇ ਇਸਾਨੀਅਤ ਜਿਉਂਦੀ ਵੀ ਰਹੀ। ਉਸ ਦੀ ਟਿੱਪਣੀ ਹੈ: ਨੌਂ ਸਦੀਆਂ ਵਿਚ ਪਹਿਲੀ ਵਾਰ ਪੰਜਾਬੀ ਮੂਲ ਦੇ ਬੰਦਿਆਂ ਨੇ ਪੰਜਾਬ ਉਪਰ ਰਾਜ ਕੀਤਾ, ਇਹ ਅਮਨ ਅਮਾਨ ਦਾ ਸਮਾਂ ਸਰਕਾਰ ਖਾਲਸਾ ਦਾ ਸਮਾਂ ਸੀ। ਗਾਂਧੀ, ਨਹਿਰੂ, ਜਿਨਾਹ ਗੈਰ ਪੰਜਾਬੀ ਸਨ। ਉਨ੍ਹਾਂ ਨੂੰ ਪੰਜਾਬ ਨਾਲ ਕੋਈ ਹਮਦਰਦੀ ਨਹੀਂ ਸੀ। ਇਹ ਤਾਂ ਪੰਜਾਬੀਆਂ ਨੂੰ ਖੁਦ ਚਾਹੀਦਾ ਸੀ, ਆਪਣੀ ਮੁਸੀਬਤ ਦਾ ਹੱਲ ਆਪ ਕਢਦੇ।



*ਸੁਭਾਸ਼ ਚੰਦਰ ਬੋਸ ਪਹਿਲਾਂ 1938 ਵਿਚ, ਫਿਰ 1939 ਵਿਚ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ। ਉਸ ਨੇ ਐਲਾਨ ਕੀਤਾ, ਕੋਈ ਭਾਰਤੀ ਅੰਗਰੇਜ਼ਾਂ ਦੀ ਮਦਦ ਨਹੀਂ ਕਰੇਗਾ। ਸੰਸਾਰ ਯੁੱਧ ਵਿਚ ਨਾ ਪੈਸਾ ਦਿਆਂਗੇ, ਨਾ ਬੰਦੇ ਨਾ ਹੋਰ ਸਾਧਨ। ਫਲਸਰੂਪ ਗਾਂਧੀ ਦੇ ਹੁਕਮ ਅਨੁਸਾਰ ਬੋਸ ਨੂੰ ਕਾਂਗਰਸ ਵਿਚੋਂ ਕੱਢ ਦਿੱਤਾ ਗਿਆ।*

ਰਾਜ ਨੂੰ ਗੁਰਬਾਣੀ ਦੇ ਸੁਨੇਹੇ ਦਾ ਪਤਾ ਹੈ, ਸੂਫੀ ਸ਼ਾਇਰਾਂ ਨੂੰ ਜਾਣਦਾ ਹੈ, ਸ਼ਾਹ ਮੁਹੰਮਦ ਦਾ ਕਿੱਸਾ ਤਾਂ ਪੜ੍ਹਿਆ ਹੀ, ਅੰਮ੍ਰਿਤਾ ਪ੍ਰੀਤਮ ਦੀ ਅੱਜ ਆਖਾਂ ਵਾਰਸ ਸ਼ਾਹ ਨੂੰ... ਕਵਿਤਾ ਦਾ ਹਵਾਲਾ ਦਿੰਦਾ ਹੈ। ਫੈਜ਼ ਦੀ ਨਜ਼ਮ 'ਯੇ ਦਾਗ ਦਾਗ ਉਜਾਲਾ, ਯੇ ਸ਼ੁਬਗੁਜ਼ੀਦਾ ਸਹਰ, ਹਮੇਂ ਇੰਤਜ਼ਾਰ ਥਾ ਜਿਨਕਾ ਯੇ ਵੋ ਸਹਰ ਤੋ ਨਹੀਂ,' ਮੰਟੋ ਦਾ ਟੋਬਾ ਟੇਕ ਸਿੰਘ ਅਤੇ ਦਾਮਨ ਦੀ ਕਵਿਤਾ 'ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ' ਪੜ੍ਹੀ ਹੋਈ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਦੰਗਿਆਂ ਬਾਰੇ ਲਿਖਦਾ ਹੈ, 1857 ਦੇ ਗਦਰ ਸਮੇਂ ਦੇ ਕਤਲੇਆਮ ਤੋਂ ਬਾਅਦ 1984 ਵਿਚ ਦਿੱਲੀ ਸ਼ਹਿਰ ਨੇ ਸਿੱਖਾਂ ਦਾ ਭਾਰੀ ਕਤਲੇਆਮ ਦੇਖਿਆ।

ਇਸ ਕਿਤਾਬ ਵਿਚ ਪੂਰਬੀ ਅਤੇ ਪੱਛਮੀ ਪੰਜਾਬਾਂ ਦੇ ਮਾਰਚ 2013 ਤੱਕ ਦੇ ਹਾਲਾਤ ਦਾ ਵਰਣਨ ਕੀਤਾ ਗਿਆ ਹੈ। ਕਿਤਾਬ ਪੜ੍ਹਦਿਆਂ ਕਈ ਵਾਰ ਦਿਲ ਉਦਾਸ ਹੋਇਆ ਪਰ ਰਾਜਮੋਹਨ ਜਜ਼ਬਾਤ ਤੋਂ ਮੁਕਤ ਹੈ। ਉਹ ਆਪਣੇ ਬਾਬੇ ਮਹਾਤਮਾ ਗਾਂਧੀ ਬਾਰੇ ਲਿਖਦਿਆਂ ਵੀ ਸੰਤੁਲਨ ਨਹੀਂ ਗੁਆਉਂਦਾ। ਬੰਗਾਲ ਦੇ ਬ੍ਰਾਹਮਣ ਬੈਨਰਜੀ ਖਾਨਦਾਨਾਂ ਨੇ ਜਿਵੇਂ ਸਿੱਖ ਇਤਿਹਾਸ ਲਿਖ ਕੇ ਗੁਰੂ ਸਾਹਿਬਾਨ ਦਾ ਰਿਣ ਉਤਾਰਿਆ ਸੀ, ਗੁਜਰਾਤੀ ਰਾਜਮੋਹਨ ਨੇ ਇਸ ਕਿਤਾਬ ਰਾਹੀਂ ਵਿਸ਼ਾਲ ਪੰਜਾਬ ਨੂੰ ਸਜਦਾ ਕੀਤਾ ਹੈ। ਸਮਰਪਣ ਦੇ ਸ਼ਬਦ ਹਨ, "ਇਨਸਾਨੀਅਤ ਦੇ ਪੁੰਜ ਅਤੇ ਪਿਆਰੇ ਮਿੱਤਰਾਂ ਖੁਸ਼ਵੰਤ ਸਿੰਘ (ਸਰਗੋਧੇ ਅਤੇ ਲਾਹੌਰ ਤੋਂ ਬਾਅਦ ਦਿੱਲੀ ਵਸਿਆ), ਮੁਬਾਸ਼ਿਰ ਹਸਨ (ਪਾਣੀਪਤੋਂ ਜਾ ਕੇ ਲਾਹੌਰ ਵਸਿਆ) ਤੇ ਪਿਆਰੇ ਲਾਲ ਨੱਯਰ ਜਿਸ ਨੇ ਵੰਡ ਤੋਂ ਪਹਿਲਾਂ ਤੇ ਵੰਡ ਤੋਂ ਬਾਅਦ ਪੰਜਾਬ-ਬੰਗਾਲ ਨੂੰ ਪਿਆਰ ਕਰਨਾ ਨਹੀਂ ਛੱਡਿਆ, ਨੂੰ ਸਮਰਪਣ।"

ਕਿਤਾਬ ਪੜ੍ਹ ਕੇ ਸਤਿਆਰਥੀ ਦਾ ਬੰਦ ਯਾਦ ਆਇਆ।

ਏਸ ਸ਼ਹਿਰ ਦਾ ਕੀ ਇਤਿਹਾਸ,
ਵਜਦਾ ਆਵੇ ਢੋਲ।
ਮੈਂ ਥਲ ਦਾ ਅੰਨ੍ਹਾ ਦਰਵੇਸ,
ਹੰਝੂ ਜਿਸ ਦੇ ਬੋਲ।

*(ਸਮਾਪਤ)*

---

# ਕੀ ਗੱਲ ਹੈ?

## ਸ਼ਬਦ ਝਰੋਖਾ



ਬਲਜੀਤ ਬਾਸੀ
*ਫੋਨ: 734-259-9353*

ਸਾਨੂੰ ਪੰਜਾਬੀਆਂ ਨੂੰ ਆਪ ਸ਼ਾਇਦ ਇਸ ਗੱਲ ਦਾ ਪਤਾ ਨਹੀਂ ਕਿ ਗੈਰ-ਪੰਜਾਬੀਆਂ ਨੂੰ ਸਾਡੇ ਕੁਝ ਬਹੁਤ ਸੁਣਾਈ ਦੇਣ ਵਾਲੇ ਵਾਕੰਸ਼ਾਂ ਵਿਚੋਂ ਇਕ ਹੈ, ਕੀ ਗੱਲ ਹੈ? ਹਿੰਦੀ ਫਿਲਮ 'ਜਾਨੇਮਨ' ਦਾ ਗਾਣਾ ਹੈ,

ਅਜੀ ਕੀ ਗੱਲ ਹੈ? ਕੋਈ ਨਹੀਂ,
ਤੇਰੀ ਆਖੋਂ ਸੇ ਲਗਤਾ ਹੈ ਕਿ ਤੂੰ
ਕਲ੍ਹ ਰਾਤ ਕੋ ਸੋਈ ਨਹੀਂ।

ਇਕੱਲੇ ਗੱਲ ਸ਼ਬਦ ਦੀ ਤਾਂ ਪੰਜਾਬੀ ਪਰਿਵੇਸ਼ ਤੋਂ ਬਾਹਰ ਵਿਆਪਕ ਪ੍ਰਤੀਤੀ ਦੇਖਣ ਨੂੰ ਮਿਲਦੀ ਹੈ। ਸੋ ਸਪਸ਼ਟ ਹੈ ਕਿ ਅਸੀਂ ਇਸ ਸ਼ਬਦ ਦੀ ਭਿਆਨਕ ਹੱਦ ਤੀਕ ਵਰਤੋਂ ਕਰਦੇ ਹਾਂ। ਅਸੀਂ ਤਾਂ ਕਈ ਵਾਰੀ ਗੱਲ ਸ਼ੁਰੂ ਹੀ ਇਥੋਂ ਕਰਦੇ ਹਾਂ, "ਗੱਲ ਇਹ ਹੈ ਕਿ...।" ਹੋ ਸਕਦਾ ਹੈ ਅਸੀਂ ਗੱਲਾਂ ਵੀ ਬਹੁਤ ਕਰਦੇ ਹੋਈਏ ਯਾਨਿ ਗੱਲਾਂ ਦਾ ਹੀ ਖੱਟਿਆ ਖਾਂਦੇ ਹੋਈਏ। ਦਰਅਸਲ ਗੱਲ ਇਕ ਅਜਿਹੀ ਚੀਜ਼ ਹੈ ਜੋ ਆਪਣੇ ਆਪ ਨੂੰ ਹੀ ਜਨਮ ਦਿੰਦੀ ਹੈ ਕਿਉਂਕਿ ਗੱਲ ਨਿਕਲਦੀ ਹੀ ਗੱਲ ਵਿਚੋਂ ਹੈ। ਇਥੇ ਮੈਂ ਚੀਜ਼ ਸ਼ਬਦ ਬੋਲਿਆ ਹੈ, ਜਾਂ ਕਹਾਂ ਚੀਜ਼ ਸ਼ਬਦ ਦੀ ਗੱਲ ਕੀਤੀ ਹੈ। ਪੰਜਾਬੀ, ਹਿੰਦੀ, ਉਰਦੂ ਵਿਚ ਚੀਜ਼ ਸ਼ਬਦ ਦੀ ਵਰਤੋਂ ਵੀ ਗੱਲ ਵਾਂਗ ਹੁੰਦੀ ਹੈ। 'ਕੀ ਚੀਜ਼?' ਦਾ ਮਤਲਬ 'ਕੀ ਗੱਲ?' ਹੈ। ਪਰ ਇਸ ਵੇਲੇ ਗੱਲ ਐਵੇਂ ਵਧਾਈਏ ਨਾ, ਕੰਮ ਦੀ ਗੱਲ ਕਰੀਏ।

ਮੈਂ ਗੱਲ ਇਹ ਕਰਨ ਲੱਗਾ ਸਾਂ ਕਿ ਆਲੂ ਦੀ ਤਰ੍ਹਾਂ ਪੰਜਾਬੀ ਬੋਲਚਾਲ ਵਿਚ 'ਗੱਲ' ਇਕ ਖੁਲ੍ਹਾ ਸ਼ਬਦ ਬਣ ਚੁੱਕਾ ਹੈ। ਕਿੰਨੇ ਹੀ ਅਰਥਾਂ, ਸਥਿਤੀਆਂ ਤੇ ਸੰਦਰਭਾਂ ਵਿਚ ਇਸ ਦੀ ਵਰਤੋਂ ਹੋ ਸਕਦੀ ਹੈ। ਮੁਢਲੇ ਤੌਰ 'ਤੇ ਗੱਲ ਇਕ ਤੋਂ ਵੱਧ ਵਿਅਕਤੀਆਂ ਵਿਚਕਾਰ ਜ਼ੁਬਾਨੀ ਵਟਾਂਦਰਾ ਹੈ। ਸਿੱਟੇ ਵਜੋਂ ਇਸ ਸ਼ਬਦ ਵਿਚ ਇਕ ਤੋਂ ਵੱਧ ਵਿਅਕਤੀਆਂ ਵਿਚਕਾਰ ਕਿਸੇ ਨਾ ਕਿਸੇ ਤਰ੍ਹਾਂ ਦੇ ਸਬੰਧਾਂ ਦੇ ਅਰਥ ਧਾਰਨ ਕਰਨ ਦੀ ਸਮਰਥਾ ਹੈ। ਬਹੁਤਿਆਂ ਦਾ ਆਪਸ ਵਿਚ ਗੱਲ ਕਰਦੇ ਹੋਣ ਦਾ ਮਤਲਬ ਹੈ-ਉਨ੍ਹਾਂ ਦੀ ਸੁਰ ਰਲਦੀ ਹੈ। ਐਵੇਂ ਨਹੀਂ 'ਮੁੰਡਿਆਂ ਤੇ ਕੁੜੀਆਂ ਦੀ ਗੱਲ ਬਣ ਗਈ' ਕਿਹਾ ਜਾਂਦਾ। ਭਰਜਾਈਆਂ ਰਾਂਝੇ ਨੂੰ ਇਸੇ ਅਰਥ ਵਿਚ ਗੱਲ ਬਣਾਉਣ ਲਈ ਤਾਅਨੇ ਦਿੰਦੀਆਂ ਹਨ,

ਭਾਬੀ ਆਖਦੀ ਗੁੰਡਿਆ ਮੁੰਡਿਆ ਵੇ,
ਅਸਾਂ ਨਾਲ ਕੀ ਰਿੱਕਤਾਂ ਚਾਈਆਂ ਨੀ।
ਅਲੀ ਜੇਠ ਤੇ ਜਿਨ੍ਹਾਂ ਦੇ ਫੱਤੂ ਦੇਵ,
ਡੁੱਬ ਮੋਈਆਂ ਉਹ ਭਰਜਾਈਆਂ ਨੀ।
ਘਰੋ ਘਰੀ ਵਿਚਾਰਦੇ ਲੋਕ ਸਾਰੇ,
ਸਾਨੂੰ ਕੇਹੀਆਂ ਫਾਹੀਆਂ ਪਾਈਆਂ ਨੀ।
ਤੇਰੀ ਗੱਲ ਨਾ ਬਣੇਗੀ ਨਾਲ ਸਾਡੇ,
ਪਰਨਾ ਲਿਆ ਸਿਆਲਾਂ ਦੀਆਂ ਜਾਈਆਂ ਨੀ।

ਇਥੇ ਗੱਲ ਬਣਨ ਦਾ ਅਰਥ 'ਦਾਲ ਗਲਣਾ' ਵੀ ਲਿਆ ਜਾ ਸਕਦਾ ਹੈ। ਬੁਲ੍ਹੇ ਸ਼ਾਹ ਹਮੇਸ਼ਾ ਮੁੱਕਦੀ ਗੱਲ ਕਰਦੇ ਹਨ, ਜ਼ਰਾ ਸੁਣ ਲਈਏ,

ਮੱਕੇ ਗਿਆਂ ਗੱਲ ਮੁਕਦੀ ਨਾਹੀਂ
ਭਾਵੇਂ ਸੌ ਸੌ ਜੁਮੇ ਪੜ ਆਈਏ।
ਗੰਗਾ ਗਿਆਂ ਗੱਲ ਮੁਕਦੀ ਨਾਹੀਂ
ਭਾਵੇਂ ਸੌ ਸੌ ਗੋਤੇ ਖਾਈਏ।
ਗਯਾ ਗਿਆਂ ਗੱਲ ਮੁਕਦੀ ਨਾਹੀਂ
ਭਾਵੇਂ ਸੌ ਸੌ ਪੰਡ ਪੜ੍ਹਾਈਏ।
ਬੁਲੇ ਸ਼ਾਹ ਗੱਲ ਤਾਂਹੀਓਂ ਮੁਕਦੀ
ਜਦੋਂ ਮੈਂ ਨੂੰ ਦਿਲੋਂ ਗਵਾਈਏ...।

ਆਮ ਤੌਰ 'ਤੇ ਅਜਿਹੇ ਖੁਲ੍ਹੇ ਸ਼ਬਦਾਂ ਨਾਲ ਕਿੰਨੀਆਂ ਸਾਰੀਆਂ ਮੁਢਲੀਆਂ ਕ੍ਰਿਆਵਾਂ ਲਾਉਣ ਨਾਲ ਢੇਰ ਸਾਰੇ ਅਰਥ-ਭੇਦ ਪੈਦਾ ਕਰ ਲਏ ਜਾਂਦੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਮੁਹਾਵਰਿਆਂ ਦਾ ਰੂਪ ਹੀ ਧਾਰ ਲੈਂਦੇ ਹਨ। ਕੁਝ ਮਿਸਾਲਾਂ ਪੇਸ਼ ਹਨ-ਗੱਲ ਕਰਨਾ, ਗੱਲ ਚੁੱਕਣਾ, ਗੱਲ ਬਣਨਾ, ਗੱਲ ਤੋਰਨਾ, ਗੱਲ ਸੁਣਨਾ ਜਾਂ ਸੁਣਾਉਣਾ, ਗੱਲ ਉਡਾਉਣਾ, ਗੱਲ ਖੋਹਣਾ, ਗੱਲ ਟੁੱਕਣਾ, ਗੱਲ ਦੱਬਣਾ ਆਦਿ। ਫਿਰ ਗੱਲ ਭੁੰਜੇ ਨਾ ਪੈਣ ਦੇਣਾ, ਗੱਲ ਗੱਲ ਵਿਚ, ਵਿਚਲੀ ਗੱਲ, ਆਪਣੀ ਗੱਲ, ਆਈ ਗਈ ਗੱਲ, ਗੱਲ ਸੁੱਕਣੇ ਪਾਉਣਾ, ਗੱਲ ਗਰਮ ਹੋਣਾ, ਗੱਲ ਠੰਡੀ ਹੋਣਾ, ਗੱਲ ਠੰਡੀ ਨਾ ਪੈਣ ਦੇਣਾ, ਗੱਲਾਂ ਵਿਚ ਆਉਣਾ-ਗੱਲ ਕੀ ਸੂਚੀ ਜਿੰਨੀ ਮਰਜ਼ੀ ਲੰਮੀ ਕਰ ਲਓ। ਗੱਲ ਦੇ ਨਾਲ ਹੀ ਗੱਲ ਦੇ ਅਰਥ ਵਾਲਾ ਸ਼ਬਦ ਬਾਤ ਲਾ ਕੇ ਗੱਲਬਾਤ ਸ਼ਬਦ ਬਣਾਇਆ ਗਿਆ ਹੈ ਜਿਸ ਦਾ ਮਤਲਬ ਵਾਰਤਾਲਾਪ ਹੋ ਗਿਆ। ਹਾਲਾਂ ਕਿ ਹਿੰਦੀ ਵਿਚ ਬਾਤ ਦਾ ਅਰਥ ਗੱਲ ਹੈ ਤੇ ਅੱਜ ਕਲ੍ਹ ਪੰਜਾਬੀ ਵਿਚ ਲੰਮੀ ਕਹਾਣੀ।

ਉਂਜ ਹਿੰਦੀ ਬਾਤ ਵੀ ਗੱਲ ਵਾਂਗ ਖੁੱਲਾ-ਡੁੱਲਾ ਸ਼ਬਦ ਹੈ। ਪੰਜਾਬੀ ਵਿਚ ਵੀ ਕਈ ਖੇਤਰਾਂ ਵਿਚ ਬਾਤ ਦਾ ਅਰਥ ਗੱਲ ਜਾਂ ਚੀਜ਼ ਵਸਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਹੀ ਦੇਖੋ, "ਝੂਠ ਬਾਤ ਸਾ ਸਚਕਰਿ ਜਾਤੀ॥" -ਗੁਰੂ ਅਰਜਨ ਦੇਵ; "ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥" -ਗੁਰੂ ਨਾਨਕ ਦੇਵ। ਇਸ ਤੋਂ ਬਿਨਾ ਗੱਲ-ਕੱਥ ਸ਼ਬਦ ਜੁੱਟ ਵੀ ਚਲਦਾ ਹੈ। ਗਲਾਧੜ, ਗਾਲ੍ਹੜ ਤੇ ਗਾਲੜੀ ਸ਼ਬਦ ਵੀ ਗੱਲ ਦੀ ਹੀ ਦੇਣ ਹਨ।

ਗੱਲ ਸ਼ਬਦ ਬਹੁਤਾ ਭਾਰਤ ਦੇ ਉਤਰ ਪੱਛਮੀ ਖੇਤਰ ਵਿਚ ਹੀ ਵਰਤਿਆ ਜਾਂਦਾ ਹੈ। ਹਿੰਦੀ ਭਾਸ਼ੀ ਇਲਾਕੇ ਵਿਚ ਆ ਕੇ ਇਸ ਦੀ ਵਰਤੋਂ ਸੁਣਨ ਨੂੰ ਨਹੀਂ ਮਿਲਦੀ। ਪੱਛਮੀ ਪੰਜਾਬ ਵਿਚ ਸ਼ੇਖ ਫਰੀਦ ਦੇ ਵੇਲੇ ਤੋਂ ਇਸ ਦਾ ਕ੍ਰਿਆ ਰੂਪ ਵੀ ਚਲਦਾ ਰਿਹਾ ਹੋਵੇਗਾ, "ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।" ਇਥੇ ਗਾਲਾਇ ਦਾ ਮਤਲਬ ਬੋਲਣਾ ਹੈ। ਗੁਰੂ ਅਰਜਨ ਦੇਵ ਕਹਿੰਦੇ ਹਨ, "ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ।" ਗੁਰੂ ਗ੍ਰੰਥ ਸਾਹਿਬ ਵਿਚ ਗੱਲ ਜਾਂ ਗੱਲਾਂ ਸ਼ਬਦ ਵੀ ਆਇਆ ਹੈ, "ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ"



(ਗੁਰੂ ਰਾਮ ਦਾਸ) ਭਾਵ ਉਹ ਗੱਲਾਂ ਦਾ ਖੱਟਿਆ ਖਾਂਦਾ ਹੈ। "ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ॥" -ਗੁਰੂ ਨਾਨਕ ਦੇਵ। ਅੱਜ ਘਟੋ ਘਟ ਪੂਰਬੀ ਪੰਜਾਬੀ ਵਿਚ ਬੋਲਣ ਜਾਂ ਗੱਲ ਕਰਨ ਦੇ ਅਰਥਾਂ ਵਿਚ 'ਗੱਲਣਾ' ਕ੍ਰਿਆ ਦੀ ਵਰਤੋਂ ਨਹੀਂ ਹੁੰਦੀ।

ਸਾਨੂੰ ਗੱਲ ਪੰਜਾਬੀ ਦਾ ਇਕ ਨਿਵੇਕਲਾ ਤੇ ਠੇਠ ਜਿਹਾ ਸ਼ਬਦ ਪ੍ਰਤੀਤ ਹੁੰਦਾ ਹੈ ਪਰ ਗੱਲ ਦੀ ਤਹਿ ਵਿਚ ਜਾਇਆਂ ਪਤਾ ਲਗਦਾ ਹੈ ਕਿ ਗੱਲ ਲੰਮੀ-ਚੌੜੀ ਹੈ। ਭਾਸ਼ਾ-ਵਿਗਿਆਨੀ ਇਸ ਦਾ ਸਬੰਧ 'ਕਲ' ਜਿਹੇ ਸੰਸਕ੍ਰਿਤ ਧਾਤੂ ਅਤੇ ਇਸ ਦੇ ਸਮਾਨਾਂਤਰ 'ਗਲ' ਜਿਹੇ ਭਾਰੋਪੀ ਮੂਲਕ ਵਿਚ ਵੇਖਦੇ ਹਨ। ਇਨ੍ਹਾਂ ਮੂਲਾਂ ਤੋਂ ਹਿੰਦ-ਆਰਿਆਈ ਭਾਸ਼ਾਵਾਂ ਦੇ ਕਈ ਸ਼ਬਦ ਬਣੇ ਹਨ। ਅਸੀਂ ਅੰਗਰੇਜ਼ੀ ਸ਼ਬਦ call ਲੈਂਦੇ ਹਾਂ ਜਿਸ ਦਾ ਅਰਥ ਬੁਲਾਉਣਾ, ਸੱਦਣਾ ਆਦਿ ਹੁੰਦੇ ਹਨ। ਪੁਰਾਣੀ ਅੰਗਰੇਜ਼ੀ ਵਿਚ ceallian ਸ਼ਬਦ ਹੁੰਦਾ ਸੀ ਜੋ ਪੂਰਵ-ਜਰਮੈਨਿਕ ਤੋਂ ਚੱਲਿਆ। ਕਈ ਜਰਮੈਨਿਕ ਭਾਸ਼ਾਵਾਂ ਵਿਚ ਇਸ ਨਾਲ ਰਲਦੇ ਸ਼ਬਦ ਮਿਲਦੇ ਹਨ। ਲਾਤੀਨੀ ਵਿਚ gallus ਦਾ ਅਰਥ ਕੁੱਕੜ ਹੁੰਦਾ ਹੈ। ਜਰਮਨ ਵਿਚ ਕਲਾਗੇ ਜਿਹੇ ਸ਼ਬਦ ਦਾ ਅਰਥ ਸ਼ਿਕਾਇਤ, ਦੁਖੜਾ ਹੁੰਦਾ ਹੈ। ਸਪਸ਼ਟ ਹੈ ਕਿ ਇਥੇ ਭਾਵ ਦਿਲ ਦੀ ਗੱਲ ਹੈ। ਪੁਰਾਣੀ ਅੰਗਰੇਜ਼ੀ ਵਿਚ calacu ਦਾ ਅਰਥ 'ਅਵੱਗਿਆ, ਅਪਮਾਨ' ਹੁੰਦਾ ਸੀ। ਲਾਤੀਨੀ ਵਿਚ ਹੀ ਇਸ ਮੂਲਕ ਤੋਂ ਬਣਿਆ calare ਸ਼ਬਦ ਹੈ ਜਿਸ ਦਾ ਅਰਥ ਹੈ, 'ਘੋਸ਼ਿਤ ਕਰਨਾ, ਦੱਸਣਾ, ਸੁਣਾਉਣਾ।' ਅਸਲ ਵਿਚ ਲਾਤੀਨ ਦੇ ਪੁਰੋਹਤ ਧਾਰਮਕ ਰੀਤੀ ਵਜੋਂ ਨਵਾਂ ਚੰਦ ਚੜ੍ਹਨ ਦੀ ਘੋਸ਼ਣਾ ਕਰਦੇ ਸਨ। ਕੁਝ ਇਸ ਤਰ੍ਹਾਂ ਜਿਵੇਂ ਸਾਡੇ ਨਵਾਂ ਮਹੀਨਾ ਸੁਣਾਇਆ ਜਾਂਦਾ ਹੈ। ਕੈਲੰਡਰ ਸ਼ਬਦ ਵੀ ਇਥੋਂ ਹੀ ਵਿਕਸਿਤ ਹੋਇਆ। ਪ੍ਰਾਚੀਨ ਰੋਮਨ ਕੈਲੰਡਰ ਅਨੁਸਾਰ ਮਹੀਨੇ ਦੇ ਪਹਿਲੇ ਦਿਨ ਨੂੰ calends ਕਿਹਾ ਜਾਂਦਾ ਸੀ। ਅੰਗਰੇਜ਼ੀ ਸ਼ਬਦ claim ਜਿਸ ਦਾ ਚੌਧਵੀਂ ਸਦੀ ਤੋਂ ਅਰਥ ਦਾਅਵਾ ਕਰਨਾ ਹੁੰਦਾ ਸੀ ਵੀ ਅੰਤਿਮ ਤੌਰ 'ਤੇ ਲਾਤੀਨੀ ਦੇ ਇਸੇ ਸ਼ਬਦ ਨਾਲ ਜਾ ਜੁੜਦਾ ਹੈ। ਇਸ ਵਿਚ ਵੀ ਘੋਸ਼ਣਾ ਕਰਨ, ਦਾਅਵੇ ਨਾਲ ਜਾਂ ਗੱਜ ਕੇ ਕਹਿਣ ਦੇ ਭਾਵ ਹਨ। ਕੁੱਕੜ ਵੀ ਦਿਨ ਦੀ ਘੋਸ਼ਣਾ ਹੀ ਕਰਦਾ ਹੈ। ਸੰਸਕ੍ਰਿਤ ਦੇ ਸ਼ਬਦ ਉਸ਼ਕਲ (ਉਸ਼=ਸਵੇਰਾ) ਦਾ ਅਰਥ ਵੀ ਕੁੱਕੜ ਹੁੰਦਾ ਹੈ ਅਰਥਾਤ ਜੋ ਦਿਨ ਚੜ੍ਹਨ ਦੀ ਗੱਲ ਕਰਦਾ ਹੈ। ਫਾਰਸੀ ਸ਼ੋਰੋਗੁੱਲ ਸ਼ਬਦ ਵਿਚਲਾ ਗੁੱਲ ਵੀ ਇਥੇ ਸਬੰਧਤ ਹੈ। ਇਸ ਵਿਚਲੇ ਜੁਜ਼ ਸ਼ੋਰ ਦਾ ਅਰਥ ਤਾਂ ਰੌਲਾ ਹੈ ਹੀ, ਗੁੱਲ ਦਾ ਅਰਥ ਵੀ ਰੌਲਾ-ਰੱਪਾ ਹੀ ਹੁੰਦਾ ਹੈ। ਫਾਰਸੀ ਦੇ ਗੁਲਗੁਲ ਸ਼ਬਦ ਦਾ ਅਰਥ ਵੀ ਸ਼ੋਰ-ਸ਼ਰਾਬਾ, ਰੌਲਾ-ਰੱਪਾ ਹੁੰਦਾ ਹੈ।

'ਕਲ' ਜਾਂ 'ਗਲ' ਮੂਲ ਦਾ ਇਕ ਭੇਦ 'ਗਰ' ਵੀ ਹੈ। ਕੁਝ ਭਾਸ਼ਾ-ਵਿਗਿਆਨੀਆਂ ਦਾ ਵਿਚਾਰ ਹੈ ਕਿ ਪੰਜਾਬੀ 'ਗਰਾਰਾ' ਤੇ ਇਨ੍ਹਾਂ ਹੀ ਅਰਥਾਂ ਵਾਲਾ ਅੰਗਰੇਜ਼ੀ gargle ਸ਼ਬਦ ਵੀ ਇਥੇ ਢੁਕਦੇ ਹਨ। ਇਨ੍ਹਾਂ ਵਿਚ 'ਗਰ' ਧਾਤੂ ਵਿਦਮਾਨ ਹੈ। ਗਰਾਰੇ ਜਾਂ gargle ਕਰਨ ਲੱਗਿਆਂ ਪਾਣੀ ਦੀ ਆਵਾਜ਼ ਆਉਂਦੀ ਹੈ। ਕੁਰਲਾ, ਕਰੂਲੀ ਆਦਿ ਵੀ ਇਸੇ ਧਾਤੂ ਤੋਂ ਬਣੇ ਪ੍ਰਤੀਤ ਹੁੰਦੇ ਹਨ। ਗਰ ਸ਼ਬਦ ਦਾ ਅਰਥ ਗਲਾ ਜਾਂ ਕੰਠ ਹੁੰਦਾ ਹੈ ਜਿਸ ਦੀ ਵਰਤੋਂ ਗੁਰਬਾਣੀ ਵਿਚ ਮਿਲਦੀ ਹੈ, "ਕਾਲ ਫਾਸਿ ਜਬ ਗਰ ਮੇਲੀ" ਅਤੇ "ਸੁਆਮੀ ਗਰ ਮਿਲੇ ਹਉ ਗੁਰ ਮਨਾਵਉਗੀ" -ਗੁਰੂ ਅਰਜਨ ਦੇਵ। 'ਗਰ' ਦਾ ਅਰਥ ਪਿਘਲਨਾ, ਗਲਣਾ ਵੀ ਹੈ, "ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ" (ਭਗਤ ਕਬੀਰ) ਅਰਥਾਤ ਓਲੇ (ਗਲ਼ੇ) ਪਿਘਲ ਕੇ ਪਾਣੀ ਬਣ ਗਏ ਹਨ ਅਤੇ ਨਦੀ ਵੱਲ ਵਹਿ ਤੁਰੇ ਹਨ। ਪਿਘਲਣਾ ਜਾਂ ਪੰਘਰਨਾ ਸ਼ਬਦ ਵਿਚ ਵੀ ਇਹੀ ਧਾਤੂ ਕਾਰਜਸ਼ੀਲ ਹੈ। ਮੁਢਲੇ ਤੌਰ 'ਤੇ ਇਸ ਸ਼ਬਦ ਦਾ ਰੂਪ ਸੀ 'ਪ੍ਰਘਰ' ਇਸ ਵਿਚ 'ਪ੍ਰ' ਅਗੇਤਰ ਹੈ ਤੇ 'ਘਰ' ਗਰ ਦਾ ਹੀ ਇਕ ਹੋਰ ਭੇਦ ਹੈ। ਪਾਣੀ ਵਿਚ ਦੱਬੇ ਸਣ ਦੇ ਪੂਲੇ ਨੂੰ ਗਰਨਾ ਆਖਦੇ ਹਨ। 'ਕਲ' ਤੋਂ ਹੀ ਪੰਜਾਬੀ ਖਾਲ ਜਾਂ ਖਾਲਾ ਬਣਿਆ ਜਿਸ ਵਿਚ ਪਾਣੀ ਦੀ ਖਲਬਲੀ ਹੁੰਦੀ ਹੈ। ਪਾਣੀ ਦੇ ਵਹਾਅ ਨਾਲ ਪੈਦਾ ਹੋਏ ਘਾਰ ਜਾਂ ਘਾਰਾ ਸ਼ਬਦ ਦੀ ਵੀ ਇਹੋ ਵਿਆਖਿਆ ਹੈ। ਯਾਦ ਰਹੇ, ਰਾਵੀ ਅਤੇ ਸਤਲੁਜ ਵਿਚਕਾਰਲੇ ਦੁਆਬੇ ਨੂੰ ਘਾਰਾ ਵੀ ਕਿਹਾ ਜਾਂਦਾ ਹੈ। ਕਲ ਧਾਤੂ ਦਾ ਹਿੰਦ-ਆਰਿਆਈ ਵਿਚ ਵਿਕਸਿਤ ਹੋਇਆ ਇਕ ਭੇਦ 'ਗਲ' ਹੈ ਜਿਸ ਤੋਂ ਚੋਣਾ, ਰਿਸਣਾ, ਗਲਣਾ ਦੇ ਭਾਵ ਆਏ। ਅਜਿਹੇ ਭਾਵਾਂ ਵਿਚ ਪਾਣੀ ਦੇ ਵਹਾਅ ਦੀ ਕ੍ਰਿਆ ਉਜਾਗਰ ਹੋ ਰਹੀ ਹੈ। ਵਹਿੰਦੇ ਪਾਣੀ ਦੀ ਆਵਾਜ਼ ਲਈ ਵਰਤਿਆ ਜਾਂਦਾ ਕਲ-ਕਲ ਸ਼ਬਦ ਵੀ ਕਈ ਵਿਦਵਾਨਾਂ ਨੇ ਇਸੇ ਨਾਲ ਜੋੜਿਆ ਹੈ ਹਾਲਾਂਕਿ ਇਹ ਅਰਬੀ ਸ਼ਬਦ ਹੈ। ਸੰਭਵ ਹੈ ਇਸ ਦੀ ਰਚਨਾ ਹਿੰਦ-ਆਰਿਆਈ ਤੋਂ ਸੁਤੰਤਰ ਤੌਰ 'ਤੇ ਹੋਈ ਹੋਵੇ। ਬੀਹੀ ਜਾਂ ਸੁਰਾਖ ਦੇ ਅਰਥਾਂ ਵਾਲਾ ਗਲੀ ਸ਼ਬਦ ਇਸੇ ਤੋਂ ਬਣਿਆ ਜਿਸ ਦੀ ਭਰਪੂਰ ਚਰਚਾ ਵੱਖਰੇ ਲੇਖ ਵਿਚ ਕੀਤੀ ਜਾ ਚੁੱਕੀ ਹੈ। ਇਸ ਤੋਂ ਗਲਣਾ ਜਾਂ ਗਾਲਣਾ ਸ਼ਬਦਾਂ ਦੀ ਉਤਪਤੀ ਹੋਈ। ਇਸ ਤੋਂ ਬਣੇ ਗਰਦਨ ਦੇ ਅਰਥਾਂ ਵਾਲੇ ਗਲਾ ਸ਼ਬਦ ਦਾ ਵੀ ਅਸੀਂ ਜ਼ਿਕਰ ਕਰ ਚੁੱਕੇ ਹਾਂ। ਖਾਖ ਦੇ ਅਰਥ ਵਾਲਾ ਪੰਜਾਬੀ ਗਲ੍ਹ ਅਤੇ ਫਾਰਸੀ ਕੱਲਾ ਸ਼ਬਦ ਸੁਜਾਤੀ ਹਨ। ਹੋਰ ਤਾਂ ਹੋਰ ਗਾਲ ਜਾਂ ਗਾਲੀ ਸ਼ਬਦ ਵੀ ਅੰਤਮ ਤੌਰ 'ਤੇ ਇਸ ਕਲ ਜਾਂ ਗਲ ਧਾਤੂ ਨਾਲ ਹੀ ਜਾ ਜੁੜਦੇ ਹਨ। ਉਪਰ ਅਸੀਂ ਪੁਰਾਣੀ ਅੰਗਰੇਜ਼ੀ ਵਿਚ calacu ਦਾ ਅਰਥ 'ਅਵੱਗਿਆ, ਅਪਮਾਨ' ਦਾ ਜ਼ਿਕਰ ਕਰ ਆਏ ਹਾਂ। ਪੰਜਾਬੀ ਗਾਲ/ਗਾਲੀ ਦੇ ਅਰਥਾਂ ਦੀ ਇਸ ਨਾਲ ਤੁਲਨਾ ਕਰੋ।

# ਤ੍ਰਾਤਸਕੀ ਅਤੇ ਉਹਦਾ ਤ੍ਰਾਤਸਕੀਵਾਦ

**ਡਾ. ਅੰਮ੍ਰਿਤਪਾਲ ਸਿੰਘ**

*ਰੂਸੀ ਇਨਕਲਾਬ ਵਿਚ ਲਿਓਨ ਤ੍ਰਾਤਸਕੀ (1879-1940) ਦਾ ਵੱਡਾ ਯੋਗਦਾਨ ਰਿਹਾ ਹੈ। ਇਨਕਲਾਬ ਤੋਂ ਬਾਅਦ ਉਸ ਨੇ ਲਾਲ ਫੌਜ ਦੀ ਜਿਸ ਢੰਗ ਨਾਲ ਅਗਵਾਈ ਕੀਤੀ ਅਤੇ ਉਲਟ-ਇਨਕਲਾਬ ਦੇ ਖਦਸ਼ੇ ਨਾਲ ਜਿਸ ਤਰ੍ਹਾਂ ਕਰੜੇ ਹੱਥੀਂ ਨਜਿੱਠਿਆ, ਉਸ ਦੀ ਸੰਸਾਰ ਭਰ ਵਿਚ ਕਿਤੇ ਕੋਈ ਮਿਸਾਲ ਨਹੀਂ ਲੱਭਦੀ। ਉਂਜ, ਉਸ ਦੇ ਕੁਝ ਵਿਚਾਰ ਪਹਿਲਾਂ ਰੂਸੀ ਇਨਕਲਾਬ ਦੇ ਪਿਤਾਮਾ ਲੈਨਿਨ ਅਤੇ ਮਗਰੋਂ ਸਤਾਲਿਨ ਨਾਲ ਇੰਨੇ ਜ਼ਿਆਦਾ ਖਹਿਸਰੇ ਕਿ ਅਖੀਰ ਇਕ-ਦੂਜੇ ਦੇ ਵਿਰੋਧੀ ਹੋ ਨਿਬੜੇ। ਇਸ ਵਿਚਾਰਧਾਰਕ ਭੇੜ ਵਿਚ ਤ੍ਰਾਤਸਕੀ ਨੂੰ ਪਰਿਵਾਰਕ ਤੌਰ 'ਤੇ ਬਹੁਤ ਵੱਡੀ ਕੀਮਤ ਤਾਰਨੀ ਪਈ। ਇਸ ਕੋਣ ਤੋਂ ਸਤਾਲਿਨ ਦੀ ਅੱਜ ਤੱਕ ਨੁਕਤਾਚੀਨੀ ਹੋ ਰਹੀ ਹੈ ਜਿਸ ਨੇ ਆਪਣੇ ਵਿਰੋਧੀਆਂ ਖਿਲਾਫ ਸਫਾਏ ਦੀ ਮੁਹਿੰਮ ਵਿੱਢ ਦਿੱਤੀ ਸੀ। ਇਸ ਲੇਖ ਵਿਚ ਡਾ. ਅੰਮ੍ਰਿਤਪਾਲ ਸਿੰਘ ਨੇ ਤ੍ਰਾਤਸਕੀ ਦੇ ਵਿਚਾਰਾਂ ਦੀ ਵਿਸਥਾਰ ਸਹਿਤ ਪੁਣ-ਛਾਣ ਕੀਤੀ ਹੈ। ਨਾਲ ਹੀ ਉਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਵੀ ਕੀਤਾ ਹੈ ਜਿਨ੍ਹਾਂ ਕਰਕੇ ਲੈਨਿਨ ਅਤੇ ਸਤਾਲਿਨ ਦੇ ਮੁਕਾਬਲੇ ਤ੍ਰਾਤਸਕੀ ਪਛੜਦਾ-ਪਛੜਦਾ ਪਛੜ ਗਿਆ। ਇਹ ਲੇਖ ਅਸੀਂ ਆਪਣੇ ਪਾਠਕਾਂ ਲਈ ਦੋ ਕਿਸ਼ਤਾਂ ਵਿਚ ਛਾਪ ਰਹੇ ਹਾਂ। -ਸੰਪਾਦਕ*

ਤ੍ਰਾਤਸਕੀ ਦੇ ਨਾਂ ਦਾ ਜ਼ਿਕਰ ਪੰਜਾਬ ਦੇ ਬੌਧਿਕ ਹਲਕਿਆਂ ਵਿਚ ਅਕਸਰ ਆਉਂਦਾ ਰਹਿੰਦਾ ਹੈ ਅਤੇ ਕਦੇ-ਕਦੇ ਸਿਆਸੀ ਹਲਕਿਆਂ ਵਿਚ ਵੀ ਇਹਦੇ ਹਮਦਰਦ ਮਿਲ ਜਾਂਦੇ ਹਨ ਜੋ ਉਸ ਦੇ ਸਿਧਾਂਤਾਂ ਦੇ ਕਾਇਲ ਹੋਣ ਦੀ ਥਾਂ ਆਮ ਤੌਰ 'ਤੇ ਸਤਾਲਿਨ ਤੋਂ 'ਤਪੇ' ਹੋਏ ਹੋਣ ਕਰ ਕੇ ਹੀ ਤ੍ਰਾਤਸਕੀਵਾਦੀ ਬਣੇ ਹੁੰਦੇ ਹਨ। ਕੋਈ ਵਿਦਵਾਨ 'ਗੌਤਮ ਤੋਂ ਤਾਸਕੀ' ਲਿਖ ਮਾਰਦਾ ਹੈ; ਕੋਈ ਹੋਰ ਤ੍ਰਾਤਸਕੀ ਨੂੰ ਰੂਸੀ ਇਨਕਲਾਬ ਦਾ ਸੂਤਰਧਾਰ ਬਣਾ ਧਰਦਾ ਹੈ; ਕੋਈ ਬਾਲਸ਼ਵਿਕ ਪਾਰਟੀ ਦਾ ਨਿਰਮਾਤਾ। ਕਈ ਵਿਚਾਰੇ ਤਾਂ ਉਂਜ ਹੀ ਜਲੰਧਰ ਦੇ ਵਿਦਵਾਨਾਂ ਦੀ 'ਰੇਂਜ' ਫੜਨ ਲੱਗਦੇ ਹਨ ਤੇ ਤ੍ਰਾਤਸਕੀ ਲਈ ਕਸੀਦਾਕਾਰੀ ਸ਼ੁਰੂ ਕਰ ਬਹਿੰਦੇ ਹਨ। ਇਨ੍ਹਾਂ ਸਭ ਵਿਚ ਸਾਂਝਾ ਹੁੰਦਾ ਹੈ- ਤ੍ਰਾਤਸਕੀ ਦੇ ਸਿਧਾਂਤਾਂ ਤੋਂ ਪਾਸਾ ਵੱਟਣਾ ਅਤੇ ਉਸ ਦੀ ਸਿਆਸੀ ਜ਼ਿੰਦਗੀ ਬਾਰੇ ਗੱਲ ਗੋਲ ਕਰਦਿਆਂ ਸੁਣੇ-ਸੁਣਾਏ ਕੁਝ ਕੁ ਜੁਮਲਿਆਂ ਨੂੰ ਸਮੁੱਚ ਬਣਾ ਕੇ ਪੇਸ਼ ਕਰਨਾ। ਹੱਥਲੇ ਲੇਖ ਦਾ ਮੁੱਖ ਨੁਕਤਾ ਤ੍ਰਾਤਸਕੀ ਦੇ ਸਿਧਾਤਾਂ ਅਤੇ ਉਸ ਦੀ ਸਿਆਸੀ ਜ਼ਿੰਦਗੀ ਦੀ ਪੜਚੋਲ ਕਰਦਿਆਂ ਇਹ ਦੇਖਣਾ ਹੈ ਕਿ ਕਿਸ ਤਰ੍ਹਾਂ ਬਹੁਤ ਸਾਰੇ ਆਪੂੰ ਬਣੇ 'ਕਥਾਵਾਚਕ' ਕਿਸਮ ਦੇ ਬੁੱਧੀਜੀਵੀ ਰੂਸੀ ਪਾਰਟੀ, ਨੇਤਾਵਾਂ ਅਤੇ ਇਨਕਲਾਬ ਦੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ।

**ਤ੍ਰਾਤਸਕੀਵਾਦ ਦੇ ਮੁੱਖ ਨੁਕਤੇ:** ਤ੍ਰਾਤਸਕੀਵਾਦ ਦੇ ਸਭ ਤੋਂ ਉਘੜਵੇਂ ਨੁਕਤਿਆਂ ਵਿਚ ਹੈ 'ਸਥਾਈ ਇਨਕਲਾਬ' ਦਾ ਸਿਧਾਂਤ। ਇਸ ਪਿਛੋਂ ਆਉਂਦੀਆਂ ਹਨ ਤ੍ਰਾਤਸਕੀ ਦੀਆਂ ਇਕ ਦੇਸ਼ ਵਿਚ ਸਮਾਜਵਾਦ ਉਸਾਰਨ, ਬਸਤੀਆਂ/ਅਰਧ-ਬਸਤੀਆਂ ਬਣੇ ਮੁਲਕਾਂ ਵਿਚ ਇਨਕਲਾਬ ਦੇ ਸਵਾਲ, ਸਮਾਜਵਾਦ ਤੇ ਖਾਸ ਕਰਕੇ ਸੋਵੀਅਤ ਸਮਾਜਵਾਦ, ਪਾਰਟੀ ਨਿਰਮਾਣ, ਜਮਹੂਰੀ ਕੇਂਦਰਵਾਦ ਤੇ ਨੌਕਰਸ਼ਾਹੀ ਬਾਰੇ ਪੁਜ਼ੀਸ਼ਨਾਂ। ਇਨ੍ਹਾਂ ਬਾਰੇ ਇਕ-ਇਕ ਕਰ ਕੇ ਚਰਚਾ ਕਰਦੇ ਹਾਂ।

**'ਸਥਾਈ ਇਨਕਲਾਬ' ਦਾ ਸਿਧਾਂਤ:** ਇਹ ਸਿਧਾਂਤ ਤ੍ਰਾਤਸਕੀਵਾਦ ਦੀ ਬੁਨਿਆਦ ਹੈ। ਕਿਹਾ ਜਾਵੇ ਤਾਂ ਇਹ ਉਹ 'ਸ਼ੁਰੂਆਤੀ ਪਾਪ' ਹੈ ਜਿਸ ਉਪਰ ਸਾਰੀ ਜ਼ਿੰਦਗੀ ਤ੍ਰਾਤਸਕੀ ਅੜਿਆ ਰਿਹਾ ਅਤੇ ਇਸ 'ਰਾਖੀ' ਦੀ ਬਦੌਲਤ ਤ੍ਰਾਤਸਕੀ ਇਨਕਲਾਬ ਪੱਖੀ ਬੁੱਧੀਜੀਵੀ ਤੋਂ ਉਲਟ-ਇਨਕਲਾਬੀ ਵਿਚ ਬਦਲ ਗਿਆ। ਤ੍ਰਾਤਸਕੀ ਦੇ ਇਸ ਸਿਧਾਂਤ ਦਾ ਅਸਲੀ ਜਨਮਦਾਤਾ ਰੂਸੀ ਸੋਸ਼ਲ-ਡੈਮੋਕਰੈਟ ਅਲੈਗਜ਼ੈਂਡਰ ਹੇਲਫੰਡ ਸੀ ਜਿਸ ਨੂੰ ਆਮ ਤੌਰ 'ਤੇ ਪਾਰਵੂਸ ਕਰਕੇ ਜਾਣਿਆ ਜਾਂਦਾ ਹੈ। 1904 ਵਿਚ ਤ੍ਰਾਤਸਕੀ ਪਾਰਵੂਸ ਨੂੰ ਮਿਉਨਿਖ ਵਿਚ ਮਿਲਿਆ ਅਤੇ ਫਰਵਰੀ 1905 ਤੱਕ ਉਸ ਨਾਲ ਰਿਹਾ। ਇਸ ਦੌਰਾਨ ਪਾਰਵੂਸ ਨੇ ਤ੍ਰਾਤਸਕੀ ਦੀ ਕਿਤਾਬ 'ਸਾਡੇ ਸਿਆਸੀ ਕਾਰਜ' ਦੀ ਭੂਮਿਕਾ ਵੀ ਲਿਖੀ ਜੋ 1905 ਦੇ ਇਨਕਲਾਬ ਦੇ ਸ਼ੁਰੂ ਹੋਣ ਸਮੇਂ ਛਪੀ। ਪਾਰਵੂਸ ਵੀ ਤ੍ਰਾਤਸਕੀ ਵਾਂਗ ਖੁਦ ਨੂੰ ਰੂਸੀ ਪਾਰਟੀ ਦੇ ਮੈਨਸ਼ਵਿਕ ਅਤੇ ਬਾਲਸ਼ਵਿਕ ਧੜਿਆਂ ਤੋਂ 'ਉਪਰ' ਸਮਝਦਾ ਸੀ ਤੇ ਅਕਸਰ ਮੈਨਸ਼ਵਿਕ ਪੱਖੀ ਪੈਂਤੜਾ ਲੈਂਦਾ ਸੀ।

ਤ੍ਰਾਤਸਕੀ ਦੇ ਸਥਾਈ ਇਨਕਲਾਬ ਦੇ ਸਿਧਾਂਤ ਅਨੁਸਾਰ ਰੂਸ ਦਾ ਵਿਕਾਸ ਇਸ ਤਰ੍ਹਾਂ ਹੋਇਆ ਹੈ ਕਿ ਪਛੜਿਆ ਹੋਣ ਦੇ ਬਾਵਜੂਦ ਇਨਕਲਾਬ ਦੇ ਹਾਲਾਤ ਜ਼ਿਆਦਾ ਢੁਕਵੇਂ ਸਨ। ਰੂਸ ਦੀ ਬੂਰਜੂਆ (ਸਰਮਾਏਦਾਰ) ਜਮਾਤ ਬੂਰਜੂਆ-ਜਮਹੂਰੀ ਇਨਕਲਾਬ ਦੀ ਅਗਵਾਈ ਕਰਨ ਤੋਂ ਅਸਮਰੱਥ ਹੈ। ਦੂਜੇ ਪਾਸੇ ਨਿੱਕ-ਬੂਰਜੂਆ ਜਮਾਤ (ਛੋਟੇ ਸਰਮਾਏਦਾਰ) ਤੇ ਕਿਸਾਨੀ ਵੀ ਖੁਦ ਨੂੰ ਇਕ ਪਾਰਟੀ ਵਿਚ ਜਥੇਬੰਦ ਨਹੀਂ ਕਰ ਸਕਦੀ ਅਤੇ ਨਾ ਹੀ ਆਉਣ ਵਾਲੇ ਬੂਰਜੂਆ-ਜਮਹੂਰੀ ਇਨਕਲਾਬ ਨੂੰ ਅਗਵਾਈ ਦੇ ਸਕਦੀ ਹੈ। ਸਿੱਟੇ ਵਜੋਂ, ਸਿਰਫ਼ ਮਜ਼ਦੂਰ ਜਮਾਤ ਹੀ ਹੈ ਜੋ ਇਨਕਲਾਬ ਨੂੰ ਅਗਵਾਈ ਦੇ ਸਕਦੀ ਹੈ। ਮਜ਼ਦੂਰ ਜਮਾਤ, ਕਿਸਾਨੀ ਦੀ ਹਮਾਇਤ ਨਾਲ ਇਨਕਲਾਬ ਕਰਨ ਵਿਚ, ਕਬਜ਼ਾ ਕਰਨ ਵਿਚ ਸਫ਼ਲ ਹੋ ਜਾਵੇਗੀ ਅਤੇ ਸਿੱਧਾ 'ਪ੍ਰੋਲੇਤਾਰੀ ਦੀ ਤਾਨਾਸ਼ਾਹੀ' ਕਾਇਮ ਕਰਨ ਵੱਲ ਵਧੇਗੀ। ਇਸ ਤੋਂ ਬਾਅਦ ਬੂਰਜੂਆ-ਜਮਹੂਰੀ ਇਨਕਲਾਬ ਤੇ ਸਮਾਜਵਾਦੀ ਇਨਕਲਾਬ ਦੇ ਕਾਰਜ ਇਕੋ ਸਮੇਂ ਪੂਰੇ ਕੀਤੇ ਜਾਣਗੇ।

ਤ੍ਰਾਤਸਕੀ ਦਾ ਤਰਕ ਸੀ ਕਿ 'ਹਾਥੀ ਦੇ ਪੈਰ ਵਿਚ ਸਭ ਦੇ ਪੈਰ ਆ ਹੀ ਜਾਂਦੇ ਹਨ', ਭਾਵ ਸਮਾਜਵਾਦੀ ਇਨਕਲਾਬ ਦਾ ਪ੍ਰੋਗਰਾਮ ਉਹ ਪ੍ਰੋਗਰਾਮ ਹੈ ਜਿਸ ਵਿਚ ਬੂਰਜੂਆ-ਜਮਹੂਰੀ ਇਨਕਲਾਬ ਦਾ ਪ੍ਰੋਗਰਾਮ ਸ਼ਾਮਿਲ ਹੈ। ਇਸ ਲਈ ਦੋਵਾਂ ਨੂੰ ਵੱਖ-ਵੱਖ ਪੜਾਅ ਮੰਨ ਕੇ ਵੱਖਰੇ ਤੌਰ 'ਤੇ ਅੰਜ਼ਾਮ ਦਿੰਦਿਆਂ ਅੱਗੇ ਵਧਣ ਦੀ ਕੋਈ ਲੋੜ ਨਹੀਂ। 'ਪ੍ਰੋਲੇਤਾਰੀ ਦੀ ਤਾਨਾਸ਼ਾਹੀ' ਕਾਇਮ ਹੋਣ ਤੋਂ ਬਾਅਦ ਮਜ਼ਦੂਰ ਜਮਾਤ ਆਪਣਾ ਏਜੰਡਾ ਲਾਗੂ ਕਰਨ ਲਈ ਫੈਕਟਰੀਆਂ ਦੀ ਜ਼ਬਤੀ ਤੇ ਸਮਾਜੀਕਰਨ ਕਰੇਗੀ; ਖੇਤੀ ਖੇਤਰ ਵਿਚ ਕੌਮੀਕਰਨ ਤੇ ਜ਼ਮੀਨ ਵੰਡਣ ਦੀ ਥਾਂ ਸਮੂਹੀਕਰਨ ਵੱਲ ਵਧਿਆ ਜਾਵੇਗਾ। ਸਿੱਟੇ ਵਜੋਂ ਮਜ਼ਦੂਰ ਜਮਾਤ ਤੇ ਕਿਸਾਨੀ ਵਿਚਾਲੇ ਲਾਜ਼ਮੀ ਤੌਰ 'ਤੇ ਵਿਰੋਧ ਖੜ੍ਹਾ ਹੋਵੇਗਾ ਅਤੇ ਕਿਸਾਨੀ, ਮਜ਼ਦੂਰ ਜਮਾਤ ਦਾ ਸਾਥ ਛੱਡ ਜਾਵੇਗੀ। ਅਜਿਹੀ ਹਾਲਤ ਵਿਚ ਮਜ਼ਦੂਰ ਜਮਾਤ ਦੀ ਸੱਤਾ, ਉਲਟ-ਇਨਕਲਾਬੀ ਤਾਕਤਾਂ ਦੁਆਰਾ ਬਹੁਤ ਜਲਦੀ ਕੁਚਲ ਦਿੱਤੀ ਜਾਵੇਗੀ। ਮਜ਼ਦੂਰ ਰਾਜ ਕੇਵਲ ਇਕ ਹਾਲਤ ਵਿਚ ਹੀ ਬਚ ਸਕਦਾ ਹੈ, ਉਹ ਹੈ ਯੂਰਪ ਦੇ ਬਾਕੀ ਵਿਕਸਿਤ ਦੇਸ਼ਾਂ ਵਿਚ ਉਸੇ ਸਮੇਂ ਇਨਕਲਾਬ ਹੋਣਾ ਅਤੇ ਉਥੋਂ ਦੀ ਮਜ਼ਦੂਰ ਸੱਤਾ ਦੁਆਰਾ ਰੂਸੀ ਮਜ਼ਦੂਰ ਜਮਾਤ ਨੂੰ ਸਹਾਇਤਾ ਦੇਣਾ। ਇਸ ਤਰ੍ਹਾਂ ਰੂਸ ਦੇ ਇਨਕਲਾਬ ਦੀ ਕਿਸਮਤ ਵਿਕਸਿਤ ਯੂਰਪੀ ਦੇਸ਼ਾਂ ਨਾਲ ਜੁੜੀ ਹੋਈ ਹੈ ਜਿਸ ਤੋਂ ਬਿਨਾਂ ਰੂਸੀ ਇਨਕਲਾਬ ਦਾ ਟਿਕਣਾ ਅਸੰਭਵ ਹੈ। ਇਸ ਸਿਧਾਂਤ ਵਿਚੋਂ ਨਿਕਲਦੇ ਸਿੱਧੇ ਸਿੱਟੇ ਹਨ-

ਪਹਿਲਾ, ਤ੍ਰਾਤਸਕੀ ਅਨੁਸਾਰ ਮਜ਼ਦੂਰਾਂ ਤੇ ਕਿਸਾਨਾਂ ਦੀ ਸਾਂਝੀ ਜਮਹੂਰੀ ਤਾਨਾਸ਼ਾਹੀ ਦੀ ਸਥਾਪਨਾ ਅਸੰਭਵ ਹੈ। ਇਨਕਲਾਬ ਤੋਂ ਬਾਅਦ ਹਰ ਹਾਲ ਵਿਚ ਸਿਰਫ਼ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਹੀ ਕਾਇਮ ਹੋ ਸਕਦੀ ਹੈ। ਇਹ ਵਿਚਾਰ ਉਸ ਦੀ ਜਮਹੂਰੀ ਇਨਕਲਾਬ ਤੇ ਸਮਾਜਵਾਦੀ ਇਨਕਲਾਬ ਦੇ ਪੜਾਵਾਂ ਨੂੰ ਨਾ ਸਮਝਣ ਦੀ ਕਮਜ਼ੋਰੀ ਵਿਚੋਂ ਪੈਦਾ ਹੁੰਦਾ ਹੈ। ਹੋਰ ਤਾਂ ਹੋਰ, ਤ੍ਰਾਤਸਕੀ ਅਨੁਸਾਰ ਅਜਿਹੀ ਤਾਨਸ਼ਾਹੀ ਤਾਂ ਹੀ ਸੰਭਵ ਹੋ ਸਕਦੀ ਹੈ, ਜੇ 'ਬੂਰਜੂਆ ਪਾਰਟੀਆਂ ਵਿਚੋਂ ਇਕ ਦਾ ਕਿਸਾਨੀ ਉਤੇ ਪ੍ਰਭਾਵ ਹੋਵੇਗਾ, ਜਾਂ ਫਿਰ ਕਿਸਾਨੀ ਆਪਣੀ ਖੁਦ ਤਾਕਤਵਰ ਪਾਰਟੀ ਕਾਇਮ ਕਰ ਲਵੇਗੀ' ਜਿਨ੍ਹਾਂ ਨਾਲ ਪ੍ਰੋਲੇਤਾਰੀ ਦੀ ਪਾਰਟੀ ਸਾਂਝਾ ਮੋਰਚਾ ਬਣਾਏਗੀ; 'ਪਰ ਜਿਵੇਂ ਅਸੀਂ ਦੇਖਿਆ ਹੈ ਕਿ ਇਨ੍ਹਾਂ ਵਿਚੋਂ ਕੁਝ ਵੀ ਸੰਭਵ ਨਹੀਂ ਹੈ।' (ਤ੍ਰਾਤਸਕੀ, ਰਿਜਲਟਸ ਐਂਡ ਪ੍ਰਾਸਪੈਕਟਸ, ਚੈਪਟਰ-4, ਇੰਟਰਨੈਟ ਐਡੀਸ਼ਨ)। ਇਹ ਹੈ ਤ੍ਰਾਤਸਕੀ ਦੀ ਜਮਾਤਾਂ ਦੇ ਸਾਂਝੇ ਮੋਰਚੇ ਦੀ ਸਮਝ। ਉਹ ਜਮਾਤਾਂ ਦੇ ਸਾਂਝੇ ਮੋਰਚੇ ਨੂੰ ਪਾਰਟੀਆਂ ਦੇ ਸਾਂਝੇ ਮੋਰਚੇ ਦੇ ਬਰਾਬਰ ਲਿਆ ਧਰਦਾ ਹੈ।

ਇਕ ਹੋਰ ਨੁਕਤੇ ਨੂੰ ਲੈ ਕੇ ਅਕਸਰ ਤ੍ਰਾਤਸਕੀਪੰਥੀ ਰੌਲਾ ਪਾਉਂਦੇ ਰਹਿੰਦੇ ਹਨ। ਉਨ੍ਹਾਂ ਅਨੁਸਾਰ ਲੈਨਿਨ ਨੇ ਤ੍ਰਾਤਸਕੀ ਦਾ 1905 ਦਾ ਨਾਅਰਾ 'ਜ਼ਾਰ ਨਹੀਂ, ਮਜ਼ਦੂਰਾਂ ਦਾ ਰਾਜ' ਚੋਰੀ ਕਰ ਲਿਆ ਸੀ ਅਤੇ 1917 ਵਿਚ ਆਪਣਾ 1905 ਦਾ ਜਮਹੂਰੀ ਤਾਨਸ਼ਾਹੀ ਦਾ ਨਾਅਰਾ ਬਦਲ ਕੇ ਇਹ ਲਾਗੂ ਕਰ ਦਿੱਤਾ ਸੀ। ਇਥੇ ਵੀ ਤ੍ਰਾਤਸਕੀਵਾਦੀ ਇਤਿਹਾਸਕ ਤੱਥਾਂ ਦੀ ਪੁਣ-ਛਾਣ ਕਰਨ ਦੀ ਥਾਂ ਸ਼ਬਦਜਾਲ ਦਾ ਸਹਾਰਾ ਲੈਂਦੇ ਹਨ। ਪਹਿਲੀ ਗੱਲ, ਇਹ ਦੇਖਣਾ ਪਵੇਗਾ ਕਿ 1905 ਦੇ ਹਾਲਾਤ ਅਨੁਸਾਰ ਤ੍ਰਾਤਸਕੀ ਦਾ ਨਾਅਰਾ ਠੀਕ ਸੀ ਜਾਂ ਲੈਨਿਨ ਦਾ। ਦੂਜੀ ਗੱਲ, ਲੈਨਿਨ ਨੇ 'ਸਾਰੀ ਸੱਤਾ ਸੋਵੀਅਤਾਂ ਨੂੰ' ਦਾ ਨਾਅਰਾ ਦਿੱਤਾ ਸੀ ਜਿਸ ਵਿਚ ਮਜ਼ਦੂਰਾਂ ਤੇ ਫੌਜੀਆਂ ਦੀਆਂ ਸੋਵੀਅਤਾਂ ਸ਼ਾਮਿਲ ਸਨ। ਲੈਨਿਨ ਅਨੁਸਾਰ ਨਵੇਂ ਹਾਲਾਤ ਵਿਚ ਸੋਵੀਅਤਾਂ ਦਾ ਮਾਡਲ ਹੀ ਉਹ ਰੂਪ ਹੈ ਜਿਸ ਰਾਹੀਂ ਮਜ਼ਦੂਰਾਂ ਅਤੇ ਕਿਸਾਨਾਂ ਦੀ ਤਾਨਾਸ਼ਾਹੀ ਕਾਇਮ ਹੋਵੇਗੀ, ਕਿਉਂਕਿ ਫੌਜੀਆਂ ਵਿਚੋਂ ਵੱਡੀ ਗਿਣਤੀ ਕਿਸਾਨਾਂ ਦੀ ਹੈ। ਇਸ ਤਰ੍ਹਾਂ ਲੈਨਿਨ ਨੇ ਆਪਣਾ ਨਾਅਰਾ ਹਾਲਾਤ ਦੇ ਠੋਸ ਵਿਸ਼ਲੇਸ਼ਣ ਰਾਹੀਂ ਦਿੱਤਾ ਸੀ; ਇਹ ਨਹੀਂ ਕਿ ਡੇਢ ਦਹਾਕਾ ਪਹਿਲਾਂ ਹੀ ਉਨ੍ਹਾਂ ਨੂੰ ਕੋਈ ਇਲਹਾਮ ਹੋ ਗਿਆ ਸੀ। ਇਸ ਤੋਂ ਬਿਨਾਂ, ਮਜ਼ਦੂਰ ਜਮਾਤ ਦੀ ਅਗਵਾਈ ਵਿਚ ਇਨਕਲਾਬ ਤੋਂ ਤੁਰੰਤ ਬਾਅਦ ਸਮਾਜਵਾਦੀ ਪ੍ਰੋਗਰਾਮ ਨਹੀਂ, ਸਗੋਂ ਜਮਹੂਰੀ ਇਨਕਲਾਬ ਦਾ ਪ੍ਰੋਗਰਾਮ ਲਾਗੂ ਕੀਤਾ ਗਿਆ ਸੀ ਜੋ ਤ੍ਰਾਤਸਕੀ



ਦੇ ਸਥਾਈ ਇਨਕਲਾਬ ਤੋਂ ਬਿਲਕੁਲ ਉਲਟਾ ਹੈ।

ਦੂਜਾ, ਤ੍ਰਾਤਸਕੀ ਬੂਰਜੂਆ-ਜਮਹੂਰੀ ਇਨਕਲਾਬ ਦੇ ਪੜਾਅ ਨੂੰ ਛਾਲ ਮਾਰ ਕੇ ਲੰਘਣਾ ਚਾਹੁੰਦਾ ਹੈ। ਨਾ ਸਿਰਫ਼ ਰੂਸ ਦੇ ਮਾਮਲੇ ਵਿਚ, ਸਗੋਂ ਉਹ ਆਪਣਾ ਇਹ ਥੀਸਿਸ ਬਸਤੀਆਂ 'ਤੇ ਵੀ ਲਾਗੂ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਜਿਵੇਂ ਹੀ ਮਜ਼ਦੂਰ ਜਮਾਤ ਸੱਤਾ ਵਿਚ ਆਉਂਦੀ ਹੈ, ਉਹ ਆਪਣੇ ਏਜੰਡੇ ਨੂੰ ਘੱਟੋ-ਘੱਟ ਪ੍ਰੋਗਰਾਮ ਅਤੇ ਵੱਧੋ ਵੱਧ (ਪੂਰੇ) ਪ੍ਰੋਗਰਾਮ ਵਿਚ ਨਹੀਂ ਵੰਡਦੀ, ਸਗੋਂ ਸੱਤਾ ਸੰਭਾਲਣ ਸਾਰ ਆਪਣਾ ਸਮਾਜਵਾਦੀ ਪ੍ਰੋਗਰਾਮ ਲਾਗੂ ਕਰਦੀ ਹੈ; ਚਾਹੇ ਜ਼ਮੀਨੀ ਹਾਲਾਤ ਕੁਝ ਵੀ ਹੋਣ। ਜੇ ਅਜਿਹਾ ਹੁੰਦਾ ਹੈ ਤਾਂ ਸੁਭਾਵਿਕ ਹੀ ਕਿਸਾਨੀ, ਮਜ਼ਦੂਰਾਂ ਦਾ ਸਾਥ ਇਕਦਮ ਛੱਡ ਜਾਵੇਗੀ। ਇਸ ਗਲਤ ਧਾਰਨਾ ਦੀ ਬੁਨਿਆਦ ਤ੍ਰਾਤਸਕੀ ਦੀ ਸਮਾਜ ਦੇ ਵੱਖ-ਵੱਖ ਵਰਗਾਂ ਵਿਚਲੇ ਵਿਰੋਧਾਂ ਨੂੰ ਸਮਝਣ ਦੀ ਕਮਜ਼ੋਰੀ ਹੈ। ਉਸ ਲਈ ਬੱਸ ਕਿਰਤ ਤੇ ਸਰਮਾਏ ਵਿਚਲਾ ਵਿਰੋਧ ਹੀ ਉਹ ਵਿਰੋਧ ਹੈ ਜੋ ਹਰ ਸਮੇਂ ਬੁਨਿਆਦੀ ਵੀ ਤੇ ਪ੍ਰਧਾਨ ਵਿਰੋਧ ਵੀ ਬਣਿਆ ਰਹਿੰਦਾ ਹੈ। ਉਹ ਮਜ਼ਦੂਰ ਤੇ ਕਿਸਾਨੀ ਵਿਚਾਲੇ ਵਿਰੋਧ ਨੂੰ ਦੁਸ਼ਮਣਾਨਾ ਮੰਨਦਾ ਹੈ ਜੋ ਇਨਕਲਾਬ ਤੋਂ ਬਾਅਦ ਹੋਰ ਤਿੱਖਾ ਹੋ ਜਾਂਦਾ ਹੈ ਤੇ ਖੁੱਲ੍ਹਮ-ਖੁੱਲ੍ਹਾ ਜਮਾਤੀ ਲੜਾਈ 'ਚ ਬਦਲ ਜਾਂਦਾ ਹੈ; ਜਦਕਿ ਲੈਨਿਨ ਦੀ ਪਾਰਟੀ ਅਤੇ ਬਾਅਦ ਦੀਆਂ ਕਮਿਊਨਿਸਟ ਪਾਰਟੀਆਂ ਨੇ ਵੀ, ਇਹ ਸਪਸ਼ਟ ਦਿਖਾਇਆ ਕਿ ਕਿਸਾਨੀ ਤੇ ਮਜ਼ਦੂਰਾਂ ਵਿਚਾਲੇ ਵਿਰੋਧ ਨੂੰ ਅਮਨਮਈ ਤਰੀਕੇ ਨਾਲ ਆਪਸੀ ਸਮਝਦਾਰੀ ਨਾਲ ਨਜਿੱਠਿਆ ਜਾ ਸਕਦਾ ਹੈ।

ਤ੍ਰਾਤਸਕੀ ਜ਼ਮੀਨ ਦੇ ਸਵਾਲ ਦੇ ਹੱਲ ਲਈ ਜ਼ਮੀਨ ਦੀ ਮੁੜ-ਵੰਡ ਅਤੇ ਕੌਮੀਕਰਨ ਦੇ ਕਦਮਾਂ ਤੋਂ ਉਕਾ ਇਨਕਾਰੀ ਹੈ ਕਿਉਂਕਿ ਇਹ ਸਮਾਜਵਾਦੀ ਇਨਕਲਾਬ ਦੇ ਨਹੀਂ, ਸਗੋਂ ਜਮਹੂਰੀ ਇਨਕਲਾਬ ਦੇ ਕੰਮ ਹਨ। ਇਹ ਵੀ ਇਕ ਕਾਰਨ ਹੈ ਕਿ ਉਹ ਕਿਸਾਨੀ ਤੇ ਮਜ਼ਦੂਰਾਂ ਵਿਚਾਲੇ ਵਿਰੋਧ ਨੂੰ ਇਨਕਲਾਬ ਤੋਂ ਬਾਅਦ ਦੁਸ਼ਮਣਾਨਾ ਵਿਰੋਧ ਵਿਚ ਬਦਲ ਜਾਣ ਤੋਂ ਬਿਨਾਂ ਹੋਰ ਕਿਸੇ ਤਰੀਕੇ ਨਾਲ ਦੇਖ ਹੀ ਨਹੀਂ ਸਕਦਾ। ਉਹ ਕਿਸਾਨੀ ਨੂੰ ਮਜ਼ਦੂਰ ਸੱਤਾ ਦੁਆਰਾ ਕਿਸੇ ਵੀ ਕਿਸਮ ਦੀ ਰਿਆਇਤ ਦੇਣ ਤੋਂ ਇਨਕਾਰੀ ਹੈ; ਜਦਕਿ ਲੈਨਿਨ ਮਜ਼ਦੂਰਾਂ ਤੇ ਕਿਸਾਨਾਂ ਦੀ ਸਾਂਝ ਨੂੰ ਲਗਾਤਾਰ ਮਜ਼ਬੂਤ ਬਣਾਉਂਦੇ ਜਾਣ ਲਈ ਕਿਸਾਨੀ ਨੂੰ ਰਿਆਇਤਾਂ ਦੇਣ ਦੀ ਗੱਲ ਕਰਦਾ ਹੈ।

ਤੀਜਾ, ਤ੍ਰਾਤਸਕੀ ਕਿਸਾਨੀ ਦੀ ਇਨਕਲਾਬ ਵਿਚ ਭੂਮਿਕਾ ਨੂੰ ਬਹੁਤ ਘੱਟ ਕਰ ਕੇ ਦੇਖਦਾ ਹੈ। ਉਸ ਅਨੁਸਾਰ ਕਿਸਾਨੀ ਮਜ਼ਦੂਰ ਜਮਾਤ ਨਾਲ ਉਸੇ ਤਰ੍ਹਾਂ ਹੀ ਆਪਣੀ ਪਛੜੀ ਚੇਤਨਾ ਕਾਰਨ ਆ ਜੁੜਦੀ ਹੈ ਜਿਵੇਂ ਇਹ ਕਿਸੇ ਬੂਰਜੂਆ ਪਾਰਟੀ ਦੀ ਪੂਛ ਬਣ ਜਾਂਦੀ ਹੈ। "ਪੇਂਡੂ ਖੇਤਰਾਂ ਦੇ ਕਿਰਤੀ ਲੋਕ ਸਿਰਫ਼ ਇਨਕਲਾਬ ਤੋਂ ਬਾਅਦ ਜਦ ਸ਼ਹਿਰੀ ਪ੍ਰੋਲੇਤਾਰੀ ਸੱਤਾ 'ਤੇ ਕਬਜ਼ਾ ਕਰ ਚੁੱਕਾ ਹੁੰਦਾ ਹੈ, ਉਦੋਂ ਹੀ ਇਨਕਲਾਬ ਵੱਲ ਖਿੱਚੇ ਜਾਣਗੇ ਤੇ ਸਿਆਸੀ ਆਧਾਰ 'ਤੇ ਜਥੇਬੰਦ ਹੋਣਗੇ। ਇਨਕਲਾਬੀ ਲਾਮਬੰਦੀ ਤੇ ਜਥੇਬੰਦੀ ਰਾਜ ਦੀ ਮਦਦ ਨਾਲ ਕੀਤੀ ਜਾਵੇਗੀ?"

ਲੈਨਿਨ ਨੇ ਬਿਲਕੁਲ ਉਲਟ ਪੁਜ਼ੀਸ਼ਨ ਲਈ ਕਿ ਕਿਸਾਨੀ ਦੀ ਇਨਕਲਾਬੀ ਲਾਮਬੰਦੀ ਤੇ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਉਸ ਨਾਲ ਸਾਂਝਾ ਮੋਰਚਾ ਇਨਕਲਾਬ ਦੀ ਜਿੱਤ ਲਈ ਲਾਜ਼ਮੀ ਸ਼ਰਤ ਹੈ। ਨਾਲ ਹੀ, ਕਿਸਾਨੀ ਦਾ ਅਗਿਆਨ ਤੇ ਤੁਅੱਸਬੀ ਮਾਨਸਿਕਤਾ ਵਿਚ ਬਣੇ ਰਹਿਣਾ ਮਜ਼ਦੂਰ ਜਮਾਤ ਲਈ ਕਿਸੇ ਵੀ ਤਰ੍ਹਾਂ ਸਹੀ ਨਹੀਂ; ਕਿਸਾਨੀ ਨੂੰ ਸਿੱਖਿਅਤ ਕਰਨਾ ਪ੍ਰੋਲੇਤਾਰੀ ਦੇ ਮੁੱਖ ਕੰਮਾਂ ਵਿਚੋਂ ਇਕ ਹੈ। ਲੈਨਿਨ ਦੀ ਇਸ ਧਾਰਨਾ ਨੂੰ ਇਤਿਹਾਸ ਦੇ ਘਟਨਾਕ੍ਰਮ ਨੇ, ਖਾਸ ਕਰ ਕੇ ਬਸਤੀਆਂ/ਅਰਧ-ਬਸਤੀਆਂ ਵਿਚ ਹੋਏ ਦੇਸ਼ਾਂ ਵਿਚ ਇਨਕਲਾਬਾਂ ਨੇ ਸਪੱਸ਼ਟ ਕਰ ਦਿੱਤਾ।

ਚੌਥਾ, ਤ੍ਰਾਤਸਕੀ ਰੂਸ ਵਿਚ ਇਨਕਲਾਬ ਦੀ ਕਾਮਯਾਬੀ ਅਤੇ ਮਜ਼ਦੂਰ ਸੱਤਾ ਦੇ ਟਿਕ ਪਾਉਣ ਨੂੰ ਯੂਰਪੀ ਮੁਲਕਾਂ ਵਿਚ ਨਾਲੋ-ਨਾਲ ਹੋਣ ਵਾਲੇ ਇਨਕਲਾਬ ਨਾਲ ਨੱਥੀ ਕਰ ਦਿੰਦਾ ਹੈ। ਸਰਮਾਏਦਾਰੀ ਦੇ ਸਾਮਰਾਜੀ ਦੌਰ ਵਿਚ ਦਾਖਲੇ ਤੋਂ ਪਹਿਲਾਂ ਭਾਵੇਂ ਦੁਨੀਆਂ ਭਰ ਦੇ ਕਮਿਊਨਿਸਟ ਇਹੀ ਸਮਝਦੇ ਸਨ ਕਿ ਇਨਕਲਾਬ ਵਿਕਸਤ ਸਰਮਾਏਦਾਰ ਦੇਸ਼ਾਂ ਵਿਚ ਨਾਲੋ-ਨਾਲ ਹੋਵੇਗਾ, ਖੁਦ ਮਾਰਕਸ-ਏਂਗਲਜ਼ ਵੀ ਇਹੀ ਸਮਝਦੇ ਸਨ ਪਰ ਲੈਨਿਨ ਨੇ ਪਹਿਲੀ ਸੰਸਾਰ ਜੰਗ ਵੇਲੇ ਹੀ ਇਸ ਤੋਂ ਅਲੱਗ ਸੋਚਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੇ 1915 ਵਿਚ ਜੰਗ-ਵਿਰੋਧੀ 'ਸੰਯੁਕਤ ਰਾਜ ਯੂਰਪ' ਦੇ ਨਾਅਰੇ ਦੀ ਪੜਚੋਲ ਕਰਦਿਆਂ ਪਹਿਲੀ ਵਾਰ ਕਿਹਾ ਕਿ ਇਨਕਲਾਬ ਦੀ ਜਿੱਤ ਤੇ ਸਮਾਜਵਾਦ ਦੀ ਉਸਾਰੀ ਇਕ ਦੇਸ਼ ਵਿਚ ਵੀ ਸੰਭਵ ਹੈ। ਉਹ ਉਸ ਸਮੇਂ ਸਾਮਰਾਜਵਾਦ ਅਤੇ ਸਰਮਾਏਦਾਰੀ ਦੇ ਅਸਾਂਵੇਂ ਵਿਕਾਸ ਦੇ ਸਿਧਾਤ ਉਪਰ ਕੰਮ ਕਰ ਰਿਹਾ ਸੀ ਜਿਸ ਨੂੰ ਉਸ ਨੇ 'ਸਾਮਰਾਜਵਾਦ-ਸਰਮਾਏਦਾਰੀ ਦਾ ਸਿਖਰ' ਕਿਤਾਬ ਵਿਚ ਪੇਸ਼ ਕੀਤਾ। ਉਹਨੇ ਦਿਖਾਇਆ ਕਿ ਇਨਕਲਾਬ ਸੰਸਾਰ ਸਰਮਾਏਦਾਰੀ ਦੀ ਕਮਜ਼ੋਰ ਕੜੀ ਬਣਨ ਵਾਲੇ ਇਕ ਜਾਂ ਵੱਧ ਦੇਸ਼ਾਂ ਵਿਚ ਪਹਿਲਾਂ ਹੋਵੇਗਾ ਅਤੇ ਇਹ ਇਨਕਲਾਬ ਸਫਲ ਵੀ ਹੋ ਸਕਦਾ ਹੈ। ਤ੍ਰਾਤਸਕੀ ਨੇ 1915 ਵਿਚ ਹੀ ਲੈਨਿਨ ਦੇ ਲੇਖ ਦਾ ਵਿਰੋਧ ਕੀਤਾ ਅਤੇ ਇਹਨੂੰ ਸਮਾਜਕ ਦੇਸ਼ਭਗਤੀ ਤੇ ਕੌਮੀ ਤੰਗਨਜ਼ਰੀ ਗਰਦਾਨ ਦਿੱਤਾ। ਨਾ ਸਿਰਫ਼ ਉਹ ਇਸ ਬਦਲਾਅ ਨੂੰ ਸਮਝ ਨਾ ਸਕਿਆ, ਸਗੋਂ ਉਹ 1917 ਦੇ ਇਨਕਲਾਬ ਦੇ ਕਾਮਯਾਬ ਹੋਣ ਅਤੇ ਨਵੀਂ ਇਨਕਲਾਬੀ ਸੱਤਾ ਦੇ ਟਿਕ ਜਾਣ ਪਿਛੋਂ ਵੀ ਆਪਣੇ ਸੰਸਾਰ ਇਨਕਲਾਬ ਦੇ ਸਿਧਾਂਤ ਨਾਲ ਚਿੰਬੜਿਆ ਰਿਹਾ।

ਜਿਵੇਂ ਲੈਨਿਨ ਨੇ ਕਿਹਾ ਹੈ, ਤ੍ਰਾਤਸਕੀ ਮੈਨਸ਼ਵਿਕਾਂ ਤੋਂ ਕਿਸਾਨੀ ਦੀ ਭੂਮਿਕਾ ਨੂੰ ਘੱਟ ਕਰ ਕੇ ਦੇਖਣ ਦਾ ਨੁਕਤਾ ਅਤੇ ਬਾਲਸ਼ਵਿਕਾਂ ਤੋਂ ਮਜ਼ਦੂਰ ਜਮਾਤ ਦੀ ਆਗੂ ਭੂਮਿਕਾ ਦਾ ਨੁਕਤਾ ਉਧਾਰ ਲੈਂਦਾ ਹੈ ਅਤੇ ਖੁਦ ਨੂੰ ਦੋਹਾਂ ਤੋਂ 'ਉਪਰ' ਬਿਰਾਜਮਾਨ ਕਰ ਲੈਂਦਾ ਹੈ; ਉਂਜ ਤੱਤ ਰੂਪ ਵਿਚ ਉਹ ਮੈਨਸ਼ਵਿਕ ਹੀ ਰਹਿੰਦਾ ਹੈ ਕਿਉਂਕਿ ਦੋਹਾਂ ਦੇ ਸਿਧਾਂਤਾਂ ਦਾ ਨਤੀਜਾ ਕਿਸਾਨੀ ਨੂੰ ਕ੍ਰਾਂਤੀ ਲਈ ਲਾਮਬੰਦ ਕਰਨ ਤੋਂ ਭੱਜ ਨਿਕਲਣ ਵਿਚ ਹੀ ਨਿਕਲਦਾ ਹੈ। ਮੈਨਸ਼ਵਿਕ ਇੰਜ ਕਰਦਿਆਂ ਸਪਸ਼ਟ ਮੌਕਾਪ੍ਰਸਤੀ ਦਿਖਾਉਂਦੇ ਹਨ ਅਤੇ ਤ੍ਰਾਤਸਕੀ ਇਹਨੂੰ ਖੱਬੇ-ਪੱਖੀ ਲਫ਼ਾਜ਼ੀ ਥੱਲੇ ਛੁਪਾਉਂਦਾ ਹੈ।

**ਇਕ ਦੇਸ਼ ਵਿਚ ਸਮਾਜਵਾਦ:** ਪਹਿਲੀ ਸੰਸਾਰ ਜੰਗ ਦੌਰਾਨ ਹੀ ਜਦੋਂ ਰੂਸ ਅੰਦਰ ਇਨਕਲਾਬ ਦਾ ਵਿਸਫੋਟ ਹੋ ਗਿਆ ਤਾਂ ਦੁਨੀਆਂ ਭਰ ਕਮਿਊਨਿਸਟਾਂ ਵਿਚ ਸਮੇਤ ਬਾਲਸ਼ਵਿਕਾਂ ਦੇ, ਇਹ ਉਮੀਦ ਜਾਗ ਪਈ ਕਿ ਹੁਣ ਯੂਰਪੀ ਮੁਲਕਾਂ ਅੰਦਰ ਵੀ ਇਨਕਲਾਬ ਸ਼ੁਰੂ ਹੋ ਜਾਣਗੇ ਪਰ ਜੰਗ ਖਤਮ ਹੋਣ ਬਾਅਦ ਅਤੇ ਰੂਸ ਵਿਚ ਖਾਨਾਜੰਗੀ ਖਤਮ ਹੋਣ ਤੱਕ ਇਹ ਸਾਫ਼ ਹੋ ਗਿਆ ਕਿ ਇਨਕਲਾਬ ਦਾ ਜਵਾਰ ਹੁਣ ਉਤਰਾਅ ਵਿਚ ਹੈ। ਯੂਰਪੀ ਦੇਸ਼ਾਂ ਵਿਚ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਦੀ ਗੱਦਾਰੀ ਕਾਰਨ ਇਨਕਲਾਬ ਜਾਂ ਤਾਂ ਅਸਫਲ ਰਹੇ, ਜਾਂ ਟਿਕ ਨਹੀਂ ਸਕੇ। ਹੁਣ ਬਾਲਸ਼ਵਿਕਾਂ ਅੱਗੇ ਸਵਾਲ ਸੀ ਕਿ ਅੱਗੇ ਕਿਵੇਂ ਵਧਿਆ ਜਾਵੇ। 1921 'ਚ 'ਨਵੀਂ ਆਰਥਕ ਨੀਤੀ' ਤਹਿਤ ਲੈਨਿਨ ਦੀ ਅਗਵਾਈ ਵਿਚ ਬਾਲਸ਼ਵਿਕ ਪਾਰਟੀ ਨੇ ਤਬਾਹ-ਬਰਬਾਦ ਹੋ ਚੁੱਕੇ ਦੇਸ਼ ਦੀ ਆਰਥਿਕ ਉਸਾਰੀ ਦਾ ਕੰਮ ਅਰੰਭਿਆ। ਫਿਰ 1924 ਵਿਚ ਲੈਨਿਨ ਦੀ ਮੌਤ ਹੋ ਗਈ ਅਤੇ ਸਮਾਜਵਾਦ ਦੀ ਉਸਾਰੀ ਦੇ ਸਵਾਲ ਨੇ ਪਾਰਟੀ ਵਿਚ ਬਹਿਸ ਛੇੜ ਦਿੱਤੀ। ਬਾਲਸ਼ਵਿਕ ਪਾਰਟੀ ਅੱਗੇ ਤਿੰਨ ਰਸਤੇ ਸਨ। ਪਹਿਲਾ, ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣਾ ਤੇ ਸੰਸਾਰ ਇਨਕਲਾਬ ਦਾ ਇੰਤਜ਼ਾਰ ਕਰਨਾ। ਦੂਜਾ, ਕੁਝ ਸਮਾਜਵਾਦੀ ਕਦਮ ਉਠਾਉਂਦਿਆਂ ਵਿਸ਼ਵ ਕ੍ਰਾਂਤੀ ਨੂੰ ਉਡੀਕਣਾ। ਤੀਜਾ, ਇਸ ਨਿਸ਼ਚੇ ਨਾਲ ਕਿ ਇਕ ਦੇਸ਼ ਵਿਚ ਸਮਾਜਵਾਦ ਦੀ ਉਸਾਰੀ ਸੰਭਵ ਹੈ, ਸਮਾਜਵਾਦ ਦਾ ਨਿਰਮਾਣ ਕਰਨ ਲਈ ਜੁਟਣਾ। ਸਤਾਲਿਨ ਨੇ ਲੈਨਿਨਵਾਦੀ ਪੈਂਤੜਾ ਅਪਨਾਉਂਦੇ ਹੋਏ ਦਿਖਾਇਆ ਕਿ ਤੀਜਾ ਰਾਹ ਹੀ ਸਹੀ ਸਟੈਂਡ ਹੈ ਅਤੇ ਇਕ ਦੇਸ਼ ਵਿਚ ਸਮਾਜਵਾਦ ਦੀ ਉਸਾਰੀ ਸਬੰਧੀ ਬਹਿਸ ਨੂੰ 'ਸਾਹਿਤਕ ਬਹਿਸ' ਕਹਿ ਕੇ ਖਾਰਜ ਕਰ ਦਿੱਤਾ।

ਇਸ ਤੋਂ ਬਾਅਦ ਪਾਰਟੀ ਨੇ ਸਮਾਜਵਾਦ ਦੀ ਉਸਾਰੀ ਦਾ ਰਾਹ ਫੜਿਆ ਅਤੇ ਪਹਿਲੀ ਪੰਜ ਸਾਲਾ ਯੋਜਨਾ ਉਲੀਕ ਕੇ ਇਸ ਇਤਿਹਾਸਕ ਕੰਮ ਵਿਚ ਜੁਟ ਗਈ। ਇੱਥੇ ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਇਕ ਦੇਸ਼ ਵਿਚ ਸਮਾਜਵਾਦੀ ਉਸਾਰੀ ਦੇ ਸੰਭਵ ਹੋਣ ਦਾ ਮਤਲਬ ਇਹ ਨਹੀਂ ਕਿ ਉਸ ਦੇਸ਼ ਵਿਚ ਸਮਾਜਵਾਦ ਦੀ 'ਅੰਤਿਮ' ਜਿੱਤ ਸੰਭਵ ਹੈ। ਇਸ ਬਾਰੇ ਨਾ ਲੈਨਿਨ ਅਤੇ ਨਾ ਹੀ ਸਤਾਲਿਨ ਨੇ ਕਦੇ ਦਾਅਵਾ ਕੀਤਾ ਸੀ। ਸਤਾਲਿਨ ਨੇ ਅੰਤਿਮ ਜਿੱਤ ਨੂੰ ਤਾਂ ਹੀ ਸੰਭਵ ਮੰਨਿਆ ਸੀ ਜਦੋਂ ਸਮਾਜਵਾਦੀ ਦੇਸ਼ ਨੂੰ ਬਾਹਰੋਂ

*(ਬਾਕੀ ਅਗਲੇ ਸਫੇ 'ਤੇ)*



*ਆਪਣੇ ਦਫਤਰ ਵਿਚ 'ਦਿ ਮਿਲੀਟੈਂਟ' ਅਖਬਾਰ ਪੜ੍ਹ ਰਿਹਾ ਤ੍ਰਾਤਸਕੀ।*

# ਚਲੋ ਕੱਟੀਏ ਪਖੰਡਾਂ ਵਾਲੀ ਡੋਰ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪਖੰਡੀ ਸਾਧਾਂ-ਸੰਤਾਂ ਪ੍ਰਤੀ ਮੇਰੀ ਅਕਲ ਅਤੇ ਸ਼ਰਧਾ ਦਾ ਘੇਰਾ ਹਮੇਸ਼ਾ ਤੰਗ ਹੀ ਰਿਹਾ ਹੈ। ਮੈਂ ਇਨ੍ਹਾਂ ਤੋਂ ਇੰਨਾ ਡਰਦਾ ਹਾਂ, ਜਿੰਨਾ ਕੋਈ ਪੁਲਿਸ ਦੀ ਨਾਜਾਇਜ਼ ਪਈ ਰੇਡ ਤੋਂ। ਕਈ ਵਾਰ ਗੱਲਾਂ ਵਿਚੋਂ ਗੱਲ ਚਲਦੀ ਹੈ ਕਿ ਤੁਸੀਂ ਕਿਹੜੇ ਸੰਤਾਂ ਨੂੰ ਮੰਨਦੇ ਹੋ? ਜਾਂ ਕਿਹੜੇ ਡੇਰੇ ਜਾਂਦੇ ਹੋ? ਅਜਿਹੇ ਸਵਾਲ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਪੜ੍ਹੇ-ਲਿਖੇ ਸੱਜਣਾਂ ਤੇ ਬੀਬੀਆਂ ਦੀ ਅਕਲ ਕਿਉਂ ਸਾਧਾਂ ਦੇ ਡੇਰਿਆਂ ਦੇ ਗਹਿਣੇ ਪੈ ਗਈ ਹੈ? ਇਨ੍ਹਾਂ ਨੂੰ ਅਕਲ ਕਦੋਂ ਆਵੇਗੀ ਕਿ ਸਾਡਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ। ਸਿੱਖ ਨੂੰ ਆਪਣਾ ਸਿਰ ਕਿਸੇ ਡੇਰੇ 'ਤੇ ਨਹੀਂ, ਗੁਰੂ ਗ੍ਰੰਥ ਸਾਹਿਬ ਅੱਗੇ ਝੁਕਾਉਣਾ ਚਾਹੀਦਾ ਹੈ। ਕਸੂਰ ਪਖੰਡੀ ਸਾਧਾਂ-ਸੰਤਾਂ ਦਾ ਨਹੀਂ, ਵਹੀਰਾਂ ਘੱਤ ਕੇ ਉਥੇ ਜਾ ਰਹੇ ਲੋਕਾਂ ਦਾ ਹੈ। ਮਹੀਨਾ ਪਹਿਲਾਂ ਵਾਪਰੀ ਘਟਨਾ ਦਾ ਜ਼ਿਕਰ ਕਰਨ ਤੋਂ ਪਹਿਲਾਂ ਹੱਡ-ਬੀਤੀ ਸੁਣਾ ਦਿਆਂ...

ਸੋਲਾਂ ਸਾਲ ਪਹਿਲਾਂ ਮੈਂ ਵਿਦੇਸ਼ ਦੇ ਚੱਕਰਾਂ ਵਿਚ ਤੁਰਿਆ ਫਿਰਦਾ ਸਾਂ। ਇਕ ਦਿਨ ਏਜੰਟ ਕਹਿੰਦਾ, ਬਈ ਤੁਹਾਡਾ ਕੰਮ ਬਣ ਗਿਆ, ਦਿੱਲੀ ਆ ਜਾਓ। ਮੈਂ ਘਰੇ ਸਾਰਿਆਂ ਨੂੰ ਫਤਿਹ ਬੁਲਾ ਕੇ ਦਿੱਲੀ ਰਵਾਨਾ ਹੋ ਗਿਆ। ਦਿੱਲੀ ਸਾਡੀ ਫਲਾਈਟ ਢਿੱਲੀ ਹੁੰਦੀ ਗਈ ਤੇ ਪਹਾੜਗੰਜ ਦੋ ਮਹੀਨੇ ਰੁਕੇ ਰਹੇ। ਜਦੋਂ ਕੰਮ ਨਾ ਬਣਿਆ ਤਾਂ ਪਿੰਡ ਵਾਪਸ ਆਉਣਾ ਪਿਆ। ਘਰ ਆਇਆ ਤਾਂ ਆਪਣਾ ਸਮਾਨ ਕਮਰੇ ਵਿਚ ਰੱਖਣ ਗਿਆ ਤਾਂ ਦੇਖਿਆ, ਅਲਮਾਰੀ ਵਿਚ ਦੇਸੀ ਘਿਉ ਦੀ ਜੋਤ ਜਗ ਰਹੀ ਹੈ। ਕੋਲ ਵੇਰਕਾ ਦੇਸੀ ਘਿਉ ਦਾ ਡੱਬਾ ਪਿਆ ਹੈ। ਮੈਂ ਝੱਟ ਘਰਵਾਲੀ ਨੂੰ ਜੋਤ ਪ੍ਰਗਟ ਹੋਣ ਬਾਰੇ ਪੁੱਛਿਆ। ਉਹ ਬੋਲੀ, 'ਜੀ ਮੈਨੂੰ ਨਹੀਂ ਪਤਾ, ਤੁਸੀਂ ਬੀਬੀ ਨਾਲ ਗੱਲ ਕਰੋ।' ਪੁੱਛਣ 'ਤੇ ਬੀਬੀ ਨੇ ਦੱਸਿਆ ਕਿ ਜਦੋਂ ਮੈਂ ਦਿੱਲੀ ਸਾਂ ਤੇ ਕੰਮ ਨਹੀਂ ਸੀ ਬਣਦਾ, ਉਨ੍ਹੀਂ ਦਿਨੀਂ ਸਾਡੇ ਪਿੰਡ ਪੁੱਛਾਂ ਦੇਣ ਵਾਲਾ ਪੈਦਾ ਹੋ ਗਿਆ। ਕਿਸੇ ਨੇ ਬੀਬੀ ਨੂੰ ਕਿਹਾ ਕਿ 'ਭੈਣ ਜੀ! ਤੁਸੀਂ ਵੀ ਬਾਬਾ ਜੀ ਨੂੰ ਪੁੱਛ ਲਵੋ, ਮੁੰਡੇ ਦਾ ਕੰਮ ਕਦੋਂ ਬਣੂੰਗਾ।' ਬੀਬੀ ਗਈ ਤਾਂ ਬਾਬੇ ਨੇ ਕਿਹਾ ਕਿ 'ਇਕ ਮਹੀਨੇ ਵਿਚ ਤੇਰਾ ਪੁੱਤ ਇਟਲੀ ਬੈਠਾ ਹੋਊ, ਤੁਸੀਂ ਪੀਰ ਦੀ ਜੋਤ ਲਾਇਆ ਕਰੋ।' ਤੇ ਬੀਬੀ ਨੇ ਜੋਤ ਲਾਉਣੀ ਸ਼ੁਰੂ ਕਰ ਦਿੱਤੀ।

ਜਿਹੜਾ ਬਾਬਾ ਪ੍ਰਗਟ ਹੋਇਆ ਸੀ, ਉਹ ਬੀੜੀਆਂ ਸਿਗਰਟਾਂ ਤੇ ਸ਼ਰਾਬ ਪੀਂਦਾ ਸੀ। ਮੈਨੂੰ ਬਾਬੇ ਅਤੇ ਬੀਬੀ-ਦੋਹਾਂ 'ਤੇ ਹੀ ਗੁੱਸਾ ਆ ਰਿਹਾ ਸੀ। ਪਹਿਲਾਂ ਫੂਕ ਮਾਰ ਕੇ ਜੋਤ ਬੁਝਾਈ, ਫਿਰ ਦੇਸੀ ਘਿਉ ਚੁੱਕ ਕੇ ਰਸੋਈ ਵਿਚ ਰੱਖ ਦਿੱਤਾ। ਫਿਰ ਸਿੱਧਾ ਗਿਆ ਨਵੇਂ ਬਣੇ ਬਾਬੇ ਕੋਲ। ਉਹ ਤਿੰਨ-ਚਾਰ ਬੀਬੀਆਂ ਵਿਚਾਲੇ ਬੈਠਾ ਸੀ। ਮੈਂ ਜਾਂਦਿਆਂ ਹੀ ਕਿਹਾ ਕਿ 'ਕਿੰਨੇ ਪੈਸੇ ਲਏ ਨੇ ਬੀਬੀ ਤੋਂ ਜੋਤ ਸ਼ੁਰੂ ਕਰਵਾਉਣ ਲਈ।'

ਪਹਿਲਾਂ ਤਾਂ ਉਹ ਗਰਮ ਹੋਇਆ ਪਰ ਮੇਰੇ ਹੱਥ ਵਿਚ ਉਸ ਦਾ ਇਕ ਬਟਨ ਸੀ ਜਿਸ ਨਾਲ ਉਹ ਇਕ ਦਮ ਠੰਢਾ ਹੋ ਗਿਆ ਤੇ ਮੈਨੂੰ ਦੋ ਸੌ ਰੁਪਏ ਵਾਪਸ ਕਰ ਦਿੱਤੇ। ਮੈਂ ਬੀਬੀ ਨੂੰ ਕਿਹਾ ਕਿ 'ਜੋਤਾਂ ਵਾਲੇ ਬਾਬੇ ਨੇ ਇਟਲੀ ਤਾਂ ਭੇਜਿਆ ਨਹੀਂ ਪਰ ਵਾਪਸ ਪਿੰਡ ਜ਼ਰੂਰ ਮੰਗਾ ਲਿਆ।' ਫਿਰ ਮੇਰੀ ਜਦੋਜਹਿਦ ਜਾਰੀ ਰਹੀ ਤੇ ਮੈਂ ਅਗਲੇ ਸਾਲ ਅਮਰੀਕਾ ਆ ਗਿਆ।

ਹੁਣ ਜ਼ਿਕਰ ਕਰਦਾ ਹਾਂ, ਪਿਛਲੇ ਮਹੀਨੇ ਵਾਲੀ ਘਟਨਾ ਦਾ। ਇਕ ਪਾਠਕ ਮਾਤਾ ਮੈਨੂੰ ਬਹੁਤ ਪਿਆਰ ਕਰਦੀ ਹੈ। ਉਸ ਦਾ ਆਪਣਾ ਪੁੱਤਰ ਵੀ ਮੇਰਾ ਹਾਣੀ ਹੈ। ਇਕ ਧੀ ਹੈ ਜਿਸ ਕੋਲ ਮਾਤਾ ਰਹਿੰਦੀ ਹੈ। ਇਕ ਦਿਨ ਸਵੇਰੇ ਹੀ ਮਾਤਾ ਦਾ ਫੋਨ ਆਇਆ ਤੇ ਮਿਸ਼ਰੀ ਵਰਗੇ ਬੋਲਾਂ ਨਾਲ ਕਿਹਾ, "ਪੁੱਤ! ਆਪਣੇ ਘਰ ਅੱਜ ਸੰਤੋਖਸਰੀਏ ਸੰਤਾਂ ਨੇ ਆਉਣਾ ਹੈ। ਤੂੰ ਵੀ ਪਹੁੰਚ ਜਾਵੀਂ। ਸੰਤ ਜਾਣੀ-ਜਾਣ ਨੇ, ਕ੍ਰਿਪਾ ਕਰਨਗੇ।" ਸੰਤ ਦੇ ਨਾਂ ਤੋਂ ਮੈਂ ਘਬਰਾਇਆ। ਉਂਜ ਜਦੋਂ 'ਸੰਤੋਖਸਰੀਏ' ਨਾਂ ਸੁਣਿਆ ਤਾਂ ਮਨ ਵਿਚ ਤਸੱਲੀ ਹੋਈ, ਕਲਯੁੱਗ ਵਿਚ ਵੀ ਕੋਈ ਸੰਤੋਖ ਵਾਲਾ ਸੰਤ ਹੈ। ਸ਼ਾਮ ਨੂੰ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਸ਼ਾਮੀ ਜਦੋਂ ਤੁਰਨ ਲੱਗਿਆ, ਫੋਨ ਫਿਰ ਵੱਜਿਆ ਤੇ ਮਾਤਾ ਬੋਲੀ, "ਪੁੱਤ, ਆਉਣ ਲੱਗਿਆ ਸੇਬ ਵਾਲੇ ਫੋਨ ਦਾ ਭਾਅ ਪਤਾ ਕਰ ਕੇ ਆਈਂ।" ਮੈਂ 'ਸੱਤ ਬਚਨ' ਕਹਿ ਕੇ ਤੁਰ ਪਿਆ ਤੇ ਸੋਚਿਆ, 'ਮਾਤਾ ਨੇ ਫੋਨ ਤਾਂ ਕੀ ਕਰਨਾ ਹੋਊ। ਜ਼ਰੂਰ ਸੰਤੋਖਸਰੀਏ ਸੰਤ ਨੂੰ ਖਰੀਦ ਕੇ ਦੇਣਾ ਹੋਊ ਕਿਉਂਕਿ ਸੰਤ ਬਾਹਰਲੇ ਫੋਨਾਂ ਦੇ ਬੜੇ ਸ਼ੌਕੀਨ ਹਨ।' ਮਾਤਾ ਦੇ ਘਰ ਪਹੁੰਚਿਆ ਤਾਂ ਦੇਖਿਆ, ਸੰਤ ਸੋਫੇ 'ਤੇ ਚੌਂਕੜਾ ਮਾਰ ਕੇ ਬੈਠਾ ਹੈ ਤੇ ਕਿਸੇ ਨਾਲ ਫੋਨ 'ਤੇ ਗੱਲਾਂ ਕਰ ਰਿਹਾ ਹੈ। ਪੰਜ ਸੱਤ ਬੀਬੀਆਂ ਤੇ ਚਾਰ ਪੰਜ ਬੰਦੇ ਥੱਲੇ ਬੈਠੇ ਹੱਥ ਜੋੜੀ ਸੰਤ ਵੱਲ ਦੇਖ ਰਹੇ ਸਨ। ਮਾਤਾ ਮੈਨੂੰ ਬੂਹੇ 'ਤੇ ਹੀ ਮਿਲ ਪਈ, "ਪੁੱਤ ਆ ਗਿਆ। ਜਾਹ, ਸ਼ਰਧਾ ਮੁਤਾਬਕ ਮੱਥਾ ਟੇਕ ਦੇ।" ਮਾਤਾ ਨੇ ਪਿਆਰ ਨਾਲ ਕਿਹਾ। ਮੈਂ ਖੜ੍ਹਾ ਦੇਖਦਾ ਰਿਹਾ ਕਿ ਇਹ ਸੰਤ ਫੋਨ ਦਾ ਖਹਿੜਾ ਕਦੋਂ ਛੱਡਦਾ ਹੈ? ਸੰਤ ਫੋਨ ਤੋਂ ਹਟਿਆ ਤਾਂ ਮੈਂ ਅਗਾਂਹ ਵਧਿਆ। ਸੰਤ ਮੰਗਣੇ ਵਾਲੇ ਮੁੰਡੇ ਵਾਂਗ ਆਪਣਾ ਹਜ਼ੂਰੀਆ ਬੁੱਕਲ ਵਿਚ ਵਿਛਾਈ ਬੈਠਾ ਸੀ। ਮੈਂ ਫਤਿਹ ਬੁਲਾਈ ਤੇ ਸਭ ਦਾ ਧਿਆਨ ਆਪਣੇ ਵੱਲ ਖਿਚਿਆ; ਬਿਨਾਂ ਮਾਇਆ ਦੇ ਮੱਥਾ ਫਤਿਹ ਦਾ ਹੀ ਟੇਕਿਆ। ਬੈਠਣ ਲੱਗੇ ਨੇ ਸੰਤ ਦੀ ਝੋਲੀ ਵੱਲ ਨਿਗ੍ਹਾ ਮਾਰੀ ਤਾਂ ਉਹ ਸੰਤੋਖਸਰੀਆ ਨਹੀਂ, ਮਾਇਆਧਾਰੀ ਜਾਪਿਆ। ਖ਼ੈਰ! ਮੈਂ ਵੀ ਬੈਠ ਗਿਆ। ਸੰਤ ਦੇ ਲਾਗੇ ਇਕ ਬੀਬੀ ਹੋਰ ਬੈਠੀ ਸੀ ਜੋ ਲੱਡੂਆਂ ਦਾ ਜੋੜਾ ਦੇ ਰਹੀ ਸੀ।

ਇਕ ਗੁਰਮੁੱਖ ਬੰਦਾ ਸੰਤ ਅੱਗੇ ਹੋਇਆ ਤੇ ਬੋਲਿਆ, "ਮਹਾਂ ਪੁਰਸ਼ੋ, ਮੇਰੇ ਤਿੰਨ ਟਰੱਕ ਹਨ।

ਕਮਾਈ ਵਧੀਆ ਹੁੰਦੀ ਹੈ ਪਰ ਟਰੱਕਾਂ ਦਾ ਨੁਕਸਾਨ ਬਹੁਤ ਹੁੰਦਾ ਹੈ। ਸਾਰੀ ਕਮਾਈ ਮੁਰੰਮਤ ਵਿਚ ਚਲੀ ਜਾਂਦੀ ਹੈ। ਕੋਈ ਉਪਾਅ ਦੱਸੋ।"

"ਕਦੇ ਸਹਿਜ ਪਾਠ ਜਾਂ ਅਖੰਡ ਪਾਠ ਕਰਵਾਇਆ ਹੈ ਘਰ ਜਾਂ ਗੁਰਦੁਆਰੇ ਵਿਚ?" ਸੰਤ ਨੇ ਮਾਲਾ ਦਾ ਮਣਕਾ ਅੰਗੂਠੇ ਤੇ ਉਂਗਲੀ ਦੇ ਵਿਚਕਾਰੋਂ ਲੰਘਾਉਂਦਿਆਂ ਗੁਰਮੁੱਖ ਨੂੰ ਪੁੱਛਿਆ।

"ਹਾਂ ਜੀ। ਦੋਵੇਂ ਪਾਠ ਕਰਵਾਏ ਹਨ।" ਗੁਰਮੁੱਖ ਦੇ ਹੱਥ ਸਾਰੀ ਸ਼ਰਧਾ ਇਕੱਠੀ ਕਰ ਕੇ ਜੁੜੇ ਹੋਏ ਸਨ।

"ਕਦੇ ਸੰਪਟ ਪਾਠ ਨਹੀਂ ਕਰਵਾਇਆ?" ਸੰਤ ਨੇ ਸ਼ਨੀਲ ਦੇ ਰੁਮਾਲ ਨਾਲ ਮੂੰਹ ਸਾਫ਼ ਕਰਦਿਆਂ ਪੁੱਛਿਆ।

"ਨਹੀਂ ਜੀ। ਐਵੇਂ ਝੂਠ ਬੋਲਣ ਦਾ ਕੀ ਫਾਇਦਾ!"

"ਤੁਹਾਨੂੰ ਸੰਪਟ ਪਾਠ ਕਰਵਾਉਣਾ ਚਾਹੀਦਾ ਹੈ ਜਿਸ ਨਾਲ ਤੁਹਾਡਾ ਨੁਕਸਾਨ ਹੋਣੋਂ ਹਟ ਜਾਊ।" ਸੰਤ ਨੇ ਜਿਵੇਂ ਮੁਰਗੀ ਖੁੱਡੇ ਤਾੜ ਲਈ ਹੋਵੇ।

"ਜੀ ਕਰਵਾ ਦਿਆਂਗੇ।" ਗੁਰਮੁੱਖ ਨੇ ਹਾਮੀ ਭਰੀ।

"ਅਸੀਂ ਉਥੇ ਸੰਪਟ ਪਾਠ ਕਰਦੇ ਹਾਂ। ਸਾਡੇ ਕੋਲ ਤਿਆਰ-ਬਰ-ਤਿਆਰ ਪਾਠੀ ਸਿੰਘ ਹਨ। ਤੁਸੀਂ ਪਾਠ ਦੀ ਭੇਟਾ ਤੇ ਆਪਣਾ ਨਾਂ 'ਬਾਬਾ ਰਾਣੀ' ਨੂੰ ਲਿਖਵਾ ਦੇਵੋ।"

"ਸੱਤ ਬਚਨ" ਕਹਿੰਦਿਆਂ ਗੁਰਮੁਖ ਨੇ ਨਾਂ ਲਿਖਾਇਆ ਤੇ ਗਿਆਰਾਂ ਸੌ ਡਾਲਰ 'ਬਾਬਾ ਰਾਣੀ' ਨੂੰ ਫੜਾ ਦਿੱਤਾ। ਨਾਲ ਹੀ ਲੱਡੂਆਂ ਦਾ ਜੋੜਾ ਲੈ ਕੇ ਮਾਤਾ ਜੀ ਨਾਲ ਗੱਲੀਂ ਲੱਗਦਾ ਬਾਹਰ ਨੂੰ ਨਿਕਲ ਤੁਰਿਆ।

ਅਗਲੀ ਵਾਰੀ ਇਕ ਬੀਬੀ ਦੀ ਆ ਗਈ, ਬੋਲੀ, "ਮਹਾਂ ਪੁਰਸ਼ੋ! ਮੇਰਾ ਪਤੀ ਸ਼ਰਾਬ ਬਹੁਤ ਪੀਂਦਾ ਹੈ। ਕੰਮ 'ਤੇ ਵੀ ਲੰਗੇ ਡੰਗ ਜਾਂਦਾ ਹੈ, ਮੈਂ ਬਹੁਤ ਦੁਖੀ ਹਾਂ। ਮਾਨਸਿਕ ਤੌਰ 'ਤੇ ਵੀ, ਤੇ ਆਰਥਿਕ ਤੌਰ 'ਤੇ ਵੀ। ਮੈਨੂੰ ਇਸ ਅਵਸਥਾ ਵਿਚੋਂ ਕੱਢੋ।" ਬੀਬੀ ਦੀਆਂ ਅੱਖਾਂ ਵਿਚ ਦੁੱਖ ਦੇ ਹੰਝੂ ਛਲਕ ਰਹੇ ਸਨ।

"ਪਾਠ ਕਰਦੀ ਹੈਂ ਕਿ ਨਹੀਂ? ਕਦੇ ਅਖੰਡ ਪਾਠ ਕਰਵਾਇਆ?" ਸੰਤ ਨੇ ਬੀਬੀ ਦੇ ਸਿਰ 'ਤੇ ਹੱਥ ਰੱਖਿਆ।

"ਨਹੀਂ ਜੀ।" ਸੰਤ ਦੇ ਭਾਰੀ ਹੱਥ ਨੇ ਬੀਬੀ ਦੇ ਅੱਖਾਂ ਵਿਚਲੇ ਹੰਝੂ ਬਾਹਰ ਕੱਢ ਦਿੱਤੇ।

"ਚੰਗਾ 'ਬਾਬਾ ਰਾਣੀ' ਕੋਲ ਨਾਂ ਲਿਖਵਾ ਤੇ ਭੇਟਾ ਦੇਹ। ਸਾਰੇ ਕਸ਼ਟ ਦੂਰ ਹੋ ਜਾਣਗੇ।" ਉਸ ਬੀਬੀ ਨੇ ਨਾਂ ਲਿਖਵਾ ਦਿੱਤਾ ਤੇ ਨਾਲ ਆਈ ਬੀਬੀ ਤੋਂ 500 ਡਾਲਰ ਮੰਗ ਕੇ 'ਬਾਬਾ ਰਾਣੀ' ਨੂੰ ਫੜਾਉਂਦਿਆਂ ਚੁੰਨੀ ਨਾਲ ਅੱਖਾਂ ਪੂੰਝ ਲਈਆਂ, ਜਿਵੇਂ ਸੰਤ ਨੇ ਸਾਰੇ ਦੁੱਖ ਅੱਜ ਹੀ ਕੱਟ ਦਿੱਤੇ ਹੋਣ।

ਅਗਲੀ ਵਾਰੀ ਫਿਰ ਇਕ ਬੀਬੀ ਦੀ ਆਈ। ਉਹ ਹੱਥ ਜੋੜਦੀ ਬੋਲੀ, "ਮਹਾਂ ਪੁਰਸ਼ੋ! ਮੇਰੀ ਧੀ ਤੀਹ ਸਾਲ ਦੀ ਹੋ ਗਈ ਹੈ ਪਰ ਵਿਆਹ ਕਰਵਾਉਣ ਨੂੰ ਅਜੇ ਵੀ ਨਹੀਂ ਮੰਨਦੀ। ਮੈਂ ਬਹੁਤ ਦੁਖੀ ਹਾਂ। ਕੋਈ ਹੱਲ ਕੱਢੋ।"

"ਤੁਸੀਂ ਮੈਨੂੰ ਬਾਅਦ ਵਿਚ ਮਿਲਣਾ। ਆਪਾਂ ਪਹਿਲਾਂ ਤੁਹਾਡੀ ਧੀ ਨਾਲ ਗੱਲ ਕਰਾਂਗੇ।" ਸੰਤ ਨੇ ਬੀਬੀ ਨੂੰ ਉਡੀਕ ਕਰਨ ਲਈ ਕਿਹਾ।

ਫਿਰ ਵਾਰੀ ਇਕ ਜੋੜੇ, ਯਾਨਿ ਪਤੀ-ਪਤਨੀ ਦੀ ਆ ਗਈ। ਦੋਹਾਂ ਦੇ ਹੱਥ ਇੰਜ ਜੁੜੇ ਹੋਏ ਸਨ ਜਿਵੇਂ ਉਹ ਕਿਸੇ ਕਸੂਰ ਦੀ ਮੁਆਫੀ ਮੰਗ ਰਹੇ ਹੋਣ, "ਮਹਾਂ ਪੁਰਸ਼ੋ! ਸਾਡਾ ਪੁੱਤ ਤੇ ਧੀ ਕਹਿਣੇ ਤੋਂ ਬਾਹਰ ਹਨ। ਅਸੀਂ ਸਖਤ ਮਿਹਨਤਾਂ ਕਰ ਕੇ ਘਰ ਅਤੇ ਸਟੋਰ ਬਣਾਇਆ ਸੀ। ਸਾਨੂੰ ਨਹੀਂ ਯਕੀਨ ਕਿ ਅਸੀਂ ਅਗਾਂਹ ਇਹ ਸਭ ਕੁਝ ਬਚਾ ਸਕਦੇ ਹਾਂ!" ਦੋਵੇਂ ਇਕੱਠੇ ਹੀ ਬੋਲੇ।

ਸੰਤ ਨੇ ਅੱਖਾਂ ਮੀਚੀਆਂ ਤੇ ਮਾਲਾਂ ਦੇ ਮਣਕੇ ਘੁਮਾਈ ਗਿਆ। ਫੋਨ ਦੀ ਘੰਟੀ ਨੇ ਉਸ ਦੀ ਲੜੀ ਤੋੜ ਦਿੱਤੀ ਤੇ ਉਹ ਫੋਨ ਸੁਣਨ ਲੱਗ ਗਿਆ। ਪਹਿਲਾਂ 'ਹੂੰ' 'ਹਾਂ' ਹੀ ਸੁਣੀ ਗਈ। ਅਖੀਰ ਵਿਚ ਸੰਤ ਨੇ ਕਿਹਾ, "ਗਿਆਰਾਂ ਸੌ ਡਾਲਰ ਲੱਗੇਗਾ। ਚੰਗਾ ਤੁਸੀਂ ਆ ਜਾਇਓ।" ਕਹਿ ਕੇ ਸੰਤ ਨੇ ਲਾਲ ਬਟਨ ਨੱਪ ਦਿੱਤਾ।

"ਭਾਈ ਸਿੰਘਾ! ਤੁਸੀਂ ਮਾਇਆ ਇਕੱਠੀ ਕਰ ਕੇ ਕਿੱਥੇ ਲਿਜਾਣੀ ਹੈ ਜਦੋਂ ਤੁਹਾਡੀ ਔਲਾਦ ਹੀ ਕਹਿਣੇ ਵਿਚ ਨਹੀਂ ਹੈ। ਪੁੰਨ ਦਾਨ ਕਰਿਆ ਕਰੋ।" ਸੰਤ ਨੇ ਪਤੀ-ਪਤਨੀ ਨੂੰ ਕਿਹਾ।

"ਮਹਾਂ ਪੁਰਸ਼ੋ ਦਾਨ ਪੁੰਨ ਤਾਂ ਬਹੁਤ ਕਰਦੇ ਹਾਂ ਪਰ ਦਾਨ ਪੁੰਨ ਫਲਦਾ ਨਹੀਂ।" ਪਤੀ ਬੋਲਿਆ।

"ਪੰਜਾਬ ਕਿੰਨੀਆਂ ਗਰੀਬ ਕੁੜੀਆਂ ਦੇ ਵਿਆਹ ਕਰਨ ਵਾਲੇ ਹਨ। ਗੁਰਦੁਆਰੇ ਲੰਗਰ ਹਾਲ ਦਾ ਲੈਂਟਰ ਪੈਣ ਵਾਲਾ ਹੈ। ਨਵਾਂ ਜੋੜਾ ਘਰ ਬਣਾਉਣਾ ਹੈ। ਦਾਨ ਕਰਨ ਵਾਲੀਆਂ ਬਹੁਤ ਥਾਂਵਾਂ ਹਨ। ਤੁਸੀਂ ਆਪਣੀ ਸ਼ਰਧਾ ਮੁਤਾਬਕ 'ਬੀਬੀ ਰਾਣੀ' ਨੂੰ ਦਾਨ ਦੀ ਰਾਸ਼ੀ ਅਤੇ ਨਾਂ ਲਿਖਵਾ ਦਿਓ। ਅਸੀਂ ਅਰਦਾਸ ਕਰਾਂਗੇ।" ਇਹ ਕਹਿੰਦਾ ਸੰਤ ਅੱਖਾਂ ਮੀਚ ਕੇ ਕੁਝ ਪੜ੍ਹਨ ਲੱਗ ਪਿਆ।

ਪਤੀ-ਪਤਨੀ ਨੇ 'ਬਾਬਾ ਰਾਣੀ' ਨੂੰ ਪੰਜ ਸੌ ਡਾਲਰ ਦੇ ਕੇ ਨਾਂ ਲਿਖਵਾ ਦਿੱਤਾ। ਮੇਰਾ ਦਿਮਾਗ ਸੰਤ ਵੱਲੋਂ ਇਕੱਠੀ ਕੀਤੀ ਗਈ ਮਾਇਆ ਦਾ ਜੋੜ ਕਰਦਾ ਗਿਆ।

ਫਿਰ ਇਕ ਮੁਟਿਆਰ ਬੀਬੀ ਵੀਹ ਡਾਲਰ ਦਾ ਸੰਤ ਨੂੰ ਮੱਥਾ ਟੇਕ ਕੇ ਬੋਲੀ, "ਮਹਾਂਪੁਰਸ਼ੋ! ਮੇਰੇ ਵਿਆਹ ਨੂੰ ਪੰਜ ਸਾਲ ਹੋ ਗਏ ਪਰ ਅਜੇ ਤੱਕ ਕੋਈ ਬੇਬੀ ਨਹੀਂ ਹੋਇਆ, ਤੇ ਇਸੇ ਗੱਲੋਂ ਮੈਨੂੰ ਸਹੁਰਾ ਪਰਿਵਾਰ ਬਹੁਤ ਤੰਗ ਕਰਦਾ ਹੈ।" ਇੰਜ ਕਹਿੰਦੀ ਬੀਬੀ ਰੋ ਪਈ। ਸੰਤ ਕੁਝ ਨਾ ਬੋਲਿਆ। ਆਪਣੇ ਖੀਸੇ ਵਿਚੋਂ ਡਾਇਰੀ ਕੱਢ ਕੇ ਕੁਝ ਲਿਖ ਦਿੱਤਾ ਤੇ ਬੀਬੀ ਨੂੰ ਫੜਾ ਦਿੱਤਾ। 'ਬਾਬਾ ਰਾਣੀ' ਨੇ ਇਸ਼ਾਰਾ ਕਰ ਕੇ ਬੀਬੀ ਨੂੰ ਆਪਣੇ ਕੋਲ ਬਿਠਾ ਲਿਆ ਤੇ ਕੰਨ ਵਿਚ ਕੁਝ ਆਖ ਦਿੱਤਾ। ਬੀਬੀ ਦੇ ਕੰਨਾਂ ਨੇ ਮੁੱਖ 'ਤੇ ਹਲਕੀ ਜਿਹੀ ਮੁਸਕਾਨ ਲਿਆ ਦਿੱਤੀ। ਬੀਬੀ ਉਠ ਕੇ ਬਾਹਰ ਚਲੀ ਗਈ ਤੇ ਲਿਫਾਫਾ ਲਿਆ ਕੇ 'ਬਾਬਾ ਰਾਣੀ' ਨੂੰ ਫੜਾ ਦਿੱਤਾ ਤੇ ਲੱਡੂਆਂ ਦਾ ਜੋੜਾ ਲੈ ਕੇ ਹੱਸਦੀ ਹੋਈ ਬਾਹਰ ਚਲੀ ਗਈ।

ਮੈਨੂੰ ਇਸ ਸਭ ਦੀ ਕੋਈ ਸਮਝ ਨਾ ਆਈ ਪਰ ਐਨਾ ਕੁ ਯਕੀਨ ਹੋ ਗਿਆ ਕਿ ਚਰਚਾ ਦੀ ਵਟਾਈ ਵਿਚ ਮਾਇਆ ਨਾਲ ਸੰਤ ਨੇ ਹੱਥ ਰੰਗ ਲਏ ਹੋਣੇ ਹਨ ਤੇ ਬੀਬੀ ਨੂੰ ਸੰਤ ਦੀ ਲਿਖੀ ਹੋਈ ਗੱਲ 'ਤੇ ਭਰੋਸਾ ਹੋ ਗਿਆ ਹੋਣਾ ਹੈ।

ਇਸੇ ਤਰ੍ਹਾਂ ਲੋਕ ਪੁੱਛ ਦੱਸ ਕੇ ਜਾ ਚੁੱਕੇ ਸਨ। ਮੈਂ ਇਕੱਲਾ ਹੀ ਬੈਠਾ ਸੀ। ਮੇਰੇ ਕੋਲ ਮਾਤਾ ਜੀ ਆ ਕੇ ਬੈਠ ਗਏ ਤੇ ਬੋਲੇ, "ਮਹਾਂ ਪੁਰਸ਼ੋ! ਇਹ ਮੇਰੇ ਪੁੱਤਰਾਂ ਵਰਗਾ ਹੈ। ਬਹੁਤ ਸਾਲ ਹੋ ਗਏ ਪੱਕਾ ਨਹੀਂ ਹੋਇਆ। ਤੁਸੀਂ ਇਸ 'ਤੇ ਕ੍ਰਿਪਾ ਕਰੋ।"

"ਲੇਖਕ ਜੀ! ਪੇਪਰ ਹੀ ਕਾਲੇ ਕਰਦੇ ਹੋ ਕਿ ਕੁਝ ਦਾਨ ਪੁੰਨ ਵੀ ਕਰਦੇ ਹੋ? ਬਾਣੀ ਵੀ ਪੜ੍ਹਦੇ ਹੋ ਕਿ ਬੱਸ ਅਖ਼ਬਾਰ ਹੀ ਪੜ੍ਹੀ ਜਾਂਦੇ ਹੋ।" ਸੰਤ ਨੂੰ ਸ਼ਾਇਦ ਮਾਤਾ ਨੇ ਪਹਿਲਾਂ ਹੀ ਦੱਸ ਦਿੱਤਾ ਹੋਵੇਗਾ ਕਿ ਮੈਂ ਅਖ਼ਬਾਰ ਵਿਚ ਲਿਖਦਾ ਵੀ ਹਾਂ।

"ਬਾਬਾ ਜੀ! ਮੈਂ ਸਭ ਕੁਝ ਕਰਦਾ ਹਾਂ ਜੋ ਕੁਝ ਤੁਸੀਂ ਪਹਿਲੇ ਸ਼ਰਧਾਲੂਆਂ ਨੂੰ ਪੁੱਛਿਆ ਹੈ।" ਮੈਂ ਬੇਝਿਜਕ ਹੋ ਕੇ ਕਿਹਾ।

"ਫਿਰ ਤੁਹਾਨੂੰ ਗਰੀਬਾਂ ਲਈ ਵਸਤਰ ਦੇਣੇ ਚਾਹੀਦੇ ਹਨ।" ਸੰਤ ਨੇ ਮੈਨੂੰ ਕੁੰਡੀ ਪਾਉਣ ਦੇ ਇਰਾਦੇ ਨਾਲ ਕਿਹਾ।

"ਮੈਨੂੰ ਦੱਸੋ ਕਿੱਥੇ ਵਸਤਰ ਦੇਣੇ ਹਨ। ਮੈਂ ਘਰਦਿਆਂ ਨੂੰ ਆਖ ਕੇ ਉਥੇ ਵਸਤਰ ਪਹੁੰਚਾ ਦੇਵਾਂਗਾ।" ਮੈਂ ਸੰਤ ਨੂੰ ਕੈਂਚੀ ਮਾਰਨ ਨਹੀਂ ਦੇਣਾ ਚਾਹੁੰਦਾ ਸੀ। ਸੰਤ ਨੇ ਮੈਨੂੰ ਹਰ ਪਾਸਿਉਂ ਘੇਰਾ ਪਾ ਕੇ ਦੇਖ ਲਿਆ ਪਰ ਮੈਂ ਚਲਾਕ ਰੇਡਰ ਵਾਂਗ ਪਖੰਡ ਕੈਂਚੀ ਤੋਂ ਬਚਦਾ ਨੰਬਰ ਆਪਣੇ ਨਾਂ ਲਿਖਵਾ ਲਿਆ। ਮਾਤਾ ਨੇ ਨਾਰਾਜ਼ਗੀ ਵੀ ਪ੍ਰਗਟਾਈ ਪਰ ਮੈਂ ਇਹੋ ਜਿਹੇ ਸੰਤ ਬਹੁਤ ਦੇਖ ਚੁੱਕਾ ਸਾਂ ਜਿਨ੍ਹਾਂ ਦਾ ਮਕਸਦ ਭੋਲੀ ਭਾਲੀ ਸੰਗਤ ਨਹੀਂ, ਸਗੋਂ ਪੜ੍ਹੀ ਲਿਖੀ ਸੰਗਤ ਨੂੰ ਆਪਣੇ ਵਸ ਕਰਨ ਦਾ ਤਜਰਬਾ ਹੈ। ਸੰਤ ਨੇ ਮਾਇਆ ਨਾਲ ਭਰਿਆ ਹਜ਼ੂਰੀਆ 'ਬਾਬਾ ਰਾਣੀ' ਨੂੰ ਫੜਾ ਦਿੱਤਾ ਤੇ ਆਪ ਪੌੜੀਆਂ ਚੜ੍ਹ ਕੇ ਉਪਰ ਵਾਲੇ ਕਮਰੇ ਵਿਚ ਚਲਿਆ ਗਿਆ ਤੇ ਮਗਰੇ ਹੀ 'ਬਾਬਾ ਰਾਣੀ' ਚਲੀ ਗਈ। ਮੈਂ ਮਾਤਾ ਨੂੰ ਪੁੱਛਿਆ, "ਆਹ 'ਬਾਬਾ ਰਾਣੀ' ਕੌਣ ਹੈ?"

"ਇਹ ਸੰਤਾਂ ਦੀ ਧਰਮ ਪਤਨੀ ਹੈ ਤੇ ਸੰਗਤ ਨੇ ਇਸ ਨੂੰ 'ਬਾਬਾ ਰਾਣੀ' ਦੇ ਨਾਂ ਨਾਲ ਨਿਵਾਜਿਆ ਹੈ।"

ਮੈਂ ਚਾਹ-ਪਾਣੀ ਛਕ ਕੇ ਤੁਰਨ ਲੱਗਾ ਤਾਂ ਮਾਤਾ ਨੇ ਛੇ ਸੌ ਡਾਲਰ ਮੈਨੂੰ ਫੜਾਉਂਦਿਆਂ ਕਿਹਾ, "ਪੁੱਤ, ਉਹ ਫੋਨ ਮੈਨੂੰ ਲਿਆ ਕੇ ਦੇ ਜਾਈਂ ਪਰ ਕਿਸੇ ਹੋਰ ਨੂੰ ਨਾ ਦੱਸੀਂ, ਮੈਂ ਸੰਤਾਂ ਨੂੰ ਭੇਟ ਕਰਨਾ ਹੈ।" ਡਾਲਰ ਫੜਦਿਆਂ ਮੈਂ ਥੋੜ੍ਹਾ ਜਿਹਾ ਹੱਸਿਆ ਤੇ ਸੋਚਿਆ, ਬਈ ਤੂੰ ਵੀ ਜਾਣੀਂ ਜਾਣ ਹੈਂ। ਮਾਤਾ ਦੇ ਦਿਲ ਦੀ ਸ਼ਰਧਾ ਪਹਿਲਾਂ ਹੀ ਸਮਝ ਗਿਆ ਸੀ। ਮੈਂ ਫੋਨ ਖਰੀਦ ਕੇ ਮਾਤਾ ਜੀ ਨੂੰ ਦੇ ਆਇਆ। ਸੰਤ ਚਾਰ ਦਿਨ ਰਹਿ ਕੇ ਘੱਟੋ ਘੱਟ ਵੀਹ ਹਜ਼ਾਰ ਡਾਲਰ ਬਣਾ ਕੇ ਅਗਾਂਹ ਤੁਰ ਗਿਆ। ਪਿਛਲੇ ਸ਼ਰਧਾਲੂਆਂ ਨੂੰ ਕਹਿ ਗਿਆ, 'ਦਾਨ ਜ਼ਰੂਰੀ ਹੈ। ਦਾਨ ਕਰਿਆ ਕਰੋ', ਪਰ ਮੈਂ ਮਾਤਾ ਜੀ ਨੂੰ ਕਿਹਾ, "ਮਾਤਾ ਜੀ, ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗੀਏ। ਬਾਣੀ ਪੜ੍ਹੀਏ। ਸਾਰੇ ਕਾਰਜ ਵਾਹਿਗੁਰੂ ਆਪ ਕਰਨ ਵਾਲਾ ਹੈ। ਜੇ ਉਸ ਦੇ ਕਾਰਜਾਂ ਵਿਚ ਦੇਰੀ ਹੈ ਤਾਂ ਇਸ ਵਿਚ ਸਾਡਾ ਹੀ ਭਲਾ ਹੈ। ਅਸੀਂ ਆਪਣਾ ਭਲਾ ਪਖੰਡੀਆਂ ਤੋਂ ਨਹੀਂ ਕਰਵਾਉਣਾ, ਸਗੋਂ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਸਰਬੱਤ ਦਾ ਭਲਾ ਮੰਗਣਾ ਹੈ। ਮਾਤਾ ਜੀ! ਮੇਰੀ ਬੀਬੀ ਨੇ ਤਾਂ ਮੁੜ ਕੇ ਜੋਤ ਨਹੀਂ ਲਾਈ ਪਰ ਤੁਹਾਡਾ ਮੈਨੂੰ ਪਤਾ ਨਹੀਂ ਕਿ ਤੁਸੀਂ ਦੁਬਾਰਾ ਸੰਤ ਦੀ ਚੌਂਕੀ ਲਾਵੋਗੇ ਜਾਂ ਨਹੀਂ।" ਕਹਿ ਕੇ ਮੈਂ ਆ ਗਿਆ।

# ਤ੍ਰਾਤਸਕੀ ਅਤੇ ਉਹਦਾ ਤ੍ਰਾਤਸਕੀਵਾਦ

ਹਮਲੇ ਦਾ ਖਤਰਾ ਨਾ ਰਹੇ; ਭਾਵ ਬਹੁਤ ਸਾਰੇ ਦੇਸ਼ਾਂ ਵਿਚ ਇਨਕਲਾਬ ਹੋ ਚੁੱਕਿਆ ਹੋਵੇ। ਇੱਥੇ ਜ਼ਰੂਰ ਸਤਾਲਿਨ ਦੀ ਬਾਹਰੀ ਹਮਲੇ ਦੇ ਪੱਖ 'ਤੇ ਜ਼ਿਆਦਾ ਜ਼ੋਰ ਦੇਣਾ ਗਲਤੀ ਦਿਖਦੀ ਹੈ ਕਿਉਂਕਿ ਸਰਮਾਏਦਾਰੀ ਦੀ ਬਹਾਲੀ ਦਾ ਖਤਰਾ ਸਿਰਫ਼ ਬਾਹਰੋਂ ਹਮਲੇ ਕਰ ਕੇ ਹੀ ਨਹੀਂ, ਸਮਾਜਵਾਦੀ ਦੇਸ਼ ਅੰਦਰ ਚੱਲ ਰਹੇ ਜਮਾਤੀ ਸੰਘਰਸ਼ ਵਿਚ ਸਰਮਾਏਦਾਰੀ ਮਾਰਗੀਆਂ ਵੱਲੋਂ ਸੱਤਾ 'ਤੇ ਕਬਜ਼ਾ ਕਰਨ ਨਾਲ ਵੀ ਹੋ ਸਕਦੀ ਹੈ। ਅਜਿਹਾ ਸੋਵੀਅਤ ਸੰਘ ਤੇ ਚੀਨ ਵਿਚ ਹੋਇਆ ਵੀ।

ਜਦੋਂ ਤ੍ਰਾਤਸਕੀ ਜੁਲਾਈ, 1917 ਵਿਚ ਬਾਲਸ਼ਵਿਕ ਪਾਰਟੀ ਵਿਚ ਸ਼ਾਮਿਲ ਹੋ ਗਿਆ ਤਾਂ ਲੋਕਾਂ ਨੇ ਸੋਚਿਆ ਕਿ ਉਸ ਨੇ ਆਪਣੇ 'ਸਥਾਈ ਇਨਕਲਾਬ' ਦੇ ਸਿਧਾਂਤ ਨੂੰ ਅਲਵਿਦਾ ਆਖ ਦਿੱਤੀ ਹੈ, ਪਰ ਅਜਿਹਾ ਨਹੀਂ ਸੀ। ਜਦੋਂ ਇਹ ਬਹਿਸ ਛਿੜੀ ਤਾਂ ਉਹ ਆਪਣੇ ਸਿਧਾਂਤ ਦੀ ਰਾਖੀ ਲਈ ਅਖਾੜੇ ਵਿਚ ਕੁੱਦ ਪਿਆ। ਪਹਿਲਾਂ ਉਸ ਨੇ ਕਿਹਾ ਸੀ ਕਿ ਯੂਰਪੀ ਦੇਸ਼ਾਂ ਵਿਚ ਇਨਕਲਾਬ ਤੋਂ ਬਿਨਾਂ ਅਤੇ ਉਥੋਂ ਦੇ ਜੇਤੂ ਪ੍ਰੋਲੇਤਾਰੀ ਦੀ ਮਦਦ ਤੋਂ ਬਿਨਾਂ ਰੂਸ ਵਿਚ ਮਜ਼ਦੂਰ ਜਮਾਤੀ ਸੱਤਾ ਟਿਕੀ ਨਹੀਂ ਰਹਿ ਸਕਦੀ। ਉਸ ਦੇ ਇਸ ਦਾਅਵੇ ਨੂੰ ਇਤਿਹਾਸ ਨੇ ਟਿਕਾਣੇ ਲਾ ਦਿੱਤਾ ਸੀ। ਹੁਣ ਉਸ ਨੇ ਆਪਣੇ ਇਸੇ ਸਿਧਾਂਤ ਨੂੰ ਨਵੇਂ ਕੱਪੜੇ ਪਵਾ ਕੇ ਇਹ ਕਿਹਾ ਕਿ ਸੰਸਾਰ ਇਨਕਲਾਬ ਤੋਂ ਬਿਨਾਂ ਕਿਸੇ ਇਕ ਦੇਸ਼ ਵਿਚ ਸਮਾਜਵਾਦ ਦੀ ਉਸਾਰੀ ਸੰਭਵ ਨਹੀਂ। ਉਸ ਅਨੁਸਾਰ ਕਿਸੇ ਪਛੜੇ ਦੇਸ਼ ਵਿਚ ਮਜ਼ਦੂਰ ਜਮਾਤੀ ਸੱਤਾ ਅਤੇ ਕਿਸਾਨੀ ਬਹੁਗਿਣਤੀ ਵਿਚ ਪੈਦਾ ਹੋਏ ਵਿਰੋਧ ਨੂੰ ਕੌਮਾਂਤਰੀ ਪੱਧਰ 'ਤੇ ਹੀ ਨਜਿੱਠਿਆ ਜਾ ਸਕਦਾ ਹੈ, ਸੰਸਾਰ ਇਨਕਲਾਬ ਦੇ ਅਖਾੜੇ ਵਿਚ। ਰੂਸ ਵਿਚ ਵੀ ਅਰਥਚਾਰਾ ਸਹੀ ਰੂਪ ਵਿਚ ਸਮਾਜਵਾਦੀ ਲੀਹ 'ਤੇ ਤਾਂ ਹੀ ਅੱਗੇ ਵਧ ਸਕੇਗਾ, ਜੇ ਯੂਰਪ ਦੇ ਅਹਿਮ ਮੁਲਕਾਂ ਵਿਚ ਮਜ਼ਦੂਰ ਜਮਾਤ ਦੀ ਸੱਤਾ ਸਥਾਪਤ ਹੁੰਦੀ ਹੈ? ਇਸ ਦਾ ਸਤਾਲਿਨ ਨੇ ਜਵਾਬ ਦਿੱਤਾ, "ਇਸ ਦਲੀਲ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਸਾਡੇ ਲਈ ਕੋਈ ਰਾਹ ਨਹੀਂ, ਸਿਵਾਏ ਆਪਸੀ ਵਿਰੋਧਾਂ ਵਿਚ ਫਸ ਕੇ ਛਟਪਟਾਉਣ ਦੇ ਅਤੇ ਸੰਸਾਰ ਇਨਕਲਾਬ ਦੀ ਉਡੀਕ ਕਰਦੇ ਹੋਏ ਮਰ-ਖਪ ਜਾਣ ਦੇ।" ਸਮਾਜਵਾਦੀ ਉਸਾਰੀ ਸ਼ੁਰੂ ਹੋ ਜਾਣ ਤੋਂ ਬਾਅਦ ਵੀ ਤ੍ਰਾਤਸਕੀ ਸਨਅਤੀਕਰਨ ਨੂੰ ਤਦ ਤੱਕ ਦੇ ਹੰਗਾਮੀ ਉਪਾਅ ਹੀ ਕਹਿੰਦਾ ਰਿਹਾ (ਉਹ ਵੀ ਮਜਬੂਰੀਵੱਸ), ਜਦੋਂ ਤੱਕ ਸੰਸਾਰ ਇਨਕਲਾਬ ਰੂਸੀ ਇਨਕਲਾਬ ਨੂੰ ਆ ਕੇ ਬਚਾ ਨਹੀਂ ਲੈਂਦਾ।

ਉਂਜ, ਤ੍ਰਾਤਸਕੀ ਦਾ ਖਹਿੜਾ ਇੱਥੇ ਹੀ ਨਹੀਂ ਛੁੱਟਿਆ। 1932-33 ਤੱਕ ਸੋਵੀਅਤ ਸੰਘ ਵਿਚ ਸਮਾਜਵਾਦੀ ਪੈਦਾਵਾਰੀ ਰਿਸ਼ਤਿਆਂ ਦੀ ਉਸਾਰੀ ਦਾ ਕੰਮ ਲੱਗਭੱਗ ਪੂਰਾ ਹੋ ਗਿਆ ਸੀ। ਤ੍ਰਾਤਸਕੀ ਨੂੰ ਇਕ ਵਾਰ ਫਿਰ ਆਪਣੇ ਸੰਸਾਰ ਇਨਕਲਾਬ ਦੇ ਸਿਧਾਂਤ 'ਤੇ ਗੌਰ ਕਰਨ ਦੀ ਲੋੜ ਪਈ ਕਿਉਂਕਿ ਹੁਣ ਬਿਨਾਂ ਸੰਸਾਰ ਇਨਕਲਾਬ ਦੇ ਇਕ ਦੇਸ਼ ਵਿਚ ਸਮਾਜਵਾਦੀ ਉਸਾਰੀ ਦਾ ਕੰਮ ਵੀ ਨੇਪਰੇ ਚੜ੍ਹ ਚੱਲਿਆ ਸੀ। ਹੁਣ ਉਹਦੇ ਸਾਹਮਣੇ ਇਕ ਹੀ ਤਰੀਕਾ ਬਚਿਆ ਸੀ, ਉਹ ਸੀ ਸਮਾਜਵਾਦ ਦੀ ਪਰਿਭਾਸ਼ਾ ਨੂੰ ਬਦਲ ਦੇਣਾ ਤੇ ਇਹੀ ਉਸ ਨੇ ਕੀਤਾ। ਉਸ ਨੇ ਪੈਦਾਵਾਰੀ ਰਿਸ਼ਤਿਆਂ ਦੀ ਥਾਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਆਪਣੀ ਪਰਿਭਾਸ਼ਾ ਦਾ ਆਧਾਰ ਬਣਾਇਆ ਅਤੇ ਇਹ ਸਿਧਾਂਤ ਘੜ ਦਿੱਤਾ ਕਿ ਕਿਸੇ ਦੇਸ਼ ਦੇ ਸਮਾਜ ਨੂੰ ਉਦੋਂ ਹੀ ਸਮਾਜਵਾਦੀ ਕਿਹਾ ਜਾ ਸਕਦਾ ਹੈ ਜਦੋਂ ਉਸ ਵਿਚ ਤਕਨੀਕੀ ਵਿਕਾਸ, ਸਭਿਆਚਾਰ ਤੇ ਜੀਵਨ ਦਾ ਪੱਧਰ ਸਭ ਤੋਂ ਵਿਕਸਤ ਸਰਮਾਏਦਾਰ ਦੇਸ਼ ਨਾਲੋਂ ਅੱਗੇ ਲੰਘ ਜਾਵੇ। ਆਪਣੀ ਇਸ ਨਵੀਂ ਪਰਿਭਾਸ਼ਾ ਦੇ ਆਧਾਰ 'ਤੇ ਤ੍ਰਾਤਸਕੀ ਸੋਵੀਅਤ ਸੰਘ ਨੂੰ ਸਮਾਜਵਾਦੀ ਦੇਸ਼ ਮੰਨਣ ਤੋਂ ਇਨਕਾਰੀ ਹੋ ਗਿਆ ਅਤੇ ਸੋਵੀਅਤ ਸੰਘ ਨੂੰ ਸਰਮਾਏਦਾਰੀ ਤੇ ਸਮਾਜਵਾਦ ਵਿਚਾਲੇ ਕਿਸੇ ਥਾਂ ਲਟਕਦਾ ਦੇਸ਼ ਦੱਸਣ ਲੱਗ। ਇਹ ਹੈ ਤ੍ਰਾਤਸਕੀ ਦਾ ਮਾਰਕਸਵਾਦ ਨੂੰ 'ਉਨਤ' ਧਰਾਤਲ ਦਾ ਪਹੁੰਚਾਉਣਾ! ਇਹ ਤਰਕ ਖਰੁਸ਼ਚੇਵ ਦੇ ਤਰਕਾਂ ਨਾਲ ਵੀ ਮੇਲ ਖਾਂਦਾ ਹੈ ਜਿਸ ਦਾ ਕਹਿਣਾ ਸੀ ਕਿ ਜਦੋਂ ਲੋਕੀਂ ਸਮਾਜਵਾਦ ਵਿਚ ਪ੍ਰਤੀ ਵਿਅਕਤੀ ਖਪਤ ਨੂੰ ਸਰਮਾਏਦਾਰੀ ਦੇਸ਼ਾਂ ਤੋਂ ਵੱਧ ਦੇਖਣਗੇ ਤਾਂ ਸਮਾਜਵਾਦ ਲਈ 'ਵੋਟ' ਪਾਉਣਗੇ।

ਬਾਅਦ ਦੇ ਤ੍ਰਾਤਸਕੀਪੰਥੀਆਂ ਨੇ ਇਸੇ ਗੱਲ ਨੂੰ ਹੋਰ ਤਰੀਕੇ ਨਾਲ ਕਹਿਣ ਦੀ ਕੋਸ਼ਿਸ਼ ਕੀਤੀ। ਅਰਨੈਸਟ ਮੈਂਡਲ ਨੇ ਪ੍ਰਚਾਰਿਆ, "ਤ੍ਰਾਤਸਕੀ ਨੇ ਤਾਂ ਇੰਨਾ ਹੀ ਕਿਹਾ ਸੀ ਕਿ ਪੂਰੀ ਤਰ੍ਹਾਂ ਵਿਕਸਤ ਸਮਾਜਵਾਦੀ ਸਮਾਜ, ਭਾਵ ਇਕ ਸਮਾਜ ਜਿਸ ਵਿਚ ਜਮਾਤਾਂ, ਜਿਣਸਾਂ, ਮੁਦਰਾ ਤੇ ਰਾਜਸੱਤਾ ਦੀ ਹੋਂਦ ਨਹੀਂ ਰਹੇਗੀ, ਇਕ ਰਾਜ ਦੀਆਂ ਹੱਦਾਂ ਅੰਦਰ ਸਥਾਪਤ ਕਰਨਾ ਸੰਭਵ ਨਹੀਂ ਹੈ।" ਮੈਂਡਲ ਬੜੀ ਚਲਾਕੀ ਨਾਲ ਕਮਿਊਨਿਜ਼ਮ ਦੀ ਪਰਿਭਾਸ਼ਾ ਨੂੰ ਸਮਾਜਵਾਦ ਦੀ ਪਰਿਭਾਸ਼ਾ ਦੀ ਥਾਂ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਉਹ ਵੀ 1968 ਵਿਚ ਆ ਕੇ, ਜਦੋਂ ਸਮਾਜਵਾਦ ਦੀ ਪਰਿਭਾਸ਼ਾ ਚੋਖੀ ਤਰ੍ਹਾਂ ਸਪਸ਼ਟ ਹੋ ਚੁੱਕੀ ਸੀ।

ਤ੍ਰਾਤਸਕੀ ਖੁਦ ਅਤੇ ਉਸ ਦੇ ਪੈਰੋਕਾਰ ਇਹ ਪ੍ਰਚਾਰਦੇ ਰਹੇ ਹਨ ਕਿ ਇਕ ਦੇਸ਼ ਵਿਚ ਸਰਮਾਏਦਾਰੀ ਉਸਾਰੀ ਸੰਭਵ ਮੰਨਣ ਪਿੱਛੇ ਅਸਲ ਵਿਚ ਕੌਮੀ ਤੰਗਦਿਲੀ ਅਤੇ ਦੂਜੇ ਦੇਸ਼ਾਂ ਦੇ ਇਨਕਲਾਬੀ ਪ੍ਰੋਲੇਤਾਰੀ ਦੀ ਮਦਦ ਕਰਨ ਤੋਂ ਭੱਜਣ ਦਾ ਬਹਾਨਾ ਹੈ, ਪਰ ਇਸ ਮਾਮਲੇ ਵਿਚ ਵੀ ਸਤਾਲਿਨ, ਤ੍ਰਾਤਸਕੀ ਦੀਆਂ ਖਿਆਲੀ ਉਡਾਰੀਆਂ ਦੇ ਮੁਕਾਬਲੇ ਕਿਤੇ ਵੱਧ ਵਿਹਾਰਕ ਹੈ ਜਦੋਂ ਉਹ ਕਹਿੰਦਾ ਹੈ, "ਇਹ ਸੱਚ ਹੈ ਕਿ ਸਮਾਜਵਾਦ ਦੀ ਅੰਤਿਮ ਜਿੱਤ ਕਈ ਦੇਸ਼ਾਂ ਵਿਚ ਪ੍ਰੋਲੇਤਾਰੀ ਦੀ ਜਿੱਤ ਹੋਣ 'ਤੇ ਹੀ ਸੰਭਵ ਹੈ, ਪਰ ਇਹ ਵੀ ਸੱਚ ਹੈ ਕਿ ਸੰਸਾਰ ਇਨਕਲਾਬ ਦਾ ਵਿਕਾਸ ਵੱਧ ਤੇਜ਼ ਤੇ ਡੂੰਘਾ ਹੋਵੇਗਾ, ਜੇ ਉਹਦੀ ਮਦਦ ਲਈ ਪਹਿਲੇ ਤੋਂ ਹੀ ਇਕ ਸਮਾਜਵਾਦੀ ਦੇਸ਼ ਮੌਜੂਦ ਹੋਵੇਗਾ?" ਲੈਨਿਨ ਨੇ ਵੀ ਇਹੀ ਕਿਹਾ ਸੀ ਕਿ "ਪਹਿਲਾ ਸਮਾਜਵਾਦੀ ਦੇਸ਼ ਦੂਜੇ ਮੁਲਕਾਂ ਨੂੰ ਜਾਬਰਾਂ ਖਿਲਾਫ਼ ਫੌਜੀ ਮਦਦ ਤੱਕ ਦੇਵੇਗਾ।" ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ, ਜੇ ਉਸ ਦੇਸ਼ ਸਮਾਜਵਾਦ ਦੀ ਉਸਾਰੀ ਕੀਤੀ ਜਾਵੇਗੀ ਜਿਸ ਤੋਂ ਤ੍ਰਾਤਸਕੀ ਮੁਨਕਰ ਰਿਹਾ। ਇਤਿਹਾਸ ਨੇ ਇਕ ਵਾਰ ਫਿਰ ਇਸ ਨੁਕਤੇ 'ਤੇ ਤ੍ਰਾਤਸਕੀ ਦਾ ਕੋਈ ਲਿਹਾਜ਼ ਨਾ ਕੀਤਾ।

(ਚਲਦਾ)







ਫਿਲਮ ਦਾ ਪੋਸਟਰ

ਮਾਰਸੇਲਾ ਸੈਦ

## ਗਲਬੇ ਦੀ ਬੇਕਿਰਕ ਹਿੰਸਾ

# ਦਿ ਸਮਰ ਔਫ ਫਲਾਇੰਗ ਫਿਸ਼

ਤੀਜੀ ਦੁਨੀਆਂ ਦੇ ਮੁਲਕਾਂ ਵਿਚ ਜ਼ਮੀਨਾਂ ਹੜੱਪਣ ਦਾ ਧੰਦਾ ਜ਼ੋਰਾਂ 'ਤੇ ਹੈ। ਇਸ 'ਖੇਡ' ਵਿਚ ਦੇਸ਼ੀ-ਵਿਦੇਸ਼ੀ ਲੁਟੇਰਿਆਂ ਦੀ ਬਰਾਬਰ ਹਿੱਸੇਦਾਰੀ ਹੈ। ਲੁਟੇਰਿਆਂ ਦੀ ਜਮਾਤ ਵਿਚ ਦਿਉਕੱਦ ਬਹੁਕੌਮੀ ਕੰਪਨੀਆਂ ਤੋਂ ਲੈ ਕੇ ਮੁਕਾਮੀ ਅਸਰ-ਰਸੂਖ਼ ਰੱਖਣ ਵਾਲੇ ਲੋਕ ਸ਼ਾਮਲ ਹਨ। ਮੁਕਾਮੀ ਸਰਕਾਰਾਂ ਦਲਾਲਾਂ ਦੀ ਭੂਮਿਕਾ ਨਿਭਾਅ ਰਹੀਆਂ ਹਨ। ਪੁਲਿਸ, ਪ੍ਰਸ਼ਾਸਨ ਅਤੇ ਅਦਾਲਤਾਂ ਉਪਰਲਿਆਂ ਦੀ ਸਰਦਾਰੀ ਲਈ ਫਿਕਰਮੰਦ ਹਨ। ਜ਼ਮੀਨਾਂ 'ਤੇ ਬੋਲਿਆ ਹੱਲਾ ਕਰੋੜਾਂ ਲੋਕਾਂ ਨੂੰ ਨਿਤ-ਡੰਗ ਦੀ ਰੋਟੀ ਤੋਂ ਵਿਰਵਾ ਕਰ ਰਿਹਾ ਹੈ। ਭੋਂਇ-ਹਾਸਲ ਕਾਨੂੰਨਾਂ ਰਾਹੀਂ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਦਾ ਜ਼ਮੀਨ 'ਤੇ ਹੱਕ ਭਰਮ ਤੋਂ ਵਧੇਰੇ ਕੁਝ ਨਹੀਂ ਹੈ। ਸਰਕਾਰ ਜਦੋਂ ਮਰਜ਼ੀ ਜ਼ਮੀਨ ਖੋਹ ਕੇ ਅਸਰ-ਰਸੂਖ਼ ਵਾਲਿਆਂ ਨੂੰ ਦੇ ਸਕਦੀ ਹੈ। ਲੋਕਾਂ ਦੇ ਹੱਕੀ ਸੰਘਰਸ਼ ਨੂੰ 'ਢੁਕਵੇਂ ਮੁਆਵਜ਼ੇ' ਦੀ ਲੜਾਈ ਤੱਕ ਸੁੰਗੇੜ ਦਿੱਤਾ ਗਿਆ ਹੈ। ਸਭ ਤੋਂ ਵੱਡੀ ਲੁੱਟ ਅਫ਼ਰੀਕਾ ਅਤੇ ਏਸ਼ੀਆ ਮਹਾਦੀਪਾਂ ਵਿਚ ਮੱਚੀ ਹੋਈ ਹੈ। ਪਿਛਲੇ ਦਿਨੀਂ ਇਕ ਅਫ਼ਰੀਕੀ ਮੁਲਕ ਦੇ ਲੋਕਾਂ ਨੇ ਭਾਰਤੀ ਅਵਾਮ ਦੇ ਨਾਮ ਚਿੱਠੀ ਲਿਖੀ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤੀ ਅਮੀਰ ਉਨ੍ਹਾਂ ਨੂੰ ਉਜਾੜ ਰਹੇ ਹਨ। ਭਾਰਤੀਆਂ ਨੂੰ ਭੇਜੀ ਚਿੱਠੀ ਰਹਿਮ ਦੀ ਅਪੀਲ ਵਰਗੀ ਸੀ।

ਬਹੁਕੌਮੀ ਕੰਪਨੀਆਂ, ਧਨਾਢਾਂ, ਸਿਆਸਤਦਾਨਾਂ, ਪੁਲਸੀਆਂ ਅਤੇ ਨੌਕਰਸ਼ਾਹਾਂ ਵਲੋਂ ਜ਼ਮੀਨਾਂ ਹੜੱਪਣ ਦੇ ਮਾਮਲੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਰਹਿੰਦੇ ਹਨ। ਕੇਂਦਰੀ ਭਾਰਤ ਦੇ ਜੰਗਲਾਂ 'ਚ ਉਜਾੜੇ ਵਿਰੁੱਧ ਆਦਿਵਾਸੀਆਂ ਦਾ ਸੰਘਰਸ਼ ਜ਼ੋਰਾਂ 'ਤੇ ਹੈ। ਸਰਕਾਰੀ ਕਮਿਸ਼ਨ ਦੀ ਰਪਟ ਮੁਤਾਬਕ ਕੇਂਦਰੀ ਭਾਰਤ ਦੀ ਜ਼ਮੀਨ 'ਤੇ ਬੋਲਿਆ ਗਿਆ ਹੱਲਾ ਕੋਲੰਬਸ ਤੋਂ ਬਾਅਦ ਜ਼ਮੀਨ ਝਪਟਣ ਦਾ ਸਭ ਤੋਂ ਵੱਡਾ ਹੱਲਾ ਹੈ। ਛੱਤੀਸਗੜ੍ਹ ਦੇ ਸਾਢੇ ਤਿੰਨ ਲੱਖ ਕਬਾਇਲੀਆਂ ਨੂੰ ਉਜਾੜ ਦਿੱਤਾ ਗਿਆ ਸੀ। 'ਸਲਵਾ ਜੂਡਮ' ਦੀ ਦਹਿਸ਼ਤੀ ਮੁਹਿੰਮ ਤਹਿਤ ਕਬਾਇਲੀਆਂ ਦੇ ਘਰ ਫੂਕਣ, ਤਸ਼ੱਦਦ, ਕਤਲੇਆਮ ਅਤੇ ਔਰਤਾਂ ਨਾਲ ਬਲਾਤਕਾਰ ਵਰਗੇ ਕਹਿਰ ਵਰਤਾਏ ਗਏ।

ਚਿੱਲੀ ਦੀ ਫ਼ਿਲਮ 'ਦਿ ਸਮਰ ਔਫ ਫਲਾਇੰਗ ਫਿਸ਼' ਅਵਾਮ ਨੂੰ ਜ਼ਮੀਨ ਤੋਂ ਬੇਦਖ਼ਲ ਕਰਨ ਦੀ ਮਾਰਮਿਕ ਕਥਾ ਹੈ। ਵਿੱਤ ਪੱਖੋਂ ਇਹ ਫ਼ਿਲਮ ਚਿੱਲੀ ਅਤੇ ਅਰਜਨਟੀਨਾ ਮੁਲਕਾਂ ਦਾ ਸਾਂਝਾ ਉੱਦਮ ਹੈ। ਇਹ ਫ਼ਿਲਮ ਗੋਆ ਵਿਚ ਹੋਏ ਭਾਰਤ ਦੇ 44ਵੇਂ ਕੌਮਾਂਤਰੀ ਫ਼ਿਲਮ ਮੇਲੇ (2013) ਵਿਚ ਦਿਖਾਈ ਗਈ ਸੀ। ਫ਼ਿਲਮ ਦੀ ਹਦਾਇਤਕਾਰ ਬੀਬੀ ਮਾਰਸੇਲਾ ਸੈਦ ਨੇ ਫ਼ਿਲਮ ਦੇ ਨਿਰਮਾਣ ਬਾਬਤ ਆਪਣੇ ਤਜਰਬੇ ਸਾਂਝੇ ਕੀਤੇ ਹਨ। ਫ਼ਿਲਮ ਬਣਾਉਣ ਦਾ ਵਿਚਾਰ ਉਨ੍ਹਾਂ ਨੂੰ ਦੱਖਣੀ ਚਿੱਲੀ ਦੇ ਮਹਿੰਗੇ ਅਤੇ ਸ਼ਾਨਦਾਰ ਬੰਗਲਿਆਂ ਦੇ ਸਫ਼ੇਦਪੋਸ਼ ਮਾਲਕ ਦੀ ਧੀ ਨਾਲ ਹੋਈ ਮਿਲਣੀ ਤੋਂ ਬਾਅਦ ਆਇਆ। ਕੁੜੀ ਦੇ ਪਿਉ ਦੀ ਜਾਇਦਾਦ ਵਿਚ ਝੀਲ ਵੀ ਸੀ। ਇਕ ਖਾਸ ਕਿਸਮ ਦੀ ਮੱਛੀ ਨੇ ਝੀਲ ਨੂੰ ਆਪਣਾ ਘਰ ਬਣਾਇਆ ਹੋਇਆ ਸੀ। ਕੁੜੀ ਦੇ ਪਿਉ ਨੇ ਮੱਛੀ ਨੂੰ ਭਜਾਉਣ ਲਈ ਹਰ ਹੀਲਾ ਵਰਤਿਆ; ਇਥੋਂ ਤੱਕ ਕਿ ਗੋਲਾ-ਬਾਰੂਦ ਦੀ ਵਰਤੋਂ ਵੀ ਕੀਤੀ। ਹਦਾਇਤਕਾਰ ਨੇ ਇਸ ਵੇਰਵੇ ਨੂੰ ਦੂਜਿਆਂ 'ਤੇ ਗ਼ਲਬਾ ਪਾਉਣ ਦੀ ਮਨੁੱਖੀ ਫਿਤਰਤ ਨਾਲ ਜੋੜ ਕੇ ਦੇਖਿਆ। ਇਹਨੂੰ ਪੈਦਾਵਾਰੀ ਵਸੀਲਿਆਂ 'ਤੇ ਕਬਜ਼ਾ ਕਰਨ ਦੇ ਸਿਧਾਂਤ ਨਾਲ ਵੀ ਜੋੜਿਆ ਜਾ ਸਕਦਾ ਹੈ।

ਉਪਰਲੇ ਖ਼ੁਲਾਸੇ ਨਾਲ ਬੀਬੀ ਮਾਰਸੈਲਾ ਨੂੰ ਫ਼ਿਲਮ ਦੀ ਕਹਾਣੀ ਦਾ ਮੁਢਲਾ ਸਿਰਾ ਮਿਲ ਗਿਆ। ਅਸਰ-ਰਸੂਖ਼ ਰੱਖਣ ਵਾਲੀ ਤਾਕਤਵਰ ਜਮਾਤ ਆਪਣੇ ਹਿੱਤ ਬਚਾਉਣ ਅਤੇ ਗ਼ਲਬਾ ਬਣਾਈ ਰੱਖਣ ਲਈ ਬੇਕਿਰਕ ਹਿੰਸਾ ਦੀ ਵਰਤੋਂ ਕਰਦੀ ਹੈ। ਇਸ ਵਿਚਾਰ ਦੇ ਪ੍ਰਗਟਾਵੇ ਲਈ ਸਹੀ ਬੋਲੀ ਚੁਣਨਾ ਹਦਾਇਤਕਾਰ ਬੀਬੀ ਲਈ ਵੱਡੀ ਵੰਗਾਰ ਸੀ। ਮਾਰਸੈਲਾ ਤਣਾਅ ਅਤੇ ਬੇਰਹਿਮ ਹਿੰਸਾ ਦੇ ਮਾਹੌਲ ਨੂੰ ਹੂ-ਬਹੂ ਫ਼ਿਲਮਾਉਣਾ ਚਾਹੁੰਦੀ ਸੀ ਜਿਹਨੇ ਉਸ ਨੂੰ ਕੁੜੀ ਦੇ ਪਿਉ ਦੀ ਜਾਇਦਾਦ ਵਿਚ ਪਹਿਲਾ ਕਦਮ ਰੱਖਣ ਵੇਲੇ ਤੋਂ ਹੀ ਤੰਗ ਕੀਤਾ ਹੋਇਆ ਸੀ।

ਫ਼ਿਲਮ ਦੀ ਪਿਛੋਕੜ-ਭੂਮੀ ਬਣਿਆ ਚਿੱਲੀ ਦਾ ਪਹਾੜੀ ਅਤੇ ਜੰਗਲੀ ਖਿੱਤਾ, ਆਮ ਕਰ ਕੇ ਸੈਲਾਨੀਆਂ ਦਾ ਸਵਰਗ ਕਿਹਾ ਜਾਂਦਾ ਹੈ। ਫ਼ਿਲਮ ਸਵਰਗ ਦਾ ਕੌੜਾ ਸੱਚ ਪੇਸ਼ ਕਰਦੀ ਹੈ। ਫ਼ਿਲਮ ਦੀ ਕਹਾਣੀ ਮੁਤਾਬਕ ਮਨੈਨਾ ਸਫ਼ੇਦਪੋਸ਼ ਜਗੀਰਦਾਰ ਫ਼ਰਾਂਸਿਕੋ ਦੀ ਧੀ ਹੈ। ਹੈਂਕੜਬਾਜ਼ ਜਗੀਰਦਾਰ ਲਈ ਉਹਦੀ ਧੀ ਅਤੇ ਘਰਵਾਲੀ ਜ਼ਮੀਨ ਵਾਂਗ ਕਬਜ਼ੇ ਵਾਲੀਆਂ ਵਸਤਾਂ ਹਨ। ਫ਼ਰਾਂਸਿਕੋ ਦਾ ਪਰਿਵਾਰ ਮਹਾਂਨਗਰ ਤੋਂ ਪਰਤਿਆ ਹੈ। ਸੰਘਣੇ ਜੰਗਲ ਅਤੇ ਪਹਾੜ ਉਹਦੀ ਜਗੀਰ ਦਾ ਹਿੱਸਾ ਹਨ। ਉਹਦੀ ਜਗੀਰ ਵਿਚ ਖ਼ੂਬਸੂਰਤ ਅਤੇ ਵੱਡੀ ਝੀਲ ਹੈ। ਜਗੀਰਦਾਰ 'ਆਪਣੀ' ਜ਼ਮੀਨ 'ਤੇ ਵੱਡਾ ਫਾਰਮ ਬਣਾਉਣਾ ਚਾਹੁੰਦਾ ਹੈ। ਝੀਲ ਵਿਚ ਰਹਿੰਦੀ ਕਾਰਪ ਮੱਛੀ ਫ਼ਰਾਂਸਿਕੋ ਲਈ ਵੱਡੀ ਸਮੱਸਿਆ ਹੈ। ਉਹ ਇਸ ਮੱਛੀ ਨੂੰ ਝੀਲ ਵਿਚੋਂ ਖਤਮ ਕਰਨਾ ਚਾਹੁੰਦਾ ਹੈ। ਉਹਦੀ ਅਗਲੀ ਸਮੱਸਿਆ ਮੁਕਾਮੀ 'ਮਾਪੁਚੇ' ਕਬੀਲਾ ਹੈ। 'ਮਾਪੁਚੇ' ਕਬੀਲੇ ਦੇ ਲੋਕ ਸਦੀਆਂ ਤੋਂ ਇਨ੍ਹਾਂ ਜੰਗਲਾਂ ਅਤੇ ਪਹਾੜਾਂ ਵਿਚ ਰਹਿ ਰਹੇ ਹਨ। ਝੀਲ ਵਿਚ ਮਿਲਦੀ ਮੱਛੀ ਕਬੀਲੇ ਲਈ ਭੋਜਨ ਦਾ ਸਭ ਤੋਂ ਵੱਡਾ ਸਾਧਨ ਹੈ। ਜਗੀਰਦਾਰ ਇਨ੍ਹਾਂ ਲੋਕਾਂ ਨੂੰ ਝੀਲ ਅਤੇ ਜੰਗਲ ਵਿਚ ਆਉਣ ਤੋਂ ਰੋਕ ਦਿੰਦਾ ਹੈ। ਉਹ ਝੀਲ ਦੁਆਲੇ ਬਿਜਲਈ ਤਾਰ ਲਵਾਉਣੀ ਸ਼ੁਰੂ ਕਰਵਾ ਦਿੰਦਾ ਹੈ। ਕਬਾਇਲੀ ਇਸ ਗੱਲੋਂ ਔਖੇ ਹਨ। ਜਗੀਰਦਾਰ ਕਾਰਪ ਮੱਛੀ ਨੂੰ ਝੀਲ 'ਚੋਂ ਖਤਮ ਕਰਨ ਅਤੇ ਕਬਾਇਲੀਆਂ ਦੀ ਨਿਤ-ਡੰਗ ਦੀ ਰੋਟੀ ਖੋਹਣ ਲਈ ਹਰ ਹੀਲਾ ਵਰਤਦਾ ਹੈ। ਜਾਨਵਰ ਮਾਰੇ ਜਾਂਦੇ ਹਨ। ਘਰ ਫੂਕੇ ਜਾਂਦੇ ਹਨ।

ਫ਼ਿਲਮ ਦਾ ਨਿਭਾਅ ਧੀਮੇ ਸੁਰ ਦੀ ਕਵਿਤਾ ਵਰਗਾ ਹੈ। ਕੋਈ ਵੀ ਭਾਵ ਜਾਂ ਖ਼ੁਲਾਸਾ ਉੱਚੀ ਸੁਰ ਵਿਚ ਪੇਸ਼ ਨਹੀਂ ਕੀਤਾ ਗਿਆ। ਮਿਸਾਲ ਵਜੋਂ, ਕਾਰਪ ਮੱਛੀ ਨੂੰ ਮਾਰਨਾ ਜਗੀਰਦਾਰ ਦੇ ਕਬਾਇਲੀ ਨੌਕਰ ਪੈਡਰੋ ਦੀ ਜ਼ਿੰਮੇਵਾਰੀ ਹੈ। ਉਹ ਮੱਛੀਆਂ ਨੂੰ ਮਾਰ ਕੇ ਧਰਤੀ ਹੇਠ ਦੱਬਦਾ ਰਹਿੰਦਾ ਹੈ। ਇਕ ਦ੍ਰਿਸ਼ ਵਿਚ ਰਾਤ ਵੇਲੇ ਕੋਈ ਬੰਦਾ (ਚਿਹਰਾ ਨਹੀਂ ਦਿਖਾਇਆ ਗਿਆ) ਦੱਬੀ ਮੱਛੀ ਕੱਢ ਕੇ ਲਿਜਾ ਰਿਹਾ ਹੈ। ਇਹ ਪੈਡਰੋ ਵੀ ਹੋ ਸਕਦਾ ਹੈ। ਭੋਜਨ ਦੇ ਵਸੀਲੇ ਤੋਂ ਵਾਂਝੇ ਹੋਣ ਕਰ ਕੇ ਕਬਾਇਲੀ ਧਰਤੀ ਵਿਚ ਦੱਬੀ ਮੱਛੀ ਖਾਣ ਲਈ ਮਜਬੂਰ ਹਨ। ਫ਼ਿਲਮਸਾਜ਼ ਇਸ ਇਕ ਦ੍ਰਿਸ਼ ਨਾਲ ਹੀ ਕਬਾਇਲੀਆਂ ਦੀ ਤ੍ਰਾਸਦੀ ਬਿਆਨ ਕਰ ਦਿੰਦੀ ਹੈ। ਮੁਕਾਮੀ ਥਾਂਵਾਂ ਅਤੇ ਮਾਹੌਲ ਦੀ ਪੇਸ਼ਕਾਰੀ ਕਹਾਣੀ ਵਿਚਲਾ ਤਣਾਅ ਅਤੇ ਭੇਤ ਬਣਾਈ ਰੱਖਦੀ ਹੈ। ਤਣਾਅ ਬਰਕਰਾਰ ਰੱਖਣ ਲਈ ਕੈਮਰਾ ਹਲਕਾ ਜਿਹਾ ਹਿਲਦਾ ਰਹਿੰਦਾ ਹੈ। ਜਗੀਰਦਾਰ ਦੇ ਪਹਿਰੇਦਾਰਾਂ ਦੀ ਜੰਗਲ ਵਿਚ ਵਧਦੀ ਸਰਗਰਮੀ ਨੂੰ ਕਈ ਕਬਾਇਲੀ ਮਿਥਿਹਾਸਕ ਦੈਂਤਾਂ ਦੇ ਜੰਗਲ ਵਿਚ ਪਰਗਟ ਹੋਣ ਨਾਲ ਜੋੜਦੇ ਹਨ। ਮਹਿੰਗੀ ਦਾਰੂ ਅਤੇ ਸ਼ਾਸਤਰੀ ਸੰਗੀਤ ਦਾ ਸ਼ੌਕੀਨ ਜਗੀਰਦਾਰ ਕਬਾਇਲੀਆਂ ਦੇ ਜ਼ਮੀਨੀ ਹੱਕ ਦਾ ਬੇਦਰਦੀ ਨਾਲ ਮਜ਼ਾਕ ਉਡਾਉਂਦਾ ਹੈ। ਉਹ ਕਬਾਇਲੀ ਬੱਚਿਆਂ ਦੇ ਕਤਲੇਆਮ ਤੋਂ ਵੀ ਪਿੱਛੇ ਨਹੀਂ ਹਟਦਾ। ਪੁਲਿਸ ਅਤੇ ਪ੍ਰਸ਼ਾਸਨ ਉਹਦੀ ਪਿੱਠ 'ਤੇ ਹਨ। ਪੁਲਿਸ ਉਲਟਾ ਕਬਾਇਲੀਆਂ ਨੂੰ ਫੜਨਾ ਸ਼ੁਰੂ ਕਰ ਦਿੰਦੀ ਹੈ। ਜਗੀਰਦਾਰ ਦੀ ਜੁੰਡਲੀ ਕਬਾਇਲੀਆਂ ਦੀ ਨਾਬਰੀ ਨੂੰ ਖੱਬੇ ਪੱਖੀਆਂ ਦੀ ਭੜਕਾਹਟ ਐਲਾਨ ਰਹੀ ਹੈ। ਚੇਤੇ ਰਹੇ ਕਿ ਪਿਨੋਚੇ ਦੀ ਤਾਨਾਸ਼ਾਹੀ ਵੇਲੇ ਸਿਆਸੀ ਵਿਰੋਧੀਆਂ ਨੂੰ ਕਿਉਟਣ ਲਈ ਕਾਲੇ ਕਾਨੂੰਨ ਬਣਾਏ ਗਏ ਸਨ। ਅੱਜ ਵੀ 'ਅਤਿਵਾਦ ਵਿਰੋਧੀ ਕਾਨੂੰਨ' ਦੀ ਆੜ ਹੇਠ ਮਾਪੁਚੇ ਕਬੀਲੇ ਦੇ ਕਾਰਕੁਨਾਂ ਉੱਤੇ ਮੁਕੱਦਮੇ ਚਲਾਏ ਜਾ ਰਹੇ ਹਨ ਜਿਨ੍ਹਾਂ ਦਾ ਕਸੂਰ ਸਿਰਫ਼ ਇੰਨਾ ਹੈ ਕਿ ਉਹ ਆਪਣੇ ਉਜਾੜੇ ਦੇ ਵਿਰੋਧ ਵਿਚ ਨਿਤਰਦੇ ਹਨ। ਅਸਲ ਵਿਚ ਡਾਢਿਆਂ ਦਾ ਪੁਰਾਣਾ ਇਤਿਹਾਸ ਅਵਾਮ ਖਿਲਾਫ ਭੁਗਤਣ ਦਾ ਇਤਿਹਾਸ ਹੈ। ਇਹ ਜ਼ਾਲਮ ਦ੍ਰਿਸ਼ ਅੱਜ ਵੀ ਜਾਰੀ ਹੈ। ਇਸ ਪ੍ਰਸੰਗ ਵਿਚ ਬੀਬੀ ਮਾਰਸੈਲਾ ਦੀ ਫ਼ਿਲਮ ਗ਼ਾਲਬਾਂ ਖ਼ਿਲਾਫ਼ ਚਲਦੇ ਨਿਮਾਣਿਆਂ ਅਤੇ ਨਿਤਾਣਿਆਂ ਦੇ ਸੰਘਰਸ਼ ਨੂੰ ਕਲਾਤਮਕ ਤਰੀਕੇ ਨਾਲ ਪੇਸ਼ ਕਰਦੀ ਹੈ।

# ਫਿਲਮ 'ਟੋਟਲ ਸਿਆਪਾ' ਦਾ ਪਿਆਰ

## ਪੰਜਾਬੀ ਕੁੜੀ ਤੇ ਪਾਕਿਸਤਾਨੀ ਮੁੰਡੇ ਦੀ ਕਹਾਣੀ



ਯਾਮੀ ਗੌਤਮ

ਯਾਮੀ ਗੌਤਮ ਅਤੇ ਅਲੀ ਜ਼ਾਫਰ ਦੀ ਨਵੀਂ 'ਟੋਟਲ ਸਿਆਪਾ' ਅਗਲੇ ਸਾਲ 31 ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਲੰਡਨ ਰਹਿੰਦੀ ਪੰਜਾਬੀ ਹਿੰਦੂ ਕੁੜੀ ਦੀ ਕਹਾਣੀ ਹੈ ਜਿਸ ਦਾ ਪਾਕਿਸਤਾਨੀ ਮੂਲ ਦੇ ਮੁੰਡੇ ਨਾਲ ਪਿਆਰ ਪੈ ਜਾਂਦਾ ਹੈ। ਇਹ ਫਿਲਮ ਸਪੇਨੀ ਫਿਲਮ 'ਸੇਰੇਸ ਕੁਇਰਡਸ' (ਓਨਲੀ ਹਿਊਮਨ) ਦਾ ਹੀ ਰੀਮੇਕ ਹੈ। 'ਓਨਲੀ ਹਿਊਮਨ' ਵਿਚ ਫਲਸਤੀਨੀ ਕੁੜੀ ਦਾ ਇਕ ਯਹੂਦੀ ਮੁੰਡੇ ਨਾਲ ਪਿਆਰ ਦਿਖਾਇਆ ਗਿਆ ਹੈ।

ਚੰਡੀਗੜ੍ਹ ਵਿਚ ਜੰਮੀ-ਪਲੀ ਯਾਮੀ ਗੌਤਮ ਮਾਡਲ ਅਤੇ ਟੀ.ਵੀ. ਆਰਟਿਸਟ ਵਜੋਂ ਧੁੰਮਾਂ ਪਾਉਣ ਤੋਂ ਬਾਅਦ ਯਾਮੀ 'ਵਿਕੀ ਡੋਨਰ' ਫਿਲਮ ਰਾਹੀਂ ਹਿੰਦੀ ਫਿਲਮੀ ਦੁਨੀਆਂ ਵਿਚ ਆਈ ਸੀ। ਇਹ ਫਿਲਮ ਭਾਵੇਂ ਛੋਟੇ ਬਜਟ ਦੀ ਹੀ ਸੀ ਪਰ ਚੱਲ ਗਈ ਅਤੇ ਯਾਮੀ ਦੀ ਤਾਰੀਫ ਵੀ ਬੜੀ ਹੋਈ। ਇਸ ਫਿਲਮ ਵਿਚ ਉਹਨੇ ਬੰਗਾਲਣ ਦਾ ਕਿਰਦਾਰ ਨਿਭਾਇਆ ਸੀ। ਉਹਨੇ ਪੰਜਾਬੀ ਫਿਲਮ 'ਏਕ ਨੂਰ' (2011) ਵੀ ਕੀਤੀ। ਯਾਮੀ 2008 ਵਿਚ ਅਜੇ 20 ਸਾਲ ਦੀ ਸੀ ਜਦੋਂ ਉਹ ਪੜ੍ਹਾਈ ਛੱਡ ਕੇ ਅਦਾਕਾਰੀ ਦੇ ਕਰੀਅਰ ਲਈ ਮੁੰਬਈ ਸ਼ਿਫਟ ਕਰ ਗਈ। ਉਹਨੇ 'ਚਾਂਦ ਕੇ ਪਾਰ ਚਲੋ' ਨਾਂ ਦੇ ਲੜੀਵਾਰ ਨਾਲ ਸ਼ੁਰੂਆਤ ਕੀਤੀ। 2010 ਵਿਚ ਉਹਨੂੰ ਕੰਨੜ ਫਿਲਮ ਮਿਲ ਗਈ। ਉਹਦੀ ਹਿੰਦੀ ਫਿਲਮ 'ਵਿਕੀ ਡੋਨਰ' 2012 ਵਿਚ ਰਿਲੀਜ਼ ਹੋਈ ਸੀ।

ਅਲੀ ਜ਼ਫਰ ਪਾਕਿਸਤਾਨੀ ਅਦਾਕਾਰ ਹੈ। ਇਸ ਤੋਂ ਉਹ ਗਾਇਕ, ਲੇਖਕ, ਸੰਗੀਤਕਾਰ ਅਤੇ ਪੇਂਟਰ ਵੀ ਹੈ। ਫਿਲਮ 'ਸ਼ਰਾਰਤ' ਦੇ ਗੀਤ 'ਜੁਗਨੂੰਓਂ ਸੇ ਭਰ ਲੇ ਆਂਚਲ' ਨਾਲ ਉਹਨੇ ਆਪਣਾ ਕਰੀਅਰ ਸ਼ੁਰੂ ਕੀਤਾ ਸੀ। ਉਂਝ ਅਸਲ ਧਮਾਕਾ ਉਹਦੀ ਐਲਬਮ 'ਹੁੱਕਾ ਪਾਣੀ' ਦੇ ਗੀਤ 'ਚੰਨੋ' ਨਾਲ ਹੋਇਆ ਸੀ। ਅਦਾਕਾਰੀ ਦੇ ਖੇਤਰ ਵਿਚ ਉਹ 'ਤੇਰੇ ਬਿਨ ਲਾਦਿਨ' ਨਾਲ ਆਇਆ। ਫਿਲਮ ਹਿੱਟ ਰਹੀ ਅਤੇ ਉਹਦੀ ਅਦਾਕਾਰੀ ਵੀ ਚਮਕ ਉਠੀ। ਫਿਰ 'ਲਵ ਕਾ ਦਿ ਐਂਡ', 'ਮੇਰੇ ਬ੍ਰਦਰ ਕੀ ਦੁਲਹਨ', 'ਲੰਡਨ ਪੈਰਿਸ ਨਿਊ ਯਾਰਕ' ਅਤੇ 'ਚਸ਼ਮੇ ਬੱਦੂਰ' ਫਿਲਮਾਂ ਆਈਆਂ।



ਅਲੀ ਜ਼ਾਫਰ



HURRY! LIMITED-TIME OFFER!
FREE $100 REWARD CARD
dish
5419 8499 9999 9999
00/00
LEE M. CARDHOLDER
Debit
MasterCard
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
PTC PUNJABI
jus punjabi
GET ਪੰਜਾਬੀ
gPunjab
mh ONE
JUS one
HINDI MOVIES PACK
$19.99 mo
B4U movies
SONY MAX
Z CINEMA
MASTI PACK
$5.00 mo ADD ON
B4U music
Zing
SONY MIX
zoOm
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view International programming in HD. Must subscribe to a qualifying American HD package to qualify for HD receiver.
$100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 1/31/2014. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted. Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply.
© 2013 DISH Network L.L.C. All rights reserved.

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

### ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

## We can sell your house in short sale at no cost to you.

## Selling Homes from Gilroy to Sacramento, CA

### JUST SOLD

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095